Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
One of the Fastest Growing City in America and Best School System...
■ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
For the Best advice for BUYING-SELLING-RENTING
Ben Singh Bashal (Realtor/Broker) Kamaljeet Kaur (Realtor/Broker)
Ph: 317-809-1818 Ph: 317-909-9295
midlandrealtygroup@yahoo.com kahlonkamaljeet@gmail.com
Midland Realty Group-Company You Trust


Kamaljeet Kaur

Mortgage rates available from 2.1% to 3%

Twenty-Second Year of Publication
ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 03, January 15, 2022 20451 N. Plum Grove Rd., Palatine, IL 60074 Ph:847-359-0746, Fax:847-705-9388

## ਸਿਆਸੀ ਧਿਰਾਂ ਲਈ ਚੁਣੌਤੀ ਬਣਿਆ 'ਮਿਸ਼ਨ ਪੰਜਾਬ'

### ਕਰੋਨਾ ਦੇ ਹੱਲੇ ਅਤੇ ਕਿਸਾਨ ਜਥੇਬੰਦੀਆਂ ਦੀ ਆਮਦ ਨੇ ਬਦਲਿਆ ਮਾਹੌਲ

**ਚੰਡੀਗੜ੍ਹ:** ਚੋਣ ਕਮਿਸ਼ਨ ਵੱਲੋਂ ਪੰਜਾਬ, ਉਤਰ ਪ੍ਰਦੇਸ਼, ਉਤਰਾਖੰਡ, ਮਨੀਪੁਰ ਤੇ ਗੋਆ ਦੀਆਂ ਵਿਧਾਨ ਸਭਾ ਚੋਣਾਂ ਦੇ ਐਲਾਨ ਦੇ ਨਾਲ ਹੀ ਸਿਆਸੀ ਸਰਗਰਮੀਆਂ ਨੇ ਜ਼ੋਰ ਫੜ ਲਿਆ ਹੈ, ਹਾਲਾਂਕਿ ਕਰੋਨਾ ਦੀ ਤੀਸਰੀ ਲਹਿਰ ਦੀ ਆਮਦ ਅਤੇ ਇਸ ਕਾਰਨ ਲੱਗੀਆਂ ਪਾਬੰਦੀਆਂ ਨੇ ਰੰਗ ਵਿਚ ਭੰਗ ਜ਼ਰੂਰ ਪਾਈ ਨਜ਼ਰ ਆ ਰਹੀ ਹੈ।

ਚੋਣ ਕਮਿਸ਼ਨ ਵੱਲੋਂ 15 ਜਨਵਰੀ ਤੱਕ ਚੋਣ ਰੈਲੀਆਂ, ਜਲੂਸ, ਰੋਡ ਸ਼ੋਅ ਆਦਿ 'ਤੇ ਲਗਾਈ ਪਾਬੰਦੀ ਕਾਰਨ ਵੱਡੇ ਇਕੱਠੇ ਕਰਕੇ ਆਪਣੀ ਤਾਕਤ ਦਿਖਾ ਰਹੀਆਂ ਸਿਆਸੀ ਧਿਰਾਂ ਇਕਦਮ ਠੰਢੀਆਂ ਪੈ ਗਈਆਂ ਜਾਪਦੀਆਂ ਹਨ। ਕੁਝ ਦਿਨ ਪਹਿਲਾਂ ਤੱਕ ਚੋਣਾਂ ਵਾਲੇ ਸੂਬਿਆਂ ਵਿਚ ਸਿਆਸੀ ਪਾਰਾ ਸਿਖਰਾਂ ਉਤੇ ਸੀ; ਖਾਸਕਰ ਪੰਜਾਬ ਵਿਚ ਕਾਂਗਰਸ, ਅਕਾਲੀ ਦਲ ਬਾਦਲ ਤੇ ਆਮ ਆਦਮੀ ਪਾਰਟੀ ਵੱਲੋਂ ਵੱਡੀਆਂ ਰੈਲੀਆਂ ਕਰਕੇ ਸਿਆਸੀ ਤਾਕਤ ਦਿਖਾਈ ਜਾ ਰਹੀ ਹੈ। ਵੋਟਰਾਂ ਨੂੰ ਲੁਭਾਉਣ ਲਈ ਵੱਡੇ-ਵੱਡੇ ਐਲਾਨ ਹੋ ਰਹੇ ਸਨ ਪਰ ਹੁਣ ਰਾਜ ਦੀਆਂ ਸਾਰੀਆਂ ਸਿਆਸੀ ਧਿਰਾਂ ਨੂੰ ਚੋਣ ਪ੍ਰਚਾਰ ਦੇ ਰਵਾਇਤੀ ਤੌਰ-ਤਰੀਕਿਆਂ ਦੀ ਥਾਂ ਨਵੇਂ ਤਰੀਕੇ ਅਪਨਾਉਣ ਸਬੰਧੀ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਹ ਸ਼ਾਇਦ ਪਹਿਲਾ ਮੌਕਾ ਹੈ ਜਦੋਂ ਵਿਧਾਨ ਸਭਾ ਚੋਣਾਂ ਲਈ ਨਾਮਜ਼ਦਗੀਆਂ ਆਨਲਾਈਨ ਭਰੀਆਂ ਜਾਣਗੀਆਂ। ਇਸ ਦੌਰਾਨ ਉਹ ਪਹਿਲੀਆਂ ਚੋਣਾਂ ਦੀ ਤਰ੍ਹਾਂ ਆਪਣੇ ਨਾਲ ਸਮਰਥਕਾਂ ਦੀ ਭੀੜ



ਇਕੱਠੀ ਕਰਕੇ ਆਪਣੇ 'ਬਾਹੂਬਲ' ਦਾ ਪ੍ਰਦਰਸ਼ਨ ਨਹੀਂ ਕਰ ਸਕਣਗੇ। ਯਾਦ ਰਹੇ ਕਿ ਸਿਆਸੀ ਲਿਹਾਜ਼ ਤੋਂ ਵੀ ਇਸ ਵਾਰ ਪੰਜਾਬ ਦਾ ਮਾਹੌਲ ਕੁਝ ਵੱਖਰਾ ਹੈ। ਖੇਤੀ ਕਾਨੂੰਨਾਂ ਖਿਲਾਫ ਉਠੀ ਕਿਸਾਨੀ ਲਹਿਰ ਨੇ ਸਿਆਸੀ ਧਿਰਾਂ ਨੂੰ ਪੜ੍ਹਨੇ ਪਾਇਆ ਹੋਇਆ ਹੈ। ਇਸ ਲਹਿਰ ਨੂੰ ਖੜ੍ਹੀ ਕਰਨ ਵਾਲੀਆਂ ਪੰਜਾਬ ਦੀਆਂ 22 ਤੋਂ ਵੱਧ ਕਿਸਾਨ ਜਥੇਬੰਦੀਆਂ ਹੁਣ ਸੰਯੁਕਤ ਸਮਾਜ ਮੋਰਚੇ ਦੇ ਨਾਮ ਹੇਠ ਸਿਆਸੀ ਮੈਦਾਨ ਵਿਚ ਕਿਸਮਤ ਅਜ਼ਮਾਉਣ ਲਈ ਨਿੱਤਰ ਆਈਆਂ ਹਨ।

ਚਰਚਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਇਹ ਮੋਰਚਾ ਹੋਰ ਵੀ ਛੋਟੇ-ਮੋਟੇ ਧੜਿਆਂ ਦੀ ਹਮਾਇਤ ਹਾਸਲ ਕਰਨ ਵਿਚ ਸਫਲ ਹੋਵੇਗਾ। ਉਧਰ, ਕਿਸਾਨ ਅੰਦੋਲਨ ਕਾਰਨ ਹਾਸ਼ੀਏ ਉਤੇ ਧੱਕੀ ਭਾਜਪਾ ਇਸ ਵਾਰ ਵੱਖਰੇ ਰੰਗਾਂ ਵਿਚ ਰੰਗੀ ਨਜ਼ਰ ਆ ਰਹੀ ਹੈ। ਇਸ ਅੰਦੋਲਨ ਦੀ ਬਦੌਲਤ ਹੀ ਅਕਾਲੀ ਦਲ ਬਾਦਲ ਨਾਲੋਂ ਵੱਖ ਹੋਣ ਪਿੱਛੋਂ ਭਗਵਾ ਧਿਰ ਨੇ ਸੂਬੇ ਦੀਆਂ ਰਵਾਇਤੀ ਧਿਰਾਂ ਦੇ ਵੱਡੇ ਆਗੂਆਂ ਉਤੇ ਨਜ਼ਰ ਟਿਕਾਈ ਹੋਈ ਹੈ। ਪਿਛਲੇ ਕੁਝ ਦਿਨਾਂ ਵਿਚ ਕਾਂਗਰਸ ਤੇ ਅਕਾਲੀ ਦਲ ਦੇ ਵੱਡੀ ਗਿਣਤੀ ਟਕਸਾਲੀ ਆਗੂਆਂ ਨੂੰ ਆਪਣੇ ਨਾਲ ਤੋਰਨ ਵਿਚ ਸਫਲ ਰਹੀ ਹੈ। ਚਰਚਾ ਹੈ ਕਿ ਅਕਾਲੀ ਦਲ ਸੰਯੁਕਤ ਤੇ ਕੈਪਟਨ ਅਮਰਿੰਦਰ ਸਿੰਘ ਦੀ ਲੋਕ ਕਾਂਗਰਸ ਪਾਰਟੀ ਤੋਂ ਬਾਅਦ ਸਿਮਰਜੀਤ ਬੈਂਸ ਦੀ ਲੋਕ ਇਨਸਾਫ ਪਾਰਟੀ ਨੇ ਵੀ ਭਾਜਪਾ ਨਾਲ ਮਿਲਣ ਦਾ ਮਨ ਬਣਾ ਲਿਆ ਹੈ।

ਪੰਜਾਬ ਦੀਆਂ ਰਵਾਇਤੀ ਧਿਰਾਂ ਦਾ ਹਾਲ ਇਹ ਹੈ ਕਿ ਅਕਾਲੀ ਦਲ ਬਾਦਲ ਪਿਛਲੇ 5 ਸਾਲਾਂ ਵਿਚ ਬੇਅਦਬੀਆਂ ਅਤੇ ਮਾਫੀਆ ਰਾਜ ਦੇ ਉਭਾਰ ਵਾਲੇ ਦਾਗ ਨੂੰ ਨਹੀਂ ਧੋ ਸਕਿਆ। ਕਾਂਗਰਸ ਇਸ ਸਮੇਂ ਅੰਦਰੂਨੀ ਖਾਨਾਜੰਗੀ ਦੇ ਨਾਲ-ਨਾਲ ਪਿਛਲੇ 5 ਸਾਲਾਂ ਵਿਚ ਵਾਅਦਾਖਿਲਾਫੀਆਂ ਦੇ ਮਸਲੇ ਉਤੇ ਘਿਰੀ ਹੋਈ ਹੈ। ਇਸ ਲਈ ਇਸ ਵਾਰ ਨਜ਼ਰਾਂ ਆਮ ਆਦਮੀ ਪਾਰਟੀ ਤੇ ਕਿਸਾਨ ਧਿਰਾਂ ਵੱਲੋਂ ਖੜ੍ਹੇ ਕੀਤੇ ਜਾ ਰਹੇ ਮੋਰਚੇ ਵੱਲ ਹਨ। ਪਿਛਲੇ ਦਿਨੀਂ ਆਪ ਤੇ ਕਿਸਾਨ ਜਥੇਬੰਦੀਆਂ ਵਿਚਾਲੇ ਸਮਝੌਤੇ ਦੀ ਗੱਲ ਸਿਰੇ ਲੱਗਣ ਦੀ ਚਰਚਾ ਚੱਲੀ ਸੀ ਹਾਲਾਂਕਿ ਹੁਣ ਦੋਵੇਂ ਧਿਰਾਂ ਪਾਸਾ ਵੱਟ ਗਈਆਂ ਹਨ।

ਮੌਜੂਦਾ ਬਣੇ ਮਾਹੌਲ ਨੂੰ ਵੇਖ ਸਿਆਸੀ ਮਾਹਿਰ ਵੀ ਕੋਈ ਭਵਿੱਖਬਾਣੀ ਕਰਨ ਤੋਂ ਝਿਜਕ ਰਹੇ ਹਨ। ਪੰਜਾਬ ਵਿਚ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ 117 ਵਿਚੋਂ 77 ਸੀਟਾਂ ਮਿਲੀਆਂ ਸਨ। ਅਕਾਲੀ ਦਲ ਨੂੰ ਮਹਿਜ਼ 15, 'ਆਪ' ਨੂੰ 20 ਅਤੇ ਭਾਜਪਾ ਨੂੰ 3 ਸੀਟਾਂ ਹੀ ਮਿਲੀਆਂ ਸਨ। ਇਸ ਵਾਰ ਹਾਲਾਤ ਵਿਚ ਵੱਡੇ ਬਦਲਾਓ ਦਿਖਾਈ ਦੇ ਰਹੇ ਹਨ।

ਸੂਬੇ ਦੀਆਂ ਚੋਣਾਂ ਇਕੋ ਵਾਰ 14 ਫਰਵਰੀ

*(ਬਾਕੀ ਸਫਾ 6 'ਤੇ)*

## ਉਤਰ ਪ੍ਰਦੇਸ਼ ਵਿਚ ਬਗਾਵਤ: ਭਾਜਪਾ ਨੂੰ ਤ੍ਰੇਲੀਆਂ ਆਈਆਂ

**ਲਖਨਊ:** ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਵਿਚ ਭਾਜਪਾ ਖਿਲਾਫ ਬਣ ਰਹੇ ਮਾਹੌਲ ਨੇ ਭਗਵਾ ਧਿਰ ਨੂੰ ਤ੍ਰੇਲੀਆਂ ਲਿਆ ਦਿੱਤੀਆਂ ਹਨ। ਸੂਬੇ ਵਿਚ ਚੋਣਾਂ ਦਾ ਐਲਾਨ ਹੁੰਦੇ ਹੀ ਸੱਤਾਧਾਰੀ ਧਿਰ ਦੇ ਇਕ ਮੰਤਰੀ ਅਤੇ ਵਿਧਾਇਕ ਨੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ ਤੇ 3 ਹੋਰ ਵਿਧਾਇਕ ਤਿਆਰੀ ਕਰੀ ਬੈਠੇ ਹਨ।

ਯੋਗੀ ਸਰਕਾਰ 'ਚ ਕਿਰਤ ਤੇ ਰੁਜ਼ਗਾਰ ਮੰਤਰੀ ਓ.ਬੀ.ਸੀ. ਆਗੂ ਸਵਾਮੀ ਪ੍ਰਸਾਦ ਮੌਰਿਆ ਨੇ ਸੂਬਾਈ ਕੈਬਨਿਟ 'ਚੋਂ ਅਸਤੀਫਾ ਦੇਣ ਦੇ ਕੁਝ ਪਲ ਬਾਅਦ ਹੀ ਟਿੰਡਵਾੜੀ ਤੋਂ ਵਿਧਾਇਕ ਬ੍ਰਜੇਸ਼ ਪ੍ਰਜਾਪਤੀ, ਤਿਲਹਰ ਤੋਂ ਰੌਸ਼ਨ ਲਾਲ ਵਰਮਾ ਤੇ ਬਿਲਹੌਰ ਤੋਂ ਵਿਧਾਇਕ ਭਗਵਤੀ ਸਾਗਰ ਨੇ ਵੀ ਭਗਵਾ ਧਿਰ ਖਿਲਾਫ 'ਬਗਾਵਤ' ਕਰ ਦਿੱਤੀ। ਇਸ ਦੌਰਾਨ ਇਕ ਹੋਰ ਮੰਤਰੀ ਧਰਮ ਸਿੰਘ ਸੈਣੀ ਦੇ ਵੀ ਮੌਰਿਆ ਦੀ ਹਮਾਇਤ 'ਚ ਭਾਜਪਾ ਤੇ ਸੂਬਾਈ ਕੈਬਨਿਟ ਛੱਡਣ ਦੀਆਂ ਰਿਪੋਰਟਾਂ ਹਨ। ਇਹ ਆਗੂ ਯੋਗੀ ਸਰਕਾਰ ਵੱਲੋਂ ਦਲਿਤਾਂ, ਪੱਛੜਿਆਂ, ਕਿਸਾਨਾਂ, ਬੇਰੁਜ਼ਗਾਰ ਨੌਜਵਾਨਾਂ ਅਤੇ ਛੋਟੇ ਤੇ ਮਝੋਲੇ ਕਾਰੋਬਾਰੀਆਂ ਨੂੰ ਲਗਾਤਾਰ ਨਜ਼ਰ-ਅੰਦਾਜ਼ ਕਰਨ ਤੋਂ ਖਫਾ ਹਨ।

ਉਤਰ ਪ੍ਰਦੇਸ਼ 'ਚ ਭਾਰਤੀ ਜਨਤਾ ਪਾਰਟੀ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵਿਰੋਧੀ ਪਾਰਟੀਆਂ ਦੇ ਮਹੱਤਵਪੂਰਨ ਆਗੂਆਂ ਨੂੰ ਆਪਣੇ ਵਿਚ ਸ਼ਾਮਲ ਕਰ ਕੇ ਜੇਤੂ ਹੋਣ ਦਾ ਪ੍ਰਭਾਵ ਸਿਰਜਣ ਵਿਚ ਸਫਲਤਾ ਹਾਸਲ ਕੀਤੀ ਸੀ। ਇਨ੍ਹਾਂ ਵਿਚ ਕਾਂਗਰਸ ਦੀ ਵੱਡੀ ਆਗੂ ਰੀਟਾ ਬਹੁਗੁਣਾ ਅਤੇ ਬਹੁਜਨ ਸਮਾਜ ਪਾਰਟੀ ਦੇ ਤਤਕਾਲੀ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸਵਾਮੀ ਪ੍ਰਸਾਦ ਮੌਰਿਆ ਸ਼ਾਮਲ ਸਨ। ਇਸ ਵਾਰ ਸਮਾਜਵਾਦੀ ਪਾਰਟੀ ਨੇ ਭਾਜਪਾ ਨਾਲ

*(ਬਾਕੀ ਸਫਾ 6 'ਤੇ)*


M Vivek Malik

Law Office of M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰੋ
ACCOMPLISHED IMMIGRATION Attorneys Help FAMILIES REUNITE in the UNITED STATES Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਨਾਦ ਪ੍ਰਗਾਸੁ (ਯੂ.ਐਸ.ਏ.) ਵਲੋਂ ਫ਼ਾਰਸੀ ਦੀ ਸਿਖਲਾਈ ਲਈ ਕਲਾਸਾਂ ਸ਼ੁਰੂ

**ਅੰਮ੍ਰਿਤਸਰ:** ਨਾਦ ਪ੍ਰਗਾਸੁ (ਯੂ.ਐੱਸ.ਏ.) ਵਲੋਂ ਗੁਰਦੁਆਰਾ ਮਾਤਾ ਤ੍ਰਿਪਤਾ ਜੀ (ਪਲਿਮਥ-ਮਿਸ਼ੀਗਨ) ਵਿਖੇ ਫ਼ਾਰਸੀ ਜ਼ੁਬਾਨ ਦੀ ਸਿਖਲਾਈ ਹਿਤ ਕਲਾਸਾਂ ਆਰੰਭ ਕੀਤੀਆਂ ਗਈਆਂ। ਤਿੰਨ ਮਹੀਨੇ ਚੱਲਣ ਵਾਲੇ ਇਸ ਕੋਰਸ ਵਿਚ ਫ਼ਾਰਸੀ ਦੀ ਮੁਢਲੀ ਜਾਣਕਾਰੀ ਦੇ ਨਾਲ-ਨਾਲ ਜ਼ਫਰਨਾਮਾ (ਗੁਰੂ ਗੋਬਿੰਦ ਸਿੰਘ ਜੀ) ਅਤੇ ਭਾਈ ਨੰਦ ਲਾਲ ਗੋਯਾ ਦੀ ਫ਼ਾਰਸੀ ਕਵਿਤਾ ਦੇ ਪ੍ਰਮੁੱਖ ਹਿੱਸਿਆਂ ਨਾਲ ਜਾਣ- ਪਛਾਣ ਕਰਵਾਈ ਜਾਏਗੀ।

ਪ੍ਰੋਗਰਾਮ ਦਾ ਆਰੰਭ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਤਿਲੰਗ ਰਾਗ ਵਿਚ ਆਉਂਦੇ ਫ਼ਾਰਸੀ ਸ਼ਬਦ (ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥) ਦੇ ਮਧੁਰ ਗਾਇਨ ਨਾਲ ਹੋਇਆ। ਜਸਨੂਰ ਕੌਰ ਅਤੇ ਗੁਨੀਤ ਕੌਰ ਦੀਆਂ ਸੁਬਕ ਰਿਆਜ਼ੀ ਆਵਾਜ਼ਾਂ ਦੀ ਮਾਸੂਮੀ ਨੇ ਨਾਮ-ਰਸੀ ਤਰੰਗਾਂ ਦੇ ਵਿਸਮਾਦ ਨਾਲ, ਸੰਗਤ ਨੂੰ ਫ਼ਾਰਸੀ ਭਾਸ਼ਾ ਨਾਲ ਆਪਣੇ ਸੁੱਚੇ ਰਿਸ਼ਤੇ ਦੀ ਯਾਦ ਤਾਜ਼ਾ ਕਰਵਾਈ।

ਨਾਦ ਪ੍ਰਗਾਸੁ, ਸ੍ਰੀ ਅੰਮ੍ਰਿਤਸਰ ਤੋਂ ਪਹੁੰਚੇ ਪ੍ਰੋ. ਜਗਦੀਸ਼ ਸਿੰਘ ਨੇ ਸ਼ਬਦ ਦਾਰਸ਼ਨਿਕਤਾ ਦੇ ਨੁਕਤੇ ਤੋਂ ਫ਼ਾਰਸੀ ਭਾਸ਼ਾ ਨਾਲ ਰਿਸ਼ਤੇ ਦਾ ਦ੍ਰਿਸ਼ਟੀਕੋਣ ਉਜਾਗਰ ਕੀਤਾ। ਸ਼ਬਦ ਦਾਰਸ਼ਨਿਕਤਾ ਨਾਮ-ਰਸੀ ਵਿਸ਼ਵ-ਵਿਆਪਕਤਾ ਦੇ ਸਬੰਧਾਂ ਨੂੰ ਸ਼ਬਦ-ਬ੍ਰਹਿਮੰਡਤਾ ਦੀ ਪਾਰਦਰਸ਼ਤਾ ਨਾਲ ਜੋੜਦੀ ਹੈ। ਉਨ੍ਹਾਂ ਦੱਸਿਆ ਕਿ ਫ਼ਾਰਸੀ ਭਾਸ਼ਾ ਵਿਚਲੀ ਨਾਮ ਰਸਿਕਤਾ ਨੂੰ ਸ਼ਬਦ-ਬ੍ਰਹਿਮੰਡਤਾ ਨਾਲ ਜੋੜ, ਸਾਮੀ ਪਰੰਪਰਾਵਾਂ (ਯਹੂਦੀ, ਈਸਾਈ, ਇਸਲਾਮ) ਦੇ ਤਹਿਜ਼ੀਬੀ ਮਾਡਲ ਨਾਲ ਸੰਵਾਦ ਰਚਾਇਆ ਜਾ ਸਕਦਾ ਹੈ। ਇਹ ਸੰਵਾਦ ਸਿੱਖ ਸਮਾਜ ਦੀ ਵਿਸ਼ਵ ਨੂੰ ਵੱਡੀ ਦੇਣ ਹੋ ਸਕਦਾ ਹੈ ਕਿਉਂਕਿ ਸਾਮੀ ਪਰੰਪਰਾ ਵਿਚਲੇ ਤਣਾਅ ਸਮਕਾਲੀ ਵਿਸ਼ਵ ਨੂੰ ਅਸਾਵੇਂਪਣ 'ਚ ਧੱਕ ਰਹੇ ਹਨ। ਪ੍ਰੋ. ਸਾਹਿਬ ਨੇ ਫ਼ਾਰਸੀ ਨਾਲ ਸਿੱਖ ਸਬੰਧਾਂ ਨੂੰ ਉਜਾਗਰ ਕਰਦੇ ਹੋਏ ਸਾਹਿਤ, ਕੋਸ਼ਕਾਰੀ, ਇਤਿਹਾਸ-ਸ੍ਰੋਤ, ਅਨੁਵਾਦ, ਵਿਆਖਿਆ ਆਦਿ ਸਬੰਧੀ ਅੰਕੜੇ ਪੇਸ਼ ਕੀਤੇ। ਜ਼ਫਰਨਾਮਾ (ਗੁਰੂ ਗੋਬਿੰਦ ਸਿੰਘ ਜੀ) ਅਤੇ ਭਾਈ ਨੰਦ ਲਾਲ ਗੋਯਾ ਦੀ ਸ਼ਾਇਰੀ ਦੇ ਅਨੁਵਾਦ ਅਤੇ ਸਟੀਕ ਸਬੰਧੀ ਖੋਜ ਭਰਪੂਰ ਦੁਰਲੱਭ ਜਾਣਕਾਰੀ ਸ੍ਰੋਤਿਆਂ ਲਈ ਆਕਰਸ਼ਣ ਦਾ ਕਾਰਨ ਬਣੀ। ਉਨ੍ਹਾਂ ਕਿਹਾ ਕਿ ਸਿੱਖ ਧਰਮ, ਇਤਿਹਾਸ, ਸਾਹਿਤ ਅਤੇ ਸਭਿਆਚਾਰ ਦੀ ਸਮਝ ਤੇ ਫੈਲਾਅ ਲਈ ਫ਼ਾਰਸੀ ਭਾਸ਼ਾ ਨਾਲ ਜੁੜਨਾ ਸਮੇਂ ਦੀ ਲੋੜ ਹੈ। ਉਨ੍ਹਾਂ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਸਿੱਖ ਸਮਾਜ ਸ਼ਬਦ ਦਾਰਸ਼ਨਿਕਤਾ ਦੀਆਂ ਵਿਸ਼ਵੀ-ਜ਼ਿੰਮੇਵਾਰੀਆਂ ਦੀ ਬੇਰੁਖ਼ੀ ਤੇ ਅਵੇਸਲੇਪਨ ਕਾਰਨ ਹੀ ਅੰਦਰੂਨੀ ਟਕਰਾਵਾਂ 'ਚ ਉਲਝ ਆਉਣ ਵਾਲੀਆਂ ਪੀੜ੍ਹੀਆਂ ਦਾ ਰਾਹ ਧੁੰਦਲਾ ਕਰ ਰਿਹਾ ਹੈ। ਫ਼ਾਰਸੀ ਭਾਸ਼ਾ ਰਾਹੀਂ ਅਸੀਂ ਮੁੜ ਆਪਣੇ ਵਿਸ਼ਵ-ਵਿਆਪੀ ਮਾਡਲ ਨੂੰ ਜੀਵੰਤ ਕਰ ਸਕਾਂਗੇ। ਹਰਜੋਤ ਕੌਰ ਨੇ ਮੰਚ ਸੰਚਾਲਨ ਕਰਦਿਆਂ ਭਾਈ ਨੰਦ ਲਾਲ ਗੋਯਾ ਦੀ ਗਜ਼ਲ 'ਹਵਾਏ ਬੰਦਗੀ ਆਵੁਰਦ ਦਰ ਵਜੂਦ ਮਰਾ ਵਗਰਨਿ: ਜ਼ੋਕਿ ਚੁਨੀ ਆਮਦਨ ਨ ਬੂਦ ਮਰਾ" ਪੇਸ਼ ਕੀਤੀ। ਗੁਰਦੁਆਰਾ ਮਾਤਾ ਤ੍ਰਿਪਤਾ ਜੀ ਕਮੇਟੀ ਦੇ ਮੈਂਬਰ ਰਮਨ ਕੌਰ ਨੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਗੁਰੂ ਘਰਾਂ ਵਿਚ ਖੋਜ ਤੇ ਸਿਰਜਣਾਤਮਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਦਾ ਸੁਨੇਹਾ ਦਿੱਤਾ।

ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ ਯੂ ਟਿਊਬ 'ਤੇ ਕੀਤਾ ਗਿਆ ਅਤੇ ਇਸ ਵਿਚ ਅਮਰੀਕਾ ਦੇ ਵੱਖ-ਵੱਖ ਰਾਜਾਂ ਤੋਂ ਇਲਾਵਾ ਕੈਨੇਡਾ, ਜਰਮਨ, ਇਜ਼ਰਾਇਲ, ਭਾਰਤ ਅਤੇ ਇੰਗਲੈਂਡ ਤੋਂ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਪੰਥ ਦੇ ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ ਦੀਆਂ ਸ਼ੁਭ ਇੱਛਾਵਾਂ ਵੀ ਇਸ ਪ੍ਰੋਗਰਾਮ ਨਾਲ ਜੁੜੀਆਂ ਸਨ। ਨਾਦ ਪ੍ਰਗਾਸੁ (ਯੂ.ਐਸ.ਏ.) ਦੇ ਡਾਇਰੈਕਟਰ ਅਮਨਦੀਪ ਸਿੰਘ ਨੇ ਦੱਸਿਆ ਕਿ ਫ਼ਾਰਸੀ ਦੀਆਂ ਇਹ ਹਫ਼ਤਾਵਰੀ ਕਲਾਸਾਂ, ਨਾਦ ਪ੍ਰਗਾਸੁ (ਯੂ.ਐਸ.ਏ.) ਵਲੋਂ ਫੀਸ ਰਹਿਤ ਰੱਖੀਆਂ ਗਈਆਂ ਹਨ।

# ਕਰੋਨਾ: ਕਰਤਾਰਪੁਰ ਸਾਹਿਬ ਜਾਣ ਵਾਲੀ ਸੰਗਤ ਲਈ ਨੈਗੇਟਿਵ ਰਿਪੋਰਟ ਲਾਜ਼ਮੀ

**ਕਲਾਨੌਰ:** ਕਰੋਨਾ ਦੇ ਨਵੇਂ ਰੂਪ ਓਮੀਕਰੋਨ ਦੇ ਵਧਦੇ ਮਾਮਲਿਆਂ ਦੇ ਮੱਦੇਨਜ਼ਰ ਹੁਣ ਡੇਰਾ ਬਾਬਾ ਨਾਨਕ ਲਾਂਘੇ ਰਾਹੀਂ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੀ ਸੰਗਤਾਂ ਲਈ ਕਰੋਨਾ ਦੇ ਦੋਵੇਂ ਟੀਕਾਕਰਨ ਤੋਂ ਇਲਾਵਾ ਯਾਤਰਾ 'ਤੇ ਜਾਣ ਤੋਂ 72 ਘੰਟੇ ਪਹਿਲਾਂ ਕਰੋਨਾ ਦੀ ਆਰ.ਟੀ. ਪੀ.ਸੀ.ਆਰ. ਦੀ ਨੈਗੇਟਿਵ ਰਿਪੋਰਟ ਲਾਜ਼ਮੀ ਕੀਤੀ ਗਈ ਹੈ। ਦੱਸ ਦਈਏ ਕਿ ਪਹਿਲਾਂ ਕਰੋਨਾ ਦੀ ਰੈਪਿਡ ਰਿਪੋਰਟ ਨੈਗੇਟਿਵ 'ਤੇ ਵੀ ਯਾਤਰਾ ਚੱਲ ਰਹੀ ਸੀ।



ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੀ ਯਾਤਰਾ 'ਤੇ ਜਾਣ ਵਾਲੇ ਸਰਧਾਲੂਆਂ ਕੋਲ ਆਰ.ਟੀ. ਪੀ.ਸੀ.ਆਰ. ਦੀ ਰਿਪੋਰਟ ਨਾ ਹੋਣ ਕਾਰਨ ਦੂਰ-ਦੁਰਾਡੇ ਤੋਂ ਆਏ ਸਰਧਾਲੂ ਪਰੇਸ਼ਾਨ ਹੋਏ। ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜਾਣ ਲਈ ਆਏ ਸਰਧਾਲੂਆਂ ਕਿਹਾ ਕਿ ਯਾਤਰਾ 'ਤੇ ਜਾਣ ਤੋਂ ਪਹਿਲਾਂ ਗ੍ਰਹਿ ਵਿਭਾਗ ਦੀ ਅਧਿਕਾਰਤ ਵੈਬਸਾਈਟ ਤੋਂ ਨਿਕਲਣ ਵਾਲੇ ਈ.ਟੀ.ਏ. ਫਾਰਮ 'ਤੇ ਕੋਈ ਸਪੱਸਟ ਹਦਾਇਤ ਨਾ ਹੋਣ ਕਾਰਨ ਉਹ ਯਾਤਰਾ ਨਾ ਕਰ ਸਕਣ ਤੋਂ ਨਿਰਾਸ਼ ਅਤੇ ਪਰੇਸ਼ਾਨ ਹਨ। ਉਧਰ, ਸਿਹਤ ਅਧਿਕਾਰੀਆਂ ਨੇ ਕਿਹਾ ਕਿ ਕਰੋਨਾ ਤੇ ਓਮੀਕਰੋਨ ਦੇ ਵਧਦੇ ਮਾਮਲਿਆਂ ਦੇ ਮੱਦੇਨਜ਼ਰ ਭਾਰਤ ਸੁਰੱਖਿਆ ਅਮਲੇ ਦੀ ਪਾਕਿਸਤਾਨ ਦੇ ਰੇਂਜਰਾਂ ਨਾਲ ਹੋਈ ਫਲੈਗ ਮੀਟਿੰਗ ਤੋਂ ਬਾਅਦ ਪੱਤਰ ਜਾਰੀ ਕਰਕੇ ਯਾਤਰਾ 'ਤੇ ਜਾਣ ਵਾਲੇ ਸਰਧਾਲੂਆਂ ਦੀ 72 ਘੰਟੇ ਪਹਿਲਾਂ ਦੀ ਆਰ.ਟੀ.ਪੀ.ਸੀ.ਆਰ. ਰਿਪੋਰਟ ਨੈਗੇਟਿਵ ਹੋਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

## ਪਾਕਿਸਤਾਨ ਜਾਣ ਲਈ ਸ਼ਰਧਾਲੂਆਂ ਤੋਂ ਪਾਸਪੋਰਟ ਮੰਗੇ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਖਾਲਸਾ ਸਾਜਨਾ ਦਿਵਸ (ਵਿਸਾਖੀ) ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੀ ਯਾਤਰਾ ਲਈ ਭੇਜੇ ਜਾਣ ਵਾਲੇ ਜਥੇ ਲਈ ਪਾਸਪੋਰਟ ਜਮ੍ਹਾਂ ਕਰਵਾਉਣ ਦੀ ਤਾਰੀਖ 20 ਜਨਵਰੀ ਤੱਕ ਵਧਾ ਦਿੱਤੀ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਮਹਿੰਦਰ ਸਿੰਘ ਆਹਲੀ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਤੇ ਹੋਰ ਗੁਰਧਾਮਾਂ ਦੇ ਦਰਸ਼ਨਾਂ ਲਈ ਅਪਰੈਲ ਵਿਚ ਜਥਾ ਭੇਜਿਆ ਜਾਂਦਾ ਹੈ। ਇਸ ਲਈ ਸ਼ਰਧਾਲੂ ਆਪਣੇ ਪਾਸਪੋਰਟ ਮੁੱਖ ਦਫਤਰ ਵਿਚ ਯਾਤਰਾ ਵਿਭਾਗ ਨੂੰ ਭੇਜ ਸਕਦੇ ਹਨ।

# ਅਮਰੀਕਾ ਵਿਚ ਸਿੱਖ ਟੈਕਸੀ ਡਰਾਈਵਰ ਦੀ ਕੁੱਟਮਾਰ

**ਨਿਊ ਯਾਰਕ:** ਅਮਰੀਕਾ ਵਿਚ ਨਸਲੀ ਨਫਰਤ ਦੇ ਇਕ ਹੋਰ ਸ਼ੱਕੀ ਮਾਮਲੇ 'ਚ ਭਾਰਤੀ ਮੂਲ ਦੇ ਸਿੱਖ ਟੈਕਸੀ ਡਰਾਈਵਰ ਦੀ ਕੁੱਟਮਾਰ ਕੀਤੀ ਗਈ ਹੈ। ਇਕ ਅਣਪਛਾਤੇ ਵਿਅਕਤੀ ਨੇ ਸਿੱਖ ਡਰਾਈਵਰ ਦੀ ਦਸਤਾਰ ਉਤਾਰ ਦਿੱਤੀ ਤੇ ਗਾਲ਼ਾਂ ਵੀ ਕੱਢੀਆਂ।

ਇਹ ਘਟਨਾ ਜੇ.ਐਫ.ਕੇ. ਕੌਮਾਂਤਰੀ ਹਵਾਈ ਅੱਡੇ ਦੇ ਬਾਹਰ ਵਾਪਰੀ ਹੈ। ਘਟਨਾ ਦੀ ਇਕ ਵੀਡੀਓ ਨਵਜੋਤ ਪਾਲ ਕੌਰ ਨੇ ਟਵਿੱਟਰ ਉਤੇ 4 ਜਨਵਰੀ ਨੂੰ ਸਾਂਝੀ ਕੀਤੀ ਸੀ। ਇਸ ਵਿਚ ਹਵਾਈ ਅੱਡੇ ਦੇ ਬਾਹਰ ਇਕ ਵਿਅਕਤੀ ਸਿੱਖ ਡਰਾਈਵਰ ਨਾਲ ਕੁੱਟਮਾਰ ਕਰ ਰਿਹਾ ਹੈ। ਨਵਜੋਤ ਨੇ ਕਿਹਾ ਕਿ ਵੀਡੀਓ ਹਵਾਈ ਅੱਡੇ ਦੇ ਬਾਹਰ ਖੜ੍ਹੇ ਇਕ ਵਿਅਕਤੀ ਨੇ ਬਣਾਈ ਸੀ। ਹਮਲਾਵਰ ਨੇ ਡਰਾਈਵਰ ਨੂੰ ਕਈ ਵਾਰ ਧੱਕੇ ਤੇ ਮੁੱਕੇ ਮਾਰੇ ਅਤੇ ਉਸ ਦੀ ਦਸਤਾਰ ਉਤਾਰ ਦਿੱਤੀ। ਨਵਜੋਤ ਕੌਰ ਨੇ ਟਵੀਟ ਕੀਤਾ, 'ਮੈਂ ਇਸ ਵੀਡੀਓ ਲਈ ਦਾਅਵਾ ਨਹੀਂ ਕਰਦੀ, ਪਰ ਮੈਂ ਇਹ ਉਭਾਰਨਾ ਚਾਹੁੰਦੀ ਹਾਂ ਕਿ ਨਫਰਤ ਸਾਡੇ ਸਮਾਜ ਵਿਚ ਹਾਲੇ ਵੀ ਕਾਇਮ ਹੈ ਤੇ ਇਹ ਮੰਦਭਾਗਾ ਹੈ ਕਿ ਮੈਂ ਕਈ ਵਾਰ ਸਿੱਖ ਕੈਬ ਡਰਾਈਵਰਾਂ ਨਾਲ ਕੁੱਟਮਾਰ ਹੁੰਦੀ ਦੇਖੀ ਹੈ।' ਡਰਾਈਵਰ ਤੇ ਇਸ ਘਟਨਾ ਬਾਰੇ ਹੋਰ ਜਾਣਕਾਰੀ ਨਹੀਂ ਮਿਲ ਸਕੀ ਹੈ। ਭਾਈਚਾਰੇ ਦੇ ਮੈਂਬਰਾਂ ਨੇ ਇਸ ਘਟਨਾ 'ਤੇ ਖੁੱਲ੍ਹ ਕੇ ਰੋਸ ਜ਼ਾਹਿਰ ਕੀਤਾ ਹੈ। 2019 ਵਿਚ ਭਾਰਤੀ ਮੂਲ ਦੇ ਇਕ ਸਿੱਖ ਊਬਰ ਡਰਾਈਵਰ ਦੀ ਵਾਸ਼ਿੰਗਟਨ ਵਿਚ ਕੁੱਟਮਾਰ ਕੀਤੀ ਗਈ ਸੀ।




## ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

**ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।**

**ਮੁਫਤ ਖਾਣਾ ਤੇ ਹੋਰ ਸਹੂਲਤਾਂ**

*ਸੰਪਰਕ ਕਰੋ: ਮਿਸਟਰ ਸਿੰਘ*

**ਫੋਨ: 608-886-2500**

41-48

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA


*Gurdip Singh Sandhu*

**Live on Jas TV**
Saturday 9:30AM and Sunday 4PM (Pacific Time)
7021 Village Park Way, Dublin, CA 94568

Email:
Homeomedicine@yahoo.com

# ਬਰੌਂਕਸ ਇਲਾਕੇ 'ਚ ਇਮਾਰਤ ਨੂੰ ਅੱਗ ਲੱਗੀ: ਨੌਂ ਬੱਚਿਆਂ ਸਣੇ 19 ਮੌਤਾਂ

## 63 ਦੇ ਕਰੀਬ ਵਿਅਕਤੀ ਜ਼ਖਮੀ

**ਨਿਊਯਾਰਕ:** ਨਿਊਯਾਰਕ ਦੇ ਬਰੌਂਕਸ ਇਲਾਕੇ 'ਚ ਇਕ ਉੱਚ ਮੰਜ਼ਲੀ ਅਪਾਰਟਮੈਂਟ ਬਿਲਡਿੰਗ 'ਚ ਭਿਆਨਕ ਅੱਗ ਲੱਗਣ ਕਾਰਨ ਉੱਥੇ ਰਹਿੰਦੇ 9 ਬੱਚਿਆਂ ਸਮੇਤ 19 ਵਿਅਕਤੀਆਂ ਦੀ ਮੌਤ ਹੋ ਗਈ ਤੇ ਕਰੀਬ 63 ਜਣੇ ਜ਼ਖ਼ਮੀ ਹੋ ਗਏ। ਫਾਇਰ ਡਿਪਾਰਟਮੈਂਟ ਨਿਊਯਾਰਕ (ਐਫ.ਡੀ.ਐਨ.ਵਾਈ) ਦਾ ਕਹਿਣਾ ਹੈ ਕਿ ਇਹ ਅੱਗ ਇੱਕ ਖਰਾਬ ਇਲੈਕਟ੍ਰਿਕ ਸਪੇਸ ਹੀਟਰ ਕਾਰਨ ਲੱਗੀ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਨੂੰ ਬਰੌਂਕਸ ਵਿਚ 19 ਮੰਜ਼ਿਲਾ ਅਪਾਰਟਮੈਂਟ ਬਿਲਡਿੰਗ ਵਿਚ ਭਿਆਨਕ ਅੱਗ ਲੱਗ ਲੱਗ ਗਈ, ਜਿਸ ਕਾਰਨ 9 ਬੱਚਿਆਂ ਸਮੇਤ 19 ਲੋਕਾਂ ਦੀ ਮੌਤ ਹੋ ਗਈ। ਅੱਗ ਬੁਝਾਉਣ ਅਤੇ ਲੋਕਾਂ ਦੀ ਜਾਨ ਬਚਾਉਣ ਲਈ 200 ਦੇ ਕਰੀਬ ਫਾਇਰਫਾਈਟਰ ਬ੍ਰੌਂਕਸ ਬੋਰੋ ਦੇ ਇਲਾਕੇ ਵਿਚ ਜੂਝ ਰਹੇ ਸਨ। ਐਫ.ਡੀ.ਐਨ.ਵਾਈ. ਦੇ ਕਮਿਸ਼ਨਰ ਡੇਨੀਅਲ ਏ. ਨਿਗਰੋ ਨੇ ਕਿਹਾ ਕਿ ਖਰਾਬ ਇਲੈਕਟ੍ਰਿਕ ਸਪੇਸ ਹੀਟਰ ਕਾਰਨ ਇਹ ਅੱਗ ਲੱਗੀ ਅਤੇ ਇਸ ਇਮਾਰਤ ਵਿਚ ਧੂੰਏਂ ਦੇ ਅਲਾਰਮ ਚੱਲ ਰਹੇ ਸਨ। ਨਿਊਯਾਰਕ ਸਿਟੀ ਫਾਇਰ ਡਿਪਾਰਟਮੈਂਟ ਅਨੁਸਾਰ, ਇਸ ਭਿਆਨਕ ਅੱਗ ਕਾਰਨ ਘੱਟੋ-ਘੱਟ 63 ਲੋਕ ਜ਼ਖਮੀ ਵੀ ਹੋਏ ਹਨ ਅਤੇ 32 ਦੇ ਕਰੀਬ ਲੋਕਾਂ ਨੂੰ ਸੱਟਾਂ ਲੱਗੀਆਂ ਹਨ।

ਮੇਅਰ ਐਰਿਕ ਐਡਮਜ਼ ਨੇ ਪਰਿਵਾਰਾਂ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਚਿੰਤਾ ਜਤਾਈ ਅਤੇ ਕਿਹਾ ਕਿ ਅਜੋਕੇ ਸਮੇਂ ਵਿਚ ਨਿਊਯਾਰਕ ਸ਼ਹਿਰ ਵਿਚ ਉਨ੍ਹਾਂ ਵੱਲੋਂ ਵੇਖੀ ਗਈ ਇਹ ਸਭ ਤੋਂ ਭੈੜੀ ਅੱਗ ਵਿਚੋਂ ਇਕ ਹੈ, ਜਿਸ ਵਿਚ ਕਈ ਕੀਮਤੀ ਜਾਨਾਂ ਚਲੀਆਂ ਗਈਆਂ। ਅਧਿਕਾਰੀਆਂ ਨੇ ਕਿਹਾ ਕਿ ਅੱਗ ਇਮਾਰਤ ਦੀ ਤੀਜੀ ਮੰਜ਼ਿਲ 'ਤੇ ਇਕ ਡੁਪਲੈਕਸ ਅਪਾਰਟਮੈਂਟ ਵਿਚ ਲੱਗੀ, ਜਿਸ ਕਾਰਨ ਭਗਦੜ ਮੱਚ ਗਈ ਤੇ ਕਈ ਲੋਕਾਂ ਦੇ ਸੱਟਾਂ ਵੀ ਲੱਗੀਆਂ। ਐਫ.ਡੀ.ਐਨ.ਵਾਈ. ਕਮਿਸ਼ਨਰ ਡੇਨੀਅਲ ਨਿਗਰੋ ਨੇ ਇਮਾਰਤ ਵਿਚੋਂ ਲੋਕਾਂ ਨੂੰ ਬਚਾਉਣ ਦੇ ਯਤਨਾਂ ਦਾ ਵੇਰਵਾ ਵੀ ਦਿੱਤਾ।



*ਲੋਕਾਂ ਨੂੰ ਇਮਾਰਤ ਵਿਚੋਂ ਸੁਰੱਖਿਅਤ ਬਾਹਰ ਕੱਢਦਾ ਜੋਇਆ ਸੁਰੱਖਿਆ ਅਮਲਾ*

## ਕਤਲ ਮਾਮਲੇ ਵਿਚ ਤਿੰਨ ਨੂੰ ਉਮਰ ਕੈਦ

**ਸੈਕਰਾਮੈਂਟੋ:** ਦੱਖਣੀ ਜਾਰਜੀਆ ਵਿਚ 25 ਸਾਲਾ ਕਾਲੇ ਵਿਅਕਤੀ ਅਹਿਮਦ ਆਰਬਰੀ ਦੀ ਹੱਤਿਆ ਦੇ ਮਾਮਲੇ ਵਿਚ ਇਕ ਅਦਾਲਤ ਨੇ 3 ਗੋਰੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ, ਜਿਨ੍ਹਾਂ ਵਿਚੋਂ ਦੋ ਦੀ ਜ਼ਮਾਨਤ ਹੋਣ ਦੀ ਸੰਭਾਵਨਾ ਨਹੀਂ ਹੈ।

ਅਦਾਲਤ ਨੇ ਟਰਾਵਿਸ ਮੈਕਮਾਈਕਲ (35), ਉਸ ਦੇ ਪਿਤਾ ਗਰੇਗਰੀ ਮੈਕਮਾਈਕਲ (66) ਤੇ ਉਨ੍ਹਾਂ ਦੇ ਗੁਆਂਢੀ ਵਿਲੀਅਮ ਰੋਡੀ ਬਰਾਈਨ (52) ਨੂੰ ਨਵੰਬਰ ਵਿਚ ਆਰਬਰੀ ਦੀ ਹੱਤਿਆ ਸਮੇਤ ਹੋਰ ਕਈ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਸੀ। ਜੱਜ ਟਿਮੋਥੀ ਵਾਲਮਸਲੇ ਨੇ ਟਰਾਵਿਸ ਮੈਕਮਾਈਕਲ ਤੇ ਗਰੇਗਰੀ ਮੈਕਮਾਈਕਲ ਨੂੰ ਬਿਨਾਂ ਜ਼ਮਾਨਤ ਦੀ ਸੰਭਾਵਨਾ ਦੇ ਉਮਰ ਭਰ ਜੇਲ੍ਹ ਜਦਕਿ ਬਰਾਈਨ ਨੂੰ ਜ਼ਮਾਨਤ ਦੀ ਸੰਭਾਵਨਾ ਸਮੇਤ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਪਰ ਜਾਰਜੀਆ ਦੇ ਕਾਨੂੰਨ ਤਹਿਤ ਬਰਾਈਨ 30 ਸਾਲ ਦੀ ਸਜ਼ਾ ਕੱਟਣ ਉਪੰਰਤ ਹੀ ਜ਼ਮਾਨਤ ਲਈ ਦਰਖਾਸਤ ਦੇ ਸਕੇਗਾ। ਆਰਬਰੀ ਦੀ 23 ਫਰਵਰੀ, 2020 ਨੂੰ ਹੱਤਿਆ ਕਰ ਦਿੱਤੀ ਗਈ ਸੀ। ਦੋਸ਼ੀਆਂ ਨੇ ਉਸ ਦਾ ਪਿੱਛਾ ਕੀਤਾ ਤੇ ਦੌੜਾ-ਦੌੜਾ ਕੇ ਉਸ ਨੂੰ ਜਾਨੋਂ ਮਾਰ ਦਿੱਤਾ। ਜੱਜ ਨੇ ਕਿਹਾ ਕਿ ਇਹ ਵੱਖਰੀ ਤਰ੍ਹਾਂ ਦਾ ਮਾਮਲਾ ਹੈ ਜਦੋਂ ਆਰਬਰੀ ਆਪਣੀ ਜਾਨ ਬਚਾਉਣ ਲਈ ਇੱਧਰ ਉੱਧਰ ਭੱਜ ਰਿਹਾ ਸੀ ਤਾਂ ਦੋਸ਼ੀਆਂ ਨੇ ਉਸ ਦਾ ਪਿੱਛਾ ਕਰ ਕੇ ਉਸ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ। ਆਰਬਰੀ ਦੇ ਮਾਤਾ-ਪਿਤਾ ਨੇ ਸਜ਼ਾ 'ਤੇ ਤਸੱਲੀ ਪ੍ਰਗਟ ਕੀਤੀ।

## ਭਾਰਤੀ ਮੂਲ ਦੀ ਪ੍ਰੋਫੈਸਰ ਦਾ 'ਹਾਲ ਆਫ ਫੇਮ' ਐਵਾਰਡ ਨਾਲ ਸਨਮਾਨ



**ਸੈਕਰਾਮੈਂਟੋ :** ਦੱਖਣੀ ਜਾਰਜੀਆ ਯੂਨੀਵਰਸਿਟੀ ਦੀ ਭਾਰਤੀ ਮੂਲ ਦੀ ਪ੍ਰੋਫੈਸਰ ਡਾਕਟਰ ਅਰਪਿਤਾ ਸਾਹਾ ਦਾ 'ਹਾਲ ਆਫ ਫੇਮ' ਐਵਾਰਡ ਨਾਲ ਸਨਮਾਨ ਕੀਤਾ ਗਿਆ ਹੈ। ਜਾਰਜੀਆ ਵਿਚ 'ਫੈਲਟਿਨ ਜੇਨਕਿਨਜ਼ ਜੂਨੀਅਰ ਹਾਲ ਆਫ ਫੇਮ ਐਵਾਰਡ' ਸਭ ਤੋਂ ਵੱਡਾ ਅਕੈਡਮਿਕ ਪੁਰਸਕਾਰ ਹੈ, ਜੋ 'ਯੂਨੀਵਰਸਿਟੀ ਸਿਸਟਮ ਆਫ ਜਾਰਜੀਆ ਬੋਰਡ ਆਫ ਰੀਜੈਂਟਸ' ਵੱਲੋਂ ਦਿੱਤਾ ਜਾਂਦਾ ਹੈ। ਐਟਲਾਂਟਾ ਵਿਚ ਹੋਏ ਸਮਾਗਮ ਵਿਚ ਗਵਰਨਰ ਬਰੀਅਨ ਕੇਂਪ, ਪ੍ਰਥਮ ਮਹਿਲਾ ਮਾਰਟੀ ਕੇਂਪ ਤੇ ਸਾਹਾ ਦੇ ਸਮਰਥਕ, ਦੋਸਤ-ਮਿੱਤਰ, ਦਾਨੀ ਸੱਜਣ, ਪੁਰਾਣੇ ਵਿਦਿਆਰਥੀ, ਵਿਧਾਇਕ ਤੇ ਬੋਰਡ ਆਫ ਰੀਜੈਂਟਸ ਦੇ ਮੈਂਬਰਾਂ ਤੋਂ ਇਲਾਵਾ ਯੂ.ਐਸ. ਜੀ. ਦੇ 26 ਜਨਤਕ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਪ੍ਰਧਾਨ ਵੀ ਸ਼ਾਮਲ ਹੋਏ।

# Matrimonials

## ਲੜਕੇ ਦੀ ਲੋੜ ਹੈ

Jatt Sikh family, well settled in the Midwest looking for *suitable* match for their daughter: 28, 5' 5", US citizen, has great family values, educated (Masters & Juris Doctorate), employed as an attorney at a law firm. Only serious responses from a suitable, modern Jatt Sikh gentleman (ages 29-33), professional or businessman. Email *csahi1949@gmail.com or call at (317) 670-7665.*

49-52

---

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

---

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

## ਲੜਕੀ ਦੀ ਲੋੜ ਹੈ

Suitable match for Gursikh, Arora, vegetarian muscular boy, 30 yrs., 5'9", MBA. marketing executive for a software company in Mumbai. Owns commercial, residential property in India. Elder brother settled in US. Caste no bar. Boy plans business investment in US. Pl email: utakecare2@yahoo.com or call 1-618-402-4269 or 91-9022 084954

---

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

---

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com.

DEC-MARCH

---

Looking for educated Punjabi Sikh girl for Jatt boy 28, 6', US born and raised. Never married. RN-Nurse. Vegetarian/non-drinker preferred. Send bio and picture to dina.kaur@yahoo.com.

---

ਸੈਣੀ ਸਿੱਖ ਉਮਰ 36 ਸਾਲ, ਕੱਦ 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892


ਖੁੱਲ੍ਹ ਗਿਆ ਹੈ ! ਖੁੱਲ੍ਹ ਗਿਆ ਹੈ ! ! ਖੁੱਲ੍ਹ ਗਿਆ ਹੈ ! ! !



Rosie Sandhu, MSN, NP-C
Co-Founder & Owner
Website: harmonyprimarycare.com

ਤੁਹਾਡੀ ਸਿਹਤ ਤੇ ਸੁੰਦਰਤਾ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇੱਥੇ ਉਪਲੱਬਧ ਹਨ

SERVICES:

ਪ੍ਰਾਇਮਰੀ ਕੇਅਰ /ਸਾਲਾਨਾ ਮੈਡੀਕਲ ਚੈਕਅੱਪ
ਡੀ.ਓ.ਟੀ.
ਪਰੀ ਇੰਪਲਾਈਮੈਂਟ ਫਿਜ਼ੀਕਲ
ਹਾਈ ਸਕੂਲ ਸਪੋਰਟ ਫਿਜ਼ੀਕਲ
ਮੈਡੀਕਲ ਸਪਾ ਸੇਵਾਵਾਂ

BOTOX
Dermal filler
Micro-Needling
Kybella
Lip Blushing
Immune Boost Injections

Brownsburg Primary Care & Wellness
640 Patrick place, Suite B, Brownsburg, IN 46112
Contact: (317)456-0411

Derma Plane
Skin Medica Chemical Peels
PRP Micro Needling
B12 Injections
Vitamin D Injections
Lipi-Mino Injections



Kamna Agarwal, OTC & Certified Yoga Instructor
Co-Founder & Owner

We also offer a variety of Yoga classes including Bikram Style Yoga.

Serving Indian American community in Hendricks County and all surrounding counties in Indiana. Our aim is to bring a unique concept of primary care, aesthetics, yoga, and wellness under one roof.

We will soon be launching laser treatments, acupuncture, and Ayurvedic supplements!

Hours: Open Tuesday-Friday 8 am to 4pm
Saturday 11:30 am to 3:30 pm

## ਪਰਵਾਸੀ ਪੰਜਾਬੀਆਂ ਵਲੋਂ ਕਿਸਾਨ ਜਥੇਬੰਦੀਆਂ ਨੂੰ ਚੋਣ ਨਾ ਲੜਨ ਦੀ ਅਪੀਲ

**ਫਰਿਜ਼ਨੋ:** ਪਿਛਲੇ ਦਿਨੀਂ ਸੈਂਟਰਲ ਵੈਲੀ ਕੈਲੀਫੋਰਨੀਆ ਦੇ ਕੁਝ ਬੁੱਧੀਜੀਵੀ ਸੱਜਣਾਂ ਦੀ ਅਹਿਮ ਮੀਟਿੰਗ ਹੋਈ। ਇਸ ਮੀਟਿੰਗ ਵਿਚ ਡਾ. ਇਕਵਿੰਦਰ ਸਿੰਘ ਗਿੱਲ (ਸਾਨ ਫਰਾਂਸਿਸਕੋ), ਡਾ. ਹਰਬਿੰਦਰ ਸਿੰਘ ਗਰੇਵਾਲ਼ (ਸੈਨ ਹੋਜ਼ੇ), ਅਮਰਜੀਤ ਸਿੰਘ (ਸੈਕਰਾਮੈਂਟੋ), ਗੁਲਿੰਦਰ ਸਿੰਘ ਗਿੱਲ (ਸੈਕਰਾਮੈਂਟੋ), ਅਜੀਤ ਸਿੰਘ ਭੱਠਲ਼ (ਬੇਕਰਸਫੀਲਡ), ਰਣਜੀਤ ਸਿੰਘ ਗਿੱਲ (ਫਰਿਜ਼ਨੋ), ਬਲਬਹਾਦੁਰ ਸਿੰਘ (ਲੋਡ੍ਹਾਈ), ਡਾ. ਬਲਜੀਤ ਸਿੰਘ ਗਰੇਵਾਲ਼ (ਲਾਸ ਏਂਜਲਸ) ਆਦਿ ਸ਼ਾਮਲ ਹੋਏ।

ਇਨ੍ਹਾਂ ਸਾਰੇ ਸੱਜਣਾਂ ਨੇ ਮੀਟਿੰਗ ਤੋਂ ਬਾਅਦ ਇਕ ਪ੍ਰੈੱਸ ਨੋਟ ਜਾਰੀ ਕਰ ਕੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਪੰਜਾਬ ਵਿਚ ਚੋਣਾਂ ਨਾ ਲੜਨ ਦੀ ਅਪੀਲ ਕੀਤੀ ਤੇ ਕਿਹਾ , 'ਵੀਰੋ ਪੰਜਾਬ ਦੀ ਅਸਮਤ, ਇੱਜ਼ਤ ਦਾ, ਭਵਿੱਖ ਦਾ ਫੈਸਲਾ ਵੀ ਤੇ ਮੌਕਾ ਵੀ ਅੱਜ ਤੁਹਾਡੇ ਹੱਥ ਹੈ। ਤੁਹਾਡੇ ਏਕੇ ਨੇ ਇਕ ਮਹਾਂ-ਯੁੱਧ ਜਿੱਤ ਕੇ ਤੇ ਕਾਰਪੋਰੇਟ ਘਰਾਣਿਆਂ ਦੇ ਹੌਸਲੇ ਪਸਤ ਕਰ ਕੇ ਸੰਸਾਰ ਦੇ ਮਜ਼ਦੂਰਾਂ ਅਤੇ ਕਿਸਾਨਾਂ ਲਈ ਮਿਸਾਲ ਕਾਇਮ ਕੀਤੀ ਹੈ। ਪੰਜਾਬ ਦੀਆਂ ਅਗਾਊਂ ਚੋਣਾਂ ਇਕੱਲਿਆਂ ਲੜਨ ਦਾ ਤੁਹਾਡਾ ਫੈਸਲਾ ਕਿਤੇ ਪੁਰਾਣੀਆਂ ਜਮਹੂਰੀ ਤਾਕਤਾਂ ਲਈ ਮੁੜ ਸੱਤਾ 'ਤੇ ਕਾਬਜ਼ ਹੋਣ ਦਾ ਰਾਹ ਪੱਧਰਾ ਨਾ ਕਰ ਦੇਵੇ। ਅੱਜ ਮੌਕਾ ਹੈ ਕਿ ਜਿਸ ਤਰ੍ਹਾਂ ਤੁਸੀਂ "ਖਾੜੀ-ਬੰਗਾਲ" ਵਿਚ ਜਾ ਕੇ, ਧੂੰਆਂਧਾਰ ਪ੍ਰਚਾਰ ਕਰ ਕੇ ਜਾਗਰੂਕਤਾ ਦਾ ਹੋਕਾ ਦਿੱਤਾ ਸੀ, ਓਸੇ ਤਰ੍ਹਾਂ ਦਾ ਕਰਮ-ਯੁੱਧ ਮੋਰਚਾ ਪੰਜਾਬ ਦੇ ਭਵਿੱਖ ਨੂੰ ਬਚਾਉਣ ਲਈ, ਤੁਹਾਡੇ ਮੂਹਰੇ ਹੱਥ ਜੋੜੀ ਖੜ੍ਹਾ ਹੈ। ਤੁਹਾਡੇ ਏਕੇ ਦੀ ਸ਼ਕਤੀ ਨੇ ਬਹੁਤ ਸੂਝ-ਬੂਝ ਅਤੇ ਉੱਚੇ ਇਖ਼ਲਾਕ ਦਾ ਸਬੂਤ ਦਿੱਤਾ ਹੈ। ਅੱਜ ਬੰਗਾਲ ਵਾਲ਼ੇ ਹੋਕੇ ਦੀ ਫੇਰ ਲੋੜ ਐ। ਤੁਹਾਡੀ ਸੁਚੱਜੀ ਰਹਿਨੁਮਾਈ ਨੇ ਪੰਜਾਬ ਦੀ ਮਿੱਟੀ ਦੀ ਮਾਲਕੀ ਦਾ ਯੁੱਧ ਜਿੱਤਿਆ ਹੈ। ਵੇਖਿਓ ਕਿਤੇ ਤੁਹਾਡੇ ਸਿਰਾਂ ਉੱਪਰ ਸਜਿਆ ਇਹ ਜਿੱਤ ਦਾ ਤਾਜ ਜਮਹੂਰੀ ਤਾਕਤਾਂ ਦੇ ਪੈਰਾਂ ਹੇਠ ਨਾ ਦਰੜਿਆ ਜਾਵੇ।'

## ਤੰਦੂਰੀਏ ਅਤੇ ਕੁੱਕ ਦੀ ਲੋੜ ਹੈ

ਸੈਨ ਅੰਤੋਨੀਓ (ਟੈਕਸਾਸ) ਸਥਿਤ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਤੇ ਕੁੱਕ ਦੀ ਲੋੜ ਹੈ

ਮੁਫਤ ਖਾਣਾ ਤੇ ਹੋਰ ਸਹੂਲਤਾਂ

ਰਜਿੰਦਰ ਸਿੰਘ ਸੰਘੇੜਾ

ਕਾਲ ਕਰੋ ਜਾਂ ਟੈਕਸਟ ਕਰੋ:

ਫੋਨ: 210-834-2469

## ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਮਿਲਵਾਕੀ (ਵਿਸਕਾਨਸਿਨ) ਨੇੜੇ ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਸੇਲ: 60,000 ਪ੍ਰਤੀ ਮਹੀਨਾ

ਸੰਪਰਕ ਕਰੋ: 317-874-8086

**Indian Restaurent For Sale**

Indian Restaurent For Sale
Near Milwaukee (WI)
Per Month Sale: 60,000

Contact: 317-874-8086

## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

## ਤੰਦੂਰੀਏ ਦੀ ਲੋੜ ਹੈ

ਜਾਰਜੀਆ, ਕੋਲੰਬਸ ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਤੰਦੂਰੀਏ ਦੀ ਲੋੜ ਹੈ

*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*

ਸੰਪਰਕ ਕਰੋ: ਸੂਰਤ ਸਿੰਘ ਖਾਰਾ

ਫੋਨ: 205-799-2350

## ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




### ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

### ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ
*ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

### ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

### ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

*ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।*

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੋਨੂ ਸੂਦ ਦੀ ਭੈਣ ਕਾਂਗਰਸ ਵਿਚ ਸ਼ਾਮਲ

**ਮੋਗਾ:** ਬੌਲੀਵੁੱਡ ਅਦਾਕਾਰ ਅਤੇ ਸਮਾਜ ਸੇਵੀ ਕਾਰਜਾਂ ਕਰਕੇ ਕੌਮਾਂਤਰੀ ਪੱਧਰ 'ਤੇ ਆਪਣੀ ਵਿਲੱਖਣ ਪਛਾਣ ਬਣਾਉਣ ਵਾਲੇ ਸੋਨੂ ਸੂਦ ਦੀ ਭੈਣ ਮਾਲਵਿਕਾ ਸੂਦ ਸੱਚਰ ਨੇ ਲੰਮੀ ਜੱਕੋ-ਤੱਕੀ ਮਗਰੋਂ ਆਖਰਕਾਰ ਕਾਂਗਰਸ ਪਾਰਟੀ ਦਾ ਪੱਲਾ ਫੜ ਲਿਆ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਨੇ ਇਥੇ ਮਾਲਵਿਕਾ ਦੀ ਰਿਹਾਇਸ਼ 'ਤੇ ਉਨ੍ਹਾਂ ਨੂੰ ਪਾਰਟੀ 'ਚ ਸ਼ਾਮਲ ਕੀਤਾ। ਇਸ ਮੌਕੇ ਸਿੱਧੂ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ ਮਿਲਣ ਦੇ ਸਵਾਲ ਤੋਂ ਕਿਨਾਰਾ ਕਰ ਗਏ ਪਰ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਕਿਹਾ ਕਿ ਜ਼ਮਾਨਤ ਭਾਵੇਂ ਮਿਲ ਗਈ ਹੈ ਪਰ ਮਜੀਠੀਆ ਖਿਲਾਫ



ਹਾਲੇ ਕੇਸ ਬਾਕੀ ਹੈ। ਮੋਗਾ ਤੋਂ ਮਾਲਵਿਕਾ ਨੂੰ ਟਿਕਟ ਦੇਣ ਦੀ ਚਰਚਾ ਨਾਲ ਕਾਂਗਰਸ ਦੇ ਦੋਫਾੜ ਹੋਣ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਕਾਂਗਰਸ ਵਿਧਾਇਕ ਡਾ. ਹਰਜੋਤ ਕਮਲ ਨੂੰ ਜਲਦੀ ਮਨਾ ਲਿਆ ਜਾਵੇਗਾ। ਇਸ ਦੌਰਾਨ ਕਾਂਗਰਸ ਵਿਧਾਇਕ ਡਾ. ਹਰਜੋਤ ਕਮਲ ਨੇ ਸਮਰਥਕਾਂ ਨਾਲ ਆਪਣੇ ਨਿਵਾਸ ਤੋਂ ਚੌਕ ਤੱਕ ਰੋਹ ਭਰਪੂਰ ਮਾਰਚ ਵੀ ਕੱਢਿਆ। ਮਾਲਵਿਕਾ ਦੇ ਕਾਂਗਰਸ 'ਚ ਸ਼ਾਮਲ ਹੋਣ ਸਮੇਂ ਸੋਨੂ ਸੂਦ ਘਰ ਵਿਚ ਮੌਜੂਦ ਸਨ ਪਰ ਉਹ ਵਿਹੜੇ 'ਚ ਨਹੀਂ ਆਏ।

ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਮਾਲਵਿਕਾ ਦੀ ਪਾਰਟੀ 'ਚ ਸ਼ਮੂਲੀਅਤ ਨੂੰ ਸ਼ੁਭ ਸ਼ਗਨ ਕਰਾਰ ਦਿੰਦਿਆਂ ਆਖਿਆ ਕਿ ਨਾਮਵਰ ਪਰਿਵਾਰ ਦੀ ਨੇਕ ਲੜਕੀ ਨੂੰ ਪਾਰਟੀ ਵੱਲੋਂ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ।

## ਜਥੇਦਾਰ ਟੌਹੜਾ ਦਾ ਦੋਹਤਾ ਭਾਜਪਾ 'ਚ ਸ਼ਾਮਲ

**ਚੰਡੀਗੜ੍ਹ:** ਪੰਜਾਬ ਵਿਚ ਚੋਣਾਂ ਦਾ ਐਲਾਨ ਹੁੰਦੇ ਹੀ ਭਾਜਪਾ ਜ਼ਿਆਦਾ ਸਰਗਰਮ ਹੋ ਗਈ ਹੈ। ਉਸ ਨੇ ਸੰਗਰੂਰ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਅਰਵਿੰਦ ਖੰਨਾ, ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਦੋਹਤੇ ਕਰਨਵੀਰ ਸਿੰਘ ਟੌਹੜਾ ਅਤੇ ਲੁਧਿਆਣਾ ਤੋਂ ਯੂਥ ਅਕਾਲੀ ਆਗੂ ਗੁਰਦੀਪ ਗੋਸਾ ਨੂੰ ਆਪਣੇ ਸ਼ਾਮਲ ਕਰ ਲਿਆ। ਦਿੱਲੀ ਵਿਚ ਭਾਜਪਾ ਦੇ ਪੰਜਾਬ ਚੋਣ ਇੰਚਾਰਜ ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ, ਪੰਜਾਬ ਇੰਚਾਰਜ ਦੁਸ਼ਯੰਤ ਗੌਤਮ, ਮਨਜਿੰਦਰ ਸਿਰਸਾ ਅਤੇ ਕੇਂਦਰੀ ਮੰਤਰੀ ਹਰਦੀਪ ਪੁਰੀ ਨੇ ਉਨ੍ਹਾਂ ਦਾ ਪਾਰਟੀ ਵਿਚ ਸਵਾਗਤ ਕੀਤਾ। ਅਰਵਿੰਦ ਖੰਨਾ ਕਾਂਗਰਸ ਦੀ ਟਿਕਟ 'ਤੇ ਦੋ ਵਾਰ ਸੰਗਰੂਰ ਤੋਂ ਵਿਧਾਇਕ ਰਹਿ ਚੁੱਕੇ ਹਨ। ਉਹ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਮੰਨੇ ਜਾਂਦੇ ਹਨ।

## ਨਿਊ ਯਾਰਕ ਸ਼ਹਿਰ 'ਚ ਅੱਗ ਲੱਗਣ ਕਾਰਨ 19 ਮੌਤਾਂ

**ਨਿਊ ਯਾਰਕ:** ਨਿਊ ਯਾਰਕ ਸ਼ਹਿਰ ਵਿਚ ਅੱਗ ਲੱਗਣ ਦੀ ਘਟਨਾ 'ਚ 19 ਜਣਿਆਂ ਦੀ ਮੌਤ ਹੋ ਗਈ ਹੈ। ਮ੍ਰਿਤਕਾਂ ਵਿਚ ਨੌਂ ਬੱਚੇ ਵੀ ਸ਼ਾਮਲ ਹਨ। ਸ਼ਹਿਰ ਦੇ ਹਾਲ ਦੇ ਇਤਿਹਾਸ ਵਿਚ ਅੱਗ ਲੱਗਣ ਦੀ ਇਹ ਸਭ ਤੋਂ ਮਾੜੀ ਘਟਨਾ ਹੈ।

# ਉਗਰਾਹਾਂ ਧੜੇ ਵੱਲੋਂ ਕਿਸੇ ਨੂੰ ਵੀ ਹਮਾਇਤ ਨਾ ਦੇਣ ਦਾ ਐਲਾਨ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਏਕਤਾ)- ਉਗਰਾਹਾਂ ਨੇ ਵਿਧਾਨ ਸਭਾ ਚੋਣਾਂ ਤੋਂ ਕਿਨਾਰਾ ਕਰਦਿਆਂ ਕਿਸੇ ਵੀ ਧਿਰ ਦੀ ਹਮਾਇਤ ਜਾਂ ਉਮੀਦਵਾਰ ਖੜ੍ਹੇ ਨਾ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸਾਨ ਆਗੂਆਂ ਦੀ ਅਗਵਾਈ ਹੇਠਲੀ ਪਾਰਟੀ ਨੂੰ ਵੀ ਜਥੇਬੰਦੀ ਵੱਲੋਂ ਚੋਣਾਂ 'ਚ ਹਮਾਇਤ ਨਹੀਂ ਦਿੱਤੀ ਜਾਵੇਗੀ।

ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਦੇਸ਼ ਦਾ ਸਮੁੱਚਾ ਤੰਤਰ ਇੰਨਾ ਜ਼ਿਆਦਾ ਭ੍ਰਿਸ਼ਟ ਹੋ ਗਿਆ ਹੈ ਕਿ ਇਨ੍ਹਾਂ ਸੰਵਿਧਾਨਕ ਸੰਸਥਾਵਾਂ ਲਈ ਚੁਣੇ ਜਾਂਦੇ ਨੁਮਾਇੰਦਿਆਂ ਦੀ ਚੋਣ ਲੋਕ ਰਾਜੀ ਢੰਗ ਨਾਲ ਨਹੀਂ ਹੁੰਦੀ ਤੇ ਨਾ ਹੀ ਇਹ ਸੰਸਥਾਵਾਂ ਲੋਕ ਰਾਜੀ ਢੰਗ ਤਰੀਕਿਆਂ ਨਾਲ ਕਾਰ ਵਿਹਾਰ ਕਰਦੀਆਂ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਜਾਂ ਭਾਜਪਾ ਹੀ ਨਹੀਂ ਸਗੋਂ ਆਮ ਆਦਮੀ ਪਾਰਟੀ ਅਤੇ ਖੱਬੇਪੱਖੀ ਵੀ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਦੇ ਹਨ। ਉਨ੍ਹਾਂ ਕਿਹਾ ਕਿ ਸੰਵਿਧਾਨਕ ਸੰਸਥਾਵਾਂ ਦੀ ਕਾਰਗੁਜ਼ਾਰੀ ਤੋਂ ਸਪੱਸ਼ਟ ਹੁੰਦਾ ਹੈ ਕਿ ਲੋਕ ਭਲਾਈ ਦਾ ਰਾਹ ਵਿਧਾਨ ਸਭਾ ਜਾਂ ਸੰਸਦ ਰਾਹੀਂ ਨਹੀਂ ਜਾਂਦਾ। ਸੰਘਰਸ਼ਾਂ ਦਾ ਤਜਰਬਾ ਦੱਸਦਾ ਹੈ ਲੋਕਾਂ ਖਿਲਾਫ਼ ਸਾਰੇ ਕਾਨੂੰਨ ਇਨ੍ਹਾਂ ਵਿਧਾਨ ਸਭਾਵਾਂ ਜਾਂ ਸੰਸਦ 'ਚੋਂ ਬਣ ਕੇ ਆਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਲਈ ਸਿਆਸੀ ਵੋਟ ਪਾਰਟੀਆਂ ਨੇ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਲਾਰਿਆਂ ਤੇ ਵਾਅਦਿਆਂ ਦੇ ਗੱਫੇ ਵਰਤਾਉਣੇ ਸ਼ੁਰੂ ਕਰ ਦਿੱਤੇ ਹਨ।

## ਕੰਵਰਪਾਲ ਸਿੰਘ ਦਾ ਟਵਿਟਰ ਖਾਤਾ ਬੰਦ

**ਅੰਮ੍ਰਿਤਸਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੌਰੇ ਬਾਰੇ ਕੀਤੇ ਟਵੀਟ ਤੋਂ ਬਾਅਦ ਟਵਿਟਰ ਦੇ ਪ੍ਰਬੰਧਕਾਂ ਵੱਲੋਂ ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੂੰ ਆਈ.ਆਈ.ਟੀ. ਐਕਟ 2000 ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਉਸ ਦਾ ਖਾਤਾ ਹਟਾਉਣ ਲਈ ਲੀਗਲ ਨੋਟਿਸ ਭੇਜਿਆ ਗਿਆ ਹੈ। ਪ੍ਰਬੰਧਕਾਂ ਵੱਲੋਂ ਉਕਤ ਆਗੂ ਦਾ ਖਾਤਾ ਭਾਰਤ ਵਿਚ ਬੰਦ ਕਰ ਦਿੱਤਾ ਗਿਆ ਹੈ। ਕੰਵਰਪਾਲ ਸਿੰਘ ਨੂੰ ਭੇਜੇ ਨੋਟਿਸ ਵਿਚ ਆਖਿਆ ਗਿਆ ਹੈ ਕਿ ਭਾਰਤ ਸਰਕਾਰ ਵੱਲੋਂ ਉਸ ਦਾ ਖਾਤਾ ਹਟਾਉਣ ਲਈ ਕਾਨੂੰਨੀ ਤੌਰ 'ਤੇ ਮੰਗ ਕੀਤੀ ਗਈ ਹੈ।

# ਰਾਜੇਵਾਲ ਵੱਲੋਂ ਸਮਰਾਲਾ ਤੋਂ ਚੋਣ ਲੜਨ ਦਾ ਐਲਾਨ

**ਮਾਛੀਵਾੜਾ:** ਦਿੱਲੀ ਕਿਸਾਨੀ ਅੰਦੋਲਨ ਦੌਰਾਨ ਕੌਮਾਂਤਰੀ ਪੱਧਰ 'ਤੇ ਪਛਾਣ ਬਣਾਉਣ ਤੇ 22 ਜਥੇਬੰਦੀਆਂ ਨੂੰ ਨਾਲ ਲੈ ਕੇ ਸਿਆਸੀ ਪਾਰਟੀ 'ਸੰਯੁਕਤ ਸਮਾਜ ਮੋਰਚਾ' ਬਣਾਉਣ ਵਾਲੇ ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ ਨੇ ਹਲਕਾ ਸਮਰਾਲਾ ਤੋਂ ਚੋਣ ਲੜਨ ਦਾ ਐਲਾਨ ਕੀਤਾ ਹੈ।

ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ ਸਿਆਸਤ ਵਿਚ ਨਵੇਂ ਨਹੀਂ ਹਨ। ਕਈ ਸਾਲ ਪਹਿਲਾਂ ਉਨ੍ਹਾਂ ਦੀਆਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਨਜ਼ਦੀਕੀਆਂ ਵੀ ਰਹੀਆਂ ਹਨ। ਹਲਕਾ ਸਮਰਾਲਾ ਤੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣ ਲੜਨ ਦੀਆਂ ਚਰਚਾਵਾਂ ਵੀ ਜ਼ੋਰਾਂ 'ਤੇ ਰਹੀਆਂ ਅਤੇ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਰਾਜੇਵਾਲ ਵੱਲੋਂ 'ਆਪ' ਦੇ ਉਮੀਦਵਾਰ ਸਰਬੰਸ ਸਿੰਘ ਮਾਣਕੀ ਦਾ ਸਮਰਥਨ ਵੀ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਸੰਯੁਕਤ ਸਮਾਜ ਮੋਰਚਾ ਵੱਲੋਂ ਹਾਲੇ ਤੱਕ ਕਿਸੇ ਵੀ ਸੀਟ ਲਈ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਗਿਆ।

ਆਪਣੇ ਸਮਰਥਕਾਂ ਸਮੇਤ ਮਾਛੀਵਾੜਾ ਇਲਾਕੇ 'ਚ ਲੋਕਾਂ ਨਾਲ ਰਾਬਤਾ ਕਾਇਮ ਕਰਦੇ ਬਲਵੀਰ ਸਿੰਘ ਰਾਜੇਵਾਲ ਨਾਲ ਅਕਾਲੀ ਦਲ ਅਤੇ ਕਾਂਗਰਸ ਦੇ ਵੀ ਕਈ ਆਗੂ ਨਜ਼ਰ ਆਏ, ਜੋ ਵਿਰੋਧੀ ਪਾਰਟੀਆਂ ਲਈ ਖਤਰੇ ਦੀ ਘੰਟੀ ਹੈ। ਹਲਕਾ ਸਮਰਾਲਾ 'ਚ ਚੋਣ ਮੈਦਾਨ ਦੀ ਸਥਿਤੀ ਲਗਭਗ ਸਪਸ਼ਟ ਹੁੰਦੀ ਨਜ਼ਰ ਆ ਰਹੀ ਹੈ। ਇਥੇ ਅਕਾਲੀ ਦਲ ਵੱਲੋਂ ਪਰਮਜੀਤ ਸਿੰਘ ਢਿੱਲੋਂ, ਕਾਂਗਰਸ ਵੱਲੋਂ ਵਿਧਾਇਕ ਅਮਰੀਕ ਸਿੰਘ ਢਿੱਲੋਂ ਦੇ ਪੋਤੇ ਕਰਨਵੀਰ ਸਿੰਘ ਢਿੱਲੋਂ ਦੀ ਟਿਕਟ ਤੈਅ ਮੰਨੀ ਜਾ ਰਹੀ ਹੈ ਅਤੇ 'ਆਪ' ਵੱਲੋਂ ਜਗਤਾਰ ਸਿੰਘ ਦਿਆਲਪੁਰਾ ਚੋਣ ਮੈਦਾਨ ਵਿਚ ਆ ਚੁੱਕੇ ਹਨ।

## ਭਾਜਪਾ ਨੂੰ ਤ੍ਰੇਲੀਆਂ ਆਈਆਂ

*(ਸਫਾ 1 ਦੀ ਬਾਕੀ)*

ਉਹੀ ਖੇਡ ਬਰਾਬਰੀ ਉਤੇ ਖੇਡਣ ਦਾ ਮਨ ਬਣਾ ਲਿਆ ਲੱਗਦਾ ਹੈ। ਕੁਝ ਸਿਆਸੀ ਮਾਹਿਰਾਂ ਅਨੁਸਾਰ ਇਹ ਉੱਤਰ ਪ੍ਰਦੇਸ਼ ਵਿਚ ਭਾਜਪਾ ਦੀ ਵਿਗੜਦੀ ਖੇਡ ਦੇ ਸੰਕੇਤ ਹਨ।

ਉਤਰ ਪ੍ਰਦੇਸ਼ ਵਿਚ 403 ਸੀਟਾਂ ਵਾਸਤੇ ਵੋਟਾਂ ਸੱਤ ਪੜਾਵਾਂ ਵਿਚ, ਭਾਵ 10 ਫਰਵਰੀ ਤੋਂ 7 ਮਾਰਚ ਤੱਕ ਪੈਣਗੀਆਂ। ਉਤਰ ਪ੍ਰਦੇਸ਼ ਇਕ ਅਜਿਹਾ ਸੂਬਾ ਹੈ, ਜਿਸ ਦੀਆਂ ਲੋਕ ਸਭਾ ਵਿਚ ਸਭ ਤੋਂ ਜ਼ਿਆਦਾ ਸੀਟਾਂ ਹਨ। ਸੂਬੇ ਦੀ ਆਬਾਦੀ 25 ਕਰੋੜ ਦੇ ਲਗਭਗ ਹੈ। ਇਥੇ ਭਾਜਪਾ ਯੋਗੀ ਆਦਿੱਤਿਆਨਾਥ ਦੀ ਅਗਵਾਈ ਵਿਚ ਸਰਕਾਰ ਚਲਾ ਰਹੀ ਹੈ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਜਿਥੇ ਭਾਜਪਾ ਨੂੰ 403 ਸੀਟਾਂ ਵਿਚੋਂ 325 ਸੀਟਾਂ ਮਿਲੀਆਂ ਸਨ, ਉਥੇ ਸਮਾਜਵਾਦੀ ਪਾਰਟੀ 47 ਸੀਟਾਂ ਨਾਲ ਦੂਜੇ ਨੰਬਰ 'ਤੇ ਆਈ ਸੀ ਪਰ ਬਹੁਜਨ ਸਮਾਜ ਪਾਰਟੀ ਅਤੇ ਕਾਂਗਰਸ ਹਾਸ਼ੀਏ 'ਤੇ ਚਲੇ ਗਈਆਂ ਸਨ।

ਪੰਜ ਰਾਜਾਂ ਵਿਚੋਂ ਉਤਰ ਪ੍ਰਦੇਸ਼, ਉਤਰਾਖੰਡ, ਮਨੀਪੁਰ ਤੇ ਗੋਆ ਵਿਚ ਭਾਜਪਾ ਦੀ ਹਕੂਮਤ ਹੈ। ਸਿਰਫ ਪੰਜਾਬ ਵਿਚ ਹੀ ਕਾਂਗਰਸ ਪ੍ਰਸ਼ਾਸਨ ਚਲਾ ਰਹੀ ਹੈ। ਇਸ ਤਰ੍ਹਾਂ ਇਨ੍ਹਾਂ ਰਾਜਾਂ ਦੇ ਨਤੀਜੇ ਭਾਜਪਾ ਲਈ ਵੀ ਇਕ ਇਮਤਿਹਾਨ ਹੋਣਗੇ, ਕਿਉਂਕਿ ਇਨ੍ਹਾਂ ਦਾ ਹੀ ਅਸਰ ਲੋਕ ਸਭਾ ਦੀਆਂ 2024 ਵਿਚ ਹੋਣ ਵਾਲੀਆਂ ਚੋਣਾਂ ਉਤੇ ਪਵੇਗਾ। ਮਨੀਪੁਰ ਤੇ ਗੋਆ ਵਿਚ ਚਾਹੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਵੱਧ ਸੀਟਾਂ ਪ੍ਰਾਪਤ ਹੋਈਆਂ ਸਨ ਪਰ ਆਪਣੀ ਚੁਸਤ ਯੋਜਨਾਬੰਦੀ ਨਾਲ ਹੋਰਾਂ ਛੋਟੀਆਂ ਪਾਰਟੀਆਂ ਨੂੰ ਨਾਲ ਰਲਾ ਕੇ ਭਾਜਪਾ ਇਨ੍ਹਾਂ ਰਾਜਾਂ ਵਿਚ ਆਪਣੀਆਂ ਸਰਕਾਰਾਂ ਬਣਾਉਣ ਵਿਚ ਕਾਮਯਾਬ ਹੋ ਗਈ ਸੀ। ਇਸ ਵਾਰ ਦੇਖਣਾ ਹੋਵੇਗਾ ਕਿ ਭਾਜਪਾ ਨੂੰ ਇਨ੍ਹਾਂ ਰਾਜਾਂ ਵਿਚ ਕਿਹੋ ਜਿਹਾ ਹੁੰਗਾਰਾ ਮਿਲਦਾ ਹੈ।

# ਸਿਆਸੀ ਧਿਰਾਂ ਲਈ ਚੁਣੌਤੀ ਬਣਿਆ 'ਮਿਸ਼ਨ ਪੰਜਾਬ'

*(ਸਫਾ 1 ਦੀ ਬਾਕੀ)*

ਨੂੰ ਹੋ ਰਹੀਆਂ ਹਨ ਅਤੇ ਨਤੀਜੇ ਕਾਫੀ ਦਿਨਾਂ ਬਾਅਦ, ਭਾਵ 10 ਮਾਰਚ ਨੂੰ ਆਉਣਗੇ। ਕਿਸਾਨਾਂ ਦਾ ਸਿਆਸਤ ਵਿਚ ਦਾਖਲਾ ਹੋਰ ਸਿਆਸੀ ਧਿਰਾਂ ਲਈ ਵੱਡੀ ਚੁਣੌਤੀ ਹੋਵੇਗਾ।

ਪੰਜਾਬ ਦੀ 75 ਫੀਸਦੀ ਆਬਾਦੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਖੇਤੀਬਾੜੀ ਨਾਲ ਜੁੜੀ ਹੋਈ ਹੈ। ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਵਿਚੋਂ 40 ਸ਼ਹਿਰੀ, 51 ਅਰਧ ਸ਼ਹਿਰੀ ਅਤੇ 26 ਪੂਰੀ ਤਰ੍ਹਾਂ ਸ਼ਹਿਰੀ ਸੀਟਾਂ ਹਨ। ਸਿਰਫ 40 ਸੀਟਾਂ ਅਜਿਹੀਆਂ ਹਨ, ਜਿੱਥੇ ਸ਼ਹਿਰੀ ਭਾਈਚਾਰੇ ਦਾ ਵੱਡਾ ਵੋਟ ਬੈਂਕ ਹੈ। ਬਾਕੀ 77 ਸੀਟਾਂ 'ਤੇ ਪੇਂਡੂ ਜਾਂ ਸਿੱਧੇ ਕਿਸਾਨਾਂ ਦਾ ਵੱਡਾ ਵੋਟ ਬੈਂਕ ਉਮੀਦਵਾਰ ਦੀ ਜਿੱਤ ਜਾਂ ਹਾਰ ਦਾ ਫੈਸਲਾ ਕਰਦਾ ਹੈ। ਮਾਲਵੇ ਵਿਚ 69, ਮਾਝੇ ਵਿਚ 25 ਅਤੇ ਦੁਆਬੇ ਵਿਚ 23 ਸੀਟਾਂ ਹਨ। ਸਭ ਤੋਂ ਵੱਧ ਸੀਟਾਂ ਵਾਲਾ ਮਾਲਵਾ ਖੇਤਰ ਕਿਸਾਨਾਂ ਦਾ ਗੜ੍ਹ ਹੈ ਜੋ ਚੋਣਾਂ ਵਿਚ ਫੈਸਲਾਕੁਨ ਭੂਮਿਕਾ ਨਿਭਾਉਂਦਾ ਰਿਹਾ ਹੈ। ਦੁਆਬੇ ਵਿਚ ਦਲਿਤ ਵੋਟਾਂ ਜ਼ਿਆਦਾ ਹਨ ਪਰ ਮਾਝੇ ਵਿਚ ਸਿੱਖ ਵੋਟ ਬੈਂਕ ਵੱਧ ਹੈ। ਚੋਣ ਮੈਦਾਨ ਵਿਚ ਕਿਸਾਨ ਸਾਰੀਆਂ ਸਿਆਸੀ ਸਿਰਾਂ ਦਾ ਵੋਟ ਬੈਂਕ ਤੋੜਨਗੇ।

ਸ਼੍ਰੋਮਣੀ ਅਕਾਲੀ ਦਲ ਪਹਿਲੀ ਵਾਰ ਬਸਪਾ ਨਾਲ ਮਿਲ ਕੇ ਚੋਣ ਲੜ ਰਹੀ ਹੈ। ਕਾਂਗਰਸ ਦਾ ਅੰਦਰੂਨੀ ਕਲੇਸ਼ ਵੋਟ ਬੈਂਕ 'ਤੇ ਭਾਰੀ ਪੈ ਸਕਦਾ ਹੈ ਜਦੋਂਕਿ ਕੈਪਟਨ ਅਮਰਿੰਦਰ ਸਿੰਘ ਆਪਣੀ ਨਵੀਂ ਪਾਰਟੀ ਨਾਲ ਚੋਣ ਮੈਦਾਨ ਵਿਚ ਹਨ। ਕੈਪਟਨ ਦੀ ਪਿੰਡਾਂ ਦੇ ਨਾਲ-ਨਾਲ ਸ਼ਹਿਰੀ ਇਲਾਕਿਆਂ ਵਿਚ ਵੀ ਚੰਗੀ ਸਾਖ ਹੈ ਤੇ ਇਸ ਵਾਰ ਉਹ ਅਤੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲਾ ਸੰਯੁਕਤ ਅਕਾਲੀ ਦਲ ਵੀ ਭਾਜਪਾ ਨਾਲ ਮਿਲ ਕੇ ਚੋਣ ਲੜ ਰਿਹਾ ਹੈ। ਖੇਤੀ ਕਾਨੂੰਨਾਂ ਅਤੇ ਕਿਸਾਨ ਅੰਦੋਲਨ ਕਰਕੇ ਭਾਜਪਾ ਤੋਂ ਪਿੰਡਾਂ ਦੇ ਲੋਕ ਨਾਰਾਜ਼ ਹਨ।

2017 ਦੀਆਂ ਵਿਧਾਨ ਸਭਾ ਚੋਣਾਂ ਤੇ ਮਾਝਾ, ਮਾਲਵਾ ਅਤੇ ਦੁਆਬਾ ਦੀਆਂ ਕੁੱਲ 117 ਵਿਧਾਨ ਸਭਾ ਸੀਟਾਂ ਉਤੇ ਪੰਛੀ ਝਾਤ ਨਾਲ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕਾਂਗਰਸ ਪਾਰਟੀ ਵੱਲੋਂ ਮਾਲਵਾ ਖੇਤਰ ਵਿਚ ਪੈਂਦੀਆਂ 69 ਸੀਟਾਂ ਵਿਚੋਂ 40 ਸੀਟਾਂ ਤੇ ਜਿੱਤ ਦਰਜ ਕੀਤੀ ਜਦਕਿ ਆਪ ਆਦਮੀ ਪਾਰਟੀ ਨੇ 18 ਸੀਟਾਂ 'ਤੇ ਕਬਜ਼ਾ ਜਮਾਇਆ। ਇਥੇ ਸ਼੍ਰੋਮਣੀ ਅਕਾਲੀ ਦਲ ਇਸ ਖਿੱਤੇ ਵਿਚ 8 ਸੀਟਾਂ ਪ੍ਰਾਪਤ ਕਰ ਸਕਿਆ। ਲੋਕ ਇਨਸਾਫ ਪਾਰਟੀ 2 ਸੀਟਾਂ ਤੇ ਕਾਬਜ਼ ਹੋਈ ਅਤੇ ਇਥੇ ਇਕ ਸੀਟ ਭਾਰਤੀ ਜਨਤਾ ਪਾਰਟੀ ਦੇ ਵੀ ਹੱਥ ਲੱਗੀ। ਦੁਆਬਾ ਖੇਤਰ ਵਿਚ 23 ਸੀਟਾਂ ਆਉਂਦੀਆਂ ਹਨ। ਇਨ੍ਹਾਂ ਵਿਚ 15 ਸੀਟਾਂ ਤੇ ਕਾਂਗਰਸ ਨੇ ਜਿੱਤ ਦਰਜ ਕੀਤੀ ਸੀ ਜਦਕਿ ਆਮ ਆਦਮੀ ਪਾਰਟੀ ਇਸ ਖੇਤਰ ਵਿਚ ਕੇਵਲ 2 ਸੀਟਾਂ ਤੇ ਹੀ ਜਿੱਤ ਦਰਜ ਕਰ ਸਕੀ। ਸ਼੍ਰੋਮਣੀ ਅਕਾਲੀ ਦਲ ਨੂੰ ਇਸ ਖੇਤਰ ਵਿਚ 5 ਸੀਟਾਂ ਤੇ ਜਿੱਤ ਹਾਸਲ ਹੋਈ। ਭਾਰਤੀ ਜਨਤਾ ਪਾਰਟੀ ਨੂੰ ਇਸ ਖੇਤਰ ਵਿਚ ਸਿਰਫ 1 ਸੀਟ ਤੇ ਹੀ ਜਿੱਤ ਦਰਜ ਕਰਕੇ ਸਬਰ ਕਰਨਾ ਪਿਆ। ਮਾਝਾ ਖੇਤਰ 'ਚ 25 ਵਿਧਾਨ ਸਭਾ ਸੀਟਾਂ ਆਉਂਦੀਆਂ ਹਨ। ਇਥੇ ਵੀ ਕਾਂਗਰਸ ਪਾਰਟੀ ਨੇ ਵੱਡੀ ਜਿੱਤ ਦਰਜ ਕਰਦਿਆਂ 22 ਸੀਟਾਂ ਨੂੰ ਜਿੱਤਣ 'ਚ ਸਫਲਤਾ ਪਾਈ। ਕਿਸੇ ਸਮੇਂ ਅਕਾਲੀਆਂ ਦਾ ਗੜ੍ਹ ਮੰਨੇ ਜਾਣ ਵਾਲੇ ਮਾਝਾ ਖੇਤਰ 'ਚ ਸ਼੍ਰੋਮਣੀ ਅਕਾਲੀ ਦਲ 2 ਸੀਟਾਂ ਉਤੇ ਹੀ ਜਿੱਤ ਦਰਜ ਕਰ ਸਕਿਆ। ਆਮ ਆਦਮੀ ਪਾਰਟੀ ਇਸ ਖੇਤਰ ਬੁਰੀ ਤਰ੍ਹਾਂ ਪਛੜ ਗਈ ਤੇ ਉਸ ਨੂੰ ਇਸ ਖੇਤਰ ਵਿਚ ਇਕ ਵੀ ਸੀਟ ਨਸੀਬ ਨਾ ਹੋਈ ਪਰ ਇੱਥੇ ਭਾਰਤੀ ਜਨਤਾ ਪਾਰਟੀ 1 ਸੀਟ ਜਿੱਤਣ ਵਿਚ ਸਫਲ ਹੋਈ। ਪਰ ਇਸ ਵਾਰ ਮਾਹੌਲ ਕੁਝ ਵੱਖਰਾ ਹੈ। ਇਸ ਵਾਰ ਮਾਹੌਲ ਕੁਝ ਵੱਖਰਾ ਹੈ। ਕਿਸਾਨ ਜਥੇਬੰਦੀਆਂ ਦੇ ਚੋਣ ਮੈਦਾਨ ਵਿਚ ਉਤਰਨ ਪਿੱਛੋਂ ਇਸ ਵਾਰ ਸਿਆਸੀ ਸਮੀਕਰਨਾਂ ਵਿਚ ਵੱਡੇ ਫੇਰ ਬਦਲ ਦੇ ਆਸਾਰ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਬਿਨਾਂ ਮੁੱਖ ਮੰਤਰੀ ਚਿਹਰੇ ਦੇ ਚੋਣਾਂ ਮੈਦਾਨ ਵਿਚ ਨਿੱਤਰੇਗੀ ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਫੈਸਲਾ ਕੀਤਾ ਹੈ ਕਿ ਉਹ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਮੁੱਖ ਮੰਤਰੀ ਦਾ ਚਿਹਰਾ ਐਲਾਨੇ ਬਿਨਾਂ ਹੀ ਲੜੇਗੀ। ਪਾਰਟੀ ਵੱਲੋਂ ਇਹ ਫੈਸਲਾ ਮੁੱਖ ਮੰਤਰੀ ਦੇ ਚਿਹਰਿਆਂ ਲਈ ਮਜ਼ਬੂਤ ਉਮੀਦਵਾਰ ਨਾ ਹੋਣਾ ਦੱਸਿਆ ਜਾ ਰਿਹਾ ਹੈ।

ਪਾਰਟੀ ਅੰਦਰਲੇ ਸੂਤਰਾਂ ਨੇ ਦੱਸਿਆ ਕਿ ਇਸ ਦਾ ਫੈਸਲਾ ਚੋਣ ਨਤੀਜਿਆਂ ਤੋਂ ਬਾਅਦ ਲਿਆ ਜਾਵੇਗਾ ਅਤੇ ਕਾਂਗਰਸ ਵਿਧਾਇਕ ਦਲ ਹਾਈ ਕਮਾਨ ਨਾਲ ਵਿਚਾਰ ਚਰਚਾ ਤੋਂ ਬਾਅਦ ਨਵੇਂ ਆਗੂ ਦਾ ਫੈਸਲਾ ਕਰੇਗਾ। ਦੂਜੇ ਪਾਸੇ ਪੰਜਾਬ ਤੇ ਉੱਤਰਾਖੰਡ ਵਿਚਲੇ ਕਾਂਗਰਸ ਆਗੂ ਚਾਹੁੰਦੇ ਹਨ ਕਿ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਦਾ ਚਿਹਰਾ ਐਲਾਨਿਆ ਜਾਵੇ।



ਸੂਤਰਾਂ ਅਨੁਸਾਰ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਹਮਾਇਤੀ ਚਾਹੁੰਦੇ ਹਨ ਕਿ ਪਾਰਟੀ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਐਲਾਨੇ ਪਰ ਪਾਰਟੀ ਦਾ ਕਹਿਣਾ ਹੈ ਕਿ ਉਹ ਚੋਣਾਂ ਦੇ ਮੱਦੇਨਜ਼ਰ ਹੋਰਨਾਂ ਧੜਿਆਂ ਨੂੰ ਨਾਰਾਜ਼ ਕਰਨ ਦਾ ਜੋਖਮ ਨਹੀਂ ਲੈਣਾ ਚਾਹੁੰਦੀ। ਪੰਜਾਬ 'ਚ ਮੁੜ ਸੱਤਾ 'ਚ ਆਉਣ ਅਤੇ ਉੱਤਰ ਪ੍ਰਦੇਸ਼, ਉੱਤਰਾਖੰਡ, ਗੋਆ ਤੇ ਮਨੀਪੁਰ 'ਚ ਚੰਗੀ ਕਾਰਗੁਜ਼ਾਰੀ ਦਿਖਾਉਣ ਲਈ ਕਾਂਗਰਸ ਸਾਹਮਣੇ ਬਹੁਤ ਸਾਰੀਆਂ ਚੁਣੌਤੀਆਂ ਹਨ।

ਉੱਤਰ ਪ੍ਰਦੇਸ਼ ਨੂੰ ਛੱਡ ਕੇ ਤਿੰਨ ਰਾਜਾਂ ਉੱਤਰਾਖੰਡ, ਗੋਆ ਤੇ ਮਨੀਪੁਰ 'ਚ ਕਾਂਗਰਸ ਦਾ ਸਿੱਧਾ ਮੁਕਾਬਲਾ ਭਾਜਪਾ ਨਾਲ ਹੈ ਜਦਕਿ ਪੰਜਾਬ 'ਚ ਕਾਂਗਰਸ ਦਾ ਮੁਕਾਬਲਾ ਅਕਾਲੀ ਦਲ-ਬਸਪਾ ਗੱਠਜੋੜ ਅਤੇ ਆਮ ਆਦਮੀ ਪਾਰਟੀ ਨਾਲ ਹੈ। ਉੱਤਰ ਪ੍ਰਦੇਸ਼ 'ਚ ਕਾਂਗਰਸ ਮੁੱਖ ਪਾਰਟੀ ਨਹੀਂ ਹੈ ਪਰ ਉਹ ਮੁਕਾਬਲੇ 'ਚ ਬਹੁਜਨ ਸਮਾਜ ਪਾਰਟੀ (ਬਸਪਾ) ਤੋਂ ਅੱਗੇ ਰਹਿਣਾ ਚਾਹੁੰਦੀ ਹੈ। ਗੋਆ 'ਚ ਕਾਂਗਰਸ ਵੱਡੇ ਸਿਆਸੀ ਸੰਕਟ ਦਾ ਸਾਹਮਣਾ ਕਰ ਰਹੀ ਹੈ ਜਿੱਥੇ ਇਸ ਦੇ ਤਕਰੀਬਨ ਸਾਰੇ ਵਿਧਾਇਕ ਪਾਰਟੀ ਛੱਡ ਕੇ ਜਾ ਚੁੱਕੇ ਹਨ। ਗੋਆ 'ਚ ਪਾਰਟੀ ਕੋਲ ਤਿੰਨ ਸਾਬਕਾ ਮੁੱਖ ਮੰਤਰੀ ਦਿਗਾਂਬਰ ਕਾਮਤ, ਪ੍ਰਤਾਪ ਸਿੰਘ ਰਾਣੇ ਤੇ ਫਰਾਂਸਿਸਕੋ ਸਰਦਿਨਹਾ ਹਨ ਪਰ ਪਾਰਟੀ ਨੇ ਮੁੱਖ ਮੰਤਰੀ ਦਾ ਚਿਹਰਾ ਨਾ ਐਲਾਨਣ ਦਾ ਫੈਸਲਾ ਕੀਤਾ ਹੈ ਹਾਲਾਂਕਿ ਸਰਦਿਨਹਾ ਇਨ੍ਹਾਂ 'ਚੋਂ ਸਭ ਤੋਂ ਅੱਗੇ ਚੱਲ ਰਹੇ ਹਨ। ਮਨੀਪੁਰ 'ਚ ਵੀ ਕਾਂਗਰਸ ਵੱਡੇ ਸੰਕਟ 'ਚ ਹੈ ਪਰ ਜੇਕਰ ਇੱਥੇ ਪਾਰਟੀ ਚੋਣ ਜਿੱਤ ਕੇ ਸੱਤਾ 'ਚ ਆਉਂਦੀ ਹੈ ਤਾਂ ਓਕਰਾਮ ਇਬੋਬੀ ਸਿੰਘ ਮੁੱਖ ਮੰਤਰੀ ਦੇ ਅਹੁਦੇ ਲਈ ਮੁੜ ਦਾਅਵੇਦਾਰ ਹੋ ਸਕਦੇ ਹਨ ਪਰ ਪਾਰਟੀ ਨੇ ਅਜੇ ਇਸ ਸਬੰਧੀ ਕੋਈ ਐਲਾਨ ਨਹੀਂ ਕੀਤਾ ਹੈ। ਪਾਰਟੀ ਇਸ ਉੱਤਰ-ਪੂਰਬੀ ਰਾਜ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ ਅਤੇ ਪਾਰਟੀ ਦੇ ਸੀਨੀਅਰ ਆਗੂ ਜੈਰਾਮ ਰਮੇਸ਼ ਨੂੰ ਇੱਥੋਂ ਦੇ ਵਿਸ਼ੇਸ਼ ਜ਼ਿੰਮੇਵਾਰੀ ਸੌਂਪੀ ਗਈ ਹੈ। ਪਿਛਲੀਆਂ ਚੋਣਾਂ ਦੇ ਨਤੀਜਿਆਂ ਮਗਰੋਂ ਸਭ ਤੋਂ ਵੱਡੀ ਪਾਰਟੀ ਵਜੋਂ ਉਭਰਨ ਦੇ ਬਾਵਜੂਦ ਕਾਂਗਰਸ ਮਨੀਪੁਰ 'ਚ ਸਰਕਾਰ ਨਹੀਂ ਬਣਾ ਸਕੀ ਸੀ।

ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਉੱਤਰ ਪ੍ਰਦੇਸ਼ 'ਚ ਪਾਰਟੀ ਦਾ ਮੁੱਖ ਚਿਹਰਾ ਹਨ ਪਰ ਪਾਰਟੀ ਵੱਲੋਂ ਇਥੇ ਵੀ ਕਿਸੇ ਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕੀਤੇ ਜਾਣ ਦੀ ਸੰਭਾਵਨਾ ਬਹੁਤ ਘੱਟ ਹੈ। ਉੱਤਰ ਪ੍ਰਦੇਸ਼ ਕਾਂਗਰਸ ਦੀ ਜਿੱਤ ਦੀ ਸੰਭਾਵਨਾ ਬਾਕੀ ਸੂਬਿਆਂ ਮੁਕਾਬਲੇ ਬਹੁਤ ਘੱਟ ਹੈ।

### ਚੰਨੀ ਨੂੰ ਦਲਿਤ ਵੋਟ ਲਈ ਵਰਤਿਆ: ਰਾਘਵ ਚੱਢਾ

**ਚੰਡੀਗੜ੍ਹ:** 'ਆਪ' ਦੇ ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਰਾਘਵ ਚੱਢਾ ਨੇ ਰਾਹੁਲ ਗਾਂਧੀ ਦੇ ਕਰੀਬੀ ਰਣਦੀਪ ਸੁਰਜੇਵਾਲਾ ਵੱਲੋਂ ਪੰਜਾਬ 'ਚ ਮੁੱਖ ਮੰਤਰੀ ਦੇ ਅਹੁਦੇ ਲਈ ਤਿੰਨ ਚਿਹਰੇ ਸੁਨੀਲ ਜਾਖੜ, ਨਵਜੋਤ ਸਿੱਧੂ ਅਤੇ ਚਰਨਜੀਤ ਸਿੰਘ ਚੰਨੀ ਦਾ ਨਾਂ ਲੈਣ 'ਤੇ ਕਿਹਾ ਕਿ ਜਿਹੜੀ ਪਾਰਟੀ ਇੰਨੇ ਦਿਨਾਂ 'ਚ ਮੁੱਖ ਮੰਤਰੀ ਦੇ ਚਿਹਰੇ ਸਬੰਧੀ ਕੋਈ ਫੈਸਲਾ ਨਹੀਂ ਲੈ ਸਕੀ, ਉਹ ਪੰਜਾਬ ਨੂੰ ਸਥਿਰ ਸਰਕਾਰ ਦੇਣ ਦਾ ਦਾਅਵਾ ਕਿਵੇਂ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਮੁੱਖ ਮੰਤਰੀ ਚੰਨੀ ਨੂੰ ਦਲਿਤਾਂ ਦੀਆਂ ਵੋਟਾਂ ਹਾਸਲ ਕਰਨ ਲਈ ਵਰਤਿਆ ਹੈ।

## ਚੰਡੀਗੜ੍ਹ ਨਿਗਮ ਚੋਣਾਂ ਹਾਰਨ ਦੇ ਬਾਵਜੂਦ ਭਾਜਪਾ ਦੀ 'ਜਿੱਤ'



**ਚੰਡੀਗੜ੍ਹ:** ਚੰਡੀਗੜ੍ਹ ਨਗਰ ਨਿਗਮ ਵਿਚ ਇਕ ਵਾਰ ਫਿਰ ਭਾਜਪਾ ਦਾ ਕਬਜ਼ਾ ਹੋ ਗਿਆ ਹੈ। ਭਾਜਪਾ ਦੀ ਸਰਬਜੀਤ ਕੌਰ ਮੇਅਰ ਚੁਣੇ ਗਏ ਹਨ। ਇਸੇ ਤਰ੍ਹਾਂ ਭਾਜਪਾ ਦੇ ਦਲੀਪ ਸ਼ਰਮਾ ਸੀਨੀਅਰ ਡਿਪਟੀ ਮੇਅਰ ਅਤੇ ਅਨੂਪ ਗੁਪਤਾ ਡਿਪਟੀ ਮੇਅਰ ਚੁਣੇ ਗਏ।

ਚੰਡੀਗੜ੍ਹ ਨਗਰ ਨਿਗਮ ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ 35 ਵਿਚੋਂ 14 ਵਾਰਡਾਂ ਵਿਚ ਜਿੱਤ ਪ੍ਰਾਪਤ ਕਰ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ, ਜਦ ਕਿ ਭਾਜਪਾ ਨੂੰ 12 ਤੇ ਕਾਂਗਰਸ ਨੂੰ 8 ਸੀਟਾਂ ਮਿਲੀਆਂ ਸਨ। ਸਿਆਸੀ ਹਲਕਿਆਂ ਵਿਚ ਚਰਚਾ ਸੀ ਕਿ ਮੇਅਰ ਇਸੇ ਪਾਰਟੀ ਦਾ ਬਣੇਗਾ। ਭਾਜਪਾ ਲਈ ਇਹ ਵੱਡੀ ਹਾਰ ਸੀ ਕਿਉਂਕਿ ਨਗਰ ਨਿਗਮ ਦੀਆਂ ਪਿਛਲੀਆਂ ਚੋਣਾਂ ਵਿਚ ਉਸ ਨੂੰ ਵੱਡਾ ਬਹੁਮਤ ਮਿਲਿਆ ਸੀ।

ਨਤੀਜੇ ਆਉਣ ਤੋਂ ਬਾਅਦ 'ਆਪ' ਦੇ ਆਗੂਆਂ ਨੇ ਇਲਜ਼ਾਮ ਲਗਾਏ ਸਨ ਕਿ ਭਾਜਪਾ ਉਨ੍ਹਾਂ ਦੇ ਕੌਂਸਲਰਾਂ ਨੂੰ ਖਰੀਦਣ ਦੀ ਕੋਸ਼ਿਸ਼ ਕਰ ਰਹੀ ਹੈ ਜਿਨ੍ਹਾਂ ਦਾ ਭਾਜਪਾ ਨੇ ਖੰਡਨ ਕੀਤਾ ਸੀ। ਕਾਂਗਰਸ ਦੀ ਕੌਂਸਲਰ ਹਰਪ੍ਰੀਤ ਕੌਰ ਬਬਲਾ ਭਾਜਪਾ ਵਿਚ ਸ਼ਾਮਲ ਹੋ ਗਈ। ਨਗਰ ਨਿਗਮ ਅਤੇ ਪੰਚਾਇਤਾਂ ਵਿਚ ਦਲ-ਬਦਲੀ ਕਾਨੂੰਨ ਲਾਗੂ ਨਹੀਂ ਹੁੰਦਾ ਅਤੇ ਭਾਜਪਾ ਦੇ ਕੌਂਸਲਰਾਂ ਦੀ ਗਿਣਤੀ 13 ਹੋ ਗਈ। ਚੰਡੀਗੜ੍ਹ ਦੀ ਐਮ.ਪੀ. ਕਿਰਨ ਖੇਰ ਨਿਗਮ ਦੀ ਐਕਸ-ਔਫੀਸ਼ਿਓ (ਅਹੁਦੇ ਕਾਰਨ) ਮੈਂਬਰ ਹੈ ਅਤੇ ਇਸ ਤਰ੍ਹਾਂ ਭਾਜਪਾ ਅਤੇ 'ਆਪ' ਦੀਆਂ ਵੋਟਾਂ ਦੀ ਗਿਣਤੀ 14-14 ਸੀ। ਮੇਅਰ ਅਤੇ ਹੋਰ ਅਹੁਦਿਆਂ ਦੀ ਚੋਣ ਵਿਚ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ (ਇਕ ਸੀਟ) ਨੇ ਹਿੱਸਾ ਨਹੀਂ ਲਿਆ ਪਰ ਆਪ ਦੇ ਇਕ ਕੌਂਸਲਰ ਦੀ ਵੋਟ 'ਰੱਦ' ਹੋ ਗਈ ਅਤੇ ਭਾਜਪਾ ਦੀ ਮੇਅਰ ਅਹੁਦੇ 'ਤੇ ਜਿੱਤ ਹੋਈ।

'ਆਪ' ਦੇ ਆਗੂਆਂ ਜਰਨੈਲ ਸਿੰਘ ਅਤੇ ਰਾਘਵ ਚੱਢਾ ਨੇ ਇਸ ਨੂੰ 'ਜਮਹੂਰੀਅਤ ਦੀ ਹੱਤਿਆ' ਕਰਾਰ ਦਿੱਤਾ। ਮਾਹੌਲ ਉਸ ਸਮੇਂ ਤਣਾਅਪੂਰਨ ਬਣ ਗਿਆ ਜਦੋਂ ਆਮ ਆਦਮੀ ਪਾਰਟੀ ਵੱਲੋਂ ਮੇਅਰ ਦੀ ਉਮੀਦਵਾਰ ਅੰਜੂ ਕਤਿਆਲ ਵੀ ਸਰਬਜੀਤ ਕੌਰ ਦੇ ਨਾਲ ਦੀ ਸੀਟ 'ਤੇ ਬੈਠ ਗਏ। ਇਸ ਦੌਰਾਨ ਆਮ ਆਦਮੀ ਪਾਰਟੀ ਅਤੇ ਭਾਜਪਾ ਕੌਂਸਲਰਾਂ ਵਿਚ ਧੱਕਾ-ਮੁੱਕੀ ਵੀ ਹੋਈ, ਜਿਸ ਦੇ ਬਾਅਦ ਪੁਲਿਸ ਨੇ ਸਦਨ ਵਿਚ ਪਹੁੰਚ ਕੇ ਦੋਵੇਂ ਪਾਰਟੀਆਂ ਦੇ ਕੌਂਸਲਰਾਂ ਨੂੰ ਵੱਖ ਕਰਕੇ ਮਾਮਲਾ ਸ਼ਾਂਤ ਕਰਵਾਇਆ।

## ਸੰਯੁਕਤ ਸਮਾਜ ਮੋਰਚਾ ਨੇ ਵਜਾਇਆ ਚੋਣ ਬਿਗਲ

**ਚੰਡੀਗੜ੍ਹ:** ਸੰਯੁਕਤ ਸਮਾਜ ਮੋਰਚਾ ਨੇ ਆਮ ਆਦਮੀ ਪਾਰਟੀ ਨਾਲ ਗੱਲਬਾਤ ਦੀ ਆਸ ਟੁੱਟਣ ਮਗਰੋਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਬਿਗਲ ਵਜਾਉਂਦਿਆਂ ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਦੀ ਅਗਵਾਈ ਵਾਲੀ ਸੰਯੁਕਤ ਸੰਘਰਸ਼ ਪਾਰਟੀ ਨਾਲ ਚੋਣ ਗੱਠਜੋੜ ਕਰਨ ਦਾ ਫੈਸਲਾ ਕੀਤਾ ਹੈ।



ਚੋਣ ਜ਼ਾਬਤਾ ਲੱਗਣ ਮਗਰੋਂ ਸੰਯੁਕਤ ਸਮਾਜ ਮੋਰਚਾ ਨੇ ਸਾਰੀਆਂ 117 ਵਿਧਾਨ ਸਭਾ ਸੀਟਾਂ ਤੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ। ਮੋਰਚੇ ਨੇ ਚੋਣਾਂ ਵਿਚ ਸਭ ਵਰਗਾਂ ਦੇ ਉਮੀਦਵਾਰ ਉਤਾਰਨ ਦਾ ਫੈਸਲਾ ਲਿਆ ਹੈ। ਮੋਰਚੇ ਦਾ ਮੁੱਖ ਦਫਤਰ ਲੁਧਿਆਣਾ 'ਚ ਅਤੇ ਪਾਰਟੀ ਨੂੰ ਰਜਿਸਟਰਡ ਕਰਾ ਦਿੱਤਾ ਗਿਆ ਹੈ। ਸੰਯੁਕਤ ਸੰਘਰਸ਼ ਪਾਰਟੀ ਦੇ ਆਗੂ ਗੁਰਨਾਮ ਸਿੰਘ ਚੜੂਨੀ ਵੱਲੋਂ 10 ਉਮੀਦਵਾਰਾਂ ਦਾ ਐਲਾਨ ਕੀਤਾ ਜਾਣਾ ਸੀ ਪਰ ਉਹ ਅਚਾਨਕ ਹੀ ਸੰਯੁਕਤ ਸਮਾਜ ਮੋਰਚਾ ਦੀ ਮੀਟਿੰਗ ਵਿਚ ਇਥੇ ਪੁੱਜ ਗਏ।

ਦੋਵੇਂ ਧਿਰਾਂ ਵਿਚ ਗੱਲਬਾਤ ਮਗਰੋਂ ਚੜੂਨੀ ਨੇ ਕਿਹਾ ਕਿ ਸੰਯੁਕਤ ਸਮਾਜ ਮੋਰਚਾ ਦੀ ਅਪੀਲ 'ਤੇ ਉਨ੍ਹਾਂ ਉਮੀਦਵਾਰਾਂ ਦਾ ਐਲਾਨ ਰੋਕ ਦਿੱਤਾ ਹੈ ਅਤੇ ਮੋਰਚੇ ਨਾਲ ਗੱਲਬਾਤ ਸ਼ੁਰੂ ਕੀਤੀ ਗਈ ਹੈ। ਸੰਯੁਕਤ ਸਮਾਜ ਮੋਰਚੇ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਚੜੂਨੀ ਦੀ ਪਾਰਟੀ ਨਾਲ ਰਲ ਕੇ ਚੋਣਾਂ ਲੜਨ ਲਈ ਕਮੇਟੀ ਬਣਾ ਦਿੱਤੀ ਗਈ ਹੈ ਜੋ ਟਿਕਟਾਂ ਦੀ ਅਡਜਸਟਮੈਂਟ ਬਾਰੇ ਗੱਲਬਾਤ ਕਰੇਗੀ। ਮੀਟਿੰਗ ਮਗਰੋਂ ਰਾਜੇਵਾਲ ਨੇ ਕਿਹਾ ਕਿ 'ਆਪ' ਨਾਲ ਕੋਈ ਸਮਝੌਤਾ ਨਹੀਂ ਹੋਇਆ ਹੈ ਅਤੇ ਉਹ ਮੋਰਚੇ ਦੇ ਉਮੀਦਵਾਰਾਂ ਦੀ ਪਹਿਲੀ ਸੂਚੀ ਇਕ-ਦੋ ਦਿਨਾਂ ਵਿਚ ਜਾਰੀ ਕਰਨਗੇ। ਲਾਂਭੇ ਰਹਿ ਗਈਆਂ ਕਿਸਾਨ ਧਿਰਾਂ ਬਾਰੇ ਰਾਜੇਵਾਲ ਨੇ ਕਿਹਾ,"ਸਾਰੇ ਸਾਡੇ ਭਰਾ ਹਨ ਅਤੇ ਉਹ ਸਾਡੇ ਨਾਲ ਰਹਿਣਗੇ।" ਉਨ੍ਹਾਂ ਕਿਹਾ ਕਿ ਸਿਆਸੀ ਜਮਾਤਾਂ ਨੇ ਸੂਬੇ ਦੇ ਸਰੋਤਾਂ ਨੂੰ ਖਾ ਲਿਆ ਹੈ ਜਿਸ ਕਰਕੇ ਅੱਜ ਪੰਜਾਬ ਡੁੱਬ ਰਿਹਾ ਹੈ ਅਤੇ ਉਸ ਨੂੰ ਬਚਾਉਣ ਲਈ ਉਹ ਮੈਦਾਨ ਵਿਚ ਨਿੱਤਰੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਨੂੰ ਬਚਾਉਣ ਲਈ ਛੇੜੇ ਅੰਦੋਲਨ ਵਿਚ ਸਾਰਿਆਂ ਨੂੰ ਸ਼ਾਮਲ ਕੀਤਾ ਜਾਵੇਗਾ ਅਤੇ ਟਿਕਟਾਂ ਵੀ ਸਾਰੇ ਵਰਗਾਂ ਨੂੰ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ 'ਆਪ' ਵਿਚ ਪੈਸੇ ਲੈ ਕੇ ਟਿਕਟਾਂ ਦਿੱਤੇ ਜਾਣ ਦੇ ਸਬੂਤ ਅਰਵਿੰਦ ਕੇਜਰੀਵਾਲ ਨੂੰ ਦਿੱਤੇ ਗਏ ਸਨ ਪ੍ਰੰਤੂ ਉਨ੍ਹਾਂ ਕੋਈ ਕਾਰਵਾਈ ਨਹੀਂ ਕੀਤੀ। ਰਾਜੇਵਾਲ ਨੇ ਕਿਹਾ ਕਿ ਪੰਜਾਬ ਵਿਚ ਭਾਈਚਾਰਕ ਰਿਸ਼ਤਿਆਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਦੱਸ ਦਈਏ ਕਿ ਪੰਜਾਬ ਦੀਆਂ ਕਈ ਕਿਸਾਨ ਜਥੇਬੰਦੀਆਂ ਨੇ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਵਿੱਢਿਆ ਸੀ ਤੇ ਕੇਂਦਰ ਸਰਕਾਰ ਨੇ ਖੇਤੀ ਕਾਨੂੰਨ ਵਾਪਸ ਲੈ ਲਏ ਸਨ। ਇਨ੍ਹਾਂ ਜਥੇਬੰਦੀਆਂ ਨੇ ਬੀਤੇ ਮਹੀਨੇ ਸਿਆਸੀ ਫਰੰਟ ਲਾਂਚ ਕੀਤਾ ਸੀ ਤੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ ਕੀਤਾ ਸੀ।

## ਨਸ਼ਾ ਤਸਕਰੀ: ਮਜੀਠੀਆ ਨੂੰ ਹਾਈ ਕੋਰਟ ਤੋਂ ਮਿਲੀ ਵੱਡੀ ਰਾਹਤ

**ਮੁਹਾਲੀ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਬਹੁ-ਚਰਚਿਤ ਨਸ਼ਾ ਤਸਕਰੀ ਮਾਮਲੇ ਵਿਚ ਨਾਮਜ਼ਦ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਮਨਜ਼ੂਰ ਕਰ ਲਈ ਹੈ। ਵਿਧਾਨ ਸਭਾ ਚੋਣਾਂ ਦੇ ਐਨ ਮੌਕੇ ਉੱਚ ਅਦਾਲਤ ਦੇ ਇਸ ਫੈਸਲੇ ਨਾਲ ਜਿੱਥੇ ਅਕਾਲੀ ਦਲ ਨੂੰ ਵੱਡੀ ਰਾਹਤ ਮਿਲੀ ਹੈ, ਉਥੇ ਹੀ ਹੁਕਮਰਾਨ ਪਾਰਟੀ ਨੂੰ ਜ਼ਬਰਦਸਤ ਝਟਕਾ ਲੱਗਿਆ ਹੈ। ਅਦਾਲਤ ਨੇ ਮਜੀਠੀਆ ਨੂੰ ਜ਼ਮਾਨਤ ਦਿੰਦਿਆਂ ਜਾਂਚ ਵਿਚ ਸ਼ਾਮਲ ਹੋਣ ਲਈ ਵੀ ਕਿਹਾ ਹੈ।



ਮਿਲੀ ਜਾਣਕਾਰੀ ਅਨੁਸਾਰ ਕੁੱਝ ਦਿਨ ਪਹਿਲਾਂ ਇਥੋਂ ਦੇ ਫੇਜ਼-4 ਸਥਿਤ ਪੰਜਾਬ ਪੁਲਿਸ ਦੇ ਸਟੇਟ ਕਰਾਈਮ ਥਾਣੇ ਵਿਚ ਮਜੀਠੀਆ ਵਿਰੁੱਧ ਨਸ਼ਾ ਤਸਕਰੀ ਮਾਮਲੇ ਵਿਚ ਅਪਰਾਧਿਕ ਕੇਸ ਦਰਜ ਕੀਤਾ ਗਿਆ ਸੀ। ਕੇਸ ਦਰਜ ਹੋਣ ਤੋਂ ਬਾਅਦ ਮਜੀਠੀਆ ਰੂਪੋਸ਼ ਹੋ ਗਏ ਸਨ। ਪੰਜਾਬ ਸਰਕਾਰ ਅਤੇ ਪੁਲਿਸ ਨੇ ਉਨ੍ਹਾਂ ਦੇ ਵਿਦੇਸ਼ ਭੱਜਣ ਦਾ ਖਦਸ਼ਾ ਪ੍ਰਗਟਾਉਂਦਿਆਂ ਅਕਾਲੀ ਆਗੂ ਖਿਲਾਫ ਲੁੱਕ ਆਊਟ ਨੋਟਿਸ ਜਾਰੀ ਕੀਤਾ ਸੀ ਪਰ ਹੁਣ ਤੱਕ ਮਜੀਠੀਆ ਪੁਲਿਸ ਦੇ ਹੱਥ ਨਹੀਂ ਸੀ ਲੱਗੇ। ਗ੍ਰਿਫਤਾਰੀ ਤੋਂ ਬਚਣ ਲਈ ਮਜੀਠੀਆ ਨੇ ਪਹਿਲੋਂ ਮੁਹਾਲੀ ਅਦਾਲਤ ਵਿਚ ਅਗਾਊਂ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਸੀ।

ਪਿਛਲੇ ਦਿਨੀਂ ਮੁਹਾਲੀ ਦੇ ਵਧੀਕ ਤੇ ਜ਼ਿਲ੍ਹਾ ਸੈਸ਼ਨ ਜੱਜ ਸੰਦੀਪ ਕੁਮਾਰ ਸਿੰਗਲਾ ਦੀ ਅਦਾਲਤ ਨੇ ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮਜੀਠੀਆ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਸੀ। ਉਸ ਮਗਰੋਂ ਮਜੀਠੀਆ ਨੇ ਆਪਣੇ ਵਕੀਲ ਦਮਨਬੀਰ ਸਿੰਘ ਸੋਬਤੀ ਰਾਹੀਂ ਮੁਹਾਲੀ ਦੀ ਜ਼ਿਲ੍ਹਾ ਅਦਾਲਤ ਦੇ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੰਦਿਆਂ ਅਗਾਊਂ ਜ਼ਮਾਨਤ ਦੇਣ ਦੀ ਅਪੀਲ ਕੀਤੀ ਸੀ।

ਅਕਾਲੀ ਆਗੂ ਨੇ ਆਪਣੀ ਪਟੀਸ਼ਨ ਵਿਚ ਕਿਹਾ ਸੀ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਸਿਆਸੀ ਬਦਲਾਖੋਰੀ ਦੀ ਭਾਵਨਾ ਨਾਲ ਝੂਠੇ ਕੇਸ ਵਿਚ ਫਸਾਇਆ ਜਾ ਰਿਹਾ ਹੈ। ਉਨ੍ਹਾਂ ਵਿਰੁੱਧ ਗੈਰਕਾਨੂੰਨੀ ਤਰੀਕੇ ਨਾਲ ਇਹ ਕੇਸ ਦਰਜ ਕੀਤਾ ਗਿਆ ਹੈ ਜਦੋਂਕਿ ਇਸ ਮਾਮਲੇ ਵਿਚ ਕੋਈ ਸ਼ਿਕਾਇਤਕਰਤਾ ਨਹੀਂ ਹੈ। ਨਸ਼ਾ ਤਸਕਰੀ ਮਾਮਲੇ ਵਿਚ ਪੁਲਿਸ ਪਹਿਲਾਂ ਹੀ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ, ਜੋ ਵੱਖ-ਵੱਖ ਜੇਲ੍ਹਾਂ ਵਿਚ ਸਜ਼ਾ ਭੁਗਤ ਰਹੇ ਹਨ। ਅਕਾਲੀ ਆਗੂ ਦਾ ਕਹਿਣਾ ਸੀ ਕਿ ਹੁਣ ਵਿਧਾਨ ਸਭਾ ਚੋਣਾਂ ਐਨ ਨੇੜੇ ਆਉਣ ਕਾਰਨ ਅਤੇ ਸੱਤਾਧਾਰੀ ਧਿਰ ਚੋਣਾਂ ਵਿਚ ਸਿਆਸੀ ਲਾਹਾ ਲੈਣ ਦੀ ਮਨਸ਼ਾ ਨਾਲ ਉਨ੍ਹਾਂ ਨੂੰ ਡੂੰਘੀ ਸਾਜ਼ਿਸ਼ ਤਹਿਤ ਝੂਠੇ ਕੇਸਾਂ ਵਿਚ ਉਲਝਾ ਕੇ ਰੱਖਣਾ ਚਾਹੁੰਦੀ ਹੈ।

# ਚੋਣ ਕਮਿਸ਼ਨ ਵੱਲੋਂ ਪੰਜਾਬ ਸਣੇ ਪੰਜ ਸੂਬਿਆਂ ਲਈ ਚੋਣਾਂ ਦਾ ਐਲਾਨ

**ਨਵੀਂ ਦਿੱਲੀ:** ਪੰਜ ਸੂਬਿਆਂ ਉੱਤਰ ਪ੍ਰਦੇਸ਼, ਪੰਜਾਬ, ਉੱਤਰਾਖੰਡ, ਮਨੀਪੁਰ ਅਤੇ ਗੋਆ 'ਚ ਵਿਧਾਨ ਸਭਾ ਚੋਣਾਂ 10 ਫਰਵਰੀ ਤੋਂ 7 ਮਾਰਚ ਤੱਕ ਹੋਣਗੀਆਂ। ਵੋਟਾਂ ਦੀ ਗਿਣਤੀ ਅਤੇ ਨਤੀਜੇ 10 ਮਾਰਚ ਨੂੰ ਆਉਣਗੇ। ਚੋਣ ਕਮਿਸ਼ਨ ਨੇ ਚੋਣਾਂ ਦਾ ਐਲਾਨ ਕਰਦਿਆਂ ਕੋਵਿਡ ਦੇ ਵਧਦੇ ਖ਼ਤਰੇ ਨੂੰ ਦੇਖਦਿਆਂ ਰੈਲੀਆਂ ਅਤੇ ਰੋਡ ਸ਼ੋਅ 'ਤੇ 15 ਜਨਵਰੀ ਤੱਕ ਲਈ ਪਾਬੰਦੀ ਲਗਾ ਦਿੱਤੀ ਹੈ। ਪੰਜਾਬ (117 ਸੀਟਾਂ), ਉੱਤਰਾਖੰਡ (70) ਅਤੇ ਗੋਆ (40 ਸੀਟਾਂ) 'ਚ ਵੋਟਾਂ ਇਕੋ ਦਿਨ 14 ਫਰਵਰੀ ਨੂੰ ਪੈਣਗੀਆਂ ਜਦਕਿ ਯੂਪੀ (403 ਸੀਟਾਂ) 'ਚ ਸੱਤ ਗੇੜਾਂ ਅਤੇ ਮਨੀਪੁਰ (60 ਸੀਟਾਂ) 'ਚ ਦੋ ਗੇੜਾਂ 'ਚ ਵੋਟਿੰਗ ਹੋਵੇਗੀ। ਯੂਪੀ 'ਚ 10, 14, 20, 23, 27 ਫਰਵਰੀ, 3 ਅਤੇ 7 ਮਾਰਚ ਨੂੰ ਜਦਕਿ ਮਨੀਪੁਰ 'ਚ 27 ਫਰਵਰੀ ਤੇ 3 ਮਾਰਚ ਨੂੰ ਲੋਕ ਆਪਣੇ ਹੱਕ ਦੀ ਵਰਤੋਂ ਕਰ ਸਕਣਗੇ।

ਪਹਿਲੇ ਗੇੜ (10 ਫਰਵਰੀ) ਦੀਆਂ ਵੋਟਾਂ ਦਾ ਆਗਾਜ਼ ਪੱਛਮੀ ਯੂਪੀ ਤੋਂ ਸ਼ੁਰੂ ਹੋਵੇਗਾ ਅਤੇ ਚੋਣਾਂ ਦਾ ਨੋਟੀਫਿਕੇਸ਼ਨ 14 ਜਨਵਰੀ ਨੂੰ ਜਾਰੀ ਕੀਤਾ ਜਾਵੇਗਾ। ਚੋਣ ਤਰੀਕਾਂ ਦੇ ਐਲਾਨ ਨਾਲ ਪੰਜ ਸੂਬਿਆਂ 'ਚ ਆਦਰਸ਼ ਚੋਣ ਜ਼ਾਬਤਾ ਤੁਰਤ ਪ੍ਰਭਾਵ ਨਾਲ ਲਾਗੂ ਹੋ ਗਿਆ ਹੈ। ਕਰੋਨਾ ਦੇ ਖਤਰੇ ਨੂੰ ਦੇਖਦਿਆਂ ਹਰ ਸੂਬੇ 'ਚ ਵੋਟਿੰਗ ਦਾ ਸਮਾਂ ਇਕ ਘੰਟੇ ਲਈ ਵਧਾ ਦਿੱਤਾ ਗਿਆ ਹੈ। ਚੋਣ ਤਰੀਕਾਂ ਦਾ ਐਲਾਨ ਕਰਦਿਆਂ ਮੁੱਖ ਚੋਣ ਕਮਿਸ਼ਨਰ ਸੁਸ਼ੀਲ ਚੰਦਰਾ ਨੇ ਕਿਹਾ ਕਿ ਰੈਲੀਆਂ, ਰੋਡ ਸ਼ੋਅ, ਨੁੱਕੜ ਸਭਾਵਾਂ, ਪੈਦਲ ਯਾਤਰਾਵਾਂ ਅਤੇ ਵਾਹਨ ਰੈਲੀਆਂ 'ਤੇ ਪਾਬੰਦੀ ਦੀ ਸਮੀਖਿਆ 15 ਜਨਵਰੀ ਨੂੰ ਕੀਤੀ ਜਾਵੇਗੀ।



ਮਾਹਿਰਾਂ ਵੱਲੋਂ ਫਰਵਰੀ 'ਚ ਕਰੋਨਾ ਮਹਾਮਾਰੀ ਦੀ ਤੀਜੀ ਲਹਿਰ ਸਿਖਰਾਂ 'ਤੇ ਹੋਣ ਦੀ ਕੀਤੀ ਗਈ ਪੇਸ਼ੀਨਗੋਈ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਹਾਲਾਤ ਅਣਕਿਆਸੇ ਹਨ ਅਤੇ ਕੋਈ ਵੀ ਭਵਿੱਖ 'ਚ ਕੋਵਿਡ ਮਰੀਜ਼ਾਂ ਦੀ ਗਿਣਤੀ ਬਾਰੇ ਨਹੀਂ ਦੱਸ ਸਕਦਾ ਹੈ। ਉਨ੍ਹਾਂ ਵੋਟਰਾਂ ਨੂੰ ਭਰੋਸਾ ਦਿੱਤਾ ਕਿ 'ਕੋਵਿਡ ਸੁਰੱਖਿਅਤ' ਚੋਣਾਂ ਯਕੀਨੀ ਬਣਾਉਣ ਲਈ ਸਾਰੇ ਲੋੜੀਂਦੇ ਕਦਮ ਉਠਾਏ ਜਾ ਰਹੇ ਹਨ। ਉਨ੍ਹਾਂ ਲੋਕਾਂ ਨੂੰ ਆਪਣੇ ਹੱਕ ਦੀ ਵਰਤੋਂ ਕਰਨ ਲਈ ਵੱਡੀ ਗਿਣਤੀ 'ਚ ਪੋਲਿੰਗ ਬੂਥਾਂ 'ਤੇ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਸਾਰੇ ਬੂਥਾਂ ਨੂੰ ਸੈਨੇਟਾਈਜ਼ ਕੀਤਾ ਜਾਵੇਗਾ ਅਤੇ ਪੋਲਿੰਗ ਅਧਿਕਾਰੀਆਂ ਨੂੰ ਕਰੋਨਾ ਤੋਂ ਬਚਾਅ ਦੇ ਟੀਕੇ ਲੱਗੇ ਹੋਣਗੇ। ਕੁੱਲ ਮਿਲਾ ਕੇ ਪੰਜ ਸੂਬਿਆਂ ਦੀਆਂ 690 ਸੀਟਾਂ 'ਤੇ ਵੋਟਿੰਗ ਹੋਵੇਗੀ ਅਤੇ 8.5 ਕਰੋੜ ਮਹਿਲਾਵਾਂ ਸਮੇਤ 18.3 ਕਰੋੜ ਲੋਕ ਵੋਟ ਪਾਉਣ ਦੇ ਯੋਗ ਹਨ। ਸ੍ਰੀ ਚੰਦਰਾ ਨੇ ਕਿਹਾ,"ਜੇਕਰ ਕੋਈ ਪਾਰਟੀ ਕੋਵਿਡ ਪ੍ਰੋਟੋਕੋਲ ਦਾ ਪਾਲਣ ਨਹੀਂ ਕਰਦੀ ਹੈ ਤਾਂ ਉਸ ਨੂੰ ਅੱਗੇ ਰੈਲੀਆਂ ਤੋਂ ਰੋਕਣ 'ਚ ਕਮਿਸ਼ਨ ਝਿਜਕੇਗਾ ਨਹੀਂ।"

ਚੋਣ ਕਮਿਸ਼ਨ ਨੇ ਵਿਧਾਨ ਸਭਾ ਚੋਣਾਂ ਲਈ ਸਖ਼ਤ ਕੋਵਿਡ ਦਿਸ਼ਾ ਨਿਰਦੇਸ਼ਾਂ ਦਾ ਐਲਾਨ ਕੀਤਾ ਹੈ। ਮੁੱਖ ਚੋਣ ਕਮਿਸ਼ਨਰ ਨੇ ਕਿਹਾ ਕਿ ਘਰ-ਘਰ ਜਾ ਕੇ ਸਿਰਫ ਪੰਜ ਵਿਅਕਤੀ ਹੀ ਪ੍ਰਚਾਰ ਕਰ ਸਕਣਗੇ ਅਤੇ ਜੇਕਰ ਰੈਲੀਆਂ ਦੀ ਇਜਾਜ਼ਤ ਦਿੱਤੀ ਜਾਵੇਗੀ ਤਾਂ ਉਥੇ ਹਾਜ਼ਰੀ ਭਰਨ ਵਾਲੇ ਲੋਕਾਂ ਨੂੰ ਮਾਸਕ ਅਤੇ ਸੈਨੇਟਾਈਜ਼ਰ ਸਿਆਸੀ ਪਾਰਟੀਆਂ ਵੱਲੋਂ ਮੁਹੱਈਆ ਕਰਵਾਏ ਜਾਣਗੇ। ਚੋਣ ਕਮਿਸ਼ਨ ਨੇ ਜਿੱਤ ਦੇ ਜਸ਼ਨਾਂ 'ਤੇ ਵੀ ਪਾਬੰਦੀ ਲਗਾਈ ਹੈ ਅਤੇ ਕਿਹਾ ਹੈ ਕਿ ਚੋਣ ਜਿੱਤਣ ਵਾਲੇ ਉਮੀਦਵਾਰਾਂ ਨਾਲ ਸਿਰਫ ਦੋ ਵਿਅਕਤੀ ਹੀ ਸਰਟੀਫਿਕੇਟ ਲੈਣ ਲਈ ਜਾਣਗੇ। ਕਮਿਸ਼ਨ ਨੇ ਕਿਹਾ ਕਿ ਉਨ੍ਹਾਂ ਚੋਣਾਂ ਵਾਲੇ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਕਿਹਾ ਹੈ ਕਿ ਉਹ ਟੀਕਾਕਰਨ ਮੁਹਿੰਮ 'ਚ ਤੇਜ਼ੀ ਲਿਆਉਣ।

ਸ੍ਰੀ ਚੰਦਰਾ ਨੇ ਕਿਹਾ,"ਪੰਜ ਸੂਬਿਆਂ 'ਚ 15 ਕਰੋੜ ਤੋਂ ਜ਼ਿਆਦਾ ਲੋਕਾਂ ਨੂੰ ਕਰੋਨਾ ਤੋਂ ਬਚਾਅ ਸਬੰਧੀ ਵੈਕਸੀਨ ਦੀ ਪਹਿਲੀ ਖੁਰਾਕ ਲੱਗ ਚੁੱਕੀ ਹੈ ਜਦਕਿ 9 ਕਰੋੜ ਤੋਂ ਵੱਧ ਲੋਕਾਂ ਨੂੰ ਦੋਵੇਂ ਖੁਰਾਕਾਂ ਲੱਗ ਚੁੱਕੀਆਂ ਹਨ।" ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਲਈ ਦੂਰਦਰਸ਼ਨ 'ਤੇ ਪ੍ਰਚਾਰ ਦਾ ਸਮਾਂ ਵੀ ਦੁੱਗਣਾ ਕਰ ਦਿੱਤਾ ਹੈ। ਚੋਣ ਕਮਿਸ਼ਨਰਾਂ ਰਾਜੀਵ ਕੁਮਾਰ ਅਤੇ ਅਨੂਪ ਚੰਦਰ ਪਾਂਡੇ ਨਾਲ ਪ੍ਰੈੱਸ ਕਾਨਫਰੰਸ ਦੌਰਾਨ ਸ੍ਰੀ ਚੰਦਰਾ ਨੇ ਕਿਹਾ ਕਿ ਸਾਰੀਆਂ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਿੰਨਾ ਸੰਭਵ ਹੋ ਸਕੇ ਵਰਚੁਅਲੀ ਅਤੇ ਡਿਜੀਟਲੀ ਆਪਣਾ ਪ੍ਰਚਾਰ ਕਰਨ। ਪੰਜ ਸੂਬਿਆਂ ਵਿਚ ਹੋ ਰਹੀ ਚੋਣ ਪ੍ਰਕਿਰਿਆ ਲਈ ਸੁਰੱਖਿਆ ਯਕੀਨੀ ਬਣਾਉਣ ਖਾਤਰ 50 ਹਜ਼ਾਰ ਕੇਂਦਰੀ ਹਥਿਆਰਬੰਦ ਪੁਲਿਸ ਬਲ (ਸੀ.ਏ.ਪੀ.ਐਫ.) ਤਾਇਨਾਤ ਕੀਤੇ ਜਾਣਗੇ। ਇਨ੍ਹਾਂ ਵਿਚੋਂ ਜ਼ਿਆਦਾਤਰ ਯੂਪੀ ਭੇਜੇ ਜਾਣਗੇ ਜਿੱਥੇ ਸਭ ਤੋਂ ਵੱਧ 403 ਸੀਟਾਂ ਉਤੇ ਚੋਣਾਂ ਹਨ ਜੋ ਕਿ ਸੱਤ ਗੇੜਾਂ ਵਿਚ ਹੋਣਗੀਆਂ।

### ਆਦਰਸ਼ ਚੋਣ ਜ਼ਾਬਤਾ ਲਾਗੂ

**ਚੰਡੀਗੜ੍ਹ:** ਪੰਜਾਬ ਸਮੇਤ 5 ਰਾਜਾਂ 'ਚ ਵਿਧਾਨ ਸਭਾ ਚੋਣਾਂ ਦੇ ਐਲਾਨ ਦੇ ਤੁਰਤ ਬਾਅਦ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ. ਐਸ. ਕਰੁਣਾ ਰਾਜੂ ਵੱਲੋਂ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਗਿਆ ਕਿ ਪੰਜਾਬ 'ਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ ਤੇ ਇਸ ਬਾਰੇ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਰਾਜੂ ਨੇ ਕਿਹਾ ਕਿ ਚੋਣਾਂ ਦੌਰਾਨ ਕੋਵਿਡ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇਗੀ ਤੇ ਚੋਣਾਂ ਨੂੰ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਅਰਧ-ਸੈਨਿਕ ਬਲਾਂ ਦੀਆਂ 125 ਕੰਪਨੀਆਂ ਤਾਇਨਾਤ ਕੀਤੀਆਂ ਜਾਣਗੀਆਂ, ਜਿਨ੍ਹਾਂ 'ਚੋਂ 75 ਕੰਪਨੀਆਂ ਆ ਗਈਆਂ ਹਨ। ਪੰਜਾਬ ਦੇ ਚੋਣ ਪ੍ਰੋਗਰਾਮ ਬਾਰੇ ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣਾਂ ਲਈ 21 ਜਨਵਰੀ ਨੂੰ ਨੋਟੀਫਿਕੇਸ਼ਨ ਜਾਰੀ ਹੋਵੇਗਾ ਤੇ 117 ਵਿਧਾਨ ਸਭਾ ਹਲਕਿਆਂ ਲਈ 14 ਫਰਵਰੀ ਨੂੰ ਵੋਟਾਂ ਪੈਣਗੀਆਂ ਤੇ 10 ਮਾਰਚ ਨੂੰ ਵੋਟਾਂ ਦੀ ਗਿਣਤੀ ਹੋਵੇਗੀ।

# ਮਿਸ਼ਨ ਪੰਜਾਬ: ਸਿਆਸੀ ਧਿਰਾਂ ਵੱਲੋਂ ਚੋਣਾਂ ਦੀ 'ਫੁੱਲ ਤਿਆਰੀ' ਦਾ ਦਾਅਵਾ

**ਨਵੀਂ ਦਿੱਲੀ:** ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਨੇ 14 ਫਰਵਰੀ ਨੂੰ ਵਿਧਾਨ ਸਭਾ ਚੋਣਾਂ ਕਰਵਾਏ ਜਾਣ ਦੇ ਐਲਾਨ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਚੋਣਾਂ ਲਈ ਤਿਆਰ-ਬਰ-ਤਿਆਰ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਵਿਚ 14 ਫਰਵਰੀ ਨੂੰ ਵਿਧਾਨ ਸਭਾ ਚੋਣਾਂ ਕਰਵਾਏ ਜਾਣ ਦੇ ਐਲਾਨ ਦਾ ਸਵਾਗਤ ਕਰਦਿਆਂ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਫੌਰੀ ਤੌਰ 'ਤੇ ਵੱਡੀ ਰਾਹਤ ਮਿਲੀ ਹੈ, ਜਿਸ ਨਾਲ ਪੰਜਾਬ ਵਿਚ ਅਰਾਜਕਤਾ, ਹਫੜਾ-ਦਫੜੀ, ਭੰਬਲਭੂਸੇ ਤੇ ਕੁਸ਼ਾਸਨ ਦਾ ਖ਼ਾਤਮਾ ਹੋ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਸੂਬੇ ਦੇ ਲੋਕ ਤਾਂ ਪਹਿਲਾਂ ਹੀ ਅਕਾਲੀ ਦਲ ਤੇ ਬਸਪਾ ਦੀ ਮਜ਼ਬੂਤ, ਸਥਿਰ ਤੇ ਵਿਕਾਸ ਮੁਖੀ ਸਰਕਾਰ ਵੱਲ ਦੇਖ ਰਹੇ ਹਨ, ਜੋ ਸ਼ਾਂਤੀ ਤੇ ਫਿਰਕੂ ਸਦਭਾਵਨਾ ਪ੍ਰਤੀ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸ਼ਾਸਕਾਂ ਨੇ ਸਰਕਾਰ ਚਲਾਉਣ ਦਾ ਮਖੌਲ



ਬਣਾ ਦਿੱਤਾ ਸੀ। ਸ੍ਰੀ ਬਾਦਲ ਨੇ ਕਿਹਾ ਕਿ ਚੋਣ ਪ੍ਰੋਗਰਾਮ ਦੇ ਐਲਾਨ ਨੇ ਸੰਕੇਤ ਦਿੱਤੇ ਹਨ ਕਿ ਪਿਛਲੇ ਪੰਜ ਸਾਲਾਂ ਦੀ ਬਰਬਾਦੀ ਖ਼ਤਮ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਹੁਣ ਫਿਰ ਤੋਂ ਉਸ ਸਰਕਾਰ ਵੱਲ ਪਰਤੇਗਾ, ਜੋ ਲੋਕਾਂ ਦਾ ਖਿਆਲ ਰੱਖਦੀ ਹੋਵੇ ਤੇ ਸ਼ਾਂਤੀ ਤੇ ਫਿਰਕੂ ਸਦਭਾਵਨਾ ਦੇ ਨਾਲ ਨਾਲ ਲੋਕਾਂ ਦੀ ਭਲਾਈ ਉਸ ਦੀ ਸਰਵਉੱਚ ਤਰਜੀਹ ਹੋਵੇ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਪੰਜਾਬ ਅਤੇ ਉੱਤਰ ਪ੍ਰਦੇਸ਼ ਸਮੇਤ ਵੱਖ-ਵੱਖ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਲੜਨ ਲਈ ਤਿਆਰ ਹੈ। 'ਆਪ' ਦੇ ਕੌਮੀ ਕਨਵੀਨਰ ਕੇਜਰੀਵਾਲ ਨੇ ਟਵੀਟ ਕਰਕੇ ਪਾਰਟੀ ਵੱਲੋਂ ਚੋਣਾਂ ਲਈ ਤਿਆਰ ਰਹਿਣ ਦੀ ਗੱਲ ਆਖੀ। 'ਆਪ' ਵੱਲੋਂ ਮਨੀਪੁਰ ਨੂੰ ਛੱਡ ਕੇ ਬਾਕੀ ਚਾਰ ਸੂਬਿਆਂ 'ਚ ਚੋਣਾਂ ਲੜੀਆਂ ਜਾ ਰਹੀਆਂ ਹਨ। ਬਸਪਾ ਮੁਖੀ ਮਾਇਆਵਤੀ ਨੇ ਪੰਜ ਸੂਬਿਆਂ 'ਚ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦੇ ਐਲਾਨ ਦਾ ਸਵਾਗਤ ਕਰਦਿਆਂ ਚੋਣ ਕਮਿਸ਼ਨ ਨੂੰ ਬੇਨਤੀ ਕੀਤੀ ਹੈ ਕਿ ਹੁਕਮਰਾਨ ਭਾਜਪਾ ਵੱਲੋਂ ਚੋਣ ਜ਼ਾਬਤੇ ਦੀ ਕੀਤੀ ਜਾਂਦੀ ਉਲੰਘਣਾ 'ਤੇ ਨਜ਼ਰ ਰੱਖੀ ਜਾਵੇ। ਉਨ੍ਹਾਂ ਆਸ ਜਤਾਈ ਕਿ ਚੋਣ ਕਮਿਸ਼ਨ ਆਜ਼ਾਦ ਅਤੇ ਨਿਰਪੱਖ ਚੋਣਾਂ ਯਕੀਨੀ ਬਣਾਏਗਾ। ਉਨ੍ਹਾਂ ਪੋਲਿੰਗ ਵਾਲੇ ਦਿਨ ਗਰੀਬਾਂ ਦੇ ਹੱਕਾਂ ਦੀ ਰਾਖੀ ਦੀ ਬੇਨਤੀ ਵੀ ਕੀਤੀ। 'ਆਪ' ਆਗੂ ਭਗਵੰਤ ਮਾਨ ਨੇ ਭਾਰਤੀ ਚੋਣ ਕਮਿਸ਼ਨ ਵੱਲੋਂ ਪੰਜਾਬ ਸਮੇਤ ਪੰਜ ਸੂਬਿਆਂ 'ਚ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਐਲਾਨਣ ਦਾ ਸਵਾਗਤ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ 'ਆਪ' ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ। ਸ੍ਰੀ ਮਾਨ ਨੇ ਟਵੀਟ ਕਰਕੇ ਪੰਜਾਬ ਵਾਸੀਆਂ ਨੂੰ ਸੂਬੇ ਵਿਚ ਮੁੜ ਅਮਨ ਸ਼ਾਂਤੀ ਬਹਾਲ ਕਰਨ ਲਈ 14 ਫਰਵਰੀ ਨੂੰ ਨਵੀਂ ਇਬਾਰਤ ਆਪਣੇ ਹੱਥਾਂ ਨਾਲ ਲਿਖਣ ਦੀ ਅਪੀਲ ਕੀਤੀ ਹੈ। ਸੰਸਦ ਮੈਂਬਰ ਨੇ ਲਿਖਿਆ ਹੈ ਕਿ ਸੂਬੇ ਦੇ ਵੋਟਰ ਆਪਣੀਆਂ ਵੋਟਾਂ ਪਾ ਕੇ ਪੰਜਾਬ, ਪੰਜਾਬੀਅਤ ਅਤੇ ਪੰਜਾਬ ਵਾਸੀਆਂ ਨੂੰ ਲੁੱਟਣ ਅਤੇ ਕੁੱਟਣ ਵਾਲਿਆਂ ਨੂੰ ਪੰਜਾਬ ਦੀ ਸੱਤਾ ਤੋਂ ਦੂਰ ਕਰਨ ਤਾਂ ਜੋ ਪੰਜਾਬ ਨੂੰ ਮੁੜ ਸੋਹਣਾ ਅਤੇ ਖ਼ੁਸ਼ਹਾਲ ਬਣਾਇਆ ਜਾ ਸਕੇ।

### ਫੁੱਲ ਤਿਆਰੀ: ਕੇਜਰੀਵਾਲ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਉੱਤਰ ਪ੍ਰਦੇਸ਼ ਅਤੇ ਪੰਜਾਬ ਸਮੇਤ ਵੱਖ-ਵੱਖ ਸੂਬਿਆਂ 'ਚ ਵਿਧਾਨ ਸਭਾ ਚੋਣਾਂ ਲੜਨ ਲਈ ਤਿਆਰ ਹੈ। ਕੇਜਰੀਵਾਲ ਨੇ ਟਵੀਟ ਕਰਦਿਆਂ ਕਿਹਾ ਕਿ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਆਮ ਆਦਮੀ ਪਾਰਟੀ ਤਿਆਰ ਹੈ। ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਨੇ ਮਨੀਪੁਰ ਨੂੰ ਛੱਡ ਕੇ ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਗੋਆ ਚੋਣ ਲੜਨ ਦਾ ਫੈਸਲਾ ਕੀਤਾ ਹੈ।

### ਭਾਜਪਾ ਪੰਜਾਬ 'ਚ ਚੋਣ ਲਈ ਐਨ ਤਿਆਰ: ਅਸ਼ਵਨੀ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਚੋਣ ਕਮਿਸ਼ਨ ਵੱਲੋਂ ਪੰਜ ਸੂਬਿਆਂ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦੇ ਐਲਾਨ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਭਾਜਪਾ ਪੰਜਾਬ 'ਚ ਚੋਣਾਂ ਲੜਨ ਲਈ ਪੂਰੀ ਤਰ੍ਹਾਂ ਤਿਆਰ ਹੈ ਤੇ ਉਨ੍ਹਾਂ ਨੂੰ ਭਰੋਸਾ ਹੈ ਕਿ ਚੋਣ ਕਮਿਸ਼ਨ ਨਿਰਪੱਖ ਤੇ ਸੁਰੱਖਿਅਤ ਚੋਣਾਂ ਕਰਵਾਏਗਾ। ਸ਼ਰਮਾ ਨੇ ਕਿਹਾ ਕਿ ਮਾਫੀਆ ਰਾਜ ਦੇ ਦਿਨ ਜਲਦ ਹੀ ਖਤਮ ਹੋ ਜਾਣਗੇ ਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਉਨ੍ਹਾਂ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਸਮੇਤ ਚੋਣਾਂ 'ਚ ਹਾਰ ਦਾ ਸਾਹਮਣਾ ਕਰਨਾ ਪਵੇਗਾ।


ਟਰੱਕ ਸਟਾਪ ਲਈ ਮੈਨੇਜਰ ਦੀ ਲੋੜ ਹੈ

ਓਰੇਗਾਨ ਸਟੇਟ ਵਿਚ ਬਰੈਂਡਿਡ ਫਰੈਂਚਾਇਜ਼ੀ ਟਰੱਕ ਸਟਾਪ ਲਈ ਅਨੁਭਵੀ ਮੈਨੇਜਰ ਦੀ ਲੋੜ ਹੈ, ਜੋ 20-25 ਵਰਕਰਾਂ ਦੀ ਜ਼ਿੰਮੇਵਾਰੀ ਸੰਭਾਲ ਸਕਦਾ ਹੋਵੇ। ਜੇ ਪਰਿਵਾਰ ਨਾਲ ਓਰੇਗਾਨ ਵਿਚ ਮੂਵ ਹੋਣਾ ਚਾਹੇ ਤਾਂ ਪਰਿਵਾਰਕ ਮੈਂਬਰਾਂ ਨੂੰ ਵੀ ਯੋਗਤਾ ਅਨੁਸਾਰ ਨੌਕਰੀ ਮੁਹੱਈਆ ਕਰਵਾਈ ਜਾਵੇਗੀ।

ਸ਼ੁਰੂ ਵਿਚ ਤਨਖਾਹ ਡਾਲਰ 90,000+ ਹੋਵੇਗੀ
ਚਾਹਵਾਨ ਸੰਪਰਕ ਕਰਨ: virkoil@hotmail.com

TRUCK STOP MANAGER REQUIRED

Branded Franchise Truck Stop in Oregon looking well experienced person for Manager Position, who can manage 20-25 employees with all responsibilities. If willing to move with family, then we'll offer job based on experience to family members.

Starting salary be $90,000/- plus.
Please contact with resume: virkoil@hotmail.com



ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ:
ਫੋਨ: 651-353-9584

# ਮਿਸ਼ਨ 2022: ਭਾਜਪਾ ਲਈ ਇਮਤਿਹਾਨ ਦੀ ਘੜੀ ਆਈ



**ਨਵੀਂ ਦਿੱਲੀ:** ਚੋਣ ਕਮਿਸ਼ਨ ਵੱਲੋਂ ਉਤਰ ਪ੍ਰਦੇਸ਼, ਪੰਜਾਬ, ਉਤਰਾਖੰਡ, ਮਨੀਪੁਰ ਅਤੇ ਗੋਆ 'ਚ ਵਿਧਾਨ ਸਭਾ ਚੋਣਾਂ ਦੇ ਐਲਾਨ ਪਿੱਛੋਂ ਸਿਆਸੀ ਧਿਰਾਂ ਦੀਆਂ ਚੋਣ ਮੁਹਿੰਮਾਂ ਨੇ ਸਰਗਰਮੀ ਫੜ ਲਈ ਹੈ। ਪਿਛਲੇ ਦਿਨਾਂ ਵਿਚ ਕਿਸਾਨ ਅੰਦੋਲਨ ਕਾਰਨ ਬਣੇ ਮਾਹੌਲ ਪਿੱਛੋਂ ਇਸ ਵਾਰ ਵਿਧਾਨ ਸਭਾ ਚੋਣਾਂ ਰਵਾਇਤੀ ਧਿਰਾਂ ਲਈ ਵੱਡੀ ਚੁਣੌਤੀ ਮੰਨੀਆਂ ਜਾ ਰਹੀਆਂ ਹਨ।

5 ਰਾਜਾਂ ਵਿਚੋਂ ਉਤਰ ਪ੍ਰਦੇਸ਼, ਉੱਤਰਾਖੰਡ, ਮਨੀਪੁਰ ਤੇ ਗੋਆ ਵਿਚ ਭਾਜਪਾ ਦੀ ਹਕੂਮਤ ਹੈ। ਸਿਰਫ ਪੰਜਾਬ ਵਿਚ ਹੀ ਕਾਂਗਰਸ ਪ੍ਰਸ਼ਾਸਨ ਚਲਾ ਰਹੀ ਹੈ। ਇਸ ਤਰ੍ਹਾਂ ਇਨ੍ਹਾਂ ਰਾਜਾਂ ਦੇ ਨਤੀਜੇ ਭਾਜਪਾ ਲਈ ਵੀ ਇਕ ਇਮਤਿਹਾਨ ਹੋਣਗੇ, ਕਿਉਂਕਿ ਇਨ੍ਹਾਂ ਦਾ ਹੀ ਅਸਰ ਲੋਕ ਸਭਾ ਦੀਆਂ 2024 ਵਿਚ ਹੋਣ ਵਾਲੀਆਂ ਚੋਣਾਂ ਉਤੇ ਪਵੇਗਾ।

ਅਗਾਮੀ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਲਈ ਰਾਹ ਸੁਖਾਲਾ ਨਹੀਂ ਹੋਵੇਗਾ ਕਿਉਂਕਿ ਕੇਂਦਰ ਸਰਕਾਰ ਨੇ ਅਜੇ ਕਿਸਾਨਾਂ ਦੀਆਂ ਕਈ ਅਹਿਮ ਮੰਗਾਂ ਨਹੀਂ ਮੰਨੀਆਂ। ਇਨ੍ਹਾਂ ਵਿਚ ਐਮ.ਐਸ.ਪੀ. ਤੇ ਕੇਂਦਰੀ ਮੰਤਰੀ ਅਜੈ ਮਿਸ਼ਰਾ 'ਟੇਨੀ' ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਵੀ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਕੇਂਦਰੀ ਮੰਤਰੀ ਦਾ ਪੁੱਤਰ ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿਚ ਮੁੱਖ ਮੁਲਜ਼ਮ ਹੈ।

ਉੱਤਰ ਪ੍ਰਦੇਸ਼ ਇਕ ਅਜਿਹਾ ਸੂਬਾ ਹੈ, ਜਿਸ ਦੀਆਂ ਲੋਕ ਸਭਾ ਵਿਚ ਸਭ ਤੋਂ ਜ਼ਿਆਦਾ ਸੀਟਾਂ ਹਨ। ਸੂਬੇ ਦੀ ਆਬਾਦੀ 25 ਕਰੋੜ ਦੇ ਲਗਭਗ ਹੈ। ਇਥੇ ਭਾਜਪਾ ਯੋਗੀ ਅਦਿੱਤਿਆਨਾਥ ਦੀ ਅਗਵਾਈ ਵਿਚ ਸਰਕਾਰ ਚਲਾ ਰਹੀ ਹੈ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਜਿਥੇ ਭਾਜਪਾ ਨੂੰ 403 ਸੀਟਾਂ ਵਿਚੋਂ 325 ਸੀਟਾਂ ਮਿਲੀਆਂ ਸਨ, ਉਥੇ ਸਮਾਜਵਾਦੀ ਪਾਰਟੀ 47 ਸੀਟਾਂ ਨਾਲ ਦੂਜੇ ਨੰਬਰ 'ਤੇ ਆਈ ਸੀ ਪਰ ਬਹੁਜਨ ਸਮਾਜ ਪਾਰਟੀ ਅਤੇ ਕਾਂਗਰਸ ਹਾਸ਼ੀਏ 'ਤੇ ਚਲੇ ਗਈਆਂ ਸਨ।

ਕਿਸਾਨ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ 15 ਜਨਵਰੀ ਨੂੰ ਮੀਟਿੰਗ ਕਰ ਕੇ ਬਕਾਇਆ ਮੰਗਾਂ ਦੀ ਸਮੀਖਿਆ ਕਰੇਗਾ ਤੇ ਅਗਲੇ ਕਦਮਾਂ ਬਾਰੇ ਫੈਸਲਾ ਲਏਗਾ। ਕਿਸਾਨ ਆਗੂ ਤੇ ਮੋਰਚਾ ਦੇ ਮੈਂਬਰ ਅਭਿਮਨਿਊ ਕੋਹਾੜ ਨੇ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਲੋਕਾਂ ਦਾ ਭਾਜਪਾ ਲਈ ਕੋਈ ਸਨੇਹ ਨਹੀਂ ਰਿਹਾ, ਇਸ ਲਈ ਖੇਤੀ ਪ੍ਰਧਾਨ ਸੂਬਿਆਂ ਪੰਜਾਬ ਤੇ ਯੂਪੀ ਵਿਚ ਭਾਜਪਾ ਦਾ ਰਾਹ ਬਿਲਕੁਲ ਸੁਖਾਲਾ ਨਹੀਂ ਹੋਵੇਗਾ।

ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੇ ਤਰੀਕਾਂ ਐਲਾਨ ਦਿੱਤੀਆਂ ਹਨ, ਹੁਣ ਕੋਈ ਨਵਾਂ ਕੰਮ ਨਹੀਂ ਹੋ ਸਕੇਗਾ ਤੇ ਕਿਸਾਨਾਂ ਦੀਆਂ ਕੁਝ ਮੁੱਖ ਮੰਗਾਂ ਅਜੇ ਬਕਾਇਆ ਹਨ। ਸਰਕਾਰ ਨੇ ਨਾ ਤਾਂ ਐਮ.ਐਸ.ਪੀ. ਉਤੇ ਕਾਨੂੰਨੀ ਗਾਰੰਟੀ ਦਿੱਤੀ ਹੈ ਤੇ ਨਾ ਹੀ ਕੇਂਦਰੀ ਮੰਤਰੀ ਅਜੈ ਮਿਸ਼ਰਾ ਨੂੰ ਕੈਬਨਿਟ 'ਚੋਂ ਬਾਹਰ ਕੀਤਾ ਹੈ। ਲੋਕ ਭਾਜਪਾ ਤੋਂ ਖੁਸ਼ ਨਹੀਂ ਹਨ ਤੇ ਇਹ ਮੁੱਦੇ ਅਗਾਮੀ ਪੰਜਾਬ ਤੇ ਯੂਪੀ ਚੋਣਾਂ ਵਿਚ ਫੈਸਲਾਕੁਨ ਭੂਮਿਕਾ ਅਦਾ ਕਰਨਗੇ।

ਕੋਹਾੜ ਨੇ ਕਿਹਾ ਕਿ ਪੰਜਾਬ ਸਰਕਾਰ ਪਹਿਲਾਂ ਹੀ ਅੰਦੋਲਨ ਦੌਰਾਨ ਕਿਸਾਨਾਂ ਖਿਲਾਫ ਦਰਜ ਕੇਸ ਵਾਪਸ ਲੈਣ ਦਾ ਫੈਸਲਾ ਲੈ ਚੁੱਕੀ ਹੈ। ਹਰਿਆਣਾ ਵਿਚ ਵੀ ਇਸ ਬਾਰੇ ਰਾਜ ਸਰਕਾਰ ਨੇ 23 ਦਸੰਬਰ ਨੂੰ ਹੁਕਮ ਜਾਰੀ ਕੀਤਾ ਸੀ। ਭਾਰਤੀ ਕਿਸਾਨ ਯੂਨੀਅਨ ਜੋ ਕਿ ਮੋਰਚੇ ਦਾ ਹਿੱਸਾ ਸੀ, ਨੇ ਵੀ ਕਿਹਾ ਹੈ ਕਿ ਕਿਸਾਨਾਂ ਦੇ ਮੁੱਦੇ ਚੋਣਾਂ ਉਤੇ ਅਸਰ ਪਾਉਣਗੇ। ਬੀ.ਕੇ.ਯੂ. ਦੇ ਬੁਲਾਰੇ ਸੌਰਭ ਉਪਾਧਿਆਏ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਉਸ ਤਰ੍ਹਾਂ ਕੰਮ ਨਹੀਂ ਕੀਤਾ ਜਿਵੇਂ ਕਰਨਾ ਚਾਹੀਦਾ ਸੀ। ਲਖੀਮਪੁਰ ਖੀਰੀ ਮਾਮਲੇ ਵਿਚ ਮੰਤਰੀ ਨੂੰ ਹਟਾਉਣਾ ਚਾਹੀਦਾ ਸੀ। ਉਪਾਧਿਆਏ ਨੇ ਕਿਹਾ ਕਿ ਜਿਹੜੇ ਕਿਸਾਨਾਂ ਨੂੰ ਸਰਕਾਰ ਨੇ ਭੁਲਾ ਦਿੱਤਾ ਸੀ, ਉਹੀ ਹੁਣ ਕੇਂਦਰ ਲਈ ਸਭ ਤੋਂ ਵੱਡਾ ਮੁੱਦਾ ਹਨ।

ਮਨੀਪੁਰ ਅਤੇ ਗੋਆ ਵਿਚ ਚਾਹੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਵੱਧ ਸੀਟਾਂ ਪ੍ਰਾਪਤ ਹੋਈਆਂ ਸਨ ਪਰ ਆਪਣੀ ਚੁਸਤ ਅਤੇ ਚਤੁਰ ਯੋਜਨਾਬੰਦੀ ਨਾਲ ਹੋਰਾਂ ਛੋਟੀਆਂ ਪਾਰਟੀਆਂ ਨੂੰ ਨਾਲ ਰਲਾ ਕੇ ਭਾਜਪਾ ਇਨ੍ਹਾਂ ਰਾਜਾਂ ਵਿਚ ਆਪਣੀਆਂ ਸਰਕਾਰਾਂ ਬਣਾਉਣ ਵਿਚ ਕਾਮਯਾਬ ਹੋ ਗਈ ਸੀ। ਇਸ ਵਾਰ ਦੇਖਣਾ ਹੋਵੇਗਾ ਕਿ ਭਾਜਪਾ ਨੂੰ ਇਨ੍ਹਾਂ ਰਾਜਾਂ ਵਿਚ ਕਿਹੋ ਜਿਹਾ ਹੁੰਗਾਰਾ ਮਿਲਦਾ ਹੈ। ਇਸ ਵਾਰ ਦੀਆਂ ਚੋਣਾਂ ਵਿਚ ਚਾਹੇ ਉਮੀਦਵਾਰ ਦੇ ਚੋਣ ਖਰਚੇ ਵਿਚ ਵਾਧਾ ਕਰਕੇ ਇਹ ਰਾਸ਼ੀ 40 ਲੱਖ ਤੱਕ ਕਰ ਦਿੱਤੀ ਗਈ ਹੈ ਪਰ ਕਮਿਸ਼ਨ ਦੀ ਇਸ ਗੱਲ 'ਤੇ ਸਖਤ ਨਜ਼ਰ ਰਹੇਗੀ ਕਿ ਉਮੀਦਵਾਰ ਜ਼ਾਹਰਾ ਤੌਰ 'ਤੇ ਬਹੁਤਾ ਖਰਚਾ ਨਾ ਕਰ ਸਕਣ।

### ਭਾਜਪਾ ਨੂੰ ਹਰਾਉਣ ਦੀ ਚਾਹਵਾਨ ਹਰ ਪਾਰਟੀ ਦੀ ਹਮਾਇਤ ਲੈਣ ਨੂੰ ਤਿਆਰ: ਚਿਦੰਬਰਮ

**ਪਣਜੀ:** ਕਾਂਗਰਸ ਦੇ ਸੀਨੀਅਰ ਆਗੂ ਪੀ ਚਿਦੰਬਰਮ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਹਰਾਉਣ ਦੀ ਚਾਹਵਾਨ ਕਿਸੇ ਵੀ ਪਾਰਟੀ ਦੀ ਹਮਾਇਤ ਲੈਣ ਲਈ ਤਿਆਰ ਹੈ। ਚਿਦੰਬਰਮ ਨੇ ਕਿਹਾ, 'ਮੈਂ ਅਖ਼ਬਾਰ 'ਚ ਗੱਠਜੋੜ ਸਬੰਧੀ ਟੀ.ਐਮ.ਸੀ. ਦਾ ਬਿਆਨ ਪੜ੍ਹਿਆ ਹੈ। ਅਧਿਕਾਰਤ ਬਿਆਨ ਦੀ ਉਡੀਕ ਕਰਦੇ ਹਾਂ।'

### ਭਾਜਪਾ ਨੂੰ ਲੋਕ ਮੁੜ ਆਸ਼ੀਰਵਾਦ ਦੇਣਗੇ: ਨੱਢਾ

**ਨਵੀਂ ਦਿੱਲੀ:** ਭਾਜਪਾ ਪ੍ਰਧਾਨ ਜੇ.ਪੀ. ਨੱਢਾ ਨੇ ਆਸ ਜਤਾਈ ਹੈ ਕਿ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ 'ਚ ਪਾਰਟੀ ਵੱਡੇ ਬਹੁਮਤ ਨਾਲ ਜਿੱਤ ਹਾਸਲ ਕਰੇਗੀ। ਉਨ੍ਹਾਂ ਕਿਹਾ ਕਿ ਲੋਕ ਭਾਜਪਾ ਨੂੰ ਮੁੜ ਆਸ਼ੀਰਵਾਦ ਦੇਣਗੇ ਅਤੇ ਵੱਡੇ ਬਹੁਮਤ ਨਾਲ ਸੱਤਾ 'ਚ ਆ ਕੇ ਵਿਕਾਸ ਕਾਰਜਾਂ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਇਆ ਜਾਵੇਗਾ। ਭਾਜਪਾ ਦੇ ਜਨਰਲ ਸਕੱਤਰ ਤਰੁਣ ਚੁੱਘ ਨੇ ਵੀ ਕਿਹਾ ਕਿ ਪਾਰਟੀ ਪੂਰੇ ਜੋਸ਼ ਨਾਲ ਚੋਣਾਂ ਲੜੇਗੀ ਅਤੇ ਵੱਡੇ ਬਹੁਮਤ ਨਾਲ ਸਰਕਾਰ ਬਣਾਏਗੀ।

## ਕੇਂਦਰ ਵਲੋਂ ਵਿਧਾਇਕ ਬਾਜਵਾ ਨੂੰ ਵਾਈ ਪਲੱਸ ਸੁਰੱਖਿਆ



**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਹਾਲ ਹੀ ਵਿਚ ਭਾਜਪਾ 'ਚ ਸ਼ਾਮਲ ਹੋਣ ਵਾਲੇ ਪੰਜਾਬ ਦੇ ਵਿਧਾਇਕ ਫਤਹਿਜੰਗ ਸਿੰਘ ਬਾਜਵਾ ਨੂੰ ਵਾਈ ਪਲੱਸ ਦਰਜੇ ਦੀ ਵੀ.ਆਈ.ਪੀ. ਸੁਰੱਖਿਆ ਪ੍ਰਦਾਨ ਕੀਤੀ ਹੈ। ਇਹ ਜਾਣਕਾਰੀ ਅਧਿਕਾਰਕ ਸੂਤਰਾਂ ਦੇ ਹਵਾਲੇ ਨਾਲ ਦਿੱਤੀ ਗਈ ਹੈ। ਇਹ 63 ਸਾਲਾ ਵਿਧਾਇਕ ਪੰਜਾਬ ਦੇ ਕਾਦੀਆਂ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਹੈ ਤੇ 28 ਦਸੰਬਰ ਨੂੰ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋ ਗਿਆ ਸੀ। ਫਤਹਿਜੰਗ ਸਿੰਘ ਬਾਜਵਾ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੇ ਛੋਟੇ ਭਰਾ ਹਨ। ਸੂਤਰਾਂ ਅਨੁਸਾਰ ਕੇਂਦਰ ਸਰਕਾਰ ਵੱਲੋਂ ਫਤਹਿਜੰਗ ਸਿੰਘ ਬਾਜਵਾ ਨੂੰ ਚੋਣ ਸੂਬੇ ਪੰਜਾਬ 'ਚ ਆਉਣ-ਜਾਣ ਲਈ ਵਾਈ ਪਲੱਸ ਸੁਰੱਖਿਆ ਘੇਰਾ ਮੁਹੱਈਆ ਕੀਤਾ ਗਿਆ ਹੈ।

# ਕਿਸਾਨ ਆਗੂਆਂ ਵੱਲੋਂ ਮੋਰਚੇ ਤੇ ਰਵਾਇਤੀ ਧਿਰਾਂ 'ਚ ਟੱਕਰ ਦਾ ਦਾਅਵਾ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਰਵਾਇਤੀ ਪਾਰਟੀਆਂ ਵਿਰੁੱਧ ਲੋਕਾਂ ਦੀ ਆਵਾਜ਼ ਬਣ ਕੇ ਉੱਭਰੇ ਸੰਯੁਕਤ ਸਮਾਜ ਮੋਰਚਾ ਨੇ ਵਿਧਾਨ ਸਭਾ ਚੋਣਾਂ ਲਈ ਕਮਰ ਕੱਸ ਲਈ ਹੈ। ਮੋਰਚਾ ਜਲਦੀ ਹੀ ਪੰਜਾਬ ਦੀਆਂ 117 ਸੀਟਾਂ 'ਤੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰੇਗਾ।

ਸੰਯੁਕਤ ਸਮਾਜ ਮੋਰਚਾ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਦੱਸਿਆ ਕਿ ਮੋਰਚੇ ਨੇ ਚੋਣ ਕਮਿਸ਼ਨ ਨੂੰ ਰਜਿਸਟ੍ਰੇਸ਼ਨ ਲਈ ਅਪਲਾਈ ਕਰ ਦਿੱਤਾ ਹੈ ਅਤੇ ਚੋਣ ਕਮਿਸ਼ਨ ਤੋਂ 117 ਸੀਟਾਂ 'ਤੇ ਉਮੀਦਵਾਰਾਂ ਨੂੰ ਇਕੋ ਚੋਣ ਨਿਸ਼ਾਨ ਦੇਣ ਦੀ ਵੀ ਮੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ 'ਚ ਸੰਯੁਕਤ ਸਮਾਜ ਮੋਰਚੇ ਅਤੇ ਰਵਾਇਤੀ ਪਾਰਟੀਆਂ ਵਿਚਕਾਰ ਟੱਕਰ ਹੋਵੇਗੀ, ਜਿਸ 'ਚ ਲੋਕ ਮੋਰਚੇ ਦਾ ਸਾਥ ਦੇਣਗੇ।

ਰਾਜੇਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਮਦ ਮੌਕੇ ਸੁਰੱਖਿਆ ਖਾਮੀਆਂ ਦੇ ਨਾਂ 'ਤੇ ਕਿਸਾਨਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ, ਜੋ ਕਿ ਗਲਤ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਆਪਣੇ ਅਹੁਦੇ ਦਾ ਧਿਆਨ ਰੱਖਦਿਆਂ ਕਰੀਬ 150 ਕਿਲੋਮੀਟਰ ਸਫਰ ਸੜਕ ਰਾਹੀਂ ਕਰਨ ਦੀ ਥਾਂ ਹੈਲੀਕਾਪਟਰ ਦੀ ਵਰਤੋਂ ਕਰਨੀ ਚਾਹੀਦੀ ਸੀ। ਰਾਜੇਵਾਲ ਨੇ ਕਿਹਾ ਕਿ 'ਆਪ' ਵੀ ਹੋਰਨਾਂ ਰਵਾਇਤੀ ਪਾਰਟੀਆਂ ਵਾਂਗ ਹੀ ਕੰਮ ਕਰਨ ਲੱਗੀ ਹੋਈ ਹੈ, ਜਿਸ ਵੱਲੋਂ ਟਿਕਟਾਂ ਵੇਚੀਆਂ ਜਾ ਰਹੀਆਂ ਹਨ ਅਤੇ ਅਪਰਾਧਿਕ ਵਿਅਕਤੀਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ।

### ਮੋਰਚੇ ਦੀ 'ਆਪ' ਨਾਲ ਗੱਲਬਾਤ ਦੀ ਸੰਭਾਵਨਾ ਖਤਮ

**ਮਾਨਸਾ:** ਸੰਯੁਕਤ ਸਮਾਜ ਮੋਰਚੇ ਦੇ ਸੀਨੀਅਰ ਆਗੂ ਅਤੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਕਿਹਾ ਕਿ ਮੋਰਚੇ ਵੱਲੋਂ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਹਲਕਿਆਂ 'ਤੇ ਇਕੱਲਿਆਂ ਚੋਣ ਲੜੀ ਜਾਵੇਗੀ ਅਤੇ ਉਮੀਦਵਾਰਾਂ ਦਾ ਐਲਾਨ ਛੇਤੀ ਹੀ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੰਯੁਕਤ ਸਮਾਜ ਮੋਰਚੇ ਵੱਲੋਂ ਚੋਣ ਮੈਨੀਫੈਸਟੋ ਜਾਰੀ ਕੀਤਾ ਜਾਵੇਗਾ, ਜਿਸ ਦੀ ਤਿਆਰੀ ਪੂਰੇ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਬਲਵੀਰ ਸਿੰਘ ਰਾਜੇਵਾਲ ਦੀਆਂ ਕੇਜਰੀਵਾਲ ਨਾਲ ਮੀਟਿੰਗ ਸਬੰਧੀ ਕਨਸੋਆਂ ਸੋਸ਼ਲ ਮੀਡੀਆ ਰਾਹੀਂ ਲੋਕਾਂ ਨੂੰ ਮਿਲ ਰਹੀਆਂ ਸਨ ਪਰ ਉਹ ਆਮ ਆਦਮੀ ਪਾਰਟੀ ਨੂੰ ਵੀ ਪੂੰਜੀਵਾਦੀਆਂ ਦੀ ਪਾਰਟੀ ਮੰਨਦੇ ਹਨ ਅਤੇ ਸੰਯੁਕਤ ਸਮਾਜ ਮੋਰਚੇ ਦੇ 'ਆਪ' ਨਾਲ ਗੱਲਬਾਤ ਦੀ ਸੰਭਾਵਨਾ ਖਤਮ ਹੋ ਗਈ ਹੈ।

# ਆਪਣੇ ਭਵਿੱਖ ਲਈ ਚੋਣ ਲੜ ਰਿਹਾ ਹੈ ਪੰਜਾਬ: ਸਿੱਧੂ

**ਬਰਨਾਲਾ:** ਵਿਧਾਨ ਸਭਾ ਹਲਕਾ ਬਰਨਾਲਾ ਤੋਂ ਕਾਂਗਰਸੀ ਆਗੂ ਕੇਵਲ ਸਿੰਘ ਢਿੱਲੋਂ ਵੱਲੋਂ ਇਥੇ ਦਾਣਾ ਮੰਡੀ ਵਿਚ ਕਰਵਾਈ ਗਈ ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਇਸ ਵਾਰ ਪੰਜਾਬ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਚੋਣ ਲੜ ਰਿਹਾ ਹੈ। ਇਹ ਚੋਣਾਂ ਕਿਸਾਨੀ ਤੇ ਜਵਾਨੀ ਦੇ ਰੋਸ਼ਨ ਭਵਿੱਖ ਲਈ ਹੋਣਗੀਆਂ।

ਉਨ੍ਹਾਂ ਕਿਹਾ ਕਿ ਇਸ ਵਾਰ ਜਾਂ ਤਾਂ ਪੰਜਾਬ ਰਹੇਗਾ ਜਾਂ ਫਿਰ ਮਾਫੀਆ। ਜੇਕਰ ਸੱਤਾ ਮਾਫੀਆ ਚਲਾਉਣ ਵਾਲਿਆਂ ਦੇ ਹੱਥ ਆਈ ਤਾਂ ਪੰਜਾਬ ਸਾਡੇ ਰਹਿਣਯੋਗ ਸੂਬਾ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਜੇਕਰ ਕਾਂਗਰਸ ਸਰਕਾਰ ਬਣਦੀ ਹੈ ਤਾਂ ਸੂਬੇ 'ਚ ਹੁਣ ਹਰੀ ਨਹੀਂ 'ਪੀਲੀ' ਕ੍ਰਾਂਤੀ ਲਿਆਂਦੀ ਜਾਵੇਗੀ। ਦਾਲਾਂ ਤੇ ਤੇਲ ਬੀਜਾਂ 'ਤੇ ਐਮ.ਐਸ.ਪੀ. ਦਿੱਤੀ ਜਾਵੇਗੀ। ਸੂਬੇ ਦੀਆਂ ਫਸਲਾਂ ਦੀ ਪ੍ਰੋਸੈਸਿੰਗ ਟਾਟੇ, ਬਿਰਲੇ, ਅਡਾਨੀ-ਅੰਬਾਨੀ ਨਹੀਂ ਸਗੋਂ ਕੇਵਲ ਸਿੰਘ ਢਿੱਲੋਂ ਜਿਹੇ ਸਾਡੇ ਆਪਣੇ ਉੱਦਮੀ ਕਰਨਗੇ। ਉਨ੍ਹਾਂ ਕਿਹਾ ਕਿ ਕੈਪਟਨ, ਬਾਦਲਾਂ ਤੇ 'ਆਪ' ਨੂੰ ਪਾਈਆਂ ਵੋਟਾਂ ਸਮਝੋ ਮੋਦੀ ਨੂੰ ਹੀ ਪੈ ਜਾਣਗੀਆਂ। ਬਾਦਲਾਂ ਨੂੰ ਨਿਸ਼ਾਨੇ 'ਤੇ ਲੈਂਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਨੂੰ ਵੇਚਣ ਵਾਲੇ, ਤੇਰਾ-ਤੇਰਾ ਦੀ ਥਾਂ ਮੇਰਾ-ਮੇਰਾ ਤੋਲਣ ਵਾਲੇ ਕਿਸ ਮੂੰਹ ਨਾਲ ਵੋਟਾਂ ਮੰਗਣਗੇ। ਉਨ੍ਹਾਂ ਕੇਜਰੀਵਾਲ ਨੂੰ ਫਰੇਬੀ ਆਖਦਿਆਂ ਕਿਹਾ ਕਿ ਉਨ੍ਹਾਂ ਖੇਤੀ ਕਾਨੂੰਨ ਸਭ ਤੋਂ ਪਹਿਲਾਂ ਨੋਟੀਫਾਈ ਕੀਤੇ ਅਤੇ ਮਜੀਠੀਆ ਤੋਂ ਮੁਆਫੀ ਮੰਗੀ। ਉਨ੍ਹਾਂ ਕੇਜਰੀਵਾਲ ਨੂੰ ਬਹਿਸ ਦੀ ਮੁੜ ਚੁਣੌਤੀ ਦਿੰਦਿਆਂ ਕਿਹਾ ਕਿ ਪੰਜਾਬ ਤੇ ਬਰਨਾਲਾ ਦੇ ਕਿ ਕੇਜਰੀਵਾਲ ਰੂਪੀ ਕਰੋਨਾ ਨੂੰ ਭਜਾ ਕੇ ਹਟਣਗੇ। ਉਨ੍ਹਾਂ ਮਹਿਲਾਵਾਂ ਨੂੰ ਆਤਮਨਿਰਭਰ ਬਣਾਉਣ ਦੀ ਨੀਤੀ ਤੇ ਯੋਜਨਾ ਵੀ ਦੁਹਰਾਈ।

### ਭਗਵੰਤ ਮਾਨ ਵੱਲੋਂ 'ਨਵੇਂ' ਪੰਜਾਬ' ਦੀ ਅਪੀਲ

**ਕੋਟਕਪੂਰਾ:** 'ਆਪ' ਪੰਜਾਬ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਜੈਤੋਂ ਵਿਧਾਨ ਸਭਾ ਹਲਕੇ ਤੋਂ ਪਾਰਟੀ ਉਮੀਦਵਾਰ ਅਮੋਲਕ ਸਿੰਘ ਦੇ ਹੱਕ 'ਚ ਚੋਣ ਜਲਸੇ ਦੌਰਾਨ ਪੰਜਾਬੀਆਂ ਨੂੰ 'ਨਵੇਂ' ਪੰਜਾਬ' ਦੀ ਸਿਰਜਣਾ ਲਈ 'ਆਪ' ਦੇ ਹੱਥ ਮਜ਼ਬੂਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 'ਆਪ' ਦੀ ਸਰਕਾਰ ਬਣਨ 'ਤੇ ਇਥੇ ਦਿੱਲੀ ਦੀ ਤਰਜ਼ 'ਤੇ ਸਿੱਖਿਆ, ਵਪਾਰ ਅਤੇ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ 'ਆਪ' ਪੰਜਾਬ ਵਿਚ ਇਮਾਨਦਾਰ ਅਤੇ ਸਥਿਰ ਸਰਕਾਰ ਦੀ ਸਥਾਪਨਾ ਕਰ ਕੇ ਭ੍ਰਿਸ਼ਟਾਚਾਰ ਅਤੇ ਮਾਫੀਆ ਨੂੰ ਜੜ੍ਹ ਤੋਂ ਖਤਮ ਕਰੇਗੀ।

# ਪੱਕੇ ਹੋਣ ਦੀ ਆਸ ਵਿਚ ਬੈਠੇ ਮੁਲਾਜ਼ਮ ਨਿਰਾਸ਼



**ਚੰਡੀਗੜ੍ਹ:** ਪੰਜਾਬ ਵਿਚ ਚੋਣ ਜ਼ਾਬਤਾ ਲੱਗਣ ਤੋਂ ਬਾਅਦ ਪਿਛਲੇ ਲੰਬੇ ਸਮੇਂ ਤੋਂ ਰੈਗੂਲਰ ਹੋਣ ਦੀ ਮੰਗ ਮੰਨੇ ਜਾਣ ਦੀ ਆਸ 'ਚ ਪੰਜਾਬ ਭਰ 'ਚ ਵੱਖ-ਵੱਖ ਥਾਵਾਂ ਉਤੇ ਪੱਕਾ ਮੋਰਚਾ ਲਗਾ ਕੇ ਸੰਘਰਸ਼ ਕਰ ਰਹੇ ਹਜ਼ਾਰਾਂ ਕੱਚੇ ਮੁਲਾਜ਼ਮਾਂ ਨੂੰ ਭਾਰੀ ਨਿਰਾਸ਼ਾ 'ਚ ਘਰਾਂ ਨੂੰ ਖਾਲੀ ਹੱਥ ਮੁੜਨਾ ਪਿਆ।

ਸਿੱਖਿਆ ਵਿਭਾਗ ਦੇ ਸਰਕਾਰੀ ਸਕੂਲਾਂ 'ਚ ਪੜ੍ਹਾਉਂਦੇ 13 ਹਜ਼ਾਰ ਕੱਚੇ ਅਧਿਆਪਕਾਂ ਨੂੰ ਰੈਗੂਲਰ ਹੋਣਾ ਤਾਂ ਦੂਰ ਦੀ ਗੱਲ ਮਹਿਜ 6 ਹਜ਼ਾਰ ਤੋਂ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਮਿਲਦੀ ਨਿਗੂਣੀ ਤਨਖਾਹ 'ਚ ਵਾਧਾ ਵੀ ਨਸੀਬ ਨਹੀਂ ਹੋਇਆ। 7 ਹਜ਼ਾਰ ਕੰਪਿਊਟਰ ਅਧਿਆਪਕਾਂ ਅਤੇ ਸਰਵ ਸਿੱਖਿਆ ਅਭਿਆਨ ਮਿਡ-ਡੇ-ਦਫਤਰੀ ਕਰਮਚਾਰੀਆਂ ਨੂੰ ਵੀ ਨਿਰਾਸਾ ਦਾ ਸਾਹਮਣਾ ਕਰਨਾ ਪਿਆ ਹੈ। ਇਸ ਤੋਂ ਇਲਾਵਾ ਬੋਰਡਾਂ, ਕਾਰਪੋਰੇਸ਼ਨਾਂ, ਮਗਨਰੇਗਾ, ਪੰਜਾਬ ਰੋਡਵੇਜ਼ ਅਤੇ ਸਿਹਤ ਵਿਭਾਗ ਦੀਆਂ ਵੱਖ-ਵੱਖ ਸੁਸਾਇਟੀਆਂ 'ਚ ਕੰਮ ਕਰਦੇ ਹਜ਼ਾਰਾਂ ਕੱਚੇ ਕਰਮਚਾਰੀਆਂ ਵੀ ਆਪਣੀ ਰੈਗੂਲਰ ਕਰਨ ਦੀ ਮੰਗ ਪੂਰੀ ਨਹੀਂ ਕਰਵਾ ਸਕੇ, ਜਦੋਂਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ 36 ਹਜ਼ਾਰ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਦਾਅਵੇ ਵੀ ਝੂਠੇ ਨਿਕਲੇ। ਇਸ ਸਬੰਧੀ ਵੱਖ-ਵੱਖ ਮੁਲਾਜ਼ਮ ਆਗੂਆਂ ਦਾ ਕਹਿਣਾ ਹੈ ਕਿ ਕੈਪਟਨ ਤੇ ਚੰਨੀ ਦੀ ਸਰਕਾਰ ਤੇ ਅਫਸਰਸ਼ਾਹੀ ਭਾਰੂ ਰਹੀ। ਉਨ੍ਹਾਂ ਕਿਹਾ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਵਾਅਦਾ ਕਰਕੇ ਸੱਤਾ 'ਚ ਆਈ ਕੈਪਟਨ ਸਰਕਾਰ 5 ਸਾਲ 'ਚ ਆਪਣੇ ਵਾਅਦੇ 'ਤੇ ਖਰੀ ਨਹੀਂ ਉਤਰ ਸਕੀ। ਉਨ੍ਹਾਂ ਕਿਹਾ ਕਿ ਸਾਢੇ ਚਾਰ ਸਾਲ ਤੱਕ ਕਾਂਗਰਸ ਆਪਣੀਆਂ ਨੀਤੀਆਂ ਉਤੇ ਕੰਮ ਕਰਦੀ ਰਹੀ ਪਰ ਚੋਣਾਂ ਨਜ਼ਦੀਕ ਆਉਂਦੀਆਂ ਦੇਖ ਮੁਲਾਜ਼ਮਾਂ ਅਤੇ ਲੋਕਾਂ ਦੇ ਰੋਹ ਨੂੰ ਦੇਖਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾ ਕੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਗਿਆ ਪਰ ਸੱਤਾ ਤਬਦੀਲੀ ਤੋਂ ਬਾਅਦ ਵੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਕੁਝ ਵੀ ਨਹੀਂ ਕਰ ਸਕੇ। ਉਨ੍ਹਾਂ ਕਿਹਾ ਕਿ ਚੋਣ ਜ਼ਾਬਤਾ ਲੱਗਣ ਤੋਂ ਕੁਝ ਦਿਨ ਪਹਿਲਾਂ ਮੁਲਾਜ਼ਮਾਂ ਨੂੰ ਪੱਕੇ ਕਰਨ ਸਬੰਧੀ ਵਿਧਾਨ ਸਭਾ 'ਚ ਕਾਨੂੰਨ ਪਾਸ ਕਰਕੇ ਰਾਜਪਾਲ ਨੂੰ ਭੇਜਿਆ ਗਿਆ ਪਰ ਕਾਂਗਰਸ ਸਰਕਾਰ ਰਾਜਪਾਲ ਵੱਲੋਂ ਲਗਾਏ ਕੁਝ ਇਤਰਾਜ਼ਾਂ ਨੂੰ ਦੂਰ ਕਰਕੇ ਕਾਨੂੰਨ ਲਾਗੂ ਕਰਵਾਉਣ 'ਚ ਵੀ ਅਸਫਲ ਰਹੀ। ਹੁਣ ਚੋਣ ਜ਼ਾਬਤਾ ਲੱਗ ਗਿਆ ਹੈ ਤੇ ਉਨ੍ਹਾਂ ਪੱਲੇ ਨਿਰਾਸ਼ਾ ਹੀ ਪਈ ਹੈ।

# ਫਿਰੋਜ਼ਪੁਰ ਰੈਲੀ: ਮੋਦੀ ਵੱਲੋਂ ਪੁੱਠਾ ਮੁੜਨ ਦੇ ਮਾਮਲੇ ਉਤੇ ਭਖੀ ਸਿਆਸਤ

**ਚੰਡੀਗੜ੍ਹ:** ਫਿਰੋਜ਼ਪੁਰ ਰੈਲੀ ਲਈ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਪਣਾ ਦੌਰਾ ਵਿਚਾਲੇ ਛੱਡ ਕੇ ਪਰਤਣ ਦੇ ਮਾਮਲੇ ਉਤੇ ਸਿਆਸਤ ਭਖੀ ਹੋਈ ਹੈ। ਭਾਜਪਾ ਵੱਲੋਂ ਜਿਥੇ ਨਰਿੰਦਰ ਮੋਦੀ ਦੀ 'ਜਾਨ ਨੂੰ ਖਤਰੇ' ਦੀ ਦੁਹਾਈ ਪਾ ਕੇ ਪੰਜਾਬ ਸਰਕਾਰ ਨੂੰ ਘੇਰਿਆ ਜਾ ਰਿਹਾ ਹੈ, ਉਥੇ ਕਾਂਗਰਸ ਨੇ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਦੇ ਦੌਰਾ ਵਿਚਾਲੇ ਛੱਡ ਕੇ ਦਿੱਲੀ ਪਰਤਣ ਦਾ ਮੁੱਖ ਕਾਰਨ ਫਿਰੋਜ਼ਪੁਰ ਰੈਲੀ ਲਈ ਲੋਕਾਂ ਦੀ ਭੀੜ ਨਾ ਜੁੜਨਾ ਸੀ।

ਰੈਲੀ ਵਿਚ ਲਾਈਆਂ 70 ਹਜ਼ਾਰ ਕੁਰਸੀਆਂ 'ਤੇ ਸਿਰਫ 700 ਬੰਦੇ ਹੀ ਬੈਠੇ ਸਨ। ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ 'ਸੁਰੱਖਿਆ 'ਚ ਖਾਮੀਆਂ' ਦੇ ਨਾਂ ਉਤੇ ਹਲਕੀ ਸਿਆਸਤ ਲਈ ਪੰਜਾਬ ਤੇ ਪੰਜਾਬੀਅਤ ਨੂੰ ਬਦਨਾਮ ਕਰ ਰਹੇ ਹਨ। ਉਧਰ, ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਆਖਿਆ ਹੈ ਕਿ ਗ੍ਰਹਿ ਮੰਤਰਾਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਦੌਰਾਨ ਸੁਰੱਖਿਆ ਵਿਚ ਖਾਮੀ ਬਾਰੇ ਜਾਣਕਾਰੀ ਇਕੱਠੀ ਕਰ ਰਿਹਾ ਹੈ ਅਤੇ 'ਵੱਡੇ ਅਤੇ ਸਖਤ ਫੈਸਲੇ' ਲਏ ਜਾਣਗੇ।

ਦੱਸ ਦਈਏ ਕਿ ਪ੍ਰਧਾਨ ਮੰਤਰੀ ਨੇ ਫਿਰੋਜ਼ਪੁਰ ਵਿਚ ਰੈਲੀ ਲਈ ਪੰਜਾਬ ਆਏ ਸਨ ਤੇ ਉਨ੍ਹਾਂ ਦਾ ਜਹਾਜ਼ ਬਠਿੰਡਾ ਹਵਾਈ ਅੱਡੇ ਉਤੇ ਉੱਤਰਿਆ ਸੀ। ਮੌਸਮ ਖਰਾਬ ਹੋਣ ਕਾਰਨ ਉਨ੍ਹਾਂ ਸੜਕ ਰਸਤੇ ਰੈਲੀ ਵਿਚ ਪੁੱਜਣ ਦਾ ਪ੍ਰੋਗਰਾਮ ਬਣਾਇਆ ਸੀ ਪਰ ਰਸਤੇ ਵਿਚ ਕਿਸਾਨ ਨੇ ਧਰਨਾ ਲਾਇਆ ਹੋਇਆ ਸੀ, ਜਿਸ ਕਾਰਨ ਪ੍ਰਧਾਨ ਮੰਤਰੀ ਇਥੋਂ ਹੀ ਵਾਪਸ ਪਰਤ ਗਏ ਤੇ ਜਾਂਦੇ-ਜਾਂਦੇ ਆਖ ਗਏ ਹਨ ਕਿ 'ਉਨ੍ਹਾਂ ਦੀ ਜਾਨ ਮਸਾਂ ਬਚੀ ਹੈ'। ਇਸ ਤੋਂ ਬਾਅਦ ਭਾਜਪਾ ਨੇ ਕਾਂਗਰਸ ਸਰਕਾਰ ਨੂੰ ਘੇਰ ਲਿਆ ਤੇ ਮੋਦੀ ਦੀ ਲੰਮੀ ਉਮਰ ਲਈ ਪੂਜਾ-ਪਾਠ ਸ਼ੁਰੂ ਕਰ ਦਿੱਤੇ ਗਏ।

ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਸੂਬਾ ਸਰਕਾਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ ਲਈ ਖਤਰਾ ਖੜ੍ਹਾ ਕਰਨ ਦੇ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਜਨਤਕ ਸਭਾ ਨੂੰ ਸੰਬੋਧਨ ਕਰਨ ਦੀ ਇਜਾਜ਼ਤ ਨਾ ਦੇਣਾ ਚੰਨੀ ਸਰਕਾਰ ਲਈ ਸ਼ਰਮ ਵਾਲੀ ਗੱਲ ਹੈ। ਚੁੱਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਫੇਰੀ ਲਈ ਕਾਨੂੰਨ ਵਿਵਸਥਾ ਨੂੰ ਯਕੀਨੀ ਬਣਾਉਣਾ ਕਾਂਗਰਸ ਸਰਕਾਰ ਦੀ ਜ਼ਿੰਮੇਵਾਰੀ ਸੀ, ਜਿਸ ਨੂੰ ਚੰਨੀ ਸਰਕਾਰ ਵੱਲੋਂ ਨਿਭਾਇਆ ਨਹੀਂ ਗਿਆ।

ਦੂਜੇ ਪਾਸੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪ੍ਰਧਾਨ ਮੰਤਰੀ ਦੀ ਸੁਰੱਖਿਆ 'ਚ ਖਾਮੀਆਂ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਦੇ ਦੌਰਾ ਵਿਚਾਲੇ ਛੱਡ ਕੇ ਦਿੱਲੀ ਪਰਤਣ ਦਾ ਮੁੱਖ ਕਾਰਨ ਫਿਰੋਜ਼ਪੁਰ ਰੈਲੀ ਲਈ ਲੋਕਾਂ ਦੀ ਭੀੜ ਨਾ ਜੁੜਨਾ ਸੀ। ਉਨ੍ਹਾਂ ਕਿਹਾ ਕਿ ਰੈਲੀ ਵਿਚ ਲਾਈਆਂ 70 ਹਜ਼ਾਰ ਕੁਰਸੀਆਂ 'ਤੇ ਸਿਰਫ 700 ਬੰਦੇ ਹੀ ਬੈਠੇ ਸਨ। ਕੈਪਟਨ ਅਮਰਿੰਦਰ ਸਿੰਘ ਖਾਲੀ ਕੁਰਸੀਆਂ ਨੂੰ ਹੀ ਸੰਬੋਧਨ ਕਰਦੇ ਰਹੇ। ਚੰਨੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਰੈਲੀ ਦੀ ਅਸਫਲਤਾ ਦਾ ਠੀਕਰਾ ਹੁਣ ਪੰਜਾਬ ਸਰਕਾਰ ਸਿਰ ਭੰਨ ਰਹੇ ਹਨ।

ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ 'ਸੁਰੱਖਿਆ 'ਚ ਖਾਮੀਆਂ' ਦੇ ਨਾਂ ਉਤੇ ਹਲਕੀ ਸਿਆਸਤ ਲਈ ਪੰਜਾਬ ਤੇ ਪੰਜਾਬੀਅਤ ਨੂੰ ਬਦਨਾਮ ਕਰ ਰਹੇ ਹਨ। ਕਾਂਗਰਸ ਤਰਜਮਾਨ ਪਵਨ ਖੇੜਾ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਇਸ ਮੁੱਦੇ ਨੂੰ ਲੈ ਕੇ ਵਿਵਾਦ ਖੜ੍ਹਾ ਕਰ ਰਹੀ ਹੈ, ਜੋ ਜਮਹੂਰੀਅਤ ਲਈ ਖਤਰਨਾਕ ਹੈ। ਖੇੜਾ ਨੇ ਕਈ ਮਿਸਾਲਾਂ ਦੇ ਹਵਾਲੇ ਨਾਲ ਕਿਹਾ ਕਿ ਪ੍ਰਧਾਨ ਮੰਤਰੀ ਦੇ ਕਾਫਲੇ ਨੂੰ ਪਹਿਲਾਂ ਵੀ ਦਿੱਲੀ, ਨੌਇਡਾ ਤੇ ਲਖਨਊ ਵਿਚ ਰੋਕਿਆ ਗਿਆ ਹੈ, ਪਰ ਉਨ੍ਹਾਂ ਉਥੋਂ ਦੇ ਮੁੱਖ ਮੰਤਰੀਆਂ ਨੂੰ ਬਦਨਾਮ ਕਰਨ ਲਈ ਉਹ ਸ਼ਬਦਾਵਲੀ ਨਹੀਂ ਵਰਤੀ ਜੋ ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਲਈ ਵਰਤੀ ਸੀ।

ਕਾਂਗਰਸ ਨੇ ਕਿਹਾ ਕਿ ਭਾਜਪਾ ਵੱਲੋਂ ਵਿਉਂਤੀ ਇਸ ਰੈਲੀ ਵਿਚ 'ਮੋਦੀ ਜੀ' ਨੂੰ ਸੁਣਨ ਲਈ ਕੋਈ ਭੀੜ ਨਹੀਂ ਸੀ। ਕਾਂਗਰਸ ਦੇ ਜਨਰਲ ਸਕੱਤਰ ਤੇ ਪਾਰਟੀ ਦੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਭਾਜਪਾ ਪ੍ਰਧਾਨ ਜੇ.ਪੀ.ਨੱਢਾ ਦੂਜੇ ਸਿਰ ਦੋਸ਼ ਮੜ੍ਹਨਾ ਬੰਦ ਕਰਨ ਤੇ ਇਸ ਦੀ ਥਾਂ ਭਗਵਾ ਪਾਰਟੀ ਆਪਣੇ 'ਕਿਸਾਨ ਵਿਰੋਧੀ' ਰਵੱਈਏ ਨੂੰ ਲੈ ਕੇ ਅੰਤਰਝਾਤ ਮਾਰੇ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੁਸੈਨੀਵਾਲਾ ਜਾਣ ਸਮੇਂ ਰਾਹ ਵਿਚ ਸੁਰੱਖਿਆ 'ਚ ਸੰਨ੍ਹ ਲੱਗਣ ਨੇ ਸਾਬਤ ਕੀਤਾ ਹੈ ਕਿ ਪੰਜਾਬ ਵਿਚ ਕਾਨੂੰਨ ਵਿਵਸਥਾ ਵਿਗੜ ਚੁੱਕੀ ਹੈ, ਜਿਸ ਲਈ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਇਹ ਸਪੱਸ਼ਟ ਹੈ ਕਿ ਮੁੱਖ ਮੰਤਰੀ ਸੂਬੇ ਨੂੰ ਚਲਾਉਣ ਦੇ ਯੋਗ ਤੇ ਸਮਰੱਥ ਨਹੀਂ ਹਨ, ਜਿਸ ਲਈ ਉਨ੍ਹਾਂ ਨੂੰ ਅਹੁਦੇ 'ਤੇ ਬਣੇ ਰਹਿਣ ਦਾ ਹੁਣ ਕੋਈ ਨੈਤਿਕ ਅਧਿਕਾਰ ਨਹੀਂ ਹੈ।



## ਭਾਜਪਾ ਆਗੂਆਂ ਨੇ ਮੋਦੀ ਦੀ ਲੰਮੀ ਉਮਰ ਲਈ ਪੂਜਾ ਕੀਤੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਦੌਰਾਨ ਸੁਰੱਖਿਆ ਵਿਚ ਕਥਿਤ ਢਿੱਲ ਦੀ ਘਟਨਾ ਮਗਰੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਭਾਜਪਾ ਆਗੂਆਂ ਨੇ ਮੋਦੀ ਦੀ ਲੰਮੀ ਉਮਰ ਲਈ ਮੰਦਰਾਂ ਵਿਚ ਪੂਜਾ ਅਰਚਨਾ ਕੀਤੀ। ਕਈ ਭਾਜਪਾ ਆਗੂਆਂ ਨੇ ਸੋਸ਼ਲ ਮੀਡੀਆ 'ਤੇ 'ਲੌਂਗ ਲਿਵ ਮੋਦੀ' ਦੇ ਸੁਨੇਹੇ ਵੀ ਦਿੱਤੇ ਹਨ। ਵੇਰਵਿਆਂ ਅਨੁਸਾਰ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਭੋਪਾਲ ਦੇ ਗੁਫਾ ਮੰਦਰ ਵਿਚ ਪੂਜਾ ਕੀਤੀ ਤੇ ਭਾਜਪਾ ਦੇ ਕੌਮੀ ਆਗੂ ਬੈਜਯੰਤ ਜੈ ਪਾਂਡਾ ਨੇ ਦਿੱਲੀ ਦੇ ਝੰਡੇਵਾਲਾਂ ਮੰਦਰ ਵਿਚ ਪੂਜਾ ਕਰ ਕੇ ਮੋਦੀ ਦੀ ਲੰਬੀ ਉਮਰ ਲਈ ਕਾਮਨਾ ਕੀਤੀ।

## ਸਰਹੱਦੀ ਸੂਬੇ 'ਚ ਹਾਲਾਤ ਨਾਜ਼ੁਕ ਬਣੇ: ਕੈਪਟਨ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਤੇ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੌਜੂਦਾ ਕਾਂਗਰਸ ਸਰਕਾਰ ਰਾਜ ਅੰਦਰ ਅਮਨ-ਕਾਨੂੰਨ ਵਿਵਸਥਾ ਬਣਾਏ ਰੱਖਣ ਲਈ ਬੁਰੀ ਤਰ੍ਹਾਂ ਨਾਲ ਨਾਕਾਮ ਸਾਬਤ ਹੋਈ ਹੈ ਤੇ ਸਰਕਾਰ ਦੀ ਲਾਪਰਵਾਹੀ ਕਾਰਨ ਸਰਹੱਦੀ ਸੂਬੇ ਅੰਦਰ ਹਾਲਾਤ ਬੇਹੱਦ ਨਾਜ਼ੁਕ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ 600 ਕਿਲੋਮੀਟਰ ਸਰਹੱਦ 'ਤੇ ਜਿਥੇ ਪੰਜਾਬ ਨੂੰ ਪਾਕਿਸਤਾਨ ਤੇ ਚੀਨ ਦੀਆਂ ਨਾਪਾਕ ਹਰਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਹੁਣ ਤਾਲਿਬਾਨੀਆਂ ਦੀ ਵੀ ਸਖਤ ਚੁਣੌਤੀ ਪੰਜਾਬੀਆਂ ਦੇ ਸਾਹਮਣੇ ਹੈ। ਕੈਪਟਨ ਨੇ ਕਿਹਾ ਕਿ ਸੁਰੱਖਿਆ ਦੇ ਮੁੱਦੇ 'ਤੇ ਪੰਜਾਬ ਸਰਕਾਰ ਬਿਲਕੁਲ ਵੀ ਗੰਭੀਰ ਨਹੀਂ ਹੈ ਤੇ ਕਾਂਗਰਸ ਲੀਡਰਸ਼ਿਪ ਆਪਸ 'ਚ ਹੀ ਕੁਰਸੀ ਦੀ ਲੜਾਈ ਲੜ ਰਹੀ ਹੈ।

## ਪੰਜਾਬ ਨੂੰ ਮਿਲਣ ਵਾਲੇ ਗੱਫੇ ਕਾਂਗਰਸ ਨੇ ਰੋਕੇ: ਭਾਜਪਾ

**ਚੰਡੀਗੜ੍ਹ:** ਭਾਜਪਾ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਵਾਸੀਆਂ ਨੂੰ ਆਪਣੇ ਦੌਰੇ ਦੌਰਾਨ ਚੰਗੇ ਗੱਫੇ ਦੇ ਕੇ ਜਾਣੇ ਸਨ ਪਰ ਪੰਜਾਬ ਦੀ ਚੰਨੀ ਸਰਕਾਰ ਨੇ ਇਸ 'ਤੇ ਪਾਣੀ ਫੇਰ ਦਿੱਤਾ। ਭਾਜਪਾ ਪੰਜਾਬ ਪ੍ਰਦੇਸ਼ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਦਿੱਲੀ ਅੰਮ੍ਰਿਤਸਰ ਕੱਟੜਾ ਐਕਸਪ੍ਰੈਸ ਲਈ 39,500 ਕਰੋੜ ਰੁਪਏ ਅਤੇ 1700 ਕਰੋੜ ਨਾਲ ਅੰਮ੍ਰਿਤਸਰ ਊਨਾ ਚਹੁੰ ਮਾਰਗ ਦੇ ਗੱਫੇ ਪੰਜਾਬ ਵਾਸੀਆਂ ਨੂੰ ਦੇਣੇ ਸਨ। ਇਸ ਤੋਂ ਇਲਾਵਾ ਉਨ੍ਹਾਂ ਨੇ ਕਿਹਾ ਕਿ ਪੀ.ਜੀ.ਆਈ. ਸੈਟੇਲਾਈਟ ਸੈਂਟਰ ਫਿਰੋਜ਼ਪੁਰ ਲਈ 490 ਕਰੋੜ ਅਤੇ ਕਪੂਰਥਲਾ ਅਤੇ ਹੁਸ਼ਿਆਰਪੁਰ ਵਿਚ 325 ਕਰੋੜ ਦੇ ਦੋ ਮੈਡੀਕਲ ਕਾਲਜ ਪੰਜਾਬ ਵਾਸੀਆਂ ਨੂੰ ਮਿਲਣੇ ਸਨ ਪਰ ਪੰਜਾਬ ਵਿਚ ਚੰਨੀ ਸਰਕਾਰ ਨੇ ਜਾਣਬੁੱਝ ਕੇ ਇਸ ਵਿਚ ਰੁਕਾਵਟ ਪਾਈ।

# ਪ੍ਰਧਾਨ ਮੰਤਰੀ ਦੀ ਜਾਨ ਨੂੰ ਖਤਰਾ ਪੂਰੀ ਤਰ੍ਹਾਂ ਮਨਘੜਤ: ਸੰਯੁਕਤ ਕਿਸਾਨ ਮੋਰਚਾ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਸ ਬਿਆਨ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ, ਜਿਸ ਵਿਚ ਸ੍ਰੀ ਮੋਦੀ ਨੇ ਆਪਣੀ ਜਾਨ ਨੂੰ ਖਤਰਾ ਹੋਣ ਦਾ ਮਿਹਣਾ ਮਾਰਿਆ ਸੀ। ਮੋਰਚੇ ਦੇ ਆਗੂਆਂ ਨੇ ਸਾਂਝੇ ਬਿਆਨ ਵਿਚ ਕਿਹਾ ਕਿ ਫਿਰੋਜ਼ਪੁਰ ਰੈਲੀ ਦੀ ਅਸਫਲਤਾ ਨੂੰ ਲੁਕਾਉਣ ਲਈ ਪ੍ਰਧਾਨ ਮੰਤਰੀ ਨੇ "ਕਿਸੇ ਤਰ੍ਹਾਂ ਆਪਣੀ ਜਾਨ ਬਚਾਈ" ਦਾ ਬਹਾਨਾ ਲਾ ਕੇ, ਪੰਜਾਬ ਤੇ ਕਿਸਾਨ ਅੰਦੋਲਨ ਦੋਵਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ।

ਉਨ੍ਹਾਂ ਕਿਹਾ ਕਿ ਸਾਰਾ ਦੇਸ ਜਾਣਦਾ ਹੈ ਕਿ ਕਿਸਾਨਾਂ ਨੂੰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਵਰਗਿਆਂ ਤੋਂ ਜਾਨ ਦਾ ਖਤਰਾ ਹੈ, ਜੋ ਲਖੀਮਪੁਰ ਖੀਰੀ ਹਿੰਸਾ 'ਚ ਕਥਿਤ ਸ਼ਮੂਲੀਅਤ ਦੇ ਬਾਵਜੂਦ ਖੁੱਲ੍ਹੇਆਮ ਘੁੰਮ ਰਿਹਾ ਹੈ। ਮੋਰਚੇ ਨੇ ਕਿਹਾ ਕਿ ਉਹ ਦੇਸ ਦੇ ਪ੍ਰਧਾਨ ਮੰਤਰੀ ਤੋਂ ਉਮੀਦ ਕਰਦੇ ਹਨ ਕਿ ਉਹ ਆਪਣੇ ਅਹੁਦੇ ਦੀ ਮਾਣ-ਮਰਿਆਦਾ ਨੂੰ ਧਿਆਨ ਵਿਚ ਰੱਖਦੇ ਹੋਏ ਅਜਿਹੇ ਗੈਰ-ਜ਼ਿੰਮੇਵਾਰਾਨਾ ਬਿਆਨ ਨਾ ਦੇਣ।

ਕਿਸਾਨ ਆਗੂਆਂ ਬਲਬੀਰ ਸਿੰਘ ਰਾਜੇਵਾਲ, ਡਾ: ਦਰਸ਼ਨ ਪਾਲ, ਗੁਰਨਾਮ ਸਿੰਘ ਚੜੂਨੀ, ਹਨਨ ਮੋਲਾ, ਜਗਜੀਤ ਸਿੰਘ ਡੱਲੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਸ਼ਿਵ ਕੁਮਾਰ ਸ਼ਰਮਾ (ਕੱਕਾ ਜੀ), ਯੁੱਧਵੀਰ ਸਿੰਘ, ਯੋਗਿੰਦਰ ਯਾਦਵ ਵੱਲੋਂ ਜਾਰੀ ਬਿਆਨ ਮੁਤਾਬਕ ਮੌਕੇ ਦੀ ਵੀਡੀਓ ਤੋਂ ਸਾਫ ਹੈ ਕਿ ਪ੍ਰਦਰਸ਼ਨਕਾਰੀ ਕਿਸਾਨਾਂ ਨੇ ਪ੍ਰਧਾਨ ਮੰਤਰੀ ਦੇ ਕਾਫਲੇ ਵੱਲ ਜਾਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਲਿਹਾਜ਼ਾ ਪ੍ਰਧਾਨ ਮੰਤਰੀ ਦੀ ਜਾਨ ਨੂੰ ਖਤਰਾ ਪੂਰੀ ਤਰ੍ਹਾਂ ਮਨਘੜਤ ਜਾਪਦਾ ਹੈ। ਮੋਰਚੇ ਨੇ ਸਾਫ ਕੀਤਾ ਕਿ ਉਨ੍ਹਾਂ ਦਾ ਪ੍ਰਧਾਨ ਮੰਤਰੀ ਦੇ ਦੌਰੇ ਨੂੰ ਰੋਕਣ ਜਾਂ ਉਨ੍ਹਾਂ ਦੇ ਪ੍ਰੋਗਰਾਮ ਵਿਚ ਰੁਕਾਵਟ ਪਾਉਣ ਦਾ ਕੋਈ ਪ੍ਰੋਗਰਾਮ ਨਹੀਂ ਸੀ। ਆਗੂਆਂ ਨੇ ਕਿਹਾ ਕਿ ਪਹਿਲਾਂ ਤੋਂ ਨਿਰਧਾਰਤ ਪ੍ਰੋਗਰਾਮ ਅਨੁਸਾਰ 5 ਜਨਵਰੀ ਨੂੰ ਪੰਜਾਬ ਦੇ ਹਰ ਜ਼ਿਲ੍ਹਾ ਅਤੇ ਤਹਿਸੀਲ ਹੈੱਡਕੁਆਰਟਰ 'ਤੇ ਸ਼ਾਂਤਮਈ ਰੋਸ ਮੁਜ਼ਾਹਰੇ ਕੀਤੇ ਗਏ। ਪੁਲਿਸ ਪ੍ਰਸ਼ਾਸਨ ਵੱਲੋਂ ਜਦੋਂ ਕੁਝ ਕਿਸਾਨਾਂ ਨੂੰ ਜ਼ਿਲ੍ਹਾ ਹੈੱਡਕੁਆਰਟਰ ਫਿਰੋਜ਼ਪੁਰ ਵੱਲ ਜਾਣ ਤੋਂ ਰੋਕਿਆ ਗਿਆ ਤਾਂ ਉਨ੍ਹਾਂ ਕਈ ਥਾਵਾਂ 'ਤੇ ਸੜਕ ਉਤੇ ਬੈਠ ਕੇ ਰੋਸ ਪ੍ਰਦਰਸ਼ਨ ਕੀਤਾ। ਇਨ੍ਹਾਂ ਵਿਚੋਂ ਪਿਆਰੇਆਣਾ ਦਾ ਉਹ ਫਲਾਈਓਵਰ ਵੀ ਸੀ ਜਿੱਥੇ ਪ੍ਰਧਾਨ ਮੰਤਰੀ ਦਾ ਕਾਫਲਾ ਆਇਆ, ਰੁਕਿਆ ਅਤੇ ਵਾਪਸ ਚਲਾ ਗਿਆ। ਉਥੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਕੋਈ ਠੋਸ ਸੂਚਨਾ ਨਹੀਂ ਸੀ ਕਿ ਪ੍ਰਧਾਨ ਮੰਤਰੀ ਦਾ ਕਾਫਲਾ ਉਥੋਂ ਲੰਘਣ ਵਾਲਾ ਹੈ। ਉਨ੍ਹਾਂ ਨੂੰ ਇਹ ਜਾਣਕਾਰੀ ਪ੍ਰਧਾਨ ਮੰਤਰੀ ਦੀ ਵਾਪਸੀ ਤੋਂ ਬਾਅਦ ਮੀਡੀਆ ਤੋਂ ਮਿਲੀ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਸੱਤਾਧਾਰੀ ਭਾਜਪਾ ਜਾਣਬੁੱਝ ਕੇ ਕਿਸਾਨਾਂ ਨੂੰ ਬਦਨਾਮ ਕਰਕੇ ਵੋਟਾਂ ਵਿਚ ਲਾਹਾ ਲਕੈਣਾ ਚਾਹੁੰਦੀ ਹੈ।

## ਰੈਲੀ ਰੱਦ ਹੋਣ ਦੇ ਕਾਰਨਾਂ ਦੀ ਜਾਂਚ ਹੋਵੇ: ਟਿਕੈਤ

**ਨੋਇਡਾ:** ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਇਸ ਗੱਲ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫਿਰੋਜ਼ਪੁਰ ਰੈਲੀ ਸੁਰੱਖਿਆ ਕਾਰਨਾਂ ਕਰਕੇ ਰੱਦ ਕੀਤੀ ਗਈ ਜਾਂ ਕਿਸਾਨਾਂ ਦੇ ਗੁੱਸੇ ਨੂੰ ਦੇਖ ਕੇ ਰੱਦ ਕੀਤੀ ਗਈ। ਉਨ੍ਹਾਂ ਕਿਹਾ, "ਇਕ ਪਾਸੇ ਭਾਜਪਾ ਆਗੂਆਂ ਦਾ ਕਹਿਣਾ ਹੈ ਕਿ ਇਹ ਰੈਲੀ ਮੋਦੀ ਦੇ ਸੁਰੱਖਿਆ ਕਾਰਨਾਂ ਕਰਕੇ ਰੱਦ ਕੀਤੀ ਜਦਕਿ ਪੰਜਾਬ ਦੇ ਮੁੱਖ ਮੰਤਰੀ ਦਾਅਵਾ ਕਰ ਰਹੇ ਹਨ ਕਿ ਪ੍ਰਧਾਨ ਮੰਤਰੀ ਇਸ ਲਈ ਵਾਪਸ ਚਲੇ ਗਏ ਕਿਉਂਕਿ ਰੈਲੀ ਦੌਰਾਨ ਸਾਰੀਆਂ ਕੁਰਸੀਆਂ ਖਾਲੀ ਸਨ।

## ਰੈਲੀ ਫਲਾਪ ਹੋਣ ਤੋਂ ਘਬਰਾਏ ਮੋਦੀ: ਡੱਲੇਵਾਲ

**ਬਠਿੰਡਾ:** ਭਾਰਤੀ ਕਿਸਾਨ ਯੂਨੀਅਨ (ਏਕਤਾ)-ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਬਾਰੇ ਕਿਹਾ ਕਿ ਮੋਦੀ ਦੀ ਫੇਰੀ ਤੋਂ ਬਾਅਦ ਪੈਦਾ ਹੋਇਆ ਵਿਵਾਦ ਬੇਲੋੜਾ ਹੈ। ਪ੍ਰਧਾਨ ਮੰਤਰੀ ਵੱਲੋਂ ਜਾਨ ਬਚਾਅ ਕੇ ਆਉਣ ਵਾਲਾ ਬਿਆਨ ਨਿੰਦਣਯੋਗ ਹੈ। ਪ੍ਰਧਾਨ ਮੰਤਰੀ ਦੇ ਸੜਕ ਸਫਰ ਬਾਰੇ ਪ੍ਰਸ਼ਾਸਨ ਤੇ ਏਜੰਸੀਆਂ ਨੂੰ ਪਤਾ ਨਹੀਂ ਸੀ।

# 'ਪ੍ਰਧਾਨ ਮੰਤਰੀ ਮੋਦੀ ਦੀ ਜਾਨ ਨੂੰ ਖਤਰੇ' ਵਾਲੇ ਦਾਅਵੇ 'ਤੇ ਘਿਰੀ ਭਾਜਪਾ

**ਫਰੀਦਕੋਟ:** ਪ੍ਰਧਾਨ ਮੰਤਰੀ ਦਾ ਕਾਫਲਾ ਰੋਕਣ ਦੇ ਮਾਮਲੇ 'ਚ ਭਾਜਪਾ ਆਪ ਹੀ ਘਿਰ ਗਈ ਹੈ। ਘਟਨਾ ਮੌਕੇ ਦੀਆਂ ਕੁਝ ਤਸਵੀਰਾਂ ਅਤੇ ਵੀਡੀਓ ਨੇ ਸਾਫ ਕਰ ਦਿੱਤਾ ਹੈ ਕਿ ਕਾਫਲੇ ਕੋਲ ਕਿਸਾਨ ਨਹੀਂ ਸਗੋਂ ਭਾਜਪਾ ਵਰਕਰ ਪੁੱਜੇ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫਿਰੋਜ਼ਪੁਰ ਫੇਰੀ ਦੌਰਾਨ ਸੁਰੱਖਿਆ ਘੇਰਾ ਉਲੰਘ ਕੇ ਹੱਥਾਂ 'ਚ ਭਾਜਪਾ ਦਾ ਝੰਡਾ ਚੁੱਕੀ ਮੋਦੀ ਜ਼ਿੰਦਾਬਾਦ ਦੇ ਨਾਅਰੇ ਲਾਉਣ ਵਾਲੇ ਲੋਕਾਂ 'ਚ ਸ਼ਾਮਲ ਇਕ ਨੌਜਵਾਨ ਦੀ ਪਛਾਣ ਸ਼ਿਵਮ ਸ਼ਰਮਾ ਵਾਸੀ ਤਲਵਾੜਾ ਵਜੋਂ ਹੋਈ ਹੈ। ਉਸ ਦੀਆਂ ਭਾਜਪਾ ਦੇ ਵੱਡੇ ਆਗੂਆਂ ਨਾਲ ਤਸਵੀਰਾਂ ਵੀ ਸਾਹਮਣੇ ਆਈਆਂ ਹਨ ਜਿਸ ਕਾਰਨ ਪ੍ਰਧਾਨ ਮੰਤਰੀ ਦਾ ਕਾਫਲਾ ਰੋਕੇ ਜਾਣ ਦੀ ਘਟਨਾ ਨੇ ਨਵਾਂ ਮੋੜ ਲੈ ਲਿਆ ਹੈ। ਸ਼ਿਵਮ ਸ਼ਰਮਾ ਨੇ ਭਾਜਪਾ ਆਗੂਆਂ ਨਾਲ ਤਸਵੀਰਾਂ ਆਪਣੇ ਸੋਸ਼ਲ ਮੀਡੀਆ ਖਾਤਿਆਂ 'ਤੇ ਪਈਆਂ ਹੋਈਆਂ ਹਨ। ਇਨ੍ਹਾਂ ਤਸਵੀਰਾਂ ਵਿਚ ਉਹ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਲੋਕ ਸਭਾ ਸਪੀਕਰ ਓਮ ਬਿਰਲਾ, ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ, ਲਖੀਮਪੁਰ ਘਟਨਾ ਵਿਚ ਘਿਰੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ, ਲਾਲ ਕ੍ਰਿਸ਼ਨ ਅਡਵਾਨੀ, ਸ਼ਿਵ ਸੈਨਾ ਹਿੰਦ ਪੰਜਾਬ ਦੇ ਵਿਵਾਦਤ ਆਗੂ ਨਿਸ਼ਾਂਤ ਸ਼ਰਮਾ, ਕੇਂਦਰੀ ਮੰਤਰੀ ਅਨੁਰਾਗ ਠਾਕੁਰ ਤੇ ਹੋਰ ਸ਼ਾਮਲ ਹਨ।



ਉਧਰ, ਕਿਰਤੀ ਕਿਸਾਨ ਯੂਨੀਅਨ ਪੰਜਾਬ ਨੇ ਪ੍ਰਧਾਨ ਮੰਤਰੀ ਦੀ ਫਿਰੋਜ਼ਪੁਰ ਫੇਰੀ ਦਰਮਿਆਨ ਪੈਦਾ ਹੋਏ ਵਿਵਾਦ ਸਬੰਧੀ ਕੁਝ ਤਸਵੀਰਾਂ ਅਤੇ ਵੀਡੀਓ ਜਾਰੀ ਕਰਕੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਫਲੇ ਨੂੰ ਕਿਸਾਨਾਂ ਨੇ ਨਹੀਂ ਬਲਕਿ ਭਾਜਪਾ ਵਰਕਰਾਂ ਨੇ ਰੋਕਿਆ ਸੀ ਅਤੇ ਇਹ ਸਾਜ਼ਿਸ਼ ਦਾ ਹਿੱਸਾ ਹੈ।

ਜਥੇਬੰਦੀ ਨੇ ਆਖਿਆ ਕਿ ਕੇਂਦਰ ਸਰਕਾਰ ਖਿਲਾਫ ਕਿਸਾਨਾਂ ਦੇ ਲੰਬੇ ਅੰਦੋਲਨ ਕਾਰਨ ਭਾਜਪਾ ਦਾ ਵਜੂਦ ਪੰਜਾਬ ਵਿਚੋਂ ਖਤਮ ਹੋ ਗਿਆ ਹੈ ਅਤੇ 5 ਜਨਵਰੀ ਨੂੰ ਪ੍ਰਧਾਨ ਮੰਤਰੀ ਦੀ ਫਿਰੋਜ਼ਪੁਰ ਰੈਲੀ ਵਿਚ ਬਿਲਕੁਲ ਵੀ ਲੋਕਾਂ ਦਾ ਇਕੱਠ ਨਹੀਂ ਹੋਇਆ। ਜਥੇਬੰਦੀ ਨੇ ਕਿਹਾ ਕਿ ਭਾਜਪਾ ਨੇ ਇਸ ਨਮੋਸ਼ੀ ਤੋਂ ਬਚਣ ਲਈ ਪ੍ਰਧਾਨ ਮੰਤਰੀ ਦੇ ਕਾਫਲੇ ਸਬੰਧੀ ਬੇਲੋੜੇ ਵਿਵਾਦ ਪੈਦਾ ਕਰਕੇ ਪੰਜਾਬ ਅਤੇ ਪੰਜਾਬੀਅਤ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ।

ਜਥੇਬੰਦੀ ਦੇ ਸੂਬਾਈ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀਆਂ ਗੱਡੀਆਂ ਨਜ਼ਦੀਕ ਭਾਜਪਾ ਆਗੂ ਤੇ ਵਰਕਰ ਝੰਡਿਆਂ ਸਮੇਤ ਨਾਅਰੇ ਲਾਉਂਦੇ ਨਜ਼ਰ ਆ ਰਹੇ ਹਨ। ਜਦੋਂਕਿ ਉਥੇ ਕੋਈ ਵੀ ਕਿਸਾਨੀ ਝੰਡਾ ਮੌਜੂਦ ਨਹੀਂ। ਸ੍ਰੀ ਰਜਿੰਦਰ ਅਤੇ ਨਿਰਭੈ ਸਿੰਘ ਢੁੱਡੀਕੇ ਨੇ ਕਿਹਾ ਕਿ ਖੇਤੀ ਕਾਨੂੰਨ ਰੱਦ ਕਰਨ ਤੋਂ ਬਾਅਦ ਕੇਂਦਰ ਸਰਕਾਰ ਦਾ ਪੰਜਾਬ ਪ੍ਰਤੀ ਰਵੱਈਆ ਰੰਜਿਸ਼ ਵਾਲਾ ਹੈ। ਇਸੇ ਤਹਿਤ ਪੰਜਾਬ ਨੂੰ ਬਦਨਾਮ ਕਰਨ ਲਈ ਪ੍ਰਧਾਨ ਮੰਤਰੀ ਦੇ ਕਾਫਲੇ ਦੀ ਸੁਰੱਖਿਆ 'ਚ ਖਾਮੀਆਂ ਦੀਆਂ ਝੂਠੀਆਂ ਖਬਰਾਂ ਫੈਲਾਈਆਂ ਗਈਆਂ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਿਆਸੀ ਆਗੂ ਭਗਵੰਤ ਮਾਨ, ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਨੇ ਵੀ ਘਟਨਾ ਦੀ ਅਸਲੀਅਤ ਜਾਣੇ ਬਿਨਾਂ ਭਾਜਪਾ ਦੇ ਦਾਅਵਿਆਂ ਨਾਲ ਸਹਿਮਤੀ ਜਤਾਈ, ਜੋ ਨਿੰਦਣਯੋਗ ਹੈ।

## ਭਾਜਪਾ ਨੇ ਚੋਣਾਂ ਕਰਕੇ ਡਰਾਮਾ ਰਚਿਆ: ਸਿੱਧੂ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਕੁਤਾਹੀ ਦੇ ਮਾਮਲੇ 'ਤੇ ਕਿਹਾ ਕਿ ਭਾਜਪਾ ਨੇ ਪੰਜ ਸੂਬਿਆਂ ਦੀਆਂ ਚੋਣਾਂ ਕਰਕੇ ਸੁਰੱਖਿਆ ਉਲੰਘਣਾ ਦਾ ਡਰਾਮਾ ਰਚਿਆ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਕੇਂਦਰੀ ਏਜੰਸੀਆਂ ਲੱਗੀਆਂ ਹੋਈਆਂ ਸਨ ਅਤੇ ਸੜਕੀ ਰਸਤੇ ਦਾ ਕੋਈ ਪਹਿਲਾਂ ਪਲਾਨ ਨਹੀਂ ਸੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਭਾਜਪਾ ਦੀ ਨਾ ਤਾਂ ਕੋਈ ਵੋਟ ਹੈ ਅਤੇ ਨਾ ਹੀ ਸਪੋਰਟ ਹੈ। ਅਸਲ ਵਿਚ ਭਾਜਪਾ ਦੀ ਫਿਰੋਜ਼ਪੁਰ ਰੈਲੀ ਪੂਰੀ ਤਰ੍ਹਾਂ ਫਲਾਪ ਹੋ ਗਈ ਸੀ ਕਿਉਂਕਿ ਉਥੇ 70 ਹਜ਼ਾਰ ਕੁਰਸੀਆਂ ਲਾਈਆਂ ਗਈਆਂ ਸਨ ਜਦੋਂ ਕਿ ਸਿਰਫ 500 ਲੋਕ ਹੀ ਪਹੁੰਚੇ ਹੋਏ ਸਨ।

# ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਬਾਲ ਦਿਵਸ ਵਜੋਂ ਮਨਾਉਣ ’ਤੇ ਇਤਰਾਜ਼

**ਅੰਮ੍ਰਿਤਸਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ 26 ਦਸੰਬਰ ਨੂੰ ਹਰ ਵਰ੍ਹੇ ‘ਵੀਰ ਬਾਲ ਦਿਵਸ’ ਵਜੋਂ ਮਨਾਉਣ ਦੇ ਐਲਾਨ ਨਾਲ ਸ਼੍ਰੋਮਣੀ ਕਮੇਟੀ ਤੇ ਹੋਰ ਸਿੱਖਾਂ ਵਲੋਂ ਅਸਹਿਮਤੀ ਪ੍ਰਗਟਾਈ ਗਈ ਹੈ।

ਪ੍ਰਧਾਨ ਮੰਤਰੀ ਦੇ ਇਸ ਐਲਾਨ ’ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹਨ, ਪਰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਬਾਲ ਸੰਗਿਆ ਨਾਲ ਜੋੜ ਕੇ ਵੀਰ ਬਾਲ ਦਿਵਸ ਤੱਕ ਸੀਮਤ ਰੱਖਣਾ ਸ਼ਹਾਦਤਾਂ ਦੀ ਭਾਵਨਾ ਤੇ ਸਿੱਖ ਰਵਾਇਤਾਂ ਨਾਲ ਮੇਲ ਨਹੀਂ ਖਾਂਦਾ।

ਸਿੱਖ ਇਤਿਹਾਸ, ਸਿਧਾਂਤਾਂ ਅਤੇ ਪਰੰਪਰਾਵਾਂ ਦੇ ਮੱਦੇਨਜ਼ਰ ਸਾਹਿਬਜ਼ਾਦਿਆਂ ਦੀਆਂ ਲਾਸਾਨੀ ਕੁਰਬਾਨੀਆਂ ਵੱਡੇ ਯੋਧਿਆਂ ਵਰਗੀਆਂ ਹਨ। ਉਂਜ ਵੀ ਸਿੱਖ ਇਤਿਹਾਸ ਵਿਚ ਸਾਹਿਬਜ਼ਾਦਿਆਂ ਨੂੰ ਸੰਬੋਧਨ ਸਮੇਂ ਬਾਬਾ ਸ਼ਬਦ ਨਾਲ ਸਤਿਕਾਰ ਦਿੱਤਾ ਜਾਂਦਾ ਹੈ। ਉਨ੍ਹਾਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਵਿਚ ਅਗਵਾਈ ਦੇਣ। ਉਨ੍ਹਾਂ ਕਿਹਾ ਕਿ ਸਿੱਖ



ਪਰੰਪਰਾਵਾਂ ਤੇ ਸਿਧਾਂਤਾਂ ਨਾਲ ਸਬੰਧਤ ਕਿਸੇ ਵੀ ਮਾਮਲੇ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਆਦੇਸ਼ ਲੈ ਕੇ ਹੀ ਕੋਈ ਫੈਸਲਾ ਕੀਤਾ ਜਾਣਾ ਚਾਹੀਦਾ ਹੈ।

ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਲਈ ਪੰਥਕ ਸ਼ਬਦਾਵਲੀ ‘ਬਾਬਾ’ ਹੈ ਅਤੇ ਇਸ ਨਾਲ ਛੇੜਛਾੜ ਕਰਨ ਦਾ ਕਿਸੇ ਗੈਰ-ਸਿੱਖ ਨੂੰ ਅਧਿਕਾਰ ਨਹੀਂ ਹੈ। ਉਨ੍ਹਾਂ ਲਿਖਿਆ ਕਿ ਜੇਕਰ ਮੋਦੀ ਸਰਕਾਰ ਨੇ ਬੱਚਿਆਂ ਦੀ ਪ੍ਰੇਰਨਾ ਲਈ ਇਸ ਦਿਨ ਦਾ ਪ੍ਰਚਾਰ ਕਰਨਾ ਹੈ ਤਾਂ ਸਕੂਲ ਦੀਆਂ ਕਿਤਾਬਾਂ ਵਿਚ ਇਸ ਨੂੰ ਸ਼ਾਮਲ ਕਰ ਲਿਆ ਜਾਵੇ ਜਿਸ ’ਤੇ ਸਿੱਖ ਮਾਣ ਮਹਿਸੂਸ ਕਰਨਗੇ।

ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਆਖਿਆ ਕਿ ਕੇਂਦਰ ਸਰਕਾਰ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇਣ ਦਾ ਕੋਈ ਹੱਕ ਨਹੀਂ। ਪ੍ਰਧਾਨ ਮੰਤਰੀ ਦਾ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਵੀਰ ਬਾਲ ਦਿਵਸ ਵਜੋਂ ਮਨਾਉਣ ਦਾ ਆਪ ਮੁਹਾਰੇ ਫੈਸਲਾ ਗਲਤ ਰੁਝਾਨ ਨੂੰ ਸ਼ੁਰੂ ਕਰੇਗਾ। ਇਸ ਲਈ ਇਸ ਫੈਸਲੇ ਨੂੰ ਤੁਰਤ ਅਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ।

### ਮਨਜਿੰਦਰ ਸਿੰਘ ਸਿਰਸਾ ਵੱਲੋਂ ਸਵਾਗਤ

**ਨਵੀਂ ਦਿੱਲੀ:** ‘ਵੀਰ ਬਾਲ ਦਿਵਸ’ ਦੇ ਐਲਾਨ ਦਾ ਭਾਜਪਾ ਦੇ ਸਿੱਖ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਜ਼ੋਰਦਾਰ ਸਵਾਗਤ ਕੀਤਾ ਹੈ ਤੇ ਇਸ ਐਲਾਨ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ ਹੈ। ਟਵਿੱਟਰ ’ਤੇ ਜਾਣਕਾਰੀ ਦਿੰਦਿਆਂ ਸਿਰਸਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਇਹ ਸੰਕਲਪ ਲਿਆ ਹੈ ਕਿ ਦੇਸ ’ਚ ਹਰ ਸਾਲ 26 ਦਸੰਬਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ‘ਵੀਰ ਬਾਲ ਦਿਵਸ’ ਵਜੋਂ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਦੇਸ ਵਿਦੇਸ਼ ਤੋਂ ਸਿੱਖ ਭਾਈਚਾਰੇ ਦੇ ਨਾਲ ਨਾਲ ਮਨੁੱਖਤਾ ਪ੍ਰਤੀ ਸਕਾਰਾਤਮਕ ਸੋਚ ਰੱਖਣ ਵਾਲੇ ਲੋਕਾਂ ਵੱਲੋਂ ਕਾਫੀ ਦੇਰ ਤੋਂ ਇਹ ਮੰਗ ਕੀਤੀ ਜਾ ਰਹੀ ਸੀ।

### ਦਮਦਮੀ ਟਕਸਾਲ ਵੱਲੋਂ ਕੇਂਦਰ ਦੇ ਫੈਸਲੇ ਦੀ ਸ਼ਲਾਘਾ

**ਅੰਮ੍ਰਿਤਸਰ:** ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਹਰਨਾਮ ਸਿੰਘ ਖਾਲਸਾ ਨੇ ਪ੍ਰਕਾਸ਼ ਪੁਰਬ ਮੌਕੇ ਪ੍ਰਧਾਨ ਮੰਤਰੀ ਦੇ ਇਸ ਐਲਾਨ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਦੀ ਹਿੰਮਤ ਤੇ ਹੌਸਲੇ ਨੂੰ ਢੁਕਵੀਂ ਸ਼ਰਧਾਂਜਲੀ ਵਜੋਂ ਦੇਸ਼ ਭਰ ਵਿਚ 26 ਦਸੰਬਰ ਨੂੰ ਸਰਕਾਰੀ ਛੁੱਟੀ ਦਾ ਐਲਾਨ ਕਰਦਿਆਂ ਵੀਰ ਬਾਲ ਦਿਵਸ ਵਜੋਂ ਮਨਾਉਣ ਦਾ ਫੈਸਲਾ ਸ਼ਲਾਘਾਯੋਗ ਹੈ।

# ਲਖੀਮਪੁਰ ਖੀਰੀ ਹਿੰਸਾ: ‘ਸਿਟ’ ਨੇ 12 ਕਿਸਾਨਾਂ ਨੂੰ ਸੰਮਨ ਜਾਰੀ ਕੀਤੇ

**ਲਖੀਮਪੁਰ ਖੀਰੀ (ਯੂਪੀ):** ਲਖੀਮਪੁਰ ਖੀਰੀ ਹਿੰਸਾ ਕੇਸ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਤਿੰਨ ਭਾਜਪਾ ਵਰਕਰਾਂ ਨੂੰ ਕਥਿਤ ਕੁੱਟ-ਕੁੱਟ ਕੇ ਮਾਰਨ ਨਾਲ ਜੁੜੇ ਕੇਸ ਵਿਚ 12 ਕਿਸਾਨਾਂ ਨੂੰ ਸੰਮਨ ਜਾਰੀ ਕੀਤੇ ਹਨ। ਇਨ੍ਹਾਂ ਵਿਚੋਂ ਬਹੁਤੇ



ਕਿਸਾਨ ਪਹਿਲਾਂ ਹੀ ਆਖ ਚੁੱਕੇ ਹਨ ਕਿ ਉਹ 3 ਅਕਤੂਬਰ ਨੂੰ ਘਟਨਾ ਸਥਾਨ ’ਤੇ ਮੌਜੂਦ ਸਨ, ਪਰ ਉਨ੍ਹਾਂ ਦਾ ਇਸ ਹਮਲੇ ਨਾਲ ਕੋਈ ਲਾਗਾ ਦੇਗਾ ਨਹੀਂ ਸੀ।

ਉਸ ਮੌਕੇ ਇਨ੍ਹਾਂ ਕਿਸਾਨਾਂ ਖਿਲਾਫ ‘ਹੁੱਲੜਬਾਜ਼ੀ’ ਤੇ ‘ਜਾਣਬੁੱਝ ਕੇ ਨੁਕਸਾਨ ਪਹੁੰਚਾਉਣ’ ਜਿਹੀਆਂ ਜ਼ਮਾਨਤਯੋਗ ਧਾਰਾਵਾਂ ਤਹਿਤ ਦੋਸ਼ ਆਇਦ ਕੀਤੇ ਗਏ ਸਨ ਤੇ ‘ਸਿਟ’ ਅਧਿਕਾਰੀਆਂ ਨੇ ਸੀ.ਆਰ.ਪੀ.ਸੀ. ਦੀ ਧਾਰਾ 41 ਤਹਿਤ ਉਨ੍ਹਾਂ ਨੂੰ ਗ੍ਰਿਫਤਾਰੀ ਤੋਂ ਛੋਟ ਦਿੰਦਿਆਂ ਜਾਣ ਦਿੱਤਾ ਸੀ। ਹੁਣ ਤੱਕ ਇਸ ਕੇਸ ਵਿਚ ਸੱਤ ਕਿਸਾਨਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਤੇ ‘ਸਿਟ’ ਵੱਲੋਂ ਕੁਝ ਹੋਰਨਾਂ ਮਸ਼ਕੂਕਾਂ ਦੀ ਭਾਲ ਕੀਤੀ ਜਾ ਰਹੀ ਹੈ। ਸਿਟ ਮੈਂਬਰ ਨੇ ਕਿਹਾ, “ਅਸੀਂ ਘਟਨਾ ਵਾਲੇ ਦਿਨ ਮੌਕੇ ’ਤੇ ਮੌਜੂਦ ਤੇ ਹਜੂਮ ਵਿਚ ਸ਼ਾਮਲ ਕੁਝ ਕਿਸਾਨਾਂ ਨੂੰ ਬਿਆਨ ਦਰਜ ਕਰਵਾਉਣ ਲਈ ਸੰਮਨ ਕੀਤਾ ਸੀ। ਇਨ੍ਹਾਂ ਵਿਚੋਂ ਕੁਝ ਤਾਂ ਪਹਿਲਾਂ ਹੀ ਪੇਸ਼ ਹੋ ਚੁੱਕੇ ਹਨ, ਪਰ ਕਿਸੇ ਨੂੰ ਵੀ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ।”

ਉਧਰ, ਕਿਸਾਨਾਂ ਦੀ ਪੈਰਵੀ ਕਰ ਰਹੇ ਵਕੀਲ ਹਰਜੀਤ ਸਿੰਘ ਨੇ ਕਿਹਾ, “ਇਸ ਤੋਂ ਪਹਿਲਾਂ ਕੁਝ ਕਿਸਾਨਾਂ, ਜੋ ਹਜੂਮ ਵਿਚ ਸ਼ਾਮਲ ਸਨ, ਨੂੰ ਨਰਮ ਧਾਰਾਵਾਂ ਤਹਿਤ ਸੰਮਨ ਕੀਤਾ ਗਿਆ ਸੀ, ਪਰ ਇਨ੍ਹਾਂ ਕਿਸਾਨ ਦੀ ਹਿੰਸਾ ਵਿਚ ਕੋਈ ਭੂਮਿਕਾ ਨਹੀਂ ਸੀ। ਜਿਨ੍ਹਾਂ ਕਿਸਾਨਾਂ ਨੂੰ ਹੁਣ ਸੰਮਨ ਮਿਲੇ ਹਨ, ਉਹ ਕਿਸਾਨਾਂ ਦੇ ਕਤਲਾਂ ਵਿਚ ਗਵਾਹ ਹਨ। ਚਾਰ ਕਿਸਾਨਾਂ ਤੇ ਇਕ ਸਥਾਨਕ ਪੱਤਰਕਾਰ ਨੂੰ ਵਾਹਨਾਂ ਹੇਠ ਦਰੜਨ ਦੇ ਦੋਸ਼ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਦੇ ਪੁੱਤਰ ਆਸ਼ੀਸ਼ ਮਿਸ਼ਰਾ ਸਣੇ 14 ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਸੀ।

# ਸਿੱਖਾਂ ਖਿਲਾਫ ਭੰਡੀ ਪ੍ਰਚਾਰ ਕਰਨ ਵਾਲਿਆਂ ਨੂੰ ਤਾੜਨਾ

**ਅੰਮ੍ਰਿਤਸਰ:** ਪ੍ਰਧਾਨ ਮੰਤਰੀ ਦੇ ਫਿਰੋਜ਼ਪੁਰ ਦੌਰੇ ਮੌਕੇ ਸੁਰੱਖਿਆ ਪ੍ਰਬੰਧਾਂ ਵਿਚ ਹੋਈ ਕੋਤਾਹੀ ਦੇ ਮਾਮਲੇ ਵਿਚ ਸਿੱਖਾਂ ਖਿਲਾਫ ਭੰਡੀ ਪ੍ਰਚਾਰ ਕੀਤੇ ਜਾਣ ’ਤੇ ਸਖਤ ਇਤਰਾਜ਼ ਪ੍ਰਗਟਾਉਂਦਿਆਂ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੇ ਆਖਿਆ ਕਿ ਇਹ ਮਾਮਲਾ ਕੇਂਦਰ ਤੇ ਸੂਬਾ ਸਰਕਾਰਾਂ ਦੇ ਅਧਿਕਾਰੀਆਂ ’ਚ ਆਪਸੀ ਤਾਲਮੇਲ ਦੀ ਕਮੀ ਦਾ ਸਿੱਟਾ ਹੈ, ਪਰ ਇਸ ਵਿਚ ਜਾਣਬੁੱਝ ਕੇ ਸਿੱਖ ਕੌਮ ਨੂੰ ਨਿਸ਼ਾਨਾ ਬਣਾਇਆ ਜਾਣਾ ਮੰਦਭਾਗਾ ਹੈ। ਵੀਡੀਓ ਸੁਨੇਹੇ ਰਾਹੀਂ ਉਨ੍ਹਾਂ ਕਿਹਾ ਕਿ ਇਸ ਘਟਨਾਕ੍ਰਮ ਤੋਂ ਬਾਅਦ ਸੋਸ਼ਲ ਮੀਡੀਆ ’ਤੇ ਸਿੱਖ ਕੌਮ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਨਫਰਤ ਭਰੀਆਂ ਟਿੱਪਣੀਆਂ ਤੇ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਿਸੇ ਕੌਮ ਜਾਂ ਫਿਰਕੇ ਨੂੰ ਨਿਸ਼ਾਨਾ ਬਣਾ ਕੇ ਨਫਰਤ ਫੈਲਾਉਣ ਤੇ ਅਪਸ਼ਬਦ ਬੋਲਣਾ ਵੀ ‘ਅਤਿਵਾਦ’ ਹੈ। ਉਨ੍ਹਾਂ ਕਿਹਾ ਕਿ ਕਈ ਜ਼ਿੰਮੇਵਾਰ ਸ਼ਖਸੀਅਤਾਂ ਵੀ ਇਸ ਵਿਚ ਸ਼ਾਮਲ ਹੋ ਗਈਆਂ ਹਨ ਤੇ ਸਿੱਖਾਂ ਨੂੰ ਨਵੰਬਰ 1984 ਦੀ ਨਸਲਕੁਸ਼ੀ ਦੁਹਰਾਉਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ‘ਹੇਟ ਟੈਰਰਿਜ਼ਮ’ (ਨਫਰਤੀ ਅਤਿਵਾਦ) ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਨਫਰਤੀ ਅਪਰਾਧ ਕਰਨ ਵਾਲਿਆਂ ਖਿਲਾਫ ਦੇਸ਼ਧ੍ਰੋਹ ਦਾ ਕੇਸ ਦਰਜ ਕਰੇ। ਉਨ੍ਹਾਂ



ਮੁੜ ਕਿਹਾ ਕਿ ਇਸ ਘਟਨਾਕ੍ਰਮ ਨਾਲ ਸਿੱਖ ਕੌਮ ਦਾ ਕੋਈ ਸਬੰਧ ਨਹੀਂ ਹੈ। ਇਹ ਭਾਜਪਾ ਅਤੇ ਕਾਂਗਰਸ ਦੋਵੇਂ ਸਰਕਾਰਾਂ ਦਾ ਆਪਸੀ ਮਾਮਲਾ ਹੈ। ਇਸ ਵਿਚ ਸਿੱਖਾਂ ਨੂੰ ਬੇਲੋੜਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਦੌਰਾਨ ਵਾਪਰੇ ਘਟਨਾਕ੍ਰਮ ਮਗਰੋਂ ਸਿੱਖਾਂ ਨੂੰ ਸੋਸ਼ਲ ਮੀਡੀਆ ’ਤੇ ਨਫਰਤੀ ਟਿੱਪਣੀਆਂ ਰਾਹੀਂ ਨਿਸ਼ਾਨਾ ਬਣਾਉਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਦੇਸ਼ ਦੇ ਹਿੱਤ ਵਿਚ ਨਹੀਂ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਪ੍ਰਧਾਨ ਮੰਤਰੀ ਨੂੰ ਵੀ ਪੱਤਰ ਭੇਜਿਆ ਜਾਵੇਗਾ। ਇਕ ਬਿਆਨ ਰਾਹੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਦੌਰਾਨ ਵਾਪਰੀ ਘਟਨਾ ਸਰਕਾਰਾਂ ਤੇ ਸੁਰੱਖਿਆ ਏਜੰਸੀਆਂ ਦੀ ਨਾਕਾਮੀ ਹੋ ਸਕਦੀ ਹੈ ਪਰ ਇਸ ਮਾਮਲੇ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਉਣਾ ਉਚਿਤ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਦੇ ਕੁਝ ਆਗੂਆਂ ਵੱਲੋਂ ਸਿੱਖਾਂ ਨੂੰ 1984 ਤੋਂ ਵੀ ਭਿਆਨਕ ਨਤੀਜਿਆਂ ਦੀ ਗੱਲ ਆਖੀ ਜਾ ਰਹੀ ਹੈ, ਅਜਿਹਾ ਕਹਿ ਕੇ ਸਿੱਖਾਂ ਦੇ ਜਜ਼ਬਾਤਾਂ ਨਾਲ ਖੇਡਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸਮੇਤ ਹੋਰ ਉੱਚ ਆਗੂਆਂ ਦੀ ਸੁਰੱਖਿਆ ਲਈ ਸਬੰਧਤ ਏਜੰਸੀਆਂ ਤੇ ਸੁਰੱਖਿਆ ਬਲ ਜ਼ਿੰਮੇਵਾਰ ਹੁੰਦੇ ਹਨ ਅਤੇ ਇਹ ਮਾਮਲਾ ਕੇਵਲ ਸਰਕਾਰਾਂ ਤੱਕ ਹੀ ਰਹਿਣਾ ਚਾਹੀਦਾ ਹੈ। ਕਮੇਟੀ ਪ੍ਰਧਾਨ ਨੇ ਮੰਗ ਕੀਤੀ ਕਿ ਜਿਹੜੇ ਲੋਕ ਇਸ ਮਾਮਲੇ ਨਾਲ ਜੋੜ ਕੇ ਸਿੱਖ ਕੌਮ ਦਾ ਅਕਸ ਖਰਾਬ ਕਰ ਰਹੇ ਹਨ ਅਤੇ ਨਫਰਤ ਫੈਲਾ ਰਹੇ ਹਨ, ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ’ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਦੇਸ਼ ਦੀ ਸ਼ਾਂਤੀ ਤੇ ਸਦਭਾਵਨਾ ਨੂੰ ਭੰਗ ਕਰਨ ਵਾਲੇ ਵਰਤਾਰੇ ਖਿਲਾਫ ਸਖਤ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ।

# ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ ਜਲੌਅ ਸਜਾਏ

**ਅੰਮ੍ਰਿਤਸਰ:** ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਇਥੇ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸੁੰਦਰ ਜਲੌਅ ਸਜਾਏ ਗਏ ਅਤੇ ਦੀਪਮਾਲਾ ਵੀ ਕੀਤੀ ਗਈ।

ਕੈਲੰਡਰ ਵਿਵਾਦ ਕਾਰਨ ਇਸ ਵਰ੍ਹੇ ਇਹ ਪ੍ਰਕਾਸ਼ ਪੁਰਬ ਦੋ ਵਾਰ ਮਨਾਇਆ ਜਾਵੇਗਾ। ਗੁਰਪੁਰਬ ਮੌਕੇ ਵੱਡੀ ਗਿਣਤੀ ਵਿਚ ਸੰਗਤ ਨੇ ਦਰਬਾਰ ਸਾਹਿਬ ਮੱਥਾ ਟੇਕਿਆ ਅਤੇ ਕੀਰਤਨ ਸਰਵਣ ਕੀਤਾ। ਪ੍ਰਕਾਸ਼ ਦਿਹਾੜੇ ਮੌਕੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਬਾਬਾ ਅਟੱਲ ਰਾਏ ਵਿਖੇ ਸੁੰਦਰ ਜਲੌਅ ਸਜਾਏ ਗਏ। ਗੁਰਪੁਰਬ ਦੇ ਮੱਦੇਨਜ਼ਰ ਸੰਗਤ ਸੁਵਖਤੇ ਹੀ ਦਰਬਾਰ ਸਾਹਿਬ ਪੁੱਜਣੀ ਸ਼ੁਰੂ ਹੋ ਗਈ ਸੀ ਅਤੇ ਸਾਰਾ ਦਿਨ ਸੰਗਤ ਦੀ ਆਮਦ ਨਿਰੰਤਰ ਬਣੀ ਰਹੀ।

ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ। ਹਜ਼ੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ ਅਤੇ ਹੁਕਮਨਾਮਾ ਕਥਾਵਾਚਕ ਭਾਈ ਹਰਮਿੱਤਰ ਸਿੰਘ ਨੇ ਲਿਆ।



ਇਥੇ ਸਾਰਾ ਦਿਨ ਹੀ ਸਜੇ ਧਾਰਮਿਕ ਦੀਵਾਨ ਵਿਚ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕਾਂ ਤੇ ਪੰਥਕ ਕਵੀਆਂ ਨੇ ਗੁਰਬਾਣੀ ਅਤੇ ਗੁਰ ਇਤਿਹਾਸ ਸਰਵਣ ਕਰਾਇਆ। ਸ਼ਾਮ ਵੇਲੇ ਦੀਪਮਾਲਾ ਕੀਤੀ ਗਈ ਅਤੇ ਆਤਿਸ਼ਬਾਜ਼ੀ ਵੀ ਚਲਾਈ ਗਈ।

ਗੁਰੂ ਗੋਬਿੰਦ ਸਿੰਘ ਦਾ ਅਵਤਾਰ ਪੁਰਬ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਪੂਰਨ ਸ਼ਰਧਾ ਨਾਲ ਮਨਾਇਆ ਗਿਆ। ਅਵਤਾਰ ਦਿਹਾੜੇ ਸਬੰਧੀ ਇਤਿਹਾਸਕ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਵਿਚ ਪ੍ਰਕਾਸ਼ ਕੀਤੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਦਮਦਮਾ ਸਾਹਿਬ ਦੇ ਗਿਆਨੀ ਹਰਪ੍ਰੀਤ ਸਿੰਘ ਦੀ ਗੈਰਹਾਜ਼ਰੀ ਵਿਚ ਮੁੱਖ ਗ੍ਰੰਥੀ ਭਾਈ ਗੁਰਜੰਟ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਸੰਗਤ ਨੂੰ ਨਸ਼ਿਆਂ ਤੇ ਪਤਿਤਪੁਣੇ ਦਾ ਤਿਆਗ ਕਰਕੇ ਸ਼ਬਦ ਗੁਰੂ ਦੇ ਲੜ ਲੱਗਣ ਦੀ ਅਪੀਲ ਕੀਤੀ। ਦੱਸਣਯੋਗ ਹੈ ਕਿ ਕੈਲੰਡਰ ਵਿਵਾਦ ਕਾਰਨ ਇਸ ਵਾਰ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਸਾਲ ਵਿਚ ਦੋ ਵਾਰ ਮਨਾਇਆ ਜਾਵੇਗਾ। ਇਕ ਵਾਰ 9 ਜਨਵਰੀ ਨੂੰ ਮਨਾਇਆ ਗਿਆ ਹੈ ਅਤੇ ਦੂਜੀ ਵਾਰ 29 ਦਸੰਬਰ ਨੂੰ ਮਨਾਇਆ ਜਾਵੇਗਾ। ਅਜਿਹਾ ਨਾਨਕਸ਼ਾਹੀ ਕੈਲੰਡਰ ਵਿਚ ਕੀਤੀ ਸੋਧ ਮਗਰੋਂ ਹੋ ਰਿਹਾ ਹੈ।

# ਕਿਸਾਨਾਂ ਨੇ ਕੈਪਟਨ ਅਮਰਿੰਦਰ ਨੂੰ ਦਿਖਾਈਆਂ ਕਾਲੀਆਂ ਝੰਡੀਆਂ

**ਸਮਾਣਾ:** ਕੈਪਟਨ ਅਮਰਿੰਦਰ ਸਿੰਘ ਦੀ ਸਮਾਣਾ ਫੇਰੀ ਦੌਰਾਨ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਜਸਵੀਰ ਸਿੰਘ ਦੀ ਅਗਵਾਈ ਹੇਠ ਕਿਸਾਨਾਂ ਨੇ ਉਨ੍ਹਾਂ ਨੂੰ ਕਾਲੀਆਂ ਝੰਡੀਆਂ ਦਿਖਾਈਆਂ। ਕਿਸਾਨਾਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਉਸ



ਭਾਜਪਾ ਨਾਲ ਗੱਠਜੋੜ ਕਰਕੇ ਮਾੜੀ ਗੱਲ ਕੀਤੀ ਹੈ ਜਿਸ ਨੇ ਪਹਿਲਾਂ ਖੇਤੀ ਕਾਨੂੰਨ ਲਿਆਂਦੇ ਜਿਸ ਕਾਰਨ 700 ਤੋਂ ਵੱਧ ਕਿਸਾਨਾਂ ਨੂੰ ਆਪਣੀਆਂ ਜਾਨਾਂ ਗੁਆਉਣੀਆਂ ਪਈਆਂ।

ਇਸ ਲਈ ਕੈਪਟਨ ਦਾ ਵਿਰੋਧ ਜਾਰੀ ਰਹੇਗਾ। ਪੰਜਾਬ ਲੋਕ ਕਾਂਗਰਸ ਪਾਰਟੀ ਬਣਾਉਣ ਵਾਲੇ ਕੈਪਟਨ ਅਮਰਿੰਦਰ ਸਿੰਘ ਸਮਾਣਾ ਵਿਚ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਦੇ ਰਾਜਸੀ ਸਕੱਤਰ ਰਹੇ ਸੁਰਿੰਦਰ ਸਿੰਘ ਖੇੜਕੀ ਨੂੰ ਪਾਰਟੀ ਵਿਚ ਸ਼ਾਮਲ ਕਰਨ ਇਥੇ ਆਏ ਸਨ। ਇਥੇ ਸਮਾਗਮ ਨੂੰ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਆਪਣੇ ਕਾਰਜਕਾਲ ਦੌਰਾਨ ਸੂਬੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਲੱਖਾਂ ਦੀ ਗਿਣਤੀ ’ਚ ਨੌਕਰੀਆਂ ਦਿੱਤੀਆਂ ਅਤੇ ਨਸ਼ਿਆਂ ਨੂੰ ਠੱਲ੍ਹਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਨਸ਼ਾ ਤਸਕਰਾਂ ਨੂੰ ਜੇਲ੍ਹਾਂ ’ਚ ਬੰਦ ਕੀਤਾ। ਮੌਜੂਦਾ ਸਰਕਾਰ ਨੇ ਸੂਬੇ ਵਿਚ ਨਸ਼ਿਆਂ ਦੀ ਸਥਿਤੀ ਮੁੜ ਪਹਿਲਾਂ ਵਾਂਗ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਇਕ ਸਰਹੱਦੀ ਸੂਬਾ ਹੈ ਤੇ ਸਰਹੱਦੀ ਸੂਬੇ ਨੂੰ ਕਈ ਤਰ੍ਹਾਂ ਦੇ ਨੁਕਸਾਨ ਝੱਲਣੇ ਪੈਂਦੇ ਹਨ, ਜਿਸ ਨੂੰ ਵੇਖਦਿਆਂ ਕੇਂਦਰ ਸਰਕਾਰ ਵੱਲੋਂ ਬੀ.ਐਸ.ਐਫ. ਦਾ ਖੇਤਰ ਵਧਾਉਣਾ ਜਾਇਜ਼ ਹੈ। ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਦੌਰੇ ਦੌਰਾਨ ਉਨ੍ਹਾਂ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਵਿਚ ਅਸਫਲ ਰਹਿਣ ਦੇ ਮੁੱਦੇ ’ਤੇ ਪੰਜਾਬ ਸਰਕਾਰ ਨੂੰ ਦੋਸ਼ੀ ਕਰਾਰ ਦਿੰਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਕਾਇਰ ਅਤੇ ਡਰਪੋਕ ਦੱਸਿਆ।

ਪੰਜਾਬ ਟਾਈਮਜ਼

*ਸਨਿਚਰਵਾਰ, 15 ਜਨਵਰੀ 2022*

## ਚੋਣ ਸਿਆਸਤ ਦੇ ਰੰਗ

ਪੰਜਾਬ ਸਮੇਤ ਪੰਜ ਸੂਬਿਆਂ ਅੰਦਰ ਵਿਧਾਨ ਸਭਾ ਚੋਣਾਂ ਦਾ ਐਲਾਨ ਹੋ ਗਿਆ ਹੈ। ਪੰਜਾਬ ਤੋਂ ਇਲਾਵਾ ਉਤਰ ਪ੍ਰਦੇਸ਼, ਉਤਰਾਖੰਡ, ਗੋਆ ਅਤੇ ਮਨੀਪੁਰ ਵਿਚ ਇਹ ਚੋਣਾਂ ਕਰਵਾਈਆਂ ਜਾ ਰਹੀਆਂ। ਇਹ ਚੋਣਾਂ ਵੱਖ-ਵੱਖ ਪੜਾਵਾਂ ਤਹਿਤ ਹੋਣਗੀਆਂ ਅਤੇ ਨਤੀਜੇ 10 ਮਾਰਚ ਨੂੰ ਐਲਾਨੇ ਜਾਣਗੇ। ਕੁਝ ਸਿਆਸੀ ਨੁਕਤਾ-ਨਿਗ੍ਹਾ ਤੋਂ ਚੋਣ ਵਿਸ਼ਲੇਸ਼ਕਾਂ ਦਾ ਵਧੇਰੇ ਧਿਆਨ ਉਤਰ ਪ੍ਰਦੇਸ਼ ਅਤੇ ਪੰਜਾਬ ਦੀਆਂ ਚੋਣਾਂ 'ਤੇ ਹੈ। ਪੰਜਾਬ ਵਿਚ ਇਸ ਵਕਤ ਜੋ ਸਿਆਸੀ ਭੰਬਲਭੂਸਾ ਦਿਖਾਈ ਦੇ ਰਿਹਾ ਹੈ, ਉਸ ਤੋਂ ਜਾਪਦਾ ਨਹੀਂ ਕਿ ਐਤਕੀਂ ਚੋਣਾਂ ਵਿਚ ਕਿਸੇ ਇਕ ਧਿਰ ਨੂੰ ਬਹੁਮਤ ਹਾਸਲ ਹੋਵੇਗੀ। ਪੰਜਾਬ ਵਿਚ ਲੱਖ ਸਿਆਸੀ ਪਛਾੜਾਂ ਦੇ ਬਾਵਜੂਦ, ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਪੂਰਾ ਤਾਣ ਲਾ ਰਹੀ ਹੈ। ਵੱਖ-ਵੱਖ ਪਾਰਟੀਆਂ ਦੇ ਵੱਡੇ-ਛੋਟੇ ਆਗੂ ਪਾਰਟੀ ਵਿਚ ਸ਼ਾਮਿਲ ਹੋ ਰਹੇ ਹਨ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਰਾਜ ਸਭਾ ਮੈਂਬਰ ਤੇ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋਏ ਸੀਨੀਅਰ ਅਕਾਲੀ ਨੇਤਾ ਸੁਖਦੇਵ ਸਿੰਘ ਢੀਂਡਸਾ ਪਹਿਲਾਂ ਹੀ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਤਹਿਤ ਚੋਣ ਲੜਨ ਬਾਰੇ ਐਲਾਨ ਕਰ ਚੁੱਕੇ ਹਨ। ਹੁਣ ਇਨ੍ਹਾਂ ਵਿਚਕਾਰ ਬੱਸ ਰਸਮੀ ਜਿਹੀ ਸੀਟ ਵੰਡ ਹੋਣੀ ਬਾਕੀ ਰਹਿੰਦੀ ਹੈ। ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸੁਰਜੀਤ ਜਿਆਣੀ ਦਾ ਡੇਰਾ ਪ੍ਰੇਮੀ ਹੋਣ ਬਾਰੇ ਬਿਆਨ ਆ ਗਿਆ ਹੈ। ਸਾਫ ਜ਼ਾਹਿਰ ਹੈ ਕਿ ਡੇਰਾ ਸਿਰਸਾ ਨਾਲ ਜੁੜੀਆਂ ਵੋਟਾਂ ਹਾਸਲ ਕਰਨ ਲਈ ਪਾਰਟੀ ਨੇ ਆਪਣੀ ਮਸ਼ੀਨਰੀ ਤੇਜ਼ ਕਰ ਦਿੱਤੀ ਹੈ। ਪਹਿਲਾਂ ਇਹ ਵੋਟਾਂ ਅਕਾਲੀ ਦਲ ਅਤੇ ਕਾਂਗਰਸ ਨੂੰ ਵੀ ਪੈਂਦੀਆਂ ਰਹੀਆਂ ਹਨ।

ਇਸੇ ਦੌਰਾਨ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਿਲ ਕੁਝ ਕਿਸਾਨ ਜਥੇਬੰਦੀਆਂ ਨੇ ਸੰਯੁਕਤ ਸਮਾਜ ਮੋਰਚਾ ਬਣਾ ਕੇ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਹੋਇਆ ਹੈ। ਇਹ ਜਥੇਬੰਦੀਆਂ ਸੀਨੀਅਰ ਆਗੂ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠ ਇਕੱਠੀਆਂ ਹੋਈਆਂ ਹਨ। ਇਹ ਖਬਰਾਂ ਵੀ ਹਨ ਕਿ ਅਗਵਾਈ ਦੇ ਮਾਮਲੇ 'ਤੇ ਸੰਯੁਕਤ ਸਮਾਜ ਮੋਰਚੇ ਵਿਚ ਸ਼ਾਮਿਲ ਧਿਰਾਂ ਇਕਮਤ ਨਹੀਂ। ਉਂਝ, ਇਸ ਧਿਰ ਦੇ ਚੋਣ ਪਿੜ ਵਿਚ ਉਤਰਨ ਨਾਲ ਚੋਣ ਮੈਦਾਨ ਵਿਚ ਨਵੇਂ ਸਿਰਿਓਂ ਸਫਬੰਦੀ ਦੀ ਗੁੰਜਾਇਸ਼ ਬਣ ਗਈ ਹੈ। ਹੁਣ ਮੁਕਾਬਲ ਤਿਕੋਣੇ ਦੀ ਥਾਂ ਚਹੁੰ-ਕੋਣੇ ਬਣਨ ਦੇ ਆਸਾਰ ਹਨ। ਇਸ ਮੋਰਚੇ ਨੇ ਭਾਵੇਂ ਸਾਰੀਆਂ ਦੀਆਂ ਸਾਰੀਆਂ ਸੀਟਾਂ ਤੋਂ ਚੋਣ ਲੜਨ ਬਾਰੇ ਐਲਾਨ ਕੀਤਾ ਹੈ ਪਰ ਕਾਮਯਾਬੀ ਬਾਰੇ ਅਜੇ ਕੁਝ ਵੀ ਸਪਸ਼ਟ ਨਹੀਂ। ਚੋਣ ਵਿਸ਼ਲੇਸ਼ਕਾਂ ਦਾ ਆਖਣਾ ਹੈ ਕਿ ਸੰਘਰਸ਼ ਲੜਨਾ ਅਤੇ ਚੋਣਾਂ ਲੜਨਾ ਤੇ ਜਿੱਤਣਾ ਦੋ ਵੱਖਰੀਆਂ-ਵੱਖਰੀਆਂ ਗੱਲਾਂ ਹਨ। ਉਂਝ ਵੀ ਜਿਸ ਢੰਗ-ਤਰੀਕੇ ਵੋਟਾਂ ਪੈਂਦੀਆਂ ਹਨ, ਉਸ ਤੋਂ ਵੀ ਜ਼ਾਹਿਰ ਹੈ ਕਿ ਸੰਯੁਕਤ ਸਮਾਜ ਮੋਰਚਾ ਸ਼ਾਇਦ ਵੱਡੀ ਹਾਜ਼ਰੀ ਨਾ ਲਗਾ ਸਕੇ ਪਰ ਇਹ ਪੰਜਾਬ ਨਾਲ ਜੁੜੇ ਮੁੱਦਿਆਂ ਉਤੇ ਧਿਆਨ ਜ਼ਰੂਰ ਕੇਂਦਰਤ ਕਰ ਸਕਦਾ ਹੈ। ਅਜੇ ਤੱਕ ਕਿਸੇ ਵੀ ਧਿਰ ਨੇ ਪੰਜਾਬ ਦੇ ਅਸਲ ਮੁੱਦਿਆਂ ਵੱਲ ਉਕਾ ਹੀ ਧਿਆਨ ਨਹੀਂ ਦਿੱਤਾ ਹੈ। ਸਾਰਿਆਂ ਦੀ ਦੌੜ ਵੋਟਰਾਂ ਨੂੰ ਭਰਮਾਊ ਦਾਅਵਿਆਂ ਅਤੇ ਵਾਅਦਿਆਂ ਨਾਲ ਆਪਣੇ ਵੱਲ ਕਰਨ ਦੀ ਹੀ ਲੱਗੀ ਹੋਈ ਹੈ।

ਉਤਰ ਪ੍ਰਦੇਸ਼ ਜਿਥੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ, ਨੂੰ ਚੋਣ ਅਤੇ ਸਿਆਸੀ ਵਿਸ਼ਲੇਸ਼ਕ ਵੱਧ ਵਜ਼ਨ ਦੇ ਰਹੇ ਹਨ। ਭਾਰਤੀ ਜਨਤਾ ਪਾਰਟੀ ਦਾ ਇਸ ਸੂਬੇ ਅੰਦਰ ਵਾਹਵਾ ਜ਼ੋਰ ਲੱਗਿਆ ਹੋਇਆ ਹੈ। ਅਸਲ ਵਿਚ ਭਾਰਤੀ ਜਨਤਾ ਪਾਰਟੀ ਉਤਰ ਪ੍ਰਦੇਸ਼ ਦੀ ਵਿਧਾਨ ਸਭਾ ਚੋਣਾਂ ਹਰ ਹੀਲੇ ਜਿੱਤਣਾ ਚਾਹੁੰਦੀ, ਭਾਵੇਂ ਹਵਾ ਦਾ ਰੁਖ ਫਿਲਹਾਲ ਕਨਸੋਆਂ ਦੇ ਰਿਹਾ ਹੈ ਕਿ ਉਥੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਦੀ ਸਮਾਜਵਾਦੀ ਪਾਰਟੀ ਚੋਣ ਦੌੜ ਸਭ ਤੋਂ ਅੱਗੇ ਚੱਲ ਰਹੀ ਹੈ। ਹੁਣ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਇਕ ਮੰਤਰੀ ਦੇ ਅਸਤੀਫੇ ਅਤੇ ਕੁਝ ਵਿਧਾਇਕਾਂ ਵੱਲੋਂ ਇਸ ਮੰਤਰੀ ਦਾ ਸਾਥ ਦੇਣ ਦੇ ਮਾਮਲੇ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੂੰ ਤਕੜਾ ਸਿਆਸੀ ਝਟਕਾ ਲੱਗਿਆ ਹੈ। ਕਿਆਸ-ਆਰਾਈਆਂ ਇਹ ਵੀ ਹਨ ਕਿ ਇਹ ਬਗਾਵਤ ਆਉਣ ਵਾਲੇ ਦਿਨਾਂ ਵਿਚ ਹੋਰ ਤਿੱਖੀ ਹੋਵੇਗੀ, ਕਿਉਂਕਿ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦਾ ਵਿਰੋਧ ਕਾਫੀ ਤਿੱਖਾ ਹੋ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵੀ ਉਤਰ ਪ੍ਰਦੇਸ਼ ਚੋਣਾਂ ਯੋਗੀ ਆਦਿੱਤਿਆਨਾਥ ਦੀ ਥਾਂ ਕਿਸੇ ਹੋਰ ਆਗੂ ਦੀ ਅਗਵਾਈ ਹੇਠ ਲੜਨ ਦੀ ਇੱਛੁਕ ਸੀ ਪਰ ਪਾਰਟੀ ਅੰਦਰਲੀਆਂ ਸਿਆਸੀ ਸਮੀਕਰਨਾਂ ਕਾਰਨ ਯੋਗੀ ਆਦਿੱਤਿਆਨਾਥ ਨੂੰ ਗੱਦੀ ਤੋਂ ਲਾਂਭੇ ਨਹੀਂ ਕੀਤਾ ਗਿਆ। ਹੁਣ ਜਿਸ ਢੰਗ ਨਾਲ ਤਾਕਤ ਦਾ ਤਵਾਜ਼ਨ ਅਖਿਲੇਸ਼ ਯਾਦਵ ਦੁਆਲੇ ਇਕੱਠਾ ਹੋ ਰਿਹਾ ਹੈ ਤਾਂ ਇਹ ਸੰਭਵ ਹੈ ਕਿ ਉਤਰ ਪ੍ਰਦੇਸ਼ ਵਿਚ ਨਤੀਜੇ ਭਾਰਤੀ ਜਨਤਾ ਪਾਰਟੀ ਦੀ ਇੱਛਾ ਮੁਤਾਬਿਕ ਨਾ ਆਉਣ। ਦਿੱਲੀ ਦੇ ਬਾਰਡਰਾਂ ਉਤੇ ਸਾਲ ਭਰ ਚੱਲੇ ਅੰਦੋਲਨ ਨੇ ਪੰਜਾਬ ਤੋਂ ਇਲਾਵਾ ਉਤਰ ਪ੍ਰਦੇਸ਼ ਦੀ ਸਿਆਸਤ ਉਤੇ ਵੀ ਭਰਵਾਂ ਅਸਰ ਪਾਇਆ ਹੈ, ਖਾਸਕਰ ਉਤਰ ਪ੍ਰਦੇਸ਼ ਦੇ ਪੱਛਮੀ ਇਲਾਕਿਆਂ ਵਿਚ ਕਿਸਾਨ ਅੰਦੋਲਨ ਕਾਰਨ ਭਾਰਤੀ ਜਨਤਾ ਪਾਰਟੀ ਨੂੰ ਨਮੋਸ਼ੀ ਝਾਗਣੀ ਪੈ ਰਹੀ ਹੈ। ਸਭ ਤੋਂ ਵੱਡੀ ਗੱਲ, ਇਨ੍ਹਾਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਅਜੇ ਤੱਕ ਵੋਟਰਾਂ ਦਾ ਧਰੁਵੀਕਰਨ ਕਰਨ ਵਿਚ ਨਾਕਾਮ ਰਹੀ ਹੈ। ਧਰੁਵੀਕਰਨ ਦੀ ਸਿਆਸਤ ਰਾਹੀਂ ਭਾਰਤੀ ਜਨਤਾ ਪਾਰਟੀ ਕਈ ਸੂਬਿਆਂ ਵਿਚ ਜਿੱਤਾਂ ਹਾਸਲ ਕਰਦੀ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਪੰਜਾਬ ਫੇਰੀ ਮੌਕੇ ਜਿਸ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ, ਉਹ ਸਭ ਧਰੁਵੀਕਰਨ ਦੀ ਸਿਆਸਤ ਦਾ ਹੀ ਹਿੱਸਾ ਸੀ। ਇਸ ਕਵਾਇਦ ਦਾ ਧਰੁਵੀਕਰਨ ਲਈ ਅਸਰ ਤਾਂ ਪਿਆ ਹੈ ਪਰ ਓਨਾ ਨਹੀਂ ਜਿੰਨਾ ਭਾਰਤੀ ਜਨਤਾ ਪਾਰਟੀ ਨੂੰ ਜਿੱਤ ਲਈ ਚਾਹੀਦਾ ਹੈ। ਆਸ ਕਰਨੀ ਚਾਹੀਦੀ ਹੈ ਕਿ ਦੂਜੀਆਂ ਸਿਆਸੀ ਧਿਰਾਂ ਭਾਰਤੀ ਜਨਤਾ ਪਾਰਟੀ ਨੂੰ ਐਤਕੀਂ ਅਜਿਹੀ ਸਿਆਸਤ ਲਈ ਕੋਈ ਮੌਕਾ ਨਹੀਂ ਦੇਣਗੀਆਂ। ਇਸ ਪੱਖ ਤੋਂ ਫਿਰ ਇਹ ਚੋਣਾਂ ਪੂਰੇ ਮੁਲਕ ਲਈ ਬਹੁਤ ਮਹੱਤਵਪੂਰਨ ਹੋਣਗੀਆਂ। ਇਸ ਨਾਲ ਫਿਰ 2024 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਪਿੜ ਬੱਝੇਗਾ, ਭਾਰਤੀ ਜਨਤਾ ਪਾਰਟੀ ਦੀ ਸੌੜੀ ਤੇ ਫਿਰਕੂ ਸਿਆਸਤ ਨੂੰ ਠੱਲ੍ਹ ਵੀ ਪਵੇਗੀ ਅਤੇ ਆਮ ਲੋਕਾਈ ਨੂੰ ਸੁਖ ਦਾ ਸਾਹ ਵੀ ਆਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਖਤਰਾ ਕੁਰਸੀਆਂ ਤੋਂ?

ਪੰਜ ਰਾਜਾਂ ਵਿਚ ਚੋਣ-ਭੁਚਾਲ਼ ਆਇਆ, ਵੋਟਾਂ ਵਾਸਤੇ ਮਚੀ ਐ 'ਜੰਗ' ਦੇਖੋ।
ਵਰਖਾ ਖੂਬ ਹੋ ਰਹੀ ਵਾਅਦਿਆਂ ਦੀ, ਵੱਖੋ ਵੱਖਰੇ ਚੜ੍ਹੇ ਨੇ 'ਰੰਗ' ਦੇਖੋ।
ਵਿਚ ਸਿਆਸਤ ਦੇ ਏਨਾ ਨਿਘਾਰ ਆਇਆ, ਦੁਨੀਆ ਦੇਖ ਕੇ ਹੋ ਰਹੀ ਦੰਗ ਦੇਖੋ।
ਬੋਲਣ ਲੱਗਿਆਂ ਰੱਤੀ ਵੀ ਸੋਚਦੇ ਨਾ, ਵਾਂਗੂੰ ਨਾਗਾਂ ਦੇ ਮਾਰਦੇ 'ਡੰਗ' ਦੇਖੋ।
ਹਾਲ ਦੇਖ ਕੇ ਭੋਰਾ ਨਾ ਤਰਸ ਕਰਦੇ, ਦੁਖੀ ਲੋਕਾਂ ਦੀਆਂ ਤੰਗੀਆਂ ਤੁਰਸ਼ੀਆਂ ਤੋਂ।
ਖਤਰਾ ਜਾਪਦਾ 'ਵੱਡਿਆਂ ਲੀਡਰਾਂ' ਨੂੰ, ਖਾਲੀ ਦੇਖ ਕੇ ਰੈਲੀ ਵਿਚ ਕੁਰਸੀਆਂ ਤੋਂ!

# ਅੱਜ ਦਾ ਪੰਜਾਬ ਤੇ 'ਸਾਡੀਆਂ ਬੇਚੈਨੀਆਂ ਦਾ ਸਿਆਲ'

***ਪੰਜਾਬ ਵਿਚ ਵਿਧਾਨ ਸਭਾ ਚੋਣਾਂ ਦਾ ਐਲਾਨ ਹੋ ਗਿਆ ਹੈ, ਇਸ ਦੇ ਨਾਲ ਹੀ ਸਮੁੱਚੇ ਸੂਬੇ ਅੰਦਰ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਇਹ ਵੱਖਰੀ ਗੱਲ ਹੈ ਕਿ ਇਹ ਸਰਗਰਮੀਆਂ ਵੋਟਾਂ ਬਟੋਰਨ ਦੇ ਹਿਸਾਬ ਨਾਲ ਹੀ ਹੋ ਰਹੀਆਂ ਹਨ। ਇਸ ਚੋਣ ਸਿਆਸਤ ਵਿਚੋਂ ਅਜੇ ਤੱਕ ਸੂਬੇ ਦੇ ਅਸਲ ਮੁੱਦਿਆਂ ਬਾਰੇ ਕੋਈ ਚਰਚਾ ਤੱਕ ਨਹੀਂ ਹੋ ਰਹੀ। ਉਘੇ ਲੇਖਕ ਸਵਰਾਜਬੀਰ ਨੇ ਆਪਣੇ ਇਸ ਲੇਖ ਵਿਚ ਸੰਸਾਰ ਪ੍ਰਸਿੱਧ ਲੇਖਕ ਜੌਹਨ ਸਟੈਨਬੈਕ ਦੇ ਨਾਵਲ 'ਸਾਡੀਆਂ ਬੇਚੈਨੀਆਂ ਦਾ ਸਿਆਲ' ਦੇ ਹਵਾਲੇ ਨਾਲ ਉਸ ਬੇਵਸੀ ਦੀ ਗੱਲ ਕੀਤੀ ਹੈ ਜੋ ਮਿਸਾਲੀ ਕਿਸਾਨ ਅੰਦੋਲਨ ਜਿੱਤਣ ਦੇ ਬਾਵਜੂਦ ਪੰਜਾਬੀਆਂ ਅੰਦਰ ਦਿਸ ਰਹੀ ਹੈ।***

ਨੋਬੇਲ ਪੁਰਸਕਾਰ ਜੇਤੂ ਅਮਰੀਕੀ ਨਾਵਲਕਾਰ ਜੌਹਨ ਸਟੈਨਬੈਕ ਨੇ ਆਪਣਾ ਨਾਵਲ 'ਸਾਡੀਆਂ ਬੇਚੈਨੀਆਂ ਦਾ ਸਿਆਲ (ਵਿੰਟਰ ਆਫ ਅਵਰ ਡਿਸਕਾਂਟੈਂਟ)' 1961 ਵਿਚ ਪ੍ਰਕਾਸ਼ਿਤ ਕਰਾਇਆ। ਨਾਵਲ ਦਾ ਨਾਂ ਵਿਲੀਅਮ ਸ਼ੇਕਸਪੀਅਰ ਦੇ ਨਾਟਕ 'ਰਿਚਰਡ ਤੀਜਾ' ਦੀ ਇਕ ਪੰਕਤੀ 'ਤੇ ਆਧਾਰਿਤ ਸੀ। ਨਾਵਲ ਵਿਚ ਇਸ ਪੰਕਤੀ ਦੇ ਅਰਥ ਸ਼ੇਕਸਪੀਅਰ ਦੇ ਨਾਟਕ ਦੇ ਸੰਵਾਦ ਵਾਲੇ ਅਰਥਾਂ ਨਾਲ ਮੇਲ ਨਹੀਂ ਖਾਂਦੇ। ਸਟੈਨਬੈਕ ਦਾ ਨਾਵਲ ਦੂਸਰੀ ਆਲਮੀ ਜੰਗ ਤੋਂ ਬਾਅਦ ਦੇ ਅਮਰੀਕੀ ਬੰਦੇ ਦੀ ਨੈਤਿਕ ਦੁਚਿੱਤੀ, ਦੁਬਿਧਾ, ਮਾਨਸਿਕ ਕਸ਼ਮਕਸ਼, ਉਸ ਅੰਦਰਲੇ ਚੰਗੇ ਤੇ ਮਾੜੇ ਤੱਤਾਂ ਵਿਚਕਾਰ ਯੁੱਧ ਅਤੇ ਅਮਰੀਕੀ ਜੀਵਨ ਵਿਚ ਸਫਲਤਾ-ਅਸਫਲਤਾ ਦੇ ਅਰਥਾਂ ਤੇ ਬੇਚੈਨੀਆਂ ਨਾਲ ਜੁੜਿਆ ਹੋਇਆ ਹੈ। ਇਸ ਸਿਆਲ ਵਿਚ, ਇਸ ਵੇਲੇ, ਅਸੀਂ ਪੰਜਾਬੀ ਵੀ ਬੇਚੈਨ ਹਾਂ, ਪਰੇਸ਼ਾਨ ਹਾਂ; ਇਹ ਸਿਆਲ ਸਾਡੀ ਬੇਚੈਨੀ ਦਾ ਸਿਆਲ ਬਣ ਰਿਹਾ ਹੈ।

**ਸਵਰਾਜਬੀਰ**
**ਫੋਨ: +91-98560-02003**

ਕੋਈ ਇਹ ਦਲੀਲ ਦੇ ਸਕਦਾ ਹੈ ਕਿ ਪੰਜਾਬੀਆਂ ਨੂੰ ਬੇਚੈਨ ਹੋਣ ਦੀ ਕੀ ਜ਼ਰੂਰਤ ਹੈ; ਉਹ ਤਾਂ ਹੁਣੇ ਹੁਣੇ ਕਿਸਾਨ ਅੰਦੋਲਨ ਜਿੱਤ ਕੇ ਹਟੇ ਹਨ; ਉਨ੍ਹਾਂ ਨੇ ਉਸ ਤਾਕਤ ਨੂੰ ਭਾਂਜ ਦਿੱਤੀ ਹੈ ਜਿਹੜੀ ਇਹ ਸਮਝੀ ਬੈਠੀ ਸੀ ਕਿ ਭਾਂਜ ਦੇਣਾ ਤਾਂ ਵੱਡੀ ਗੱਲ, ਉਸ ਨੂੰ ਚੁਣੌਤੀ ਵੀ ਨਹੀਂ ਦਿੱਤੀ ਜਾ ਸਕਦੀ; ਪੰਜਾਬੀਆਂ ਨੂੰ ਖੁਸ਼ ਹੋਣਾ ਅਤੇ ਜਸ਼ਨ ਮਨਾਉਣੇ ਚਾਹੀਦੇ ਹਨ। ਪੰਜਾਬੀਆਂ ਨੇ ਕਿਸਾਨ ਅੰਦੋਲਨ ਦੀ ਜਿੱਤ 'ਤੇ ਗੌਰਵ ਮਹਿਸੂਸ ਕੀਤਾ ਅਤੇ ਉਸ ਦਾ ਜਸ਼ਨ ਮਨਾਇਆ ਹੈ, ਉਹ ਜਾਣਦੇ ਹਨ ਕਿ ਕਿਸਾਨ ਅੰਦੋਲਨ ਨੇ ਉਨ੍ਹਾਂ ਦਾ ਮਾਣ-ਸਨਮਾਨ ਸਾਰੀ ਦੁਨੀਆ ਵਿਚ ਵਧਾਇਆ ਹੈ ਪਰ ਇਸ ਜਿੱਤ ਦੇ ਕੁਝ ਦਿਨਾਂ ਬਾਅਦ ਪੰਜਾਬੀ ਫਿਰ ਫਿਕਰਮੰਦ ਹਨ।

ਕਿਸਾਨ ਅੰਦੋਲਨ ਦੀ ਜਿੱਤ ਨੈਤਿਕ ਜਿੱਤ ਸੀ ਪਰ ਅਸੀਂ ਅਨੈਤਿਕ ਸੰਸਾਰ ਵਿਚ ਰਹਿੰਦੇ ਹਾਂ; ਸਾਨੂੰ ਇਸ ਅਨੈਤਿਕ ਸੰਸਾਰ ਅਤੇ ਉਥਲ-ਪੁਥਲ ਹੋ ਰਹੇ ਪੰਜਾਬ ਵਿਚ ਇਹ ਸਿਆਲ ਵੀ ਬੇਚੈਨੀ 'ਚ ਹੀ ਜਿਊਣਾ ਪਵੇਗਾ ਅਤੇ ਆਉਣ ਵਾਲੀਆਂ ਗਰਮੀਆਂ ਅਤੇ ਆਉਣ ਵਾਲੇ ਸਿਆਲਾਂ ਵਿਚ ਵੀ। ਕਿਸਾਨ ਅੰਦੋਲਨ ਦੀ ਯਾਦ ਸਾਨੂੰ ਸਿਆਲਾਂ ਵਿਚ ਆਤਮਿਕ ਨਿੱਘ ਅਤੇ ਗਰਮੀਆਂ ਵਿਚ ਰੂਹਾਨੀ ਛਾਂ ਦਿੰਦੀ ਰਹੇਗੀ; ਹੋਰ ਸੰਘਰਸ਼ ਮਾਹੌਲ ਨੂੰ ਭਖਾਉਂਦੇ ਰਹਿਣਗੇ ਪਰ ਕਿਸਾਨ ਅੰਦੋਲਨ ਦੀ ਜਿੱਤ ਤੋਂ ਬਾਅਦ ਦੇ ਕੁਝ ਹਫਤਿਆਂ ਨੇ ਸਾਨੂੰ ਫਿਰ ਇਸ ਤਲਖ ਹਕੀਕਤ ਦੇ ਰੂ-ਬ-ਰੂ ਕੀਤਾ ਕਿ ਇਹ ਸੰਸਾਰ ਬੇਚੈਨੀਆਂ ਨਾਲ ਭਰਿਆ ਹੈ; ਇਸ ਤੋਂ ਕੋਈ ਛੁਟਕਾਰਾ ਨਹੀਂ। ਪੰਜਾਬੀ ਚਿੰਤਕ ਸਤਿਆਪਾਲ ਗੌਤਮ ਦੇ ਸ਼ਬਦ ਯਾਦ ਆਉਂਦੇ ਹਨ, "ਸਾਡੀ (ਇਕ) ਸੀਮਾ ਸਾਡੇ ਗਿਆਨ ਦਾ ਹਮੇਸ਼ਾ ਸੀਮਤ ਅਤੇ ਅਧੂਰੇ ਹੋਣਾ ਹੈ। ਅਸੀਂ ਕੁਦਰਤ ਅਤੇ ਆਪਣੇ ਆਲੇ-ਦੁਆਲੇ ਤੇ ਆਪਣੇ ਆਪ ਨੂੰ ਕਦੀ ਵੀ ਪੂਰਾ ਜਾਣ-ਸਮਝ ਨਹੀਂ ਸਕਦੇ।" ਬਿਲਕੁਲ ਅਸੀਂ ਆਪਣੇ ਆਪ ਨੂੰ ਪੂਰਾ ਜਾਣ-ਸਮਝ ਨਹੀਂ ਸਕਦੇ ਅਤੇ ਆਪਣੇ ਆਗੂਆਂ ਨੂੰ ਵੀ ਪੂਰੀ ਤਰ੍ਹਾਂ ਸਮਝ ਨਹੀਂ ਸਕਦੇ। ਅਸੀਂ ਕਿਸਾਨ ਅੰਦੋਲਨ ਦੇ ਆਗੂਆਂ ਦੇ ਆਦਰਸ਼ਮਈ ਅਕਸ ਬਣਾਏ ਸਨ। ਕਿਤੇ ਕਿਤੇ ਇਹ ਅਕਸ ਹੁਣ ਤਿੜਕ ਰਹੇ ਹਨ; ਸਾਡੇ ਅੰਦਰੋਂ ਕੁਝ ਤਿੜਕ ਰਿਹਾ ਹੈ; ਕਿਸਾਨ ਅੰਦੋਲਨ ਦੌਰਾਨ ਸਿਰਜਿਆ ਗਿਆ ਪੰਜਾਬ ਦਾ ਅਕਸ ਤਿੜਕ ਰਿਹਾ ਹੈ; ਬੇਚੈਨੀ ਦਾ ਇਹ ਸਿਆਲ ਸਾਡੇ ਸਾਹਮਣੇ ਹੈ।

ਕੀ ਇਸ ਟੁੱਟ-ਭੱਜ ਲਈ ਪੰਜਾਬੀ ਜ਼ਿੰਮੇਵਾਰ ਹਨ? ਨਹੀਂ, ਪੰਜਾਬੀ ਇਸ ਲਈ ਜ਼ਿੰਮੇਵਾਰ ਨਹੀਂ ਹਨ। ਪੰਜਾਬੀ ਰਵਾਇਤੀ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਆਗੂਆਂ ਦੀ ਕਾਰਗੁਜ਼ਾਰੀ ਦੇਖ ਚੁੱਕੇ ਸਨ; ਉਨ੍ਹਾਂ ਤੋਂ ਪੰਜਾਬੀਆਂ ਦਾ ਮੋਹ-ਭੰਗ ਹੋ ਚੁੱਕਾ ਸੀ; ਉਨ੍ਹਾਂ ਨੂੰ ਆਸ ਹੈ ਤਾਂ ਕਿਸਾਨ ਆਗੂਆਂ ਤੋਂ, ਕਿ ਉਹ ਪੰਜਾਬ ਲਈ ਅਰਥ-ਭਰਪੂਰ ਭਵਿੱਖ ਸਿਰਜਣਗੇ ਜਾਂ ਭਵਿੱਖ ਦਾ ਕੋਈ ਸੱਜਰਾ ਤੇ ਨਰੋਆ ਨਕਸ਼ਾ ਪੇਸ਼ ਕਰਨਗੇ ਜਾਂ ਸਿਆਸੀ ਪਾਰਟੀਆਂ ਦੀਆਂ ਲੋਕ-ਵਿਰੋਧੀ ਅਤੇ ਪੰਜਾਬ-ਘਾਤੀ ਨੀਤੀਆਂ ਨੂੰ ਨਕੇਲ ਪਾ ਕੇ ਉਨ੍ਹਾਂ ਨੂੰ ਜਵਾਬਦੇਹ ਬਣਾਉਣਗੇ।

ਜੇ ਹਕੀਕੀ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਪੰਜਾਬ ਦਾ ਮਾਹੌਲ, ਜੇ ਅਫਰਾ-ਤਫਰੀ ਵਾਲਾ ਨਹੀਂ ਤਾਂ ਮਨ ਨੂੰ ਅਸ਼ਾਂਤ ਕਰਨ ਵਾਲਾ ਜ਼ਰੂਰ ਹੈ; ਨਸ਼ਿਆਂ ਦਾ ਫੈਲਾਉ ਅਜੇ ਤਕ ਨਹੀਂ ਰੁਕਿਆ; ਪੰਜਾਬੀ ਇਸ ਤੱਥ ਨਾਲ ਸਮਝੌਤਾ ਕਰ ਰਹੇ ਹਨ ਕਿ ਇਸ ਨੇ ਨਹੀਂ ਰੁਕਣਾ। ਬੇਰੁਜ਼ਗਾਰੀ ਅਤੇ ਰਿਸ਼ਵਤਖੋਰੀ ਸਿਖਰਾਂ 'ਤੇ ਹਨ। ਲੋਕ ਸਰਕਾਰੀ ਦਫਤਰਾਂ, ਥਾਣਿਆਂ ਵਿਚ ਧੱਕੇ ਖਾਂਦੇ, ਰਿਸ਼ਵਤਾਂ ਦਿੰਦੇ ਤੇ ਆਵਾਜ਼ਾਰ ਹੁੰਦੇ ਹਨ। ਸਿਹਤ ਤੇ ਵਿੱਦਿਆ ਖੇਤਰਾਂ ਦੇ ਪ੍ਰਬੰਧ ਕਮਜ਼ੋਰ ਤੇ ਜਰਜਰੇ ਹੋ ਚੁੱਕੇ ਹਨ; ਉਨ੍ਹਾਂ ਦੇ ਸੁਧਰਨ ਦੀ ਉਮੀਦ ਬਹੁਤ ਘੱਟ ਹੈ। ਸਿਆਸੀ ਪਾਰਟੀਆਂ ਨੇ ਪੰਜਾਬੀਆਂ ਨੂੰ ਵਿਕਾਊ ਅਤੇ ਮੁਫਤਖੋਰ ਸਮਝ ਕੇ ਲੋਕ-ਲੁਭਾਊ ਨਾਅਰਿਆਂ ਦੀਆਂ ਝੜੀਆਂ ਲਾ ਦਿੱਤੀਆਂ ਹਨ। ਇਨ੍ਹਾਂ ਹਾਲਾਤ ਵਿਚ ਪੰਜਾਬੀ ਬੰਦਾ ਆਪਣੇ ਹੋਣ-ਥੀਣ ਦੇ ਅਰਥ ਤਲਾਸ਼ਣਾ ਚਾਹੁੰਦਾ ਹੈ, ਆਤਮਿਕ ਸ਼ਾਂਤੀ ਚਾਹੁੰਦਾ ਹੈ; ਉਹ ਅਰਥ ਅਤੇ ਆਤਮਿਕ ਸ਼ਾਂਤੀ ਜੋ ਉਸ ਨੇ ਕਿਸਾਨ ਅੰਦੋਲਨ ਦੌਰਾਨ ਹਾਸਲ ਕੀਤੇ ਸਨ ਪਰ ਸਾਡੇ ਆਗੂਆਂ ਦੀਆਂ ਲਾਲਸਾਵਾਂ ਬਹੁਤ ਵਿਰਾਟ ਅਤੇ ਵੱਡੀਆਂ ਹਨ; ਉਹ ਸਾਨੂੰ ਇਹ ਕਹਿ ਰਹੀਆਂ ਹਨ ਕਿ ਜੋ ਤੁਸੀਂ ਕਿਸਾਨ ਅੰਦੋਲਨ ਦੌਰਾਨ ਹਾਸਲ ਕੀਤਾ ਸੀ, ਅਸੀਂ ਉਹ ਤੁਹਾਡੇ ਤੋਂ ਖੋਹ ਲੈਣਾ ਹੈ। ਪੰਜਾਬੀ ਉਸ ਸਮਾਜਿਕ, ਆਤਮਿਕ ਅਤੇ ਸਭਿਆਚਾਰਕ ਪੂੰਜੀ, ਜਿਹੜੀ ਉਨ੍ਹਾਂ ਨੇ ਕਿਸਾਨ ਅੰਦੋਲਨ ਦੌਰਾਨ ਕਮਾਈ ਸੀ, ਨੂੰ ਸਾਂਭ ਕੇ ਰੱਖਣਾ ਚਾਹੁੰਦੇ ਹਨ ਪਰ ਸਾਡੇ ਆਗੂ ਉਸ ਨੂੰ ਲੁੱਟਣ-ਲੁਟਾਉਣ 'ਤੇ ਤੁਲੇ ਹੋਏ ਹਨ।

ਮਨੁੱਖ ਗਲਤੀਆਂ ਕਰਦੇ ਅਤੇ ਉਨ੍ਹਾਂ ਦੇ ਨਤੀਜੇ ਭੁਗਤਦੇ ਹਨ। ਇਸ ਵੇਲੇ ਗਲਤੀਆਂ ਸਾਡੇ ਆਗੂ ਕਰ ਰਹੇ ਹਨ; ਉਹ ਆਗੂ ਜਿਨ੍ਹਾਂ ਨੇ ਕਿਸਾਨ ਅੰਦੋਲਨ ਦੌਰਾਨ ਅਪਾਰ ਸਿਆਣਪ ਦਿਖਾਈ; ਪੈਰ-ਪੈਰ 'ਤੇ ਅੰਦੋਲਨ ਨੂੰ ਬਿਖਰਨ ਤੋਂ ਬਚਾਇਆ; ਅੰਦੋਲਨ ਨੂੰ ਇਉਂ ਸਾਂਭਿਆ ਸੀ ਜਿਵੇਂ ਕੋਈ ਆਪਣੇ ਬੱਚੇ, ਜਿਗਰ ਦੇ ਟੁਕੜੇ ਨੂੰ ਸਾਂਭਦਾ ਹੈ। ਇਨ੍ਹਾਂ ਆਗੂਆਂ ਨੇ ਪੰਜਾਬ ਦੀ ਸਾਂਝ ਦੀ ਚਾਦਰ ਨੂੰ ਤੋਪੇ ਲਾਏ ਅਤੇ ਵਿਰਸੇ 'ਚੋਂ ਸੰਘਰਸ਼ ਦੇ ਸਿਤਾਰੇ ਲੱਭ ਕੇ ਉਸ ਚਾਦਰ 'ਤੇ ਜੜ੍ਹੇ ਸਨ, ਉਸ ਚਾਦਰ ਨੂੰ ਸਾਂਝੀਵਾਲਤਾ ਦੀ ਫੁਲਕਾਰੀ ਬਣਾ ਦਿੱਤਾ ਸੀ; ਉਹੀ ਆਗੂ ਹੁਣ ਹੋਰ ਰਾਹਾਂ 'ਤੇ ਤੁਰ ਪਏ ਹਨ।

ਕਿਸਾਨ ਅੰਦੋਲਨ ਨਾਲ ਡੂੰਘਾ ਵਾਸਤਾ ਰੱਖਣ ਵਾਲੇ ਉੱਘੇ ਅਰਥ ਸ਼ਾਸਤਰੀ ਅਤੁਲ ਸੂਦ ਨੇ ਇਕ ਗੱਲਬਾਤ ਦੌਰਾਨ ਕਿਹਾ ਸੀ, "ਪੰਜਾਬ ਦੇ ਸਭ ਵਰਗਾਂ ਦੇ ਲੋਕਾਂ ਦੀਆਂ ਮੰਗਾਂ ਬਾਰੇ ਚਾਰਟਰ ਬਣਾਉਣਾ ਚਾਹੀਦਾ ਹੈ ਜਿਹੜਾ ਨਾ ਸਿਰਫ ਕਿਸਾਨੀ ਬਾਰੇ ਸਗੋਂ ਪੰਜਾਬ ਦੇ ਸਮੂਹਿਕ ਭਵਿੱਖ ਅਤੇ ਲੋਕ-ਪੱਖੀ ਵਿਕਾਸ ਬਾਰੇ ਨਕਸ਼ਾ ਪੇਸ਼ ਕਰੇ; ਅਜਿਹਾ ਚਾਰਟਰ ਬਣਾਉਣਾ ਚੋਣਾਂ ਲਈ ਪਹਿਲੀ ਪਹਿਲਕਦਮੀ ਹੋ ਸਕਦਾ ਹੈ ਅਤੇ ਜਥੇਬੰਦੀਆਂ ਨੂੰ ਇਹ ਵਿਚਾਰਨ ਦੀ ਵੀ ਜ਼ਰੂਰਤ ਹੈ ਕਿ ਕੀ ਉਨ੍ਹਾਂ ਕੋਲ ਅਜਿਹਾ ਜਥੇਬੰਦਕ ਢਾਂਚਾ ਹੈ ਕਿ ਉਹ ਚੋਣਾਂ ਪ੍ਰਭਾਵਸ਼ਾਲੀ ਢੰਗ ਨਾਲ ਲੜ ਕੇ ਪੰਜਾਬ ਦੀ ਸਿਆਸਤ ਦੀ ਨੁਹਾਰ ਬਦਲ ਸਕਦੀਆਂ ਹਨ।"

ਪੰਜਾਬ ਦੀ ਦੁਬਿਧਾ ਬਾਰੇ ਗੱਲ ਚਿਰਾਂ ਦੀ ਚੱਲਦੀ ਹੈ। ਅੱਜ ਇਨ੍ਹਾਂ ਵਿਚਾਰਾਂ ਵਿਚਲਾ ਸੱਚ ਸਾਹਮਣੇ ਆ ਰਿਹਾ ਹੈ; ਪ੍ਰਤੱਖ ਦਿਖਾਈ ਦੇ ਰਿਹਾ ਹੈ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਚੋਣਾਂ ਵਿਚ ਅਜਿਹੀ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਨਹੀਂ ਦਿਖਾ ਸਕਦੀਆਂ ਜਿਹੜੀ ਪੰਜਾਬ ਦੀ ਸਿਆਸਤ ਦੀ ਨੁਹਾਰ ਬਦਲ ਦੇਵੇ; ਜਿਵੇਂ ਅਤੁਲ ਸੂਦ ਨੇ ਕਿਹਾ ਸੀ, "ਇਸ ਤੋਂ ਘੱਟ ਸਮਰੱਥਾ ਵਾਲਾ ਯਤਨ ਕਿਸਾਨ ਮੋਰਚੇ ਦੀ ਏਕਤਾ ਅਤੇ ਕਮਾਏ ਹੋਏ ਅਕਸ ਜੋ ਸਭ ਤੋਂ ਵਡਮੁੱਲੇ ਹਨ, ਲਈ ਨੁਕਸਾਨਦੇਹ ਹੋ ਸਕਦਾ ਹੈ।" ਅਜਿਹੇ ਹਾਲਾਤ ਵਿਚ ਕਿਸਾਨ ਜਥੇਬੰਦੀਆਂ ਜੋ ਚੋਣਾਂ ਵਿਚ ਹਿੱਸਾ ਲੈਣ ਦੀਆਂ ਚਾਹਵਾਨ ਹਨ, ਨੂੰ ਅਗਲਾ ਕਦਮ ਸੋਚ-ਸਮਝ ਕੇ ਰੱਖਣਾ ਚਾਹੀਦਾ ਹੈ।

ਜੋਹਨ ਸਟੈਨਬੈਕ ਆਪਣਾ ਨਾਵਲ 'ਸਾਡੀਆਂ ਬੇਚੈਨੀਆਂ ਦਾ ਸਿਆਲ' ਲਿਖਣ ਤੋਂ ਪਹਿਲਾਂ ਕਈ ਵਰ੍ਹੇ ਨਾਵਲ ਲਿਖਣ ਵਿਚ ਨਾਕਾਮਯਾਬ ਰਿਹਾ ਸੀ। ਉਹ ਨਾਵਲਕਾਰ ਜਿਸ ਨੇ 'ਦਿ ਗ੍ਰੇਪਸ ਆਫ ਰੈਥ', 'ਈਸਟ ਆਫ ਲੰਡਨ' ਅਤੇ 'ਆਫ ਮੈਨ ਐਂਡ ਮਾਈਸ' ਜਿਹੇ ਸ਼ਾਹਕਾਰ ਨਾਵਲ ਲਿਖੇ ਸਨ, ਨਾਵਲ ਲਿਖਣ ਲਈ ਡੂੰਘੀ ਆਤਮਿਕ ਪੀੜ ਵਿਚੋਂ ਲੰਘ ਰਿਹਾ ਸੀ। ਉਹ ਦੂਸਰੀ ਆਲਮੀ ਜੰਗ ਦੇ ਜੇਤੂ ਦੇਸ਼ਾਂ ਵਿਚ ਸ਼ਾਮਲ ਅਮਰੀਕਾ ਦਾ ਬਾਸ਼ਿੰਦਾ ਸੀ; ਕੀ ਉਹ ਇਸ ਜਿੱਤ 'ਤੇ ਖੁਸ਼ ਨਹੀਂ ਸੀ? ਕੀ ਇਸ ਜਿੱਤ ਨੇ ਉਸ ਨੂੰ ਤਸੱਲੀ ਨਹੀਂ ਸੀ ਦਿੱਤੀ?

ਨਾਜ਼ੀਆਂ ਅਤੇ ਫਾਸ਼ੀਆਂ ਦੀ ਹਾਰ ਤੋਂ ਸਾਰੀ ਦੁਨੀਆ ਖੁਸ਼ ਸੀ; ਇਸ ਖੁਸ਼ੀ ਵਿਚ ਸਟੈਨਬੈਕ ਵੀ ਸ਼ਾਮਲ ਸੀ ਪਰ ਉਸ ਦੇ ਸਾਹਮਣੇ ਜੰਗ ਜਿੱਤਣ ਤੋਂ ਬਾਅਦ ਵਾਲਾ ਅਮਰੀਕਾ ਅਤੇ ਸੰਸਾਰ ਸੀ ਜਿਨ੍ਹਾਂ ਵਿਚੋਂ ਉਹ ਮਨੁੱਖ ਹੋਣ ਦੇ ਅਰਥ ਲੱਭਣਾ ਚਾਹੁੰਦਾ ਸੀ; ਸੂਜ਼ਨ ਸ਼ਿਲਿੰਗਲਾ ਦੇ ਸ਼ਬਦਾਂ ਵਿਚ "ਉਹਦੇ ਸਾਹਮਣੇ ਠੰਢੀ ਜੰਗ ਤੋਂ ਪੈਦਾ ਹੋਈ ਮਸਨੂਈ ਸੰਤੁਸ਼ਟੀ ਸੀ, ਰਿਸ਼ਵਤਖੋਰੀ ਸੀ, ਮਨ ਨੂੰ ਸੁੰਨ ਕਰ ਦੇਣ ਵਾਲਾ ਪਦਾਰਥਵਾਦ ਸੀ।" ਸਟੈਨਬੈਕ ਨੇ ਇਹ ਪਰੇਸ਼ਾਨੀ ਆਪਣੇ ਦੋਸਤ ਅਦਲਾਈ ਸਟੀਵਨਸਨ (ਡੈਮੋਕਰੈਟਿਕ ਪਾਰਟੀ ਦਾ ਆਗੂ ਜਿਸ ਨੇ ਦੋ ਵਾਰ ਰਾਸ਼ਟਰਪਤੀ ਦੀ ਚੋਣ ਲੜੀ) ਨੂੰ ਲਿਖੀ ਚਿੱਠੀ ਵਿਚ ਜ਼ਾਹਿਰ ਕੀਤੀ। ਸਟੀਵਨਸਨ ਨੇ ਉਹ ਚਿੱਠੀ ਲਾਂਗ ਆਈਸਲੈਂਡ ਦੇ ਅਖਬਾਰ 'ਨਿਊਜ਼ਡੇਅ' ਵਿਚ ਛਪਾਈ ਅਤੇ ਅਮਰੀਕਾ ਦੇ ਚਾਰ ਮੁੱਖ ਦਾਨਿਸ਼ਵਰਾਂ ਨੇ 'ਦਿ ਨਿਊ ਰਿਪਬਲਿਕ' ਨਾਂ ਦੇ ਖੱਬੇ-ਪੱਖੀ ਰਸਾਲੇ ਵਿਚ ਇਸ ਚਿੱਠੀ ਵਿਚ ਪ੍ਰਗਟਾਏ ਗਏ ਫਿਕਰਾਂ ਬਾਰੇ ਲੇਖ ਲਿਖੇ। ਜੋਹਨ ਸਟੈਨਬੈਕ ਨੇ ਉਨ੍ਹਾਂ (ਲੇਖਾਂ) ਦੇ ਜਵਾਬ ਵਿਚ ਇਕ ਲੇਖ ਲਿਖਿਆ ਜਿਸ ਦਾ ਸਿਰਲੇਖ ਅਖਬਾਰ ਨੇ ਇਹ ਦਿੱਤਾ, "ਕੀ ਅਸੀਂ ਨੈਤਿਕ ਤੌਰ 'ਤੇ ਨਿਰਬਲ ਹਾਂ?" ਇਹੀ ਸਵਾਲ ਅੱਜ ਸਾਡੇ ਸਾਹਮਣੇ ਹੈ; ਕੀ ਅਸੀਂ ਕਿਸਾਨ ਅੰਦੋਲਨ ਦੇ ਰੂਪ ਵਿਚ ਹੋਈ ਜਿੱਤ ਦੇ ਨੈਤਿਕ ਮਿਆਰਾਂ ਨੂੰ ਕਾਇਮ ਰੱਖਣ ਦੇ ਕਾਬਲ ਹਾਂ ਜਾਂ ਨਹੀਂ?

ਜ਼ਿੰਦਗੀ ਦੇ ਫਿਕਰਾਂ, ਦੁੱਖ-ਦੁਸ਼ਵਾਰੀਆਂ, ਮੁਸ਼ਕਿਲਾਂ, ਪਰੇਸ਼ਾਨੀਆਂ, ਬੇਚੈਨੀਆਂ ਤੋਂ ਭੱਜਿਆ ਨਹੀਂ ਜਾ ਸਕਦਾ। ਇਹ ਸਭ ਜ਼ਿੰਦਗੀ ਦਾ ਹਿੱਸਾ ਹਨ। ਪੰਜਾਬੀ ਵੀ ਇਨ੍ਹਾਂ ਦਾ ਮੁਕਾਬਲਾ ਕਰਨਾ ਚੰਗੀ ਤਰ੍ਹਾਂ ਜਾਣਦੇ ਹਨ ਪਰ ਇਸ ਵੇਲੇ ਪੰਜਾਬੀਆਂ ਦੇ ਮਨ ਵਿਚ ਸਭ ਤੋਂ ਵੱਡੀ ਬੇਚੈਨੀ ਇਹੀ ਹੈ ਕਿ ਕਿਸਾਨ ਅੰਦੋਲਨ ਦੌਰਾਨ ਕਮਾਈ ਗਈ ਏਕਤਾ, ਗੌਰਵ, ਆਪਸੀ ਮਾਣ-ਸਨਮਾਨ ਅਤੇ ਨੈਤਿਕਤਾ ਨੂੰ ਗਵਾਚਣ ਨਾ ਦਿੱਤਾ ਜਾਵੇ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਮਾਮਲੇ ਵਿਚ ਵੀ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਉਹੀ ਯੋਗਤਾ, ਸਿਆਣਪ ਤੇ ਸੁੱਘੜਤਾ ਦਿਖਾਉਣੀ ਚਾਹੀਦੀ ਹੈ ਜੋ ਉਨ੍ਹਾਂ ਨੇ ਅੰਦੋਲਨ ਦੌਰਾਨ ਦਿਖਾਈ ਸੀ।

# ਨਫਰਤ ਦੇ ਸੌਦਾਗਰ ਅਤੇ ਸੁਰੱਖਿਆ ’ਚ ਸੰਨ੍ਹ ਦਾ ਝੂਠਾ ਬਿਰਤਾਂਤ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 5 ਜਨਵਰੀ ਦੀ ਅਸਫਲ ਰੈਲੀ ਬਹੁਤ ਖਤਰਨਾਕ ਸੰਕੇਤ ਅਤੇ ਸੰਦੇਸ਼ ਛੱਡ ਕੇ ਗਈ ਹੈ। ਇਸ ਨੂੰ ਮਖੌਲੀਆ ਜਾਂ ਹਲਕੇ ਤੌਰ 'ਤੇ ਲੈਣ ਦੀ ਬਜਾਏ ਪੰਜਾਬ ਅਤੇ ਭਾਰਤ ਦੇ ਹਰ ਦਰਦਮੰਦ ਨੂੰ ਰਾਜਨੀਤਕ ਚੌਕਸੀ ਤਹਿਤ ਲੈਣਾ ਚਾਹੀਦਾ ਹੈ।

ਇਹ ਸਹੀ ਹੈ ਕਿ ਆਰ.ਐਸ.ਐਸ.-ਬੀ.ਜੇ.ਪੀ. ਨੇ ਚੋਣਾਂ ਨੇੜੇ ਖੇਤੀ ਕਾਨੂੰਨ ਵਾਪਸ ਲੈ ਕੇ ਅਤੇ ਕਥਿਤ ਵਿਕਾਸ ਪੈਕੇਜ ਐਲਾਨ ਕੇ ਲਾਹਾ ਖੱਟਣ ਲਈ ਜੋ 'ਮਾਸਟਰ ਸਟਰੋਕ' ਕਰਨਾ ਚਾਹਿਆ ਸੀ; ਉਹ ਉਨ੍ਹਾਂ ਦੀ ਉਮੀਦ ਅਨੁਸਾਰ ਕਾਮਯਾਬ ਹੋਣਾ ਤਾਂ ਦੂਰ ਸਗੋਂ ਬੁਰੀ ਤਰ੍ਹਾਂ ਅਸਫਲ ਹੋਇਆ। ਰੈਲੀ ’ਚ ਜਾਣ ਵਾਲਿਆਂ ਦਾ ਇਕ ਹਿੱਸਾ ਸੜਕਾਂ ਉਪਰ ਕਿਸਾਨ ਪ੍ਰਦਰਸ਼ਨਾਂ ਵਾਲੇ ਥਾਵਾਂ ਉਪਰ ਜਾਮ ’ਚ ਘਿਰ ਗਿਆ। ਜੋ ਮੋਦੀ ਭਗਤ ਰੈਲੀ ’ਚ ਪਹੁੰਚੇ, ਉਹ ਵੀ ਮੀਂਹ ਕਾਰਨ ਬੱਸਾਂ ’ਚ ਲੁਕੇ ਰਹੇ। ਇਸ ਭਾੜੇ ’ਤੇ ਲਿਆਂਦੀ 'ਜਨਤਾ', ਖਾਸ ਕਰਕੇ ਦੂਜੇ ਰਾਜਾਂ ਦੀ, ਦੇ ਦੀਦਾਰ ਵੀ ਤਿੱਖੀ ਨਜ਼ਰ ਵਾਲੇ ਮੀਡੀਆ ਹਿੱਸਿਆਂ ਨੇ ਵਾਹਵਾ ਕਰਾਏ। ਇਕ ਲੱਖ ਕੁਰਸੀਆਂ ਵਾਲੇ ਪੰਡਾਲ ਵਿਚ ਕੁਝ ਸੌ ਲੋਕ ਨਜ਼ਰ ਆਏ। ਕੈਪਟਨ ਅਮਰਿੰਦਰ ਅਤੇ ਬੀ.ਜੇ.ਪੀ. ਦੇ ਆਗੂ ਖਾਲੀ ਕੁਰਸੀਆਂ ਨੂੰ ਸੰਬੋਧਨ ਕਰਦੇ ਰਹੇ। ਜਿਨ੍ਹਾਂ ਨੂੰ ਅੰਦੋਲਨਜੀਵੀ ਕਹਿ ਕੇ ਭੰਡਿਆ ਗਿਆ, ਉਨ੍ਹਾਂ ਨੇ ਪੂਰਾ ਸਵਾ ਸਾਲ ਕੁਦਰਤੀ ਕਹਿਰ ਦਾ ਮੁਕਾਬਲਾ ਆਪਣੇ ਘਰਾਂ ਤੋਂ ਸੈਂਕੜੇ ਕਿਲੋਮੀਟਰ ਦੂਰ ਖੁੱਲ੍ਹੇ ਆਸਮਾਨ ਹੇਠ ਆਰਜ਼ੀ ਟਿਕਾਣਿਆਂ ’ਚ ਰਹਿ ਕੇ ਸਬਰ ਅਤੇ ਸਿਦਕ ਨਾਲ ਕੀਤਾ ਸੀ। ਆਰ.ਐਸ.ਐਸ.-ਬੀ.ਜੇ.ਪੀ. ਦੇ 'ਦੇਸ਼ਭਗਤ' ਆਪਣੇ 'ਹਿਰਦੈ ਸਮਰਾਟ' ਨੂੰ ਸੁਣਨ ਲਈ ਦੋ ਘੰਟੇ ਵੀ ਮੀਂਹ ’ਚ ਨਹੀਂ ਬੈਠ ਸਕੇ; ਜਦਕਿ ਇਸੇ ਦਿਨ ਮੀਂਹ ਦੀ ਪ੍ਰਵਾਹ ਨਾ ਕਰਦੇ ਹੋਏ ਸੰਯੁਕਤ ਕਿਸਾਨ ਮੋਰਚੇ ਨੇ ਹਰ ਜ਼ਿਲ੍ਹਾ ਅਤੇ ਤਹਿਸੀਲ ਸਦਰ ਮੁਕਾਮ ਉਪਰ ਗਿਣਨਯੋਗ ਮੁਜ਼ਾਹਰੇ ਕੀਤੇ ਅਤੇ ਸੈਂਕੜੇ ਥਾਵਾਂ ਉਪਰ ਮੋਦੀ ਦੇ ਪੁਤਲੇ ਸਾੜ ਕੇ ਆਪਣੀਆਂ ਮੰਗਾਂ ਲਈ ਆਵਾਜ਼ ਬੁਲੰਦ ਕਰਦੇ ਰਹੇ।

ਬੂਟਾ ਸਿੰਘ
ਫੋਟੋ: +91-94634-74342

ਸਰਹੱਦੀ ਜ਼ਿਲ੍ਹੇ ਫਿਰੋਜ਼ਪੁਰ ਨੂੰ ਰੈਲੀ ਲਈ ਚੁਣਨਾ ਖੁਦ ਹੀ ਸਬੂਤ ਸੀ ਕਿ ਬੀ.ਜੇ.ਪੀ. ਆਗੂਆਂ ਨੂੰ ਪੰਜਾਬ ਦੇ ਜ਼ਿਆਦਾਤਰ ਹਿੱਸਿਆਂ ਵਿਚੋਂ ਰੈਲੀ ਨੂੰ ਹੁੰਗਾਰਾ ਮਿਲਣ ਦੀ ਬਹੁਤੀ ਉਮੀਦ ਨਹੀਂ ਸੀ। ਇਹ ਕਿਹਾ ਜਾ ਰਿਹਾ ਹੈ ਕਿ ਬਠਿੰਡੇ ਤੋਂ ਹੈਲੀਕਾਪਟਰ ਰਾਹੀਂ ਫਿਰੋਜ਼ਪੁਰ ਜਾਣ ਦਾ ਪ੍ਰੋਗਰਾਮ ਖਰਾਬ ਮੌਸਮ ਕਾਰਨ ਰੱਦ ਕਰਨਾ ਪਿਆ। ਮੋਦੀ ਨੂੰ ਸੜਕ ਮਾਰਗ ਰਾਹੀਂ ਲਿਜਾ ਰਿਹਾ ਵਿਸ਼ੇਸ਼ ਗੱਡੀਆਂ ਦਾ ਕਾਫਲਾ ਫਿਰੋਜ਼ਪੁਰ ਤੋਂ ਥੋੜ੍ਹਾ ਪਿੱਛੇ ਜਾਮ ’ਚ ਫਸ ਗਿਆ ਜਿੱਥੇ ਮੋਗਾ-ਫਿਰੋਜ਼ਪੁਰ ਰੋਡ ਉਪਰ ਪਿਆਰੇਆਣਾ ਨੇੜੇ ਬੀ.ਕੇ.ਯੂ. (ਕ੍ਰਾਂਤੀਕਾਰੀ) ਦੀ ਅਗਵਾਈ ਹੇਠ ਕਿਸਾਨ ਮੋਦੀ ਦੀ ਫੇਰੀ ਦਾ ਵਿਰੋਧ ਕਰ ਰਹੇ ਸਨ। ਉਹ ਮੋਦੀ ਦੇ ਇਸੇ ਰਸਤਿਓਂ ਲੰਘਣ ਦੀ ਨਵੀਂ ਯੋਜਨਾ ਤੋਂ ਬੇਖਬਰ ਸਨ।

ਲੰਮਾ ਸੜਕੀ ਰੂਟ ਇਸ ਕਰਕੇ ਵੀ ਚੁਣਿਆ ਹੋ ਸਕਦਾ ਹੈ ਕਿ ਸ਼ਾਇਦ ਉਦੋਂ ਤੱਕ ਕੁਰਸੀਆਂ ਭਰ ਜਾਣਗੀਆਂ, ਕਿਉਂਕਿ ਰੈਲੀ ਦੀ ਪਲ-ਪਲ ਦੀ ਖਬਰ ਤਾਂ ਵਿਸ਼ੇਸ਼ ਵਿਵਸਥਾ ਰਾਹੀਂ ਮੋਦੀ ਦੀ ਗੱਡੀ ’ਚ ਲੱਗੇ ਸਕਰੀਨ ਉਪਰ ਲਗਾਤਾਰ ਚੱਲ ਰਹੀ ਹੋਵੇਗੀ। ਕੁਰਸੀਆਂ ਲਗਾਤਾਰ ਖਾਲੀ ਨਜ਼ਰ ਆ ਰਹੀਆਂ ਸਨ। ਉਨ੍ਹਾਂ ਦਲ-ਬਦਲੂਆਂ ਦੇ ਢੋਏ ਲੋਕਾਂ ਦੇ ਹਜੂਮ ਕਿਤੇ ਨਜ਼ਰ ਨਹੀਂ ਆ ਰਹੇ ਸਨ ਜੋ ਪਿਛਲੇ ਦਿਨੀਂ ਬੀ.ਜੇ.ਪੀ. ’ਚ ਸ਼ਾਮਲ ਹੁੰਦੇ ਰਹੇ ਹਨ। ਮੋਦੀ ਅਤੇ ਉਸ ਦੇ ਥਿੰਕ-ਟੈਂਕ ਨੇ ਖਾਲੀ ਪੰਡਾਲ ਨਾਲ ਹੋਣ ਵਾਲੀ ਨਮੋਸ਼ੀ ਉਪਰ ਪਰਦਾ ਪਾਉਣ ਲਈ ਸੁਰੱਖਿਆ ਇੰਤਜ਼ਾਮਾਂ ’ਚ ਕੋਤਾਹੀ ਦਾ ਬਹਾਨਾ ਘੜ ਲਿਆ ਅਤੇ ਉਹ ਉਥੋਂ ਹੀ ਵਾਪਸ ਮੁੜ ਗਿਆ ਪਰ ਫਲਾਈਓਵਰ ਉਪਰ ਲੱਗੇ ਜਾਮ ’ਚ 15 ਮਿੰਟ ਰੁਕਣ ਨੂੰ ਬਹੁਤ ਵੱਡਾ 'ਰਾਸ਼ਟਰੀ' ਮੁੱਦਾ ਬਣਾ ਦਿੱਤਾ ਗਿਆ। ਗੋਦੀ ਮੀਡੀਆ, ਆਰ.ਐਸ.ਐਸ.-ਬੀ.ਜੇ.ਪੀ. ਦੇ ਬੁਲਾਰਿਆਂ ਅਤੇ ਬਹੁਤ ਸਾਰੇ 'ਮੁੱਖਧਾਰਾ' ਦੇ ਤਰਜਮਾਨਾਂ ਨੇ ਚੀਕ-ਚਿਹਾੜਾ ਸ਼ੁਰੂ ਕਰ ਦਿੱਤਾ ਕਿ ਪੰਜਾਬ ਸਰਕਾਰ ਨੇ ਸੁਰੱਖਿਆ ਦੇ ਪੁਖਤਾ ਸੁਰੱਖਿਆ ਇੰਤਜ਼ਾਮ ਨਹੀਂ ਕੀਤੇ ਜਿਸ ਕਾਰਨ ਪ੍ਰਧਾਨ ਮੰਤਰੀ ਨੂੰ ਆਪਣੀ ਸੁਰੱਖਿਆ ਦੇ ਮੱਦੇਨਜ਼ਰ ਵਾਪਸ ਪਰਤਣਾ ਪਿਆ ਜੋ ਰਾਸ਼ਟਰ ਦਾ ਅਪਮਾਨ ਹੈ; ਇਹ ਵੀ ਕਿ ਕੁਝ ਲੋਕਾਂ ਦੀ ਬੇਵਕੂਫੀ ਨੇ ਪੰਜਾਬ ਨੂੰ ਵਿਕਾਸ ਪੈਕੇਜ ਦੀਆਂ ਬਖਸ਼ਿਸ਼ਾਂ ਤੋਂ ਵਾਂਝਾ ਕਰ ਦਿੱਤਾ।

ਗਿਣ-ਮਿੱਥ ਕੇ ਪ੍ਰਚਾਰਿਆ ਜਾ ਰਿਹਾ ਇਹ ਬਿਰਤਾਂਤ ਮੋਦੀ ਅਤੇ ਉਸ ਦੇ ਸੰਘ ਬ੍ਰਿਗੇਡ ਨੂੰ ਪੰਜਾਬ ਦੇ ਲੋਕਾਂ ਵੱਲੋਂ ਮੂੰਹ ਨਾ ਲਾਉਣ ਦੀ ਹਕੀਕਤ ਤੋਂ ਧਿਆਨ ਹਟਾਉਣ ਲਈ ਹੈ। ਜੇ ਸੁਰੱਖਿਆ ਨੂੰ ਐਨਾ ਖਤਰਾ ਸੀ, ਉਹ ਵਰਚੂਅਲ ਮਾਧਿਅਮ ਰਾਹੀਂ ਵੀ ਰੈਲੀ ਨੂੰ ਸੰਬੋਧਨ ਕਰ ਸਕਦਾ ਸੀ, ਜਿਵੇਂ ਉਹ ਕਈ ਵਾਰ ਕਰਦਾ ਹੈ। ਨਾਲੇ 'ਵਿਕਾਸ' ਦਾ ਪੈਕੇਜ ਦੇ ਜਾਂਦਾ! ਸੁਰੱਖਿਆ ’ਚ ਕੋਤਾਹੀ ਦਾ ਚੀਕ-ਚਿਹਾੜਾ ਪਾਉਣ ਵਾਲਿਆਂ ’ਚ ਇਹ ਦੱਸਣ ਦੀ ਹਿੰਮਤ ਨਹੀਂ ਹੈ ਕਿ ਮੋਦੀ ਦੇ ਫਾਸ਼ੀਵਾਦੀ ਰਾਜ ਦੇ ਡੰਗੇ ਸਾਢੇ ਸੱਤ ਸੌ ਦੇ ਕਰੀਬ ਕਿਸਾਨ-ਮਜ਼ਦੂਰ ਤਾਂ ਉਨ੍ਹਾਂ ਦੀ ਜਾਨ-ਮਾਲ ਦੇ ਦੁਸ਼ਮਣ ਬਣੇ ਰਾਜ ਤੋਂ ਆਪਣੀ ਜਾਨ ਵੀ ਨਹੀਂ ਬਚਾ ਸਕੇ ਸਗੋਂ ਆਰ.ਐਸ.ਐਸ.-ਬੀ.ਜੇ.ਪੀ ਦੀ ਮੁਲਕ ਦੇ ਲੋਕਾਂ ਨਾਲ ਦੁਸ਼ਮਣੀ ਨੂੰ ਬੇਨਕਾਬ ਕਰਦੇ ਹੋਏ ਹਮੇਸ਼ਾ ਲਈ ਇਸ ਦੁਨੀਆ ਤੋਂ ਤੁਰ ਗਏ।



ਡੇਢ ਸਾਲ ਚੱਲੇ ਮਹਾਂ ਅੰਦੋਲਨ ’ਚ ਕਿਸਾਨਾਂ ਨੇ ਬੀ.ਜੇ.ਪੀ. ਆਗੂਆਂ ਉਪਰ ਕਦੇ ਵੀ ਜਾਨਲੇਵਾ ਹਮਲਾ ਨਹੀਂ ਕੀਤਾ। ਕੁਝ ਕੁ ਆਪ-ਮੁਹਾਰੀਆਂ ਝੜਪਾਂ ਜੋ ਬੀ.ਜੇ.ਪੀ. ਦੇ ਹੰਕਾਰੇ ਹੋਏ ਆਗੂਆਂ ਦੀ ਭੜਕਾਊ ਬਦਕਲਾਮੀ ਦਾ ਸਿੱਟਾ ਸਨ, ਨੂੰ ਛੱਡ ਕੇ ਅੰਦੋਲਨ ਪੂਰੀ ਤਰ੍ਹਾਂ ਅਨੁਸ਼ਾਸਨ ਹੇਠ ਸ਼ਾਂਤਮਈ ਤਰੀਕੇ ਨਾਲ ਲੜਿਆ ਗਿਆ। ਦਿੱਲੀ ਦੀਆਂ ਸਰਹੱਦਾਂ ਉਪਰ ਅਤੇ ਹਰਿਆਣਾ ਅਤੇ ਲਖੀਮਪੁਰ ਖੀਰੀ ’ਚ ਬੀ.ਜੇ.ਪੀ. ਦੇ ਗੁੰਡਿਆਂ+ਪੁਲਿਸ ਵੱਲੋਂ ਕੀਤੇ ਕਾਤਲਾਨਾ ਹਮਲਿਆਂ ਦੇ ਬਾਵਜੂਦ ਅੰਦੋਲਨਕਾਰੀਆਂ ਵੱਲੋਂ ਕੋਈ ਐਸੀ ਘਟਨਾ ਨਹੀਂ ਵਾਪਰੀ ਜੋ ਬੀ.ਜੇ.ਪੀ. ਵਾਲਿਆਂ ਦੀ ਜਾਨ-ਮਾਲ ਦੀ ਸੁਰੱਖਿਆ ਲਈ ਖਤਰਾ ਬਣੀ ਹੋਵੇ।

ਅਗਲੀ ਗੱਲ, ਪ੍ਰਧਾਨ ਮੰਤਰੀ ਦੀ ਸੁਰੱਖਿਆ ਦਾ ਜ਼ਿੰਮਾ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ (ਐਸ.ਪੀ.ਜੀ.) ਦਾ ਹੈ ਜੋ ਆਪਣੀ 'ਬਲੂ ਬੁੱਕ' ਅਨੁਸਾਰ ਕੇਂਦਰੀ ਖੁਫੀਆ ਏਜੰਸੀਆਂ ਦੀ ਮਦਦ ਨਾਲ ਲੰਮੀ-ਚੌੜੀ ਪੇਸ਼ਗੀ ਯੋਜਨਾ ਬਣਾ ਕੇ ਸੁਰੱਖਿਆ ਇੰਤਜ਼ਾਮ ਕਰਦਾ ਹੈ। ਮੋਦੀ ਦੇ ਮਾਮਲੇ ’ਚ ਤਾਂ ਇਹ ਉਚੇਚੇ ਜਾਹੋ-ਜਲਾਲ ਨਾਲ ਕੀਤਾ ਜਾਂਦਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੇ ਮਾਤਹਿਤ ਇਸ ਵਿਸ਼ੇਸ਼ ਵਿਵਸਥਾ ਵੱਲੋਂ ਹੀ ਪੰਜਾਬ ਪੁਲਿਸ ਨਾਲ ਮਿਲ ਕੇ ਐਨ ਮੌਕੇ ’ਤੇ ਹਵਾਈ ਰੂਟ ਬਦਲ ਕੇ ਸੜਕ ਰਾਹੀਂ ਜਾਣ ਦਾ ਪ੍ਰੋਗਰਾਮ ਤੈਅ ਕੀਤਾ ਗਿਆ ਅਤੇ ਵਿਸ਼ੇਸ਼ ਗੱਡੀਆਂ ਦੇ ਕਾਫਲੇ ਰਾਹੀਂ 106 ਕਿਲੋਮੀਟਰ ਸਫਰ ਸ਼ੁਰੂ ਕੀਤਾ ਗਿਆ। ਮੋਦੀ ਸਰਕਾਰ ਵੱਲੋਂ ਪਿੱਛੇ ਜਿਹੇ ਪਾਕਿਸਤਾਨ ਨਾਲ ਲੱਗਦੀ ਸਰਹੱਦ ਉਪਰ ਬੀ.ਐਸ.ਐਫ. ਦਾ ਅਧਿਕਾਰ-ਖੇਤਰ 15 ਕਿਲੋਮੀਟਰ ਤੋਂ 50 ਕਿਲੋਮੀਟਰ ਤੱਕ ਵਧਾ ਦੇਣ ਕਰਕੇ ਇਹ ਇਲਾਕਾ ਪਹਿਲਾਂ ਹੀ ਕੇਂਦਰੀ ਗ੍ਰਹਿ ਮੰਤਰਾਲੇ ਦੇ ਕੰਟਰੋਲ ਹੇਠ ਹੈ। ਜਦੋਂ ਪਹਿਲਾਂ ਹੀ ਕਿਸਾਨ ਜਥੇਬੰਦੀਆਂ ਨੇ ਮੋਦੀ ਦੀ ਆਮਦ ਅਤੇ ਰੈਲੀ ’ਚ ਸ਼ਾਮਲ ਹੋਣ ਵਾਲੇ ਭਾਜਪਾਈਆਂ ਦਾ ਵਿਰੋਧ ਕਰਨ ਦਾ ਪ੍ਰੋਗਰਾਮ ਐਲਾਨ ਕੀਤਾ ਹੋਇਆ ਸੀ ਅਤੇ ਕੁਝ ਥਾਵਾਂ ਉਪਰ ਕਿਸਾਨ ਕਾਫਲੇ ਇਕ ਦਿਨ ਪਹਿਲਾਂ ਹੀ ਸੜਕਾਂ ਉਪਰ ਆ ਬੈਠੇ ਸਨ ਅਤੇ ਉਨ੍ਹਾਂ ਨੇ ਸਵੇਰ ਤੋਂ ਹੀ ਫਿਰੋਜ਼ਪੁਰ ਨੂੰ ਜਾਂਦੀਆਂ ਮੁੱਖ ਸੜਕਾਂ ਉਪਰ ਧਰਨੇ ਲਗਾ ਦਿੱਤੇ ਸਨ ਤਾਂ ਪਲ-ਪਲ ਦੀ ਰਿਪੋਰਟ ਰੱਖ ਰਹੀਆਂ ਕੇਂਦਰੀ ਖੁਫੀਆ ਏਜੰਸੀਆਂ ਮੋਦੀ ਦੇ ਕਾਫਲੇ ਨੂੰ ਉਸ ਰੂਟ ਉਪਰ ਲੈ ਕੇ ਜਾਂਦੀਆਂ, ਜਿੱਥੇ ਸੜਕ ਜਾਮ ਨਹੀਂ ਸੀ ਜਾਂ ਜਾਮ ਦੀ ਅਗਾਊਂ ਜਾਣਕਾਰੀ ਦੇ ਆਧਾਰ ’ਤੇ ਰੂਟ ਤਬਦੀਲ ਕੀਤਾ ਜਾ ਸਕਦਾ ਸੀ। ਲਿਹਾਜ਼ਾ, ਕਥਿਤ ਕੋਤਾਹੀ ਦੀ ਮੁੱਖ ਜ਼ਿੰਮੇਵਾਰੀ ਕੇਂਦਰੀ ਗ੍ਰਹਿ ਮੰਤਰਾਲੇ ਦੀ ਬਣਦੀ ਹੈ ਪਰ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਸਥਾਨਕ ਪੁਲਿਸ ਅਧਿਕਾਰੀਆਂ ਸਿਰ ਸੁੱਟ ਕੇ 'ਜਾਨ ਬਚ ਗਈ' ਦਾ ਹਊਆ ਖੜ੍ਹਾ ਕਰਨ ਦਾ ਨਿਸ਼ਾਨਾ ਹੋਰ ਹੈ। ਇਹ ਪੰਜਾਬ ਵਿਚ ਮੁੱਖ ਸਿਆਸੀ ਸ਼ਰੀਕ ਕਾਂਗਰਸ ਪਾਰਟੀ ਨੂੰ ਘੇਰਨ ਅਤੇ ਇਸ ਘਟਨਾਕ੍ਰਮ ਦਾ ਲਾਹਾ ਬਾਕੀ ਮੁਲਕ ’ਚ ਹਮਦਰਦੀ ਬਟੋਰਨ ਲਈ ਲੈਣ ਦੀ ਘਿਨਾਉਣੀ ਰਾਜਨੀਤਕ ਚਾਲ ਤੋਂ ਸਿਵਾਏ ਕੁਝ ਨਹੀਂ ਹੈ। ਦਿੱਲੀ, ਯੂ.ਪੀ ਵਗੈਰਾ ’ਚ ਸੜਕੀ ਸਫਰ ਦੌਰਾਨ ਕੁਝ ਮੌਕਿਆਂ ’ਤੇ ਮੋਦੀ ਦਾ ਕਾਫਲਾ ਪਹਿਲਾਂ ਵੀ ਜਾਮ ਵਿਚ ਫਸਦਾ ਰਿਹਾ ਹੈ, ਉਦੋਂ ਇਸ ਨੂੰ 'ਵੀ.ਆਈ.ਪੀ. ਕਲਚਰ' ਨੂੰ ਤੋੜ ਕੇ ਆਮ ਆਦਮੀ ਵਾਂਗ ਵਿਚਰਨ ਦੀ ਮੋਦੀ ਦੀ ਵਡੱਤਣ ਬਣਾ ਕੇ ਪੇਸ਼ ਕੀਤਾ ਜਾਂਦਾ ਰਿਹਾ। ਪੰਜਾਬ ਦੇ ਮਾਮਲੇ ’ਚ ਇਸ ਨੂੰ ਫਿਰਕੂ ਪਾਲਾਬੰਦੀ ਦਾ ਸੰਦ ਬਣਾ ਲਿਆ। ਕੈਪਟਨ ਅਮਰਿੰਦਰ ਨੂੰ ਵੀ ਹੁਣ ਨਵਾਂ ਬਹਾਨਾ ਮਿਲ ਗਿਆ ਹੈ ਜੋ ਪੰਜਾਬ ਦੀ ਸੱਤਾ ਤੋਂ ਲਾਂਭੇ ਕੀਤੇ ਜਾਣ ਦੇ ਸਮੇਂ ਤੋਂ ਹੀ 'ਰਾਸ਼ਟਰ ਦੀ ਸੁਰੱਖਿਆ ਨੂੰ ਖਤਰੇ' ਦੀ ਦੁਹਾਈ ਦੇਣ ’ਚ ਜੁੱਟਿਆ ਹੋਇਆ ਹੈ।

ਕਾਮਯਾਬ ਹੋਣ ਦੀ ਸੂਰਤ ’ਚ ਫਿਰੋਜ਼ਪੁਰ ਰੈਲੀ ਨੂੰ ਮੋਦੀ ਅਤੇ ਉਸ ਦੀਆਂ ਨੀਤੀਆਂ ਦੀ ਹਰਮਨਪਿਆਰਤਾ ਵਜੋਂ ਪ੍ਰਚਾਰ ਕੇ ਬਾਕੀ ਰਾਜਾਂ ਵਿਚ ਬੀ.ਜੇ.ਪੀ. ਸਰਕਾਰਾਂ ਵਿਰੁੱਧ ਫੈਲੀ ਵਿਆਪਕ ਅਸੰਤੁਸ਼ਟੀ ਨੂੰ ਬੇਅਸਰ ਕਰਨ ਲਈ ਵਰਤਿਆ ਜਾਣਾ ਸੀ। ਅਸਫਲਤਾ ਦੀ ਨਮੋਸ਼ੀ ਦਾ ਬਦਲਾ ਲੈਣ ਲਈ ਸ਼ਾਤਰ ਦਿਮਾਗਾਂ ਨੇ ਬੇਰੰਗ ਵਾਪਸੀ ਨੂੰ ਪੰਜਾਬ ਵਿਰੁਧ ਨਫਰਤ ਭੜਕਾਉਣ ਦਾ ਹਥਿਆਰ ਬਣਾ ਲਿਆ। 106 ਕਿਲੋਮੀਟਰ ਦੇ ਪੈਂਡੇ ਅਤੇ 15 ਮਿੰਟ ਫਲਾਈਓਵਰ ਉਪਰ ਲੱਗੇ ਜਾਮ ਦੇ ਨੇੜੇ ਰੁਕਣ ਦੌਰਾਨ ਕਿਸੇ ਵੀ ਤਰ੍ਹਾਂ ਦੀ ਕੋਈ ਹਿੰਸਕ ਜਾਂ ਸ਼ਰਾਰਤਪੂਰਨ ਹਰਕਤ ਨਹੀਂ ਹੋਈ। ਕੋਈ ਮੁਜ਼ਾਹਰਾਕਾਰੀ ਉਸ ਦੇ ਕਾਫਲੇ ਦੇ ਨੇੜੇ ਨਹੀਂ ਗਿਆ, ਸਿਰਫ ਬੀ.ਜੇ.ਪੀ. ਦੇ ਝੰਡੇ ਚੁੱਕੀ ਮੋਦੀ ਭਗਤ ਹੀ ਉਸ ਦੀ ਗੱਡੀ ਦੇ ਨੇੜੇ 'ਜ਼ਿੰਦਾਬਾਦ' 'ਮੋਦੀ-ਮੋਦੀ' ਕਰ ਰਹੇ ਸਨ। ਇਸ ਦੇ ਵੀਡੀਓ ਕਲਿੱਪ ਸਾਹਮਣੇ ਆ ਚੁੱਕੇ ਹਨ। ਇਹ ਆਪਣੇ ਆਪ ’ਚ ਸਬੂਤ ਹੈ ਕਿ ਸੁਰੱਖਿਆ ਦਾ ਚੀਕ-ਚਿਹਾੜਾ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਮਹਿਜ਼ ਰਾਜਨੀਤਕ ਸਟੰਟ ਹੈ।

ਤਾਨਾਸ਼ਾਹ ਹੁਕਮਰਾਨ ਆਪਣੇ ਹੀ ਪ੍ਰਛਾਵੇਂ ਤੋਂ ਵੀ ਤ੍ਰਭਕਦਾ ਹੈ। ਉਘੇ ਸਾਹਿਤਕਾਰ ਹਰੀਸ਼ੰਕਰ ਪ੍ਰਸਾਈ ਦਾ ਕਥਨ ਹੈ- "ਤਾਨਾਸ਼ਾਹ ਡਰਪੋਕ ਆਦਮੀ ਹੁੰਦਾ ਹੈ। ਜੇ ਪੰਜ ਗਧੇ ਵੀ ਨੇੜੇ ਘਾਹ ਚਰ ਰਹੇ ਹੋਣ ਤਾਂ ਤਾਨਾਸ਼ਾਹ ਨੂੰ ਡਰ ਪੈ ਜਾਂਦਾ ਹੈ ਕਿ ਗਧੇ ਵੀ ਮੇਰੇ ਖਿਲਾਫ ਸਾਜ਼ਿਸ਼ ਕਰ ਰਹੇ ਹਨ।" ਸ਼ਾਇਦ ਮੋਦੀ ਨੂੰ ਆਪਣੇ ਕਾਰਿਆਂ ਦਾ ਡਰ ਵੀ ਸਤਾ ਰਿਹਾ ਹੋਵੇ। ਹੋਛੀ ਵਡਿਆਈ ਦੇ ਭੁੱਖੇ 'ਕਰੋੜਾਂ ਭਗਤਾਂ ਦੇ ਹਿਰਦੈ ਸਮਰਾਟ' ਦੀ ਹਊਮੈ ਉਪਰ ਖਾਲੀ ਪੰਡਾਲ ਬਹੁਤ ਵੱਡੀ ਸੱਟ ਵੀ ਸੀ। ਮੋਦੀ ਵੱਲੋਂ ਬਠਿੰਡਾ ਏਅਰ ਪੋਰਟ ਦੇ ਅਧਿਕਾਰੀਆਂ ਨੂੰ 'ਅਪਨੇ ਸੀ.ਐਮ. ਕੋ ਥੈਂਕਸ ਕਹਿਨਾ ਕਿ ਬਠਿੰਡਾ ਏਅਰ ਪੋਰਟ ਤੱਕ ਜ਼ਿੰਦਾ ਲੌਟ ਪਾਇਆ ਹੂੰ' ਦਾ ਮਿਹਣਾ ਮਾਰਨਾ ਕਿਸਾਨ ਅੰਦੋਲਨ ਰਾਹੀਂ ਪੂਰੇ ਮੁਲਕ ’ਚ ਪੰਜਾਬੀਆਂ ਦੇ ਬਣੇ ਵਧੀਆ ਅਕਸ ਨੂੰ ਢਾਹ ਲਾਉਣ ਅਤੇ ਡਰ ਪੈਦਾ ਕਰਨ ਦੀ ਮਨਸ਼ਾ ਨਾਲ ਜ਼ਹਿਰੀਲਾ ਮਾਹੌਲ ਭੜਕਾਉਣ ਲਈ ਸੁੱਟੀ ਬੇਹੱਦ ਖਤਰਨਾਕ ਫਿਰਕੂ ਤੀਲੀ ਹੈ। ਮੋਦੀ ਦਾ ਇਹ ਮਿਹਣਾ ਸ਼ੱਕੀ ਕਿਰਦਾਰ ਵਾਲੀ ਖਬਰ ਏਜੰਸੀ 'ਆਈ.ਐਨ.ਏ.' ਦੇ ਹਵਾਲੇ ਨਾਲ ਪ੍ਰਚਾਰਿਆ ਗਿਆ ਜਿਸ ਨੂੰ ਬੀ.ਜੇ.ਪੀ. ਦੇ ਅਧਿਕਾਰਤ ਬੁਲਾਰਿਆਂ ਨੇ ਰੱਦ ਨਹੀਂ ਕੀਤਾ; ਇਸ ਦਾ ਭਾਵ ਹੈ ਕਿ ਇਹ ਸੁਰੱਖਿਆ ’ਚ ਕੋਤਾਹੀ ਦੇ ਬਹਾਨੇ ਹਮਦਰਦੀ ਬਟੋਰਨ ਲਈ ਗਿਣ-ਮਿੱਥ ਕੇ ਕੀਤੀ ਗਲਤ ਬਿਆਨੀ ਸੀ ਜਿਸ ਦਾ ਖਾਸ ਨਿਸ਼ਾਨਾ ਸੀ।

> **ਤਾਨਾਸ਼ਾਹ ਹੁਕਮਰਾਨ ਆਪਣੇ ਹੀ ਪ੍ਰਛਾਵੇਂ ਤੋਂ ਵੀ ਤ੍ਰਭਕਦਾ ਹੈ। ਸ਼ਾਇਦ ਮੋਦੀ ਨੂੰ ਆਪਣੇ ਕਾਰਿਆਂ ਦਾ ਡਰ ਵੀ ਸਤਾ ਰਿਹਾ ਹੋਵੇ। ਹੋਛੀ ਵਡਿਆਈ ਦੇ ਭੁੱਖੇ ‘ਕਰੋੜਾਂ ਭਗਤਾਂ ਦੇ ਹਿਰਦੈ ਸਮਰਾਟ’ ਦੀ ਹਉਮੈ ਉਪਰ ਖਾਲੀ ਪੰਡਾਲ ਬਹੁਤ ਵੱਡੀ ਸੱਟ ਵੀ ਸੀ।**

ਪੱਛਮੀ ਯੂ.ਪੀ. ’ਚ ਸਿੱਖ/ਪੰਜਾਬੀ ਕਿਸਾਨਾਂ ਦੀ ਅਗਵਾਈ ਹੇਠ ਉਠੇ ਕਿਸਾਨ ਉਭਾਰ ਨੇ ਯੂ.ਪੀ. ਅਤੇ ਉਤਰਖੰਡ ਵਿਚ ਅਤੇ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦੀ ਸੰਗਰਾਮੀ ਜੋਟੀ ਦੇ ਨਿੱਗਰ ਸੰਦੇਸ਼ ਨੇ ਪੂਰੇ ਮੁਲਕ ’ਚ ਭਾਈਚਾਰਕ ਸਾਂਝ ਨੂੰ ਹੁਲਾਰਾ ਦੇ ਕੇ ਆਰ.ਐਸ.ਐਸ.-ਬੀ.ਜੇ.ਪੀ. ਦੇ ਫਿਰਕੂ ਪ੍ਰੋਜੈਕਟ ਨੂੰ ਤਕੜੀ ਸੱਟ ਮਾਰੀ ਹੈ। 'ਮਸਾਂ ਜਾਨ ਬਚੀ' ਦਾ ਡਰ ਪੈਦਾ ਕਰਕੇ ਗੈਰ-ਪੰਜਾਬੀ ਲੋਕਾਂ ’ਚ ਪੰਜਾਬੀਆਂ, ਖਾਸ ਕਰਕੇ ਸਿੱਖ ਭਾਈਚਾਰੇ ਬਾਰੇ 1980ਵਿਆਂ ਵਾਲਾ ਖਤਰਨਾਕ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੋ ਪਾਲਤੂ ਚੈਨਲਾਂ ਸਮੇਤ ਗੋਦੀ ਮੀਡੀਆ ਅਤੇ ਭਗਵੇਂ ਆਈ.ਟੀ. ਸੈੱਲ ਵੱਲੋਂ ਸਿਰਜੇ ਜਾ ਰਹੇ ਜ਼ਹਿਰੀਲੇ ਬਿਰਤਾਂਤ ਅਤੇ '1984 ਦੁਹਰਾਉਣ' ਦੀਆਂ ਧਮਕੀ ਭਰੀਆਂ ਪੋਸਟਾਂ ਤੋਂ ਸਾਫ ਦੇਖਿਆ ਜਾ ਸਕਦਾ ਹੈ। ਪਿਛਲੇ ਸਾਲ ਨਵੰਬਰ ’ਚ ਦਿੱਲੀ ਦੀਆਂ ਹੱਦਾਂ ਉਪਰ ਪੱਕੇ ਕਿਸਾਨ ਮੋਰਚੇ ਲਗਾਏ ਜਾਣ ਤੋਂ ਲੈ ਕੇ ਪੰਜਾਬ ਦੇ ਕਿਸਾਨਾਂ ਨੂੰ ਅਤਿਵਾਦੀ, ਖਾਲਿਸਤਾਨੀ, ਮਾਓਵਾਦੀ, ਅੰਦੋਲਨਜੀਵੀ ਆਦਿ ਦਾ ਠੱਪਾ ਲਗਾ ਕੇ ਬਦਨਾਮ ਕਰਨ ਦੀ ਕੋਸ਼ਿਸ਼ ਖੁਦ ਮੋਦੀ ਵੱਲੋਂ ਅਤੇ ਉਸ ਦੀ ਵਜ਼ਾਰਤ ਦੀ ਸਿੱਧੀ ਅਗਵਾਈ ਹੇਠ ਲਗਾਤਾਰ ਕੀਤੀ ਜਾਂਦੀ ਰਹੀ ਹੈ। ਰੈਲੀ ਦੀ ਅਸਫਲਤਾ ਨਾਲ ਪੰਜਾਬ ਦੇ ਭਗਵੇਂ ਕੈਂਪ ’ਚ ਮਾਯੂਸੀ ਸਿਰਫ ਇਕ ਪਾਸਾ ਹੈ। ਇਹ ਦੂਜਾ ਪਾਸਾ ਵਧੇਰੇ ਤਵੱਜੋ ਦੇਣ ਦੀ ਮੰਗ ਕਰਦਾ ਹੈ। ਰੈਲੀ ਦੀ ਤਿਆਰੀ ਅਤੇ ਅਸਫਲਤਾ ਨਾਲ ਆਰ.ਐਸ.ਐਸ.-ਬੀ.ਜੇ.ਪੀ. ਲੋਕਾਂ ਦੇ ਇਕ ਹਿੱਸੇ ’ਚ ਆਪਣਾ ਪਾਟਕ ਪਾਊ ਸੰਦੇਸ਼ ਲੈ ਕੇ ਜਾਣ ’ਚ ਕਾਮਯਾਬ ਹੋਈ ਹੈ। ਆਰ.ਐਸ.ਐਸ.-ਬੀ.ਜੇ.ਪੀ. ਦੀ ਖਤਰਨਾਕ ਵਿਚਾਰਧਾਰਾ ਨੂੰ ਨਜ਼ਰਅੰਦਾਜ਼ ਕਰਕੇ ਸੱਤਾ ਦੀ ਲਾਲਸਾ ਰੱਖਦੇ ਅਨਸਰ ਸੰਘ ਬ੍ਰਿਗੇਡ ’ਚ ਸ਼ਾਮਲ ਹੋਣ ਲਈ ਬੁਰੀ ਤਰ੍ਹਾਂ ਤਰਲੋਮੱਛੀ ਹੋ ਰਹੇ ਹਨ। ਇਨ੍ਹਾਂ ਅਨਸਰਾਂ ਦਾ ਚਾਹੇ ਖਾਸ ਜਨਤਕ ਰਸੂਖ ਨਹੀਂ ਹੈ ਪਰ ਇਹ ਰਾਜਨੀਤਕ ਤੌਰ ’ਤੇ ਆਮ ਲੋਕਾਂ ’ਚ ਬੀ.ਜੇ.ਪੀ. ਦੇ ਪੰਜਾਬ ’ਚ ਵਧ ਰਹੇ ਰਸੂਖ ਦਾ ਭਰਮ ਪੈਦਾ ਕਰਨ ਦਾ ਸੰਦ ਹਨ। ਮੋਦੀ ਦਾ 'ਜਾਨ ਬਚ ਗਈ' ਵਾਲਾ ਬਿਆਨ ਆਈ.ਟੀ. ਸੈੱਲ ਅਤੇ ਪਾਲਤੂ ਮੀਡੀਆ ਦੇ ਜ਼ਹਿਰੀਲਾ ਪ੍ਰਚਾਰ ਨਾਲ ਗੁਣਾਂ ਹੋ ਕੇ ਪੰਜਾਬ ਦੇ ਹਿੰਦੂ ਭਾਈਚਾਰੇ ਵਿਚ ਅਸੁਰੱਖਿਆ ਅਤੇ ਭੈਅ ਦਾ ਮਾਹੌਲ ਪੈਦਾ ਕਰਕੇ ਉਨ੍ਹਾਂ ’ਚ ਹਿੰਦੂਤਵ ਦੀ ਛੱਤਰੀ ਹੇਠ ਸੁਰੱਖਿਅਤ ਹੋਣ ਦੀ ਸੋਚ ਬਣਾ ਸਕਦਾ ਹੈ। ਇਸ ਖਤਰਨਾਕ ਬਿਰਤਾਂਤ ਨੂੰ ਜ਼ੋਰਦਾਰ ਚੁਣੌਤੀ ਦੇਣੀ ਜ਼ਰੂਰੀ ਹੈ।

ਇਸ ਵਰਤਾਰੇ ਦਾ ਇਕ ਹੋਰ ਖਤਰਨਾਕ ਪਹਿਲੂ 'ਆਪ', ਬਾਦਲ ਦਲ, ਕਾਂਗਰਸ ਦੇ ਚੰਨੀ ਵਿਰੋਧੀ ਧੜੇ ਅਤੇ ਕਥਿਤ ਉਦਾਰਵਾਦੀ ਹਿੱਸਿਆਂ ਦਾ ਇਹ ਕਹਿ ਕੇ ਭਗਵੇਂ ਬਿਰਤਾਂਤ ਦੀ ਸੁਰ ’ਚ ਸੁਰ ਮਿਲਾਉਣਾ ਹੈ ਕਿ 'ਰਾਜਨੀਤਕ ਮੱਤਭੇਦਾਂ ਦੇ ਬਾਵਜੂਦ ਪ੍ਰਧਾਨ ਮੰਤਰੀ ਦੀ ਸੁਰੱਖਿਆ ਦੇ ਮੁੱਦੇ ਉਪਰ ਸਮਝੌਤਾ ਨਹੀਂ ਕੀਤਾ ਜਾ ਸਕਦਾ'। ਇਹ ਹੈਰਾਨੀਜਨਕ ਨਹੀਂ ਜੇ ਸੁਖਬੀਰ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਮਾਇਆਵਤੀ, ਸੁਨੀਲ ਜਾਖੜ ਤੋਂ ਲੈ ਕੇ 'ਆਪ' ਦਾ ਰਾਘਵ ਚੱਢਾ ਅਤੇ ਭਗਵੰਤ ਮਾਨ ਤੱਕ ਸਾਰੇ 'ਸੁਰੱਕਸ਼ਾ ਮੇਂ ਚੂਕ' ਤੋਂ ਪ੍ਰੇਸ਼ਾਨ ਹਨ। ਪਹਿਲਾਂ ਭਾਰਤੀ ਹਾਕਮ ਜਮਾਤੀ ਪਾਰਟੀਆਂ ਵੱਲੋਂ ਮੁਲਕ ਦੀ ਸੁਰੱਖਿਆ ਵਿਚੋਂ ਲੋਕਾਂ ਨੂੰ ਮਨਫੀ ਕਰ ਕੇ ਕਥਿਤ ਰਾਸ਼ਟਰ ਦੇ ਰੂਪ ’ਚ ਇਸ ਨੂੰ ਭਾਰਤੀ ਰਾਜ-ਢਾਂਚੇ ਅਤੇ ਹਾਕਮ ਜਮਾਤਾਂ ਦੇ ਹਿਤਾਂ ਤੱਕ ਸੁੰਗੇੜ ਦਿੱਤਾ ਗਿਆ। ਹੁਣ ਉਸ 'ਰਾਸ਼ਟਰੀ' ਸੁਰੱਖਿਆ ਨੂੰ ਵੀ ਸਵੈ-ਕੇਂਦਰਤ ਤਾਨਾਸ਼ਾਹ ਦੀ ਸੁਰੱਖਿਆ ਤੱਕ ਮਹਿਦੂਦ ਕਰ ਦਿੱਤਾ ਗਿਆ ਹੈ। ਉਪਰੋਕਤ ਸਿਆਸੀ ਕੋੜਮਾ ਇਸ ਸਚਾਈ ਨੂੰ ਪੂਰੀ ਬੇਹਯਾਈ ਅਤੇ ਮੌਕਾਪ੍ਰਸਤੀ ਨਾਲ ਲੁਕੋ ਰਿਹਾ ਹੈ ਕਿ ਮੋਦੀ ਪੰਜਾਬ ਵਿਚ ਪ੍ਰਧਾਨ ਮੰਤਰੀ ਦੀ ਹੈਸੀਅਤ ’ਚ ਨਹੀਂ ਸਗੋਂ ਬੀ.ਜੇ.ਪੀ ਦੇ ਮੁੱਖ ਚੋਣ ਪ੍ਰਚਾਰਕ ਦੀ ਹੈਸੀਅਤ ’ਚ ਆਇਆ ਸੀ। ਜਦੋਂ ਪੰਜਾਬ, ਹਰਿਆਣਾ ਅਤੇ ਹੋਰ ਰਾਜਾਂ ਦੇ ਲੱਖਾਂ ਕਿਸਾਨ-ਮਜ਼ਦੂਰ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਲਈ ਸਵਾ ਸਾਲ ਦੇ ਕਰੀਬ ਸੜਕਾਂ ਉਪਰ ਅਕਹਿ ਮੁਸੀਬਤਾਂ ਝੱਲ ਰਹੇ ਸਨ, ਉਦੋਂ ਸੁਰੱਖਿਆ ਦੀ ਦੁਹਾਈ ਦੇਣ ਵਾਲੇ ਇਹ ਸਿਆਸਤਦਾਨ ਖਾਮੋਸ਼ ਰਹੇ। ਸਾਢੇ ਸੱਤ ਸੌ ਦੇ ਕਰੀਬ ਕਿਸਾਨਾਂ-ਮਜ਼ਦੂਰਾਂ ਦੀਆਂ ਜਾਨਾਂ ਦੀ ਬਲੀ ਕਦੇ ਸੁਰੱਖਿਆ ਦਾ ਮੁੱਦਾ ਨਹੀਂ ਬਣੀ। ਪੂਰਾ ਦਿਨ ਪੰਜਾਬ ਵਿਚ ਚੋਣ ਰੈਲੀ ਦੇ ਲੇਖੇ ਲਾਉਣ ਵਾਲੇ ਮਨਮੌਜੀ ਨੂੰ ਇਕ ਵਾਰ ਵੀ ਲੱਖਾਂ ਕਿਸਾਨਾਂ-ਮਜ਼ਦੂਰਾਂ ਦੀ ਨੁਮਾਇੰਦਗੀ ਕਰਦੇ ਆਗੂਆਂ ਨਾਲ ਚੰਦ ਮਿੰਟ ਗੱਲਬਾਤ ਕਰਨ ਦੀ ਜ਼ਰੂਰਤ ਮਹਿਸੂਸ ਨਹੀਂ ਹੋਈ। ਜਦੋਂ ਕਿਸਾਨਾਂ ਨੂੰ ਸਿੱਧਾ ਮੁਖਾਤਿਬ ਹੋਣ ਦੀ ਜ਼ਰੂਰਤ ਸੀ, ਉਦੋਂ ਤਿੰਨ ਖੇਤੀ ਕਾਨੂੰਨਾਂ ਬਾਰੇ ਸਮਝਾਉਣ ਲਈ ਪੰਜਾਬ ਵਿਚ ਰੈਲੀ ਕਰਨ ਆਉਂਦਾ ਤਾਂ ਸ਼ਾਇਦ ਕੋਈ ਮੰਨ ਵੀ ਲੈਂਦਾ ਕਿ ਨਫਰਤ ਦਾ ਸੌਦਾਗਰ ਪ੍ਰਧਾਨ ਮੰਤਰੀ ਦੀ ਹੈਸੀਅਤ ’ਚ ਕਿਸਾਨਾਂ ਨਾਲ ਸੰਵਾਦ ਰਚਾਉਣ ਆਇਆ ਹੈ। ਹੁਣ ਸੰਘ ਬ੍ਰਿਗੇਡ ਅਤੇ ਬਾਕੀ ਹਾਕਮ ਜਮਾਤੀ ਰਾਜਨੀਤਕ ਕੋੜਮਾ 'ਚੁਣਿਆ ਹੋਇਆ ਪ੍ਰਧਾਨ ਮੰਤਰੀ' ਦਾ ਕੁਤਰਕ ਦੇ ਕੇ ਪੰਜਾਬ ਦੇ ਲੋਕਾਂ ਨੂੰ ਬੇਵਕੂਫ ਨਹੀਂ ਬਣਾ ਸਕਦਾ।

ਜਿੱਥੋਂ ਤੱਕ ਵਿਕਾਸ ਪ੍ਰੋਜੈਕਟਾਂ ਦਾ ਸਵਾਲ ਹੈ, ਜੋ ਵੇਰਵੇ ਜਨਤਕ ਹੋਏ, ਉਨ੍ਹਾਂ ਅਨੁਸਾਰ ਐਲਾਨੇ ਜਾਣ ਵਾਲੇ ਪ੍ਰੋਜੈਕਟ ਦਿੱਲੀ-ਕੱਟੜਾ ਹਾਈਵੇਅ ਅਤੇ ਕੁਝ ਰੇਲ ਲਾਈਨਾਂ ਦੇ ਵਿਸਤਾਰ ਦੇ ਸਨ। ਰੇਲਵੇ ਅਤੇ ਸੜਕੀ ਆਵਾਜਾਈ ਦੇ ਤਰਕਹੀਣ ਨਿੱਜੀਕਰਨ ਅਤੇ ਵਪਾਰੀਕਰਨ ਕਾਰਨ ਇਹ ਕਾਰੋਬਾਰੀ ਲੋੜਾਂ ਦੇ ਨਜ਼ਰੀਏ ਤੋਂ ਕਾਰਪੋਰੇਟ ਅਤੇ ਕੁਲੀਨ ਵਰਗ ਦੇ ਹਿਤ ’ਚ ਤਾਂ ਹਨ ਪਰ ਆਮ ਲੋਕਾਂ ਲਈ ਇਨ੍ਹਾਂ ਦਾ ਕੋਈ ਖਾਸ ਮਹੱਤਵ ਨਹੀਂ ਹੈ। ਪੰਜਾਬ ਦੇ ਮੁੱਖ ਮਸਲਿਆਂ ਖੇਤੀ ਸੰਕਟ, ਉਦਯੋਗੀਕਰਨ ਅਤੇ ਨੌਕਰੀਆਂ ਰਾਹੀਂ ਰੁਜ਼ਗਾਰ, ਸਸਤੀ ਪੜ੍ਹਾਈ, ਤਿੰਨ ਲੱਖ ਕਰੋੜ ਦੇ ਕਰਜ਼ੇ ਵਰਗੇ ਮਹੱਤਵਪੂਰਨ ਮੁੱਦਿਆਂ ਲਈ ਮੋਦੀ ਕੋਲ ਕੋਈ ਪੈਕੇਜ ਨਹੀਂ ਹੈ। ਸੈਟੇਲਾਈਟ ਪੀ.ਜੀ.ਆਈ. ਦੇ ਉਦਘਾਟਨ ਦੇ ਕੀ ਮਾਇਨੇ ਰਹਿ ਜਾਂਦੇ ਹਨ, ਜਦੋਂ ਪੰਜਾਬ ’ਚ ਚੱਲ ਰਹੇ ਸਰਕਾਰੀ ਮੈਡੀਕਲ ਕਾਲਜ ਅਤੇ ਮੁੱਖ ਸਰਕਾਰੀ ਹਸਪਤਾਲਾਂ ਸਮੇਤ ਸਿਹਤ ਸੇਵਾਵਾਂ ਵਪਾਰੀਕਰਨ ਦੀ ਨੀਤੀ ਤਹਿਤ ਫੰਡਾਂ ਦੀ ਤੋਟ ਕਾਰਨ ਖਤਮ ਹੋਣ ਕਿਨਾਰੇ ਹਨ।

ਰਹੀ ਗੱਲ ਸੜਕਾਂ ਉਪਰ ਮੁਜ਼ਾਹਰੇ ਕਰਨ ਦੀ, ਇਹ ਦੁਨੀਆ ਭਰ ਦੇ ਲੋਕਾਂ ਵੱਲੋਂ ਮੱਧਯੁਗੀ ਤਾਨਾਸ਼ਾਹੀਆਂ ਅਤੇ ਕਥਿਤ ਲੋਕਤੰਤਰੀ ਰਾਜਾਂ ਵਿਰੁੱਧ, ਜਿਸ ਵਿਚ ਬਰਤਾਨਵੀ ਸਲਤਨਤ ਸਮੇਤ ਸਮੂਹ ਬਸਤੀਵਾਦੀ ਸਰਮਾਏਦਾਰਾ ਰਾਜ ਸ਼ਾਮਿਲ ਹਨ, ਜਾਨ-ਹੂਲਵੇਂ ਸੰਘਰਸ਼ ਕਰਕੇ ਲਿਆ ਜਮਹੂਰੀ ਹੱਕ ਹੈ। ਇਹ ਐਸਾ ਜਮਹੂਰੀ ਹੱਕ ਹੈ ਜਿਸ ਨੂੰ ਲੈ ਕੇ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਪੰਜਾਬ ਦੇ ਲੋਕ ਵੋਟਾਂ ਪਾ ਕੇ ਪੰਜ ਸਾਲ ਲਈ ਆਪਣੇ ਹੱਥ ਵੱਢ ਕੇ ਦਿੰਦੇ ਆ ਰਹੇ ਸਨ। ਹੁਣ ਉਨ੍ਹਾਂ ਨੇ ਫੋਕੇ ਲੋਕਤੰਤਰ ਦੇ ਭਰਮ ’ਚੋਂ ਨਿਕਲ ਕੇ ਅਸਲ ਲੋਕ ਤਾਕਤ ਰਾਹੀਂ ਆਪਣੇ ਹੱਕ ਜਤਾਉਣ ਅਤੇ ਅਸਲ ਲੋਕਤੰਤਰ ਨੂੰ ਅਮਲ ’ਚ ਲਿਆਉਣ ਦੀ ਮੁੱਢਲੀ ਚੇਤਨਾ ਹਾਸਲ ਕਰ ਲਈ ਹੈ। ਜੇ ਸੰਘਰਸ਼ਸ਼ੀਲ ਲੋਕ ਆਪਣੇ ਇਸ ਜਮਹੂਰੀ ਹੱਕ ਦਾ ਇਸਤੇਮਾਲ ਕਰਦੇ ਹੋਏ ਸੜਕਾਂ ਜਾਮ ਕਰਕੇ ਮੋਦੀ ਦੇ ਕਾਫਲੇ ਨੂੰ ਕੁਝ ਮਿੰਟ ਦੀ ਬਜਾਏ ਕੁਝ ਘੰਟੇ ਵੀ ਰੋਕੀ ਰੱਖਦੇ ਅਤੇ ਉਸ ਨੂੰ ਘੇਰ ਕੇ ਆਪਣਾ ਪੱਖ ਸੁਣਨ ਲਈ ਮਜਬੂਰ ਕਰਦੇ, ਉਦੋਂ ਵੀ ਇਹ ਕਾਰਵਾਈ ਸੁਰੱਖਿਆ ਲਈ ਕੋਈ ਖਤਰਾ ਨਹੀਂ ਸੀ ਸਗੋਂ ਪੂਰੀ ਤਰ੍ਹਾਂ ਹੱਕ ਵਜਾਨਬ ਹੋਣੀ ਸੀ। ਜੇ ਮਨਮਾਨੀਆਂ ਕਰਨ ਵਾਲੇ ਹੁਕਮਰਾਨਾਂ ਵਿਰੁੱਧ ਮੁਜ਼ਾਹਰੇ ਕਰਨ ਜਾਂ ਉਨ੍ਹਾਂ ਨੂੰ ਸੜਕਾਂ ਉਪਰ ਰੋਕ ਕੇ ਜਵਾਬਦੇਹੀ ਮੰਗਣ ਨਾਲ ਫਾਸ਼ੀਵਾਦ ਦਾ ਅਜੋਕਾ ਮੁਜੱਸਮਾ ਅਤੇ ਮੁੱਖ ਧਾਰਾਈ ਰਾਜਨੀਤਕ ਕੋੜਮਾ ਅਸੁਰੱਖਿਆ ਮਹਿਸੂਸ ਕਰਦੇ ਹਨ ਤਾਂ ਇਹ ਉਲੰਘਣਾ ਵਾਰ-ਵਾਰ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਮੁਲਕ ਨੂੰ ਅਸਲ ਖਤਰਾ ਇਨ੍ਹਾਂ ਦੇ ਝੂਠੇ ਅਸੁਰੱਖਿਆ ਬਿਰਤਾਂਤ ਤੋਂ ਹੈ। ਹੰਕਾਰੇ ਹੋਏ ਤਾਨਾਸ਼ਾਹ ਨੂੰ ਪੰਡਾਲ ਖਾਲੀ ਰੱਖ ਕੇ ਉਸ ਦੀ ਔਕਾਤ ਦਿਖਾਉਣ ਲਈ ਪੰਜਾਬ ਦੇ ਲੋਕ ਵਧਾਈ ਦੇ ਹੱਕਦਾਰ ਹਨ।

# ਪੰਜ ਲੱਖ ਅੱਖਾਂ ਸੰਵਾਰਨ ਵਾਲ਼ੇ ਡਾ. ਮਥਰਾ ਦਾਸ

**ਮਾਨਸ ਤੋਂ ਦੇਵਤਾ**

***ਦਿੱਲੀ ਵੱਸਦੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਉਨ੍ਹਾਂ ਆਪਣੀਆਂ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਵੱਖਰੀ ਪਛਾਣ ਬਣਾਈ ਹੈ। ਕੁਝ ਸਾਲ ਪਹਿਲਾਂ ਆਏ ਉਨ੍ਹਾਂ ਦੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਜੋ ਪ੍ਰਸਿੱਧ ਲਿਖਾਰੀ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਸੀ, ਨਾਲ ਵੀ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਅੱਜ ਕੱਲ੍ਹ ਉਹ ਬਹੁਤਾ ਧਿਆਨ ਵਾਰਤਕ ਵੱਲ ਲਾ ਰਹੇ ਹਨ। ਅਸੀਂ ਉਨ੍ਹਾਂ ਦੀ ਵਾਰਤਕ ਦੀ ਇਕ ਵੰਨਗੀ 'ਮਾਨਸ ਤੋਂ ਦੇਵਤਾ' ਦੇ ਰੂਪ ਵਿਚ ਆਪਣੇ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਕੁਝ ਅਸਾਧਾਰਨ ਸ਼ਖਸੀਅਤਾਂ ਦੇ ਦਿਲਚਸਪ ਅਤੇ ਨਿਆਰੇ ਸ਼ਬਦ ਚਿੱਤਰ ਉਲੀਕੇ ਹਨ।***

ਮੇਰੇ ਬਚਪਨ ਵਿਚ ਸਾਡੇ ਪਿੰਡਾਂ ਦਾ ਜੋ ਕੋਈ ਵੀ ਅੱਖ ਬਣਵਾਉਂਦਾ, ਪੁੱਛੇ ਤੋਂ ਇਹੋ ਆਖਦਾ, ਮਥਰਾ ਦਾਸ ਤੋਂ ਬਣਵਾਈ ਹੈ। ਇਹ ਉਨ੍ਹਾਂ ਦੀ ਮਸ਼ਹੂਰੀ ਦਾ ਨਾਪ ਸੀ ਕਿ ਸਿਰਫ਼ ਮਥਰਾ ਦਾਸ ਕਿਹਾ ਕਾਫ਼ੀ ਸੀ, ਨਾ ਹਸਪਤਾਲ ਦੇ ਨਾਂ ਦੀ ਲੋੜ ਤੇ ਨਾ ਸ਼ਹਿਰ ਦੇ ਨਾਂ ਦੀ। ਸਾਡਾ ਪਿੰਡ ਮੋਗੇ ਤੋਂ ਕੋਈ 75 ਕਿਲੋਮੀਟਰ ਦੂਰ ਹੈ ਪਰ ਏਨੀ ਦੂਰ ਵੀ, ਸਗੋਂ ਇਸ ਤੋਂ ਦੂਰ ਵੀ ਉਨ੍ਹਾਂ ਦੇ ਭਲੇ ਕੰਮ ਨੂੰ ਹਰ ਕੋਈ ਜਾਣਦਾ ਸੀ। ਅੱਖਾਂ ਬਣਵਾਉਣ ਵਾਲ਼ੇ ਉਨ੍ਹਾਂ ਦੇ ਗੁਣ ਗਾਉਂਦੇ। ਉਨ੍ਹਾਂ ਦੇ ਅਪਰੇਸ਼ਨਾਂ ਦੀ ਸਫਲਤਾ ਦੀ ਦਰ ਦੇਖੋ, ਕਦੀ ਕਿਸੇ ਤੋਂ ਇਹ ਨਹੀਂ ਸੀ ਸੁਣਿਆ ਕਿ ਮਥਰਾ ਦਾਸ ਤੋਂ ਬਣਵਾਈ ਮੇਰੀ ਅੱਖ ਖ਼ਰਾਬ ਹੋ ਗਈ ਹੈ।

ਉਹ ਮੈਥੋਂ ਸਾਢੇ ਛਵੰਜਾ ਸਾਲ ਵੱਡੇ ਸਨ। ਮੇਰੇ ਜਨਮ ਤੋਂ ਡੇਢ ਸਾਲ ਪਹਿਲਾਂ, 14 ਸਤੰਬਰ 1935 ਨੂੰ ਤਾਂ ਉਹ ਸਿਵਲ ਸਰਜਨ ਵਜੋਂ



**ਗੁਰਬਚਨ ਸਿੰਘ ਭੁੱਲਰ**
**ਫੋਨ: +807-636-3058**


ਸੇਵਾ-ਮੁਕਤ ਵੀ ਹੋ ਗਏ ਸਨ। ਇਹ ਸਬੱਬ ਹੀ ਸਮਝੋ ਕਿ ਮੈਨੂੰ ਦੋ ਵਾਰ ਉਨ੍ਹਾਂ ਨੂੰ ਦੇਖਣ ਦਾ ਹੀ ਨਹੀਂ ਸਗੋਂ ਉਨ੍ਹਾਂ ਦੇ ਵਿਚਾਰ ਸੁਣਨ ਦਾ ਵੀ ਮੌਕਾ ਮਿਲਿਆ। ਦਸਵੀਂ ਕਰਨ ਮਗਰੋਂ ਕਾਲਜ ਜਾਣ ਦਾ ਸਵਾਲ ਆਇਆ। ਸਾਡੇ ਨੇੜੇ ਬਠਿੰਡੇ ਦਾ ਕਾਲਜ ਇਕ ਤਾਂ ਸੀ ਇੰਟਰਮੀਡੀਏਟ, ਭਾਵ ਸਿਰਫ਼ ਦੋ ਜਮਾਤਾਂ, ਗਿਆਰਵੀਂ ਤੇ ਬਾਰਵੀਂ ਪੜ੍ਹਾਉਣ ਵਾਲਾ, ਤੇ ਦੂਜੀ ਗੱਲ, ਉਥੇ ਸਿਰਫ਼ ਆਰਟਸ ਵਿਸ਼ੇ ਪੜ੍ਹਾਏ ਜਾਂਦੇ ਸਨ। ਮੈਂ ਵਿਗਿਆਨ ਦੇ ਵਿਸ਼ੇ ਲੈਣ ਲਈ ਡੀ. ਐਮ. ਕਾਲਜ ਮੋਗਾ ਵਿਚ ਜਾ ਦਾਖ਼ਲ ਹੋਇਆ। ਓਦੋਂ ਦੇ ਛੋਟੇ ਜਿਹੇ ਨਗਰ ਮੋਗਾ ਵਿਚ ਇਹ ਕਾਲਜ ਡਾਕਟਰ ਸਾਹਿਬ ਨੇ 1926 ਵਿਚ ਬਣਵਾਇਆ ਸੀ ਜਦੋਂ ਅਜੇ ਪੂਰੇ ਦੇਸ ਵਿਚ ਸਿਰਫ਼ 318 ਕਾਲਜ ਤੇ ਯੂਨੀਵਰਸਿਟੀਆਂ ਹੀ ਸਨ।

ਓਦੋਂ ਮੈਨੂੰ ਅਜੇ ਮਥਰਾ ਦਾਸ ਦੇ ਅੱਖਾਂ ਦਾ ਡਾਕਟਰ ਹੋਣ ਦਾ ਹੀ ਪਤਾ ਸੀ। ਕਾਲਜ ਦੇ ਪ੍ਰਾਸਪੈਕਟਸ ਪੜ੍ਹੇ ਤਾਂ ਪਤਾ ਲਗਿਆ, 'ਡੀ' ਦਯਾਨੰਦ ਸਵਾਮੀ ਦਾ ਅਤੇ 'ਐਮ' ਮਥਰਾ ਦਾਸ ਡਾਕਟਰ ਦਾ ਸੂਚਕ ਸੀ। ਫੇਰ ਜਦੋਂ ਕਾਲਜ ਜਾ ਪਹੁੰਚੇ ਤਾਂ ਪਤਾ ਲੱਗਿਆ ਕਿ ਉਸ ਸਮੇਂ ਮੌਜੂਦ ਮੋਗਾ ਤਾਂ ਸੀ ਹੀ ਡਾਕਟਰ ਸਾਹਿਬ ਦੀ ਦੇਣ! ਉਨ੍ਹਾਂ ਦੀ ਆਉਂਦ ਤੋਂ ਪਹਿਲਾਂ ਮੋਗਾ ਰੇਲਵੇ ਸਟੇਸ਼ਨ ਵਾਲਾ ਸਾਧਾਰਨ ਜਿਹਾ ਪਿੰਡ ਹੀ ਸੀ। ਇਹ ਉਹ ਹੀ ਸਨ ਜਿਨ੍ਹਾਂ ਨੇ ਉਥੇ ਸਿਹਤ-ਸਹੂਲਤਾਂ ਅਤੇ ਵਿਦਿਅਕ ਸੰਸਥਾਵਾਂ ਦਾ ਮੁੱਢ ਬੰਨ੍ਹਿਆ ਤੇ ਵਿਦਿਅਕ ਸੰਸਥਾਵਾਂ ਵਿਚ ਉਨ੍ਹਾਂ ਨੇ ਲੜਕੀਆਂ ਦੇ ਸਕੂਲ ਨੂੰ ਵੀ ਅਗੇਤ ਦਿੱਤੀ। ਇਉਂ ਉਹ ਮੋਗੇ ਨੂੰ ਮਸੀਹਾ ਬਣ ਕੇ ਮਿਲੇ।

ਵਿਦਿਆਰਥੀ ਵਜੋਂ ਮੇਰੇ ਦੋਵੇਂ ਸਾਲ, 1951-1953, ਉਹ ਕਾਲਜ ਦੇ ਸਾਲਾਨਾ ਦਿਵਸ ਸਮੇਂ ਆਏ ਸਨ। ਜੇ ਮੈਂ ਭੁੱਲਦਾ ਨਹੀਂ, ਉਹ ਅਜੇ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ। ਉਹ ਸਾਦੇ, ਸਨਿਮਰ ਮਨੁੱਖ ਸਨ। ਉਹ ਦੋਵੇਂ ਵਾਰ ਬੋਲੇ ਤਾਂ ਉਨ੍ਹਾਂ ਦਾ ਕੇਂਦਰੀ ਨੁਕਤਾ ਇਹੋ ਰਿਹਾ ਕਿ ਜੀਵਨ ਵਿਚ ਵਿਚਰਦਿਆਂ ਗਲਾਸ ਨੂੰ ਅੱਧਾ ਖਾਲੀ ਕਹਿਣ ਦੀ ਥਾਂ ਅੱਧਾ ਭਰਿਆ ਸਮਝਣਾ ਚਾਹੀਦਾ ਹੈ। ਉਹ ਮਾਨਵ-ਸੇਵਾ, ਖਾਸ ਕਰਕੇ ਗਰੀਬ-ਸੇਵਾ 'ਤੇ ਜ਼ੋਰ ਦਿੰਦੇ। ਭਾਸ਼ਣ ਵਿਚ ਆਪਣੇ ਨੁਕਤੇ ਸਪੱਸ਼ਟ ਕਰਨ ਲਈ ਉਹ ਆਪਣੇ ਅਨੁਭਵ ਦੀਆਂ ਗੱਲਾਂ ਵੀ ਸੁਣਾਉਂਦੇ। ਉਨ੍ਹਾਂ ਦੀ ਇਕ ਗੱਲ ਮੈਨੂੰ ਅੱਜ ਤੱਕ ਚੇਤੇ ਹੈ। ਸ਼ਾਇਦ ਇਸ ਕਰਕੇ ਕਿ ਮੈਂ ਉਸ ਪਿੱਛੋਂ ਛੇਤੀ ਹੀ ਲਿਖਣ ਨੂੰ ਮੂੰਹ ਮਾਰਨ ਲੱਗ ਪਿਆ ਅਤੇ ਉਨ੍ਹਾਂ ਦੀ ਆਮ ਪ੍ਰਸੰਗ ਵਿਚ ਕਹੀ ਹੋਈ ਉਹ ਗੱਲ ਲੇਖਕ ਵਜੋਂ ਮੇਰੇ ਲਈ ਇਕ ਵੱਡਾ ਸਬਕ ਬਣ ਗਈ। ਆਪਣਾ ਪੂਰਾ ਸਾਹਿਤਕ ਜੀਵਨ ਮੈਂ ਉਨ੍ਹਾਂ ਦੀ ਇਸ ਗੱਲ ਨੂੰ ਕਦੀ ਵੀ ਵਿਸਾਰਿਆ ਨਹੀਂ।

ਉਨ੍ਹਾਂ ਦਾ ਕਹਿਣਾ ਸੀ ਕਿ ਆਪਣੀ ਗੱਲ ਅਜਿਹੇ ਸ਼ਬਦਾਂ ਵਿਚ ਕਹਿਣੀ ਚਾਹੀਦੀ ਹੈ ਕਿ ਜਿਸ ਬੰਦੇ ਨੂੰ ਤੁਸੀਂ ਕਹਿ ਰਹੇ ਹੋ, ਉਹ ਉਸ ਤੱਕ ਤੁਹਾਡੇ ਸੋਚੇ ਹੋਏ ਰੂਪ ਵਿਚ ਸਹੀ-ਸਹੀ ਪਹੁੰਚ ਜਾਵੇ। ਉਨ੍ਹਾਂ ਨੇ ਮਿਸਾਲ ਦਿੱਤੀ ਕਿ ਅਸਪੱਸ਼ਟ ਗੱਲ ਕਿਵੇਂ ਵੱਡਾ ਨੁਕਸਾਨ ਕਰ ਸਕਦੀ ਹੈ। ਉਨ੍ਹਾਂ ਦੀ ਸੁਣਾਈ ਘਟਨਾ ਦਾ ਸੰਖੇਪ ਸਾਰ ਇਹ ਸੀ ਕਿ ਉਨ੍ਹਾਂ ਨਾਲ ਕੰਮ ਕਰਦਾ ਇਕ ਡਾਕਟਰ ਸਵੇਰ ਦੇ ਗੇੜੇ ਵਿਚ ਦੋ ਨਰਸਾਂ ਨਾਲ ਮਰੀਜ਼ਾਂ ਨੂੰ ਦੇਖਣ ਤੁਰਿਆ। ਉਹਨੂੰ ਹਾਇ-ਬਹੁਤੀ ਕਰ ਰਹੀ ਇਕ ਬਿਰਧ ਮਾਈ ਬਾਰੇ ਦੱਸਿਆ ਗਿਆ ਕਿ ਇਹ ਕੱਲ੍ਹ ਸ਼ਾਮ ਪੇਟ ਦੇ ਬਹੁਤ ਤੇਜ਼ ਦਰਦ ਨਾਲ ਆਈ ਹੈ। ਉਹਨੇ ਉਹਦੇ ਸਰ੍ਹਾਣੇ ਲਟਕਦੇ ਕਾਗਜ਼ ਤੋਂ ਉਹ ਦਵਾਈਆਂ ਦੇਖੀਆਂ ਜੋ ਪਹਿਲੇ ਡਾਕਟਰ ਨੇ ਦਿੱਤੀਆਂ ਸਨ ਪਰ ਜਿਨ੍ਹਾਂ ਦੇ ਦੇਣ ਨਾਲ ਕੋਈ ਫ਼ਾਇਦਾ ਨਹੀਂ ਸੀ ਹੋਇਆ। ਉਨ੍ਹਾਂ ਦਿਨਾਂ ਵਿਚ ਦਰਦ-ਨਿਵਾਰਕ ਵਜੋਂ ਤਰਲ ਕਲੋਰੋਫਾਰਮ ਦਿੱਤਾ ਜਾਂਦਾ ਸੀ। ਡਾਕਟਰ ਨੇ ਦਰਦ ਵੱਲ ਦੇਖਦਿਆਂ ਉਹਦੀ ਪੂਰੀ ਖ਼ੁਰਾਕ ਦੇ ਦੇਣ ਲਈ ਕਹਿ ਦਿੱਤਾ।

ਕੁਝ ਚਿਰ ਮਗਰੋਂ ਮਾਈ ਚਲਾਣਾ ਕਰ ਗਈ। ਡਾਕਟਰ ਹੈਰਾਨ ਹੋਇਆ ਕਿ ਭਾਵੇਂ ਡੋਜ਼ ਸਖ਼ਤ ਸੀ ਪਰ ਉਸ ਨਾਲ ਮੌਤ ਤਾਂ ਨਹੀਂ ਸੀ ਹੋਣੀ ਚਾਹੀਦੀ। ਅਚਾਨਕ ਉਹਨੂੰ ਇਕ ਸ਼ੱਕ ਪਿਆ। ਉਹਨੇ ਇਕ ਨਰਸ ਨੂੰ ਬੁਲਾ ਕੇ ਪੁੱਛਿਆ ਤਾਂ ਉਹਨੇ ਕਿਹਾ, ਮੈਂ ਤਾਂ ਡੋਜ਼ ਤੁਹਾਡੀ ਦੱਸੀ ਜਿੰਨੀ ਹੀ ਦਿੱਤੀ ਸੀ। ਉਸ ਪਿੱਛੋਂ ਬੁਲਾਈ ਦੂਜੀ ਨਰਸ ਨੇ ਵੀ ਇਹੋ ਕਿਹਾ। ਮਤਲਬ, ਦੋਵਾਂ ਨਰਸਾਂ ਨੇ ਮਾਈ ਨੂੰ ਪੂਰੀ ਪੂਰੀ ਡੋਜ਼ ਦੋ ਵਾਰ ਪਿਆ ਦਿੱਤੀ। ਡਾ. ਮਥਰਾ ਦਾਸ ਦਾ ਕਹਿਣਾ ਸੀ ਕਿ ਉਸ ਡਾਕਟਰ ਨੂੰ ਇਹ ਗੱਲ ਦੋਵਾਂ ਵਿਚੋਂ ਵਿਚੋਂ ਕਿਸੇ ਇਕ ਨਰਸ ਦਾ ਨਾਂ ਲੈ ਕੇ ਕਹਿਣੀ ਚਾਹੀਦੀ ਸੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਮੇਰੇ ਉਤੇ ਇਸ ਘਟਨਾ ਦਾ ਬਹੁਤ ਤਿੱਖਾ ਅਸਰ ਹੋਇਆ। ਆਖ਼ਰ ਇਕ ਮਾਈ ਦੀ ਜਾਨ ਸਾਡੇ ਹਸਪਤਾਲ ਵਿਚ ਅਕਾਰਨ ਚਲੀ ਗਈ ਸੀ।



ਭਾਵੇਂ ਮੋਗਾ ਅਤੇ ਮਥਰਾ ਦਾਸ, ਦੋਵੇਂ ਨਾਂ ਜੁੜ ਕੇ ਇਕ ਦੂਜੇ ਵਿਚ ਘੁਲ-ਮਿਲ ਗਏ ਸਨ, ਪਰ ਉਹ ਮੋਗੇ ਦੇ ਮੂਲ ਨਿਵਾਸੀ ਨਹੀਂ ਸਨ। ਉਹ 9 ਅਕਤੂਬਰ 1880 ਨੂੰ ਹਾਫ਼ਿਜ਼ਾਬਾਦ ਵਿਚ ਜਨਮੇ ਸਨ ਅਤੇ ਡਾਕਟਰੀ ਦਾ ਐਲ.ਐਮ.ਪੀ. ਨਾਂ ਦਾ ਡਿਪਲੋਮਾ ਕਰਨ ਪਿੱਛੋਂ 1901 ਵਿਚ ਸਰਕਾਰੀ ਨੌਕਰੀ ਲੈ ਕੇ ਅਜੋਕੇ ਪਾਕਿਸਤਾਨ ਦੇ ਸਿਆਲਕੋਟ ਜ਼ਿਲੇ ਵਿਚ ਜੰਡਿਆਲੇ ਦੇ ਸਬ-ਐਸਿਸਟੈਂਟ ਸਰਜਨ ਲੱਗ ਗਏ ਸਨ। ਉਨ੍ਹਾਂ ਦੇ ਜ਼ਿੰਮੇ ਪਲੇਗ ਦੀ ਰੋਕ ਦਾ ਕੰਮ ਲਾਇਆ ਗਿਆ ਜਿਸ ਕਰਕੇ ਪਹਿਲੇ ਦੋ-ਤਿੰਨ ਸਾਲਾਂ ਵਿਚ ਉਨ੍ਹਾਂ ਦੀਆਂ ਕਈ ਬਦਲੀਆਂ ਹੋਈਆਂ। ਫੇਰ 1 ਜਨਵਰੀ 1903 ਨੂੰ ਉਹ ਮੋਗੇ ਦੀ ਸਿਵਲ ਡਿਸਪੈਂਸਰੀ ਦੇ ਇੰਚਾਰਜ ਬਣ ਕੇ ਆਏ ਤਾਂ ਉਥੋਂ ਦੇ ਹੀ ਬਣ ਗਏ।

ਉਨ੍ਹਾਂ ਦਾ ਅੱਖਾਂ ਦੇ ਡਾਕਟਰ ਬਣਨਾ ਵੀ ਕਿਸੇ ਕੋਰਸ ਦੀ ਥਾਂ ਇੱਛਾ ਤੇ ਲਗਨ ਦਾ ਹੀ ਨਤੀਜਾ ਸੀ। ਉਹ ਦਸਦੇ ਸਨ ਕਿ ਉਨ੍ਹਾਂ ਦੇ 'ਮੈਡੀਕਲ ਸਕੂਲ ਲਾਹੌਰ' ਵਿਚ ਕਰਨਲ ਪੈਰੀ ਨਾਂ ਦਾ ਡਾਕਟਰ ਅੱਖਾਂ ਦੇ ਵਿਭਾਗ ਦਾ ਇੰਚਾਰਜ ਸੀ। ਸਬੱਬ ਨਾਲ ਉਹਦੇ ਛੁੱਟੀ ਜਾਣ ਸਮੇਂ ਇੰਚਾਰਜ ਬਣੇ ਡਾ. ਹਰੀ ਰਾਮ ਨੂੰ ਨੇੜਿਓਂ ਕੰਮ ਕਰਦਾ ਦੇਖ ਇਨ੍ਹਾਂ ਨੇ ਮਨ ਵਿਚ ਧਾਰ ਲਈ ਕਿ ਡਾਕਟਰ ਬਣ ਕੇ ਅੱਖਾਂ ਦੇ ਇਲਾਜ ਵਾਲੇ ਪਾਸੇ ਹੀ ਪੈਣਾ ਹੈ। ਸ਼ਾਇਦ ਕੁਦਰਤ ਦੀ ਵੀ ਇਹੋ ਚਾਹ ਸੀ। ਨੌਕਰੀ ਦੇ ਪਹਿਲੇ ਦਿਨਾਂ ਵਿਚ ਹੀ ਉਹ ਲਾਹੌਰ ਦੇ ਅਨਾਰਕਲੀ ਬਾਜ਼ਾਰ ਵਿਚ ਇਕ ਕੈਮਿਸਟ ਦੀ ਦੁਕਾਨ ਵਿਚ ਗਏ। ਉਥੇ ਅੱਖਾਂ ਦੇ ਇਲਾਜ ਦੇ ਪੁਰਾਣੇ ਔਜ਼ਾਰ ਪਏ ਸਨ। ਪੁੱਛਣ 'ਤੇ ਪਤਾ ਲਗਿਆ, ਉਹ ਕਿਸੇ ਸਿਵਲ ਸਰਜਨ ਨੇ ਵੇਚਣ ਲਈ ਰੱਖੇ ਸਨ। ਮਥਰਾ ਦਾਸ ਉਹ ਔਜ਼ਾਰ ਅੱਠ ਰੁਪਏ ਵਿਚ ਖ਼ਰੀਦ ਲਿਆਏ।

ਉਸ ਸਮੇਂ ਦੇ ਮੋਗੇ ਦੇ ਅਸਲੀ ਰੂਪ ਦਾ ਅੰਦਾਜ਼ਾ ਇਥੋਂ ਲਾਇਆ ਜਾ ਸਕਦਾ ਹੈ ਕਿ ਡਾ. ਮਥਰਾ ਦਾਸ ਵਾਲੀ ਸਰਕਾਰੀ ਡਿਸਪੈਂਸਰੀ ਲੁਧਿਆਣਾ-ਫ਼ੀਰੋਜ਼ਪੁਰ ਸੜਕ 'ਤੇ ਸੀ ਅਤੇ ਉਥੋਂ ਮੋਗਾ ਪਿੰਡ ਦੋ ਮੀਲ ਦੂਰ ਪੈਂਦਾ ਸੀ। ਇਹ ਦੋ ਮੀਲ ਸੁੰਨਾ ਜੰਗਲ ਸੀ। ਨਤੀਜੇ ਵਜੋਂ ਡਿਸਪੈਂਸਰੀ ਵਿਚ ਬਹੁਤ ਘੱਟ ਮਰੀਜ਼ ਆਉਂਦੇ। ਇਕ ਘਟਨਾ ਅਜਿਹੀ ਹੋਈ ਜਿਸ ਤੋਂ ਪਤਾ ਲਗਦਾ ਹੈ ਕਿ ਨੇਕੀ ਜਨਮ-ਜਾਤ ਉਨ੍ਹਾਂ ਦੇ ਲਹੂ ਵਿਚ ਰਚੀ ਹੋਈ ਸੀ। ਦੌਰੇ 'ਤੇ ਆਏ ਸਿਵਲ ਸਰਜਨ ਨੇ ਦੇਖਿਆ, ਪਹਿਲੇ ਇੰਚਾਰਜ ਦੇ ਮੁਕਾਬਲੇ ਮਥਰਾ ਦਾਸ ਦੇ ਸਮੇਂ ਮਰੀਜ਼ ਘੱਟ ਆਉਣ ਲੱਗੇ ਸਨ। ਇਨ੍ਹਾਂ ਨੇ ਪਹਿਲਾਂ ਆਪ ਹੀ ਇਹ ਗੱਲ ਮਹਿਸੂਸ ਕਰ ਲਈ ਸੀ ਅਤੇ ਪੜਤਾਲ ਕੀਤੀ ਤਾਂ ਇਹ ਪਤਾ ਲੱਗਿਆ ਕਿ ਪਿਛਲਾ ਡਾਕਟਰ ਰਜਿਸਟਰ ਵਿਚ ਮਰੀਜ਼ਾਂ ਦੇ ਜਾਅਲੀ ਨਾਂ ਲਿਖਦਾ ਰਿਹਾ ਸੀ। ਜੇ ਇਹ ਸੱਚ ਦਸਦੇ, ਉਹਦੀ ਨੌਕਰੀ ਚਲੀ ਜਾਣੀ ਸੀ। ਇਨ੍ਹਾਂ ਨੇ ਕਿਹਾ, ਡਾਕਟਰੀ ਸੇਵਾਵਾਂ ਸਦਕਾ ਲੋਕਾਂ ਦੀ ਸਿਹਤ ਵਿਚ ਸੁਧਾਰ ਹੋ ਗਿਆ ਹੈ।

ਅਸਲ ਕਾਰਨ ਦਾ ਪਤਾ ਹੋਣ ਕਰਕੇ ਇਹ ਕਿਸੇ ਹੱਲ ਬਾਰੇ ਸੋਚਣ ਲੱਗੇ। ਅਗਲੀ ਵਾਰ ਜਦੋਂ ਡਿਪਟੀ ਕਮਿਸ਼ਨਰ ਦੌਰੇ 'ਤੇ ਆਇਆ, ਇਨ੍ਹਾਂ ਨੇ ਬੇਨਤੀ ਕੀਤੀ ਕਿ ਇਹ ਇਕ ਮੇਜ਼-ਕੁਰਸੀ ਤੇ ਦਵਾਈਆਂ ਵਾਲੀ ਅਲਮਾਰੀ ਮੋਗਾ ਪਿੰਡ ਵਿਚ ਰੱਖਣਾ ਚਾਹੁੰਦੇ ਹਨ ਜਿਥੇ ਉਹ ਡਿਸਪੈਂਸਰੀ ਦੇ ਪੂਰੇ ਸਮੇਂ ਤੋਂ ਮਗਰੋਂ ਸ਼ਾਮ ਨੂੰ ਆਪਣੇ ਸਮੇਂ ਵਿਚ ਬੈਠਿਆ ਕਰਨਗੇ। ਇਹ ਤਜਰਬਾ ਬਹੁਤ ਹੀ ਸਫਲ ਰਿਹਾ ਅਤੇ ਡਿਸਪੈਂਸਰੀ ਵੀ ਮਸ਼ਹੂਰ ਹੋ ਗਈ।

ਜਦੋਂ ਵੀ ਕੁਛ ਚੰਗਾ-ਮੰਦਾ ਵਾਪਰ ਜਾਂਦਾ, ਨੇਕੀ ਦੇ ਮਾਰਗ ਉਤੇ ਡਾਕਟਰ ਸਾਹਿਬ ਦੀ ਯਾਤਰਾ ਹੋਰ ਦ੍ਰਿੜ੍ਹ ਹੋ ਜਾਂਦੀ। ਇਕ ਮਾਈ ਨੇ ਡਾਕਟਰ ਦੀ ਘਰ ਜਾਣ ਦੀ ਸਰਕਾਰੀ ਫ਼ੀਸ ਦੋ ਰੁਪਏ ਮੇਜ਼ 'ਤੇ ਰੱਖ ਕੇ ਪੁੱਤਰ ਨੂੰ ਦੇਖ ਆਉਣ ਦੀ ਬੇਨਤੀ ਕੀਤੀ ਜੋ ਬੀਮਾਰੀ ਕਾਰਨ ਡਿਸਪੈਂਸਰੀ ਵਿਚ ਆਉਣ ਦੇ ਅਸਮਰੱਥ ਸੀ। ਮਰੀਜ਼ ਨੂੰ ਦੇਖਣ ਤੋਂ ਬਾਅਦ ਇਨ੍ਹਾਂ ਨੂੰ ਪਤਾ ਲਗਿਆ ਕਿ ਮਾਈ ਉਹ ਦੋ ਰੁਪਏ ਇਕ ਥਾਲੀ ਗਹਿਣੇ ਰੱਖ ਕੇ ਲਿਆਈ ਸੀ। ਇਨ੍ਹਾਂ ਨੂੰ ਇਹ ਗੱਲ ਬਹੁਤ ਮਹਿਸੂਸ ਹੋਈ ਅਤੇ ਉਸੇ ਦਿਨ ਸਹੁੰ ਖਾ ਲਈ ਕਿ ਅੱਗੇ ਤੋਂ ਮੋਗੇ ਦੇ ਕਿਸੇ ਵਸਨੀਕ ਤੋਂ ਘਰ ਜਾਣ ਦੀ ਸਰਕਾਰੀ ਜਾਂ ਗ਼ੈਰ-ਸਰਕਾਰੀ, ਕੋਈ ਵੀ ਫ਼ੀਸ ਨਹੀਂ ਲਈ ਜਾਵੇਗੀ।

ਉਹ ਡਿਸਪੈਂਸਰੀ ਤੋਂ ਪਿੰਡ ਸਾਈਕਲ ਉਤੇ ਜਾਇਆ ਕਰਦੇ ਸਨ। ਛੇਤੀ ਹੀ ਸਾਈਕਲ ਮੋਗਾ ਪਿੰਡ ਤੋਂ ਬਾਹਰ ਨਿਕਲ ਤੁਰਿਆ। ਉਹ ਮਰੀਜ਼ਾਂ ਨੂੰ ਮੁਫ਼ਤ ਦੇਖਣ ਆਲੇ-ਦੁਆਲੇ ਦੇ ਪਿੰਡਾਂ ਵਿਚ ਜਾਣ ਲੱਗੇ। ਨਾਲ ਹੀ ਉਹ ਇਹ ਖੁੱਲ੍ਹਾ ਹੋਕਾ ਵੀ ਦੇਣ ਲੱਗੇ ਕਿ ਜਿਸ ਕਿਸੇ ਨੂੰ ਅੱਖਾਂ ਦਾ ਕੋਈ ਰੋਗ ਹੈ, ਉਹ ਮੁਫ਼ਤ ਇਲਾਜ ਲਈ ਮੋਗੇ ਆਵੇ। ਪਹਿਲੇ ਸਾਲ 1903 ਵਿਚ ਉਨ੍ਹਾਂ ਨੇ ਮੋਤੀਏ ਦੇ 3 ਓਪਰੇਸ਼ਨ ਕੀਤੇ ਪਰ ਅਗਲੇ ਹੀ ਸਾਲ ਉਨ੍ਹਾਂ ਦੀ ਗਿਣਤੀ 43 ਹੋ ਗਈ। ਫੇਰ ਤਾਂ ਉਨ੍ਹਾਂ ਦੀ ਜ਼ਿੰਦਗੀ ਦਾ ਮਿਸ਼ਨ ਹੀ ਇਹ ਹੋ ਗਿਆ।

ਇਨ੍ਹਾਂ ਦੀ ਪ੍ਰਸਿੱਧੀ ਦੂਰ-ਦੂਰ ਫੈਲਣ ਲੱਗੀ। 1916 ਵਿਚ ਮਹਾਰਾਜਾ ਕਸ਼ਮੀਰ ਨੇ ਇਨ੍ਹਾਂ ਨੂੰ ਰਿਆਸਤ ਦੇ 'ਆਈ ਸਰਜਨ' ਦੀ ਪਦਵੀ ਦੀ ਪੇਸ਼ਕਸ਼ ਕੀਤੀ ਪਰ ਇਨ੍ਹਾਂ ਨੇ ਨਿਮਰਤਾ ਨਾਲ ਇਨਕਾਰ ਕਰ ਦਿੱਤਾ ਅਤੇ ਮੋਗੇ ਨੂੰ ਕੇਂਦਰ ਬਣਾ ਕੇ ਆਮ ਲੋਕਾਂ ਦੀ ਸੇਵਾ ਵਿਚ ਲੱਗੇ ਰਹੇ। ਤਤਕਾਲੀ ਸਰਕਾਰ ਨੇ ਪਹਿਲਾਂ ਰਾਏ ਬਹਾਦਰ ਤੇ ਫੇਰ ਰਾਏ ਸਾਹਿਬ ਦੇ ਖ਼ਿਤਾਬ ਦਿੱਤੇ। 1954 ਵਿਚ ਪਦਮਸ਼੍ਰੀ ਸਮੇਤ ਉਨ੍ਹਾਂ ਨੂੰ ਅਨੇਕ ਮਾਣ-ਸਨਮਾਨ ਭੇਟ ਕੀਤੇ ਗਏ। ਉਹ ਕਈ ਡਾਕਟਰੀ ਅਤੇ ਸਮਾਜ-ਸੇਵੀ ਸੰਸਥਾਵਾਂ ਦੀਆਂ ਪਦਵੀਆਂ ਉਤੇ ਰਹੇ।

1921 ਵਿਚ ਮੋਤੀਏ ਦੇ ਓਪਰੇਸ਼ਨ ਦੀ ਆਪਣੀ ਹੀ ਕਾਢ ਕੱਢਣ ਮਗਰੋਂ ਉਨ੍ਹਾਂ ਨੇ ਲੋਕਾਂ ਦੀ ਗੁਆਚੀ ਨਜ਼ਰ ਵਾਪਸ ਦੇਣ ਦੇ ਮਿਸ਼ਨ ਵਿਚ ਦਿਨ-ਰਾਤ ਇਕ ਕਰ ਦਿੱਤੇ ਜਿਸ ਸਦਕਾ ਉਹ ਉਸ ਸਮੇਂ ਦੇ ਅੱਖਾਂ ਦੇ ਓਪਰੇਸ਼ਨ ਦੇ ਦੁਨੀਆ ਦੇ ਸਭ ਤੋਂ ਵੱਡੇ ਸਰਜਨ ਮੰਨੇ ਗਏ। ਲੋਕ ਉਨ੍ਹਾਂ ਨੂੰ ਨੇਤਰ-ਦੇਵ ਕਹਿਣ ਲੱਗੇ। ਉਨ੍ਹਾਂ ਬਾਰੇ ਮਸ਼ਹੂਰ ਸੀ ਕਿ ਉਹ ਲਗਾਤਾਰ ਅੱਖਾਂ ਦੇ ਕਿੰਨੇ ਹੀ ਓਪਰੇਸ਼ਨ ਕਰ ਲੈਣ, ਕਦੀ ਵੀ ਥਕਦੇ ਨਹੀਂ ਸਨ। ਉਨ੍ਹਾਂ ਦੀਆਂ ਉਂਗਲਾਂ ਵਿਚ ਅਜਿਹੀ ਕਰਾਮਾਤੀ ਫੁਰਤੀ ਪੈਦਾ ਹੋ ਗਈ ਸੀ ਕਿ ਉਹ ਓਪਰੇਸ਼ਨ ਨੂੰ ਇਕ ਮਿੰਟ ਦਾ ਸਮਾਂ ਲਾਉਂਦੇ ਸਨ। ਉਨ੍ਹਾਂ ਦੀ ਇਹ ਫੁਰਤੀ ਉਮਰ ਦੇ ਅਸਰ ਤੋਂ ਵੀ ਨਾਬਰ ਰਹੀ। ਪੜ੍ਹਨ-ਸੁਣਨ ਵਾਲੇ ਹੈਰਾਨ ਹੋਣਗੇ, ਉਹ 92 ਸਾਲ ਦੀ ਉਮਰ ਤੱਕ ਅਪਰੇਸ਼ਨ ਕਰਦੇ ਰਹੇ। ਇਹ ਉਹ ਉਮਰ ਸੀ ਜਿਸ ਤੋਂ, ਉਸ ਜ਼ਮਾਨੇ ਵਿਚ, 20-25 ਸਾਲ ਪਹਿਲਾਂ ਹੀ ਲਗਭਗ ਸਭ ਲੋਕਾਂ ਦੀ ਹਾਲਤ 'ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ' ਵਾਲੀ ਹੋ ਜਾਂਦੀ ਸੀ।

ਆਪਣੇ ਸੱਤਰ ਸਾਲਾਂ ਦੇ ਡਾਕਟਰੀ ਜੀਵਨ ਵਿਚ ਉਨ੍ਹਾਂ ਨੇ ਪੰਜ ਲੱਖ ਤੋਂ ਵੱਧ ਓਪਰੇਸ਼ਨ ਕੀਤੇ। ਉਨ੍ਹਾਂ ਨੇ ਉਸ ਜ਼ਮਾਨੇ ਵਿਚ ਆਪਣੀ ਹੀ ਤਿਆਰ ਕੀਤੀ ਤਕਨੀਕ ਨਾਲ ਇਕ ਦਿਨ ਵਿਚ 750 ਓਪਰੇਸ਼ਨ ਸਫਲਤਾ ਨਾਲ ਨੇਪਰੇ ਚਾੜ੍ਹ ਕੇ ਰਿਕਾਰਡ ਕਾਇਮ ਕੀਤਾ। ਪਹਿਲਾਂ ਉਹ ਮੋਗੇ ਦੇ ਨੇੜੇ, ਫੇਰ ਦੂਰ-ਦੂਰ ਤੱਕ ਪੂਰੇ ਪੰਜਾਬ ਵਿਚ ਅਤੇ ਅੰਤ ਨੂੰ, ਖਾਸ ਕਰ ਕੇ ਸੇਵਾ-ਮੁਕਤੀ ਪਿੱਛੋਂ, ਪੰਜਾਬੋਂ ਬਾਹਰ ਦੇਸ ਦੇ ਨਗਰਾਂ-ਸ਼ਹਿਰਾਂ ਵਿਚ ਅੱਖਾਂ ਦੇ ਓਪਰੇਸ਼ਨ ਦੇ ਮੁਫ਼ਤ ਕੈਂਪ ਲਾਉਣ ਲੱਗੇ।

ਏਨੀ ਬਰੀਕੀ ਲੋੜਦੇ ਕੰਮ ਵਿਚ ਏਨੇ ਰੁੱਝੇ ਹੋਏ ਹੋਣ ਦੇ ਬਾਵਜੂਦ ਉਹ ਬੜੇ ਖ਼ੁਸ਼-ਰਹਿਣੇ ਸੁਭਾਅ ਦੇ ਸਨ ਅਤੇ ਆਪਣੇ ਮਰੀਜ਼ਾਂ ਨੂੰ ਵੀ ਚੜ੍ਹਦੀ ਕਲਾ ਵਿਚ ਰਖਦੇ ਸਨ। ਖ਼ੁਸ਼ਵੰਤ ਸਿੰਘ ਦੀ ਸੁਣਾਈ ਇਕ ਘਟਨਾ ਇਹਦੀ ਮਿਸਾਲ ਹੈ: 'ਦੇਸ-ਵੰਡ ਤੋਂ ਪਹਿਲਾਂ ਲਾਹੌਰ ਵਿਚ ਡਾ. ਮਥਰਾ ਦਾਸ ਪਾਹਵਾ ਦੀ ਮਸ਼ਹੂਰੀ ਘਰ-ਘਰ ਪਹੁੰਚੀ ਹੋਈ ਸੀ। ਡਾਕਟਰ ਵਜੋਂ ਉਹਦੇ ਹੁਨਰ ਤੋਂ ਇਲਾਵਾ ਇਹ ਉਹਦਾ ਸਦੀਵੀ ਚੜ੍ਹਦੀ ਕਲਾ ਵਾਲਾ ਸੁਭਾਅ ਸੀ, ਜੋ ਮਰੀਜ਼ਾਂ ਨੂੰ ਹਮੇਸ਼ਾ ਜੀਵਨ ਦਾ ਚੰਗਾ ਪਾਸਾ ਦੇਖਣ ਲਈ ਪ੍ਰੇਰਦਾ। ਪੰਜਾਬ ਯੂਨੀਵਰਸਿਟੀ ਦਾ ਰਜਿਸਟਰਾਰ ਰਾਏ ਬਹਾਦਰ ਈਸ਼ਵਰ ਦਾਸ ਉਹਦਾ ਸਭ ਤੋਂ ਗੂੜ੍ਹਾ ਮਿੱਤਰ ਸੀ ਜੋ ਸੁਭਾਅ ਪੱਖੋਂ ਹੀ ਕੁਛ ਨਿਰਾਸ਼ਾਵਾਦੀ ਸੀ। ਮੈਨੂੰ ਉਹਦੇ ਘਰ ਡਾ. ਮਥਰਾ ਦਾਸ ਨੂੰ ਮਿਲਣ ਦਾ ਕਈ ਵਾਰ ਮੌਕਾ ਮਿਲਿਆ। ਉਹ ਈਸ਼ਵਰ ਦਾਸ ਨੂੰ ਤਸੱਲੀ ਦਿੰਦਾ ਕਿ ਤੈਨੂੰ ਕੁਛ ਨਹੀਂ ਹੋਇਆ ਤੇ ਫੇਰ ਉਹ ਆਪਣਾ ਮਨਪਸੰਦ ਸ਼ਿਅਰ ਦੁਹਰਾਉਂਦਾ: ਮੇਰੇ ਯਾਰ ਪਤੰਗ ਉਡਾਇਆ ਕਰ/ ਕਟ ਜਾਏ ਤੋ ਗ਼ਮ ਨਾ ਖਾਇਆ ਕਰ!'

ਉਨ੍ਹਾਂ ਨੇ ਅਪਰੇਸ਼ਨ ਵਾਂਗ ਹੀ ਫ਼ੀਸ ਦੀ ਵੀ ਨਵੀਂ ਤਕਨੀਕ ਅਪਣਾਈ। ਉਹ ਅਮੀਰਾਂ ਤੋਂ ਪੈਸੇ ਲੈਂਦੇ ਅਤੇ ਗਰੀਬਾਂ ਨੂੰ ਰੋਟੀ ਵੀ ਖੁਆਉਂਦੇ ਤੇ ਘਰ ਜਾਣ ਦਾ ਕਿਰਾਇਆ ਵੀ ਦਿੰਦੇ। 1908 ਵਿਚ ਉਨ੍ਹਾਂ ਦੀ ਪ੍ਰੇਰਨਾ ਨਾਲ ਮੋਗੇ ਸਰਕਾਰੀ ਹਸਪਤਾਲ ਦੀ ਇਮਾਰਤ ਬਣਨੀ ਸ਼ੁਰੂ ਹੋਈ ਜੋ ਅਗਲੇ ਸਾਲ ਮੁਕੰਮਲ ਹੋ ਗਈ। 1927 ਵਿਚ ਇਸ ਦਾ ਨਾਂ ਮਥਰਾ ਦਾਸ ਹਸਪਤਾਲ ਰੱਖ ਦਿੱਤਾ ਗਿਆ। ਡੀ. ਐਮ. ਕਾਲਜ ਵਿਚ ਪੜ੍ਹਨ ਸਮੇਂ ਮੈਂ ਅਨੇਕ ਕਮਰਿਆਂ ਉਤੇ ਅਜਿਹੇ ਪੱਥਰ ਲੱਗੇ ਦੇਖੇ ਸਨ ਕਿ ਇਹ ਕਮਰਾ ਅੱਖਾਂ ਦਾ ਓਪਰੇਸ਼ਨ ਕਰਵਾਉਣ ਦੀ ਖ਼ੁਸ਼ੀ ਵਿਚ ਅਮਕੇ ਨੇ ਬਣਵਾਇਆ।

ਲੋਕ ਆਪਣੇ ਕੰਮ ਦੀ ਚੋਰੀ ਦੀ ਸ਼ਿਕਾਇਤ ਕਰਦੇ ਰਹਿੰਦੇ ਹਨ। ਲੇਖਕ ਤਾਂ ਅਕਸਰ ਹੀ ਕਿਸੇ ਹੋਰ ਲੇਖਕ ਵੱਲੋਂ ਉਨ੍ਹਾਂ ਦੀ ਰਚਨਾ ਚੋਰੀ ਕਰ ਲਏ ਜਾਣ ਦਾ ਰੋਣਾ ਰੋਂਦੇ ਰਹਿੰਦੇ ਹਨ। ਡਾਕਟਰ ਸਾਹਿਬ ਨਾਲ ਜੋ ਹੋਈ, ਕੁਛ ਵਧੇਰੇ ਹੀ ਹੈਰਾਨ ਕਰਨ ਵਾਲੀ ਸੀ। 1905 ਵਿਚ ਦੌਰੇ 'ਤੇ ਆਇਆ ਹੋਇਆ ਫ਼ਿਰੋਜ਼ਪੁਰ ਦਾ ਸਿਵਲ ਸਰਜਨ ਇਨ੍ਹਾਂ ਨੂੰ ਅੱਖਾਂ ਦੇ ਅਪਰੇਸ਼ਨ ਕਰਦੇ ਦੇਖ ਕੇ ਬਹੁਤ ਖ਼ੁਸ਼ ਹੋਇਆ। ਉਹਨੇ ਸੁਝਾਅ ਦਿੱਤਾ ਕਿ ਇਹ ਜਲੰਧਰ ਦੇ ਸਿਵਲ ਸਰਜਨ ਕਰਨਲ ਸਮਿੱਥ ਨੂੰ ਵੀ ਮਿਲਣ ਕਿਉਂਕਿ ਉਹ ਵੀ ਅੱਖਾਂ ਦੇ ਅਪਰੇਸ਼ਨ ਕਰਦਾ ਹੈ। ਇਨ੍ਹਾਂ ਨੇ ਜਲੰਧਰ ਜਾ ਕੇ ਉਹਦੀ ਤਕਨੀਕ ਦੇਖੀ ਜੋ ਇਨ੍ਹਾਂ ਨੂੰ ਬਹੁਤੀ ਕਾਰਗਰ ਨਾ ਲੱਗੀ ਅਤੇ ਜੋ ਹੋਰ ਡਾਕਟਰਾਂ ਨੂੰ ਵੀ ਪ੍ਰਭਾਵਿਤ ਨਹੀਂ ਸੀ ਕਰ ਸਕੀ।

1920 ਵਿਚ ਇੰਗਲੈਂਡ ਪਰਤਣ ਸਮੇਂ ਕਰਨਲ ਸਮਿੱਥ ਨੇ ਕਿਹਾ ਕਿ ਉਹਦਾ ਪੁੱਤਰ ਇੰਗਲੈਂਡ ਦੇ ਮੈਡੀਕਲ ਕਾਲਜ ਵਿਚ ਡਾਕਟਰੀ ਪੜ੍ਹ ਰਿਹਾ ਹੈ ਤੇ ਉਹਦਾ ਕੋਰਸ ਖ਼ਤਮ ਹੋਣ ਪਿੱਛੋਂ ਉਹ ਅੱਖਾਂ ਦੇ ਅਪਰੇਸ਼ਨ ਦੀ ਸਿਖਲਾਈ ਲਈ ਉਹਨੂੰ ਮੋਗੇ ਲਿਆਉਣਾ ਚਾਹੁੰਦਾ ਹੈ। 1925 ਵਿਚ ਕਰਨਲ ਸਮਿੱਥ ਪੁੱਤਰ ਨੂੰ ਲੈ ਕੇ ਆ ਗਿਆ ਅਤੇ ਪਿਉ-ਪੁੱਤਰ ਡਾਕਟਰ ਮਥਰਾ ਦਾਸ ਦੇ ਮਹਿਮਾਨ ਰਹੇ। ਇਨ੍ਹਾਂ ਨੇ ਆਪਣਾ ਨੇਮ ਦੱਸਿਆ ਕਿ ਇਹ ਭਾਰਤੀ ਸਿਖਿਆਰਥੀਆਂ ਨੂੰ ਰੋਜ਼ ਦਾ ਇਕ ਓਪਰੇਸ਼ਨ ਕਰਨ ਦਿੰਦੇ ਹਨ ਤੇ ਘੱਟ ਸਮੇਂ ਲਈ ਆਏ ਹੋਣ ਕਰਕੇ ਬਾਹਰਲੇ ਸਿਖਿਆਰਥੀ ਰੋਜ਼ ਦੇ ਤਿੰਨ ਅਪਰੇਸ਼ਨ ਕਰ ਸਕਦੇ ਹਨ। ਨਾਲ ਹੀ ਇਨ੍ਹਾਂ ਨੇ ਕਰਨਲ ਸਮਿੱਥ ਨੂੰ ਕਿਹਾ, 'ਮੇਰੇ ਦਿਲ ਵਿਚ ਤੁਹਾਡੇ ਲਈ ਬਹੁਤ ਸਤਿਕਾਰ ਹੈ, ਇਸ ਲਈ ਮੈਂ ਤੁਹਾਡੇ ਪੁੱਤਰ ਨੂੰ ਹਰ ਰੋਜ਼ ਪੰਜ ਅਪਰੇਸ਼ਨ ਕਰਨ ਦਿਆ ਕਰਾਂਗਾ।'

ਜਿੰਨੇ ਦਿਨ ਕਰਨਲ ਸਮਿੱਥ ਮੋਗੇ ਰਿਹਾ, ਉਹ ਚੁੱਪ ਕਰ ਕੇ ਡਾਕਟਰ ਮਥਰਾ ਦਾਸ ਦੀ 1921 ਤੋਂ ਵਰਤਣੀ ਸ਼ੁਰੂ ਕੀਤੀ ਹੋਈ ਮੋਤੀਏ ਦੇ ਅਪਰੇਸ਼ਨ ਦੀ ਵਿਸ਼ੇਸ਼ ਤਕਨੀਕ ਬੜੇ ਗਹੁ ਨਾਲ਼ ਦੇਖਦਾ ਰਿਹਾ। ਉਹ ਜਾਣਦਾ ਸੀ ਕਿ ਇਨ੍ਹਾਂ ਨੇ ਆਪਣੀ ਤਕਨੀਕ ਦੀ ਕਾਢ ਬਾਰੇ ਕਿਸੇ ਮੈਡੀਕਲ ਜਰਨਲ ਵਿਚ ਜਾਣਕਾਰੀ ਦੇਣ ਦੀ ਪਰਵਾਹ ਨਹੀਂ ਸੀ ਕੀਤੀ। ਪੁੱਤਰ ਨੂੰ ਇਨ੍ਹਾਂ ਕੋਲ ਛੱਡ ਕੇ ਇੰਗਲੈਂਡ ਪਰਤਦਿਆਂ ਉਹਨੇ ਪਹਿਲਾ ਕੰਮ ਇਹ ਕੀਤਾ ਕਿ ਇਨ੍ਹਾਂ ਦੀ ਤਕਨੀਕ ਨੂੰ ਆਪਣੀ ਕਹਿ ਕੇ ਲੇਖ ਇੰਗਲੈਂਡ ਤੇ ਅਮਰੀਕਾ ਦੇ ਮੈਡੀਕਲ ਜਰਨਲਾਂ ਵਿਚ ਛਪਵਾ ਦਿੱਤੇ। ਇਕ ਅਮਰੀਕਨ ਸਰਜਨ, ਡਾਕਟਰ ਬੁਲ ਨੇ, ਜੋ 1922 ਵਿਚ ਮੋਗੇ ਇਨ੍ਹਾਂ ਦਾ ਸਿਖਿਆਰਥੀ ਰਿਹਾ ਸੀ ਤੇ ਇਸ ਤਕਨੀਕ ਦੇ ਇਨ੍ਹਾਂ ਦੀ ਕਾਢ ਹੋਣ ਬਾਰੇ ਜਾਣਦਾ ਸੀ, ਇਸ ਚੋਰੀ ਤੋਂ ਹੈਰਾਨ ਹੋ ਕੇ ਝੱਟ ਅਮਰੀਕੀ ਮੈਡੀਕਲ ਜਰਨਲ ਦੇ ਸੰਪਾਦਕ ਨੂੰ ਵੀ ਇਸ ਤਕਨੀਕ ਦਾ ਸਾਰਾ ਪਿਛੋਕੜ ਦੱਸ ਕੇ ਚਿੱਠੀ ਲਿਖ ਦਿੱਤੀ ਅਤੇ ਨਾਲ ਹੀ (ਬਾਕੀ ਸਫ਼ਾ 30 'ਤੇ)

## 'ਖਾਲਿਸਤਾਨ ਦੀ ਸਾਜ਼ਿਸ਼' ਅਤੇ ਸਿੱਖ ਲੀਡਰਸ਼ਿਪ-3

# ਕੇਂਦਰ ਸਰਕਾਰ ਦੀ ਸਿਆਸਤ ਅਤੇ ਸਿੱਖ ਬੁੱਧੀਜੀਵੀ

***ਹਰਚਰਨ ਸਿੰਘ ਪਰਹਾਰ ਸਿੱਖ ਮਸਲਿਆਂ ਬਾਰੇ ਅਕਸਰ ਲਿਖਦੇ ਰਹਿੰਦੇ ਹਨ। ਇਸ ਵਾਰ ਉਨ੍ਹਾਂ ਖੁਫੀਆ ਅਫਸਰ ਰਹੇ ਜੀ.ਬੀ.ਐਸ. ਸਿੱਧੂ ਦੀ ਕਿਤਾਬ 'ਦਿ ਖਾਲਿਸਤਾਨ ਕਾਂਸਪਿਰੇਸੀ' (ਖਾਲਿਸਤਾਨ ਦੀ ਸਜ਼ਿਸ਼) ਅਤੇ ਕੁਝ ਹੋਰ ਕਿਤਾਬਾਂ ਨੂੰ ਆਧਾਰ ਬਣਾ ਕੇ 20ਵੀਂ ਸਦੀ ਦੇ ਮਗਰਲੇ ਦਹਾਕਿਆਂ ਬਾਰੇ ਲੰਮਾ ਲੇਖ ਭੇਜਿਆ ਹੈ। ਇਸ ਲੇਖ ਵਿਚ ਇਨ੍ਹਾਂ ਕਿਤਾਬਾਂ ਅਤੇ ਦਸਤਾਵੇਜ਼ਾਂ ਦੀ ਇਮਦਾਦ ਨਾਲ ਉਸ ਦੌਰ ਦੀ ਹਕੀਕਤ ਨੂੰ ਸਮਝਣ-ਸਮਝਾਉਣ ਦਾ ਯਤਨ ਕੀਤਾ ਹੈ। ਇਹ ਉਹੀ ਦੌਰ ਸੀ ਜਿਸ ਨੇ ਪੰਜਾਬ ਦੀ ਸਿਆਸਤ ਉਤੇ ਬਹੁਤ ਡੂੰਘਾ ਅਸਰ ਛੱਡਿਆ ਹੈ। ਇਸ ਲੰਮੇ ਲੇਖ ਦੀ ਤੀਜੀ ਅਤੇ ਆਖਰੀ ਕਿਸ਼ਤ ਅਸੀਂ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।***

ਖਾਲਿਸਤਾਨ ਦੀ ਸਾਜ਼ਿਸ਼ ਬਾਰੇ ਜੋ ਖੁਫੀਆ ਜਾਣਕਾਰੀ ਜੀ.ਬੀ.ਐਸ. ਸਿੱਧੂ ਦੀ ਕਿਤਾਬ ਵਿਚੋਂ ਮਿਲ ਰਹੀ ਹੈ, ਖਾਲਿਸਤਾਨ ਬਾਰੇ ਕੁਝ ਇਸੇ ਤਰ੍ਹਾਂ ਦੇ ਵਿਚਾਰ ਸਿਰਦਾਰ ਕਪੂਰ ਸਿੰਘ ਦੀ ਵਿਚਾਰਧਾਰਾ ਦੇ ਟਕਸਾਲੀ ਵਾਰਸ ਸਿੱਖ ਵਿਦਵਾਨ ਤੇ ਸੰਤਾਂ ਦੇ ਪ੍ਰਸ਼ੰਸਕ ਗੁਰਤੇਜ ਸਿੰਘ ਨੇ ਆਪਣੀ ਫੇਸਬੁੱਕ ਪੋਸਟ ਰਾਹੀਂ ਸਾਂਝੇ ਕੀਤੇ ਹਨ: 'ਖਾਲਿਸਤਾਨ ਪਹਿਲੇ ਦਿਨ ਤੋਂ ਹੀ ਗੈਰ-ਸਿੱਖਾਂ ਦੀ ਸਿੱਖਾਂ ਵਿਰੁੱਧ ਵਰਤਣ ਲਈ ਘੜੀ ਗਈ ਘਾਤ ਸੀ। ਇਸ ਦੀਆਂ ਜੜ੍ਹਾਂ 1945 ਤੱਕ ਕਾਂਗਰਸ ਪਾਰਟੀ ਦੇ ਦਸਤਾਵੇਜ਼ਾਂ ਅਤੇ ਮਹਾਸ਼ਾ ਅਖਬਾਰਾਂ ਦੇ ਨੀਤੀ-ਲੇਖਾਂ ਤੱਕ ਪਹੁੰਚਦੀਆਂ ਹਨ। ਸਿੱਖਾਂ-ਮੁਸਲਮਾਨਾਂ ਦੇ ਆਪਸੀ ਡੂੰਘੇ ਵੈਰ ਪਵਾ ਕੇ ਪੰਜਾਬ ਦੀ ਵੰਡ ਨੂੰ ਯਕੀਨੀ ਬਣਾਉਣ ਲਈ, ਇਸ ਨੂੰ 1947 ਤੋਂ ਪਹਿਲਾਂ ਵਰਤਿਆ ਜਾ ਚੁੱਕਾ ਸੀ। ਉਸ ਤੋਂ ਬਾਅਦ ਇਹ ਸਿੱਖਾਂ ਅਤੇ ਪੰਜਾਬ ਨੂੰ ਬਣਦੇ ਹੱਕਾਂ ਤੋਂ ਵਾਂਝੇ ਰੱਖਣ ਲਈ ਉਸੇ ਤਰ੍ਹਾਂ




**ਹਰਚਰਨ ਸਿੰਘ ਪਰਹਾਰ**

**ਫੋਨ:** 403-681-8689
**ਈਮੇਲ:** hp8689@gmail.com

ਵਰਤਿਆ ਗਿਆ ਸੀ, ਜਿਵੇਂ ਪਾਕਿਸਤਾਨ ਦੇ ਸੰਕਲਪ ਨੂੰ ਮੁਸਲਮਾਨਾਂ ਨੂੰ ਹਿੰਦ ਵਿਚ ਥਾਂ ਸਿਰ ਰੱਖਣ ਲਈ ਵਰਤਿਆ ਗਿਆ ਸੀ। 1948 ਤੋਂ ਬਾਅਦ ਸਿੱਖਾਂ ਦੇ ਅਥਾਹ ਰੋਸ ਨੂੰ ਕੁਰਾਹੇ ਪਾਉਣ ਲਈ ਫਿਰ ਇਹੀ ਖਾਲਿਸਤਾਨ ਦਾ ਲਫਜ਼ ਵਰਤਿਆ ਗਿਆ। ਜੂਨ 84 ਵਿਚ ਦੋ ਪੱਤਰਕਾਰ ਪੇਸ਼ ਕੀਤੇ ਗਏ ਜਿਨ੍ਹਾਂ ਸੰਤ ਭਿੰਡਰਾਂਵਾਲਿਆਂ ਨੂੰ ਆਖਿਰ ਵਿਚ ਮਿਲਣ ਦਾ ਝੂਠਾ ਦਾਅਵਾ ਕੀਤਾ ਅਤੇ ਸੰਤਾਂ ਦੇ ਇਸ ਸਬੰਧੀ ਆਪੇ ਘੜੇ ਬਿਆਨ ਜਾਰੀ ਕੀਤੇ। ਕੁਝ ਸਮੇਂ ਬਾਅਦ ਸੰਤ ਦੀ ਇਸ ਸਬੰਧੀ ਗੁੱਸੇ ਵਿਚ ਕੀਤੀ ਛੋਟੀ ਜਿਹੀ ਟਿੱਪਣੀ ਲੱਭ ਗਈ ਅਤੇ ਇਸ ਨੂੰ ਕੌਮੀ ਰਾਜਨੀਤੀ ਦੇ ਧੁਰੇ ਦਾ ਦਰਜਾ ਦੇ ਕੇ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਕਿ ਜੇ ਦਰਬਾਰ ਸਾਹਿਬ 'ਤੇ ਫੌਜ ਨੇ ਹਮਲਾ ਕੀਤਾ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਦਰਬਾਰ ਸਾਹਿਬ 'ਤੇ ਫੌਜੀ ਹਮਲੇ ਦੀ ਝੰਬੀ ਸਿੱਖ ਮਾਨਸਕਿਤਾ ਦੇ ਮੁਢਲੇ ਖਾੜਕੂ ਆਗੂਆਂ ਨੇ ਖਾਲਿਸਤਾਨ ਦੇ 'ਨਾਹਰੇ' ਨੂੰ ਸੁੱਤੇ ਸਿੱਧ, ਸੱਚੇ ਮਨ ਨਾਲ ਗਲਵਕੜੀ ਪਾ ਲਈ। ਉਹ ਗੁਰਸਿੱਖੀ ਦੀ ਰੀਤ ਅਨੁਸਾਰ ਸਿਰ ਤਲੀ 'ਤੇ ਰੱਖ ਕੇ ਜੂਝ ਗਏ। ਇਸ ਰੀਤ ਨੂੰ ਗਾਡੀ ਰਾਹ ਬਣਨ ਤੋਂ ਰੋਕਣ ਦਾ ਇੰਤਜ਼ਾਮ ਪਹਿਲਾਂ ਹੀ ਹੋ ਚੁੱਕਾ ਸੀ। ਸਿੱਖਾਂ ਵਿਰੁੱਧ ਨਫਰਤ ਭਰਿਆ, ਹਿੰਦੂਆਂ ਨੂੰ ਡਰਾਉਣ ਵਾਲਾ, ਦੁਸ਼-ਪ੍ਰਚਾਰ ਇਸ ਦਾ ਮੁੱਖ ਅੰਗ ਸੀ। ਖਾੜਕੂ ਭੇਸ ਵਿਚ ਪੁਲਿਸ ਮੁਖਬਰ, ਪੁਲਿਸ ਧਾੜਾਂ ਅਤੇ ਵਿਦੇਸ਼ਾਂ ਵਿਚ ਮਰਨ-ਮਾਰਨ ਨੂੰ ਤੁਲ ਦੇਣ ਵਾਲੇ ਸਰਕਾਰ ਦੇ ਹਾਮੀ ਭਰਤੀ ਕੀਤੇ। ਮਣਾਂ-ਮੂੰਹੀਂ ਧਨ ਲੁਟਾਇਆ। ਇਸ ਦਾ ਨਿਸ਼ਾਨਾ ਸੀ, ਸਿੱਖ ਵਿਰੋਧੀ ਅਨਸਰਾਂ ਨੂੰ ਖਾੜਕੂ ਪ੍ਰਚਾਰ ਕੇ ਗੈਰ-ਰਸਮੀ ਸਿੱਖ ਸਿਆਸਤ ਉਤੇ ਕਾਬਜ਼ ਕਰਵਾ ਕੇ, ਸਰਕਾਰੀ ਮੰਤਵ ਹੱਲ ਕਰਨਾ।'

ਇਸੇ ਤਰ੍ਹਾਂ ਦੇ ਵਿਚਾਰ ਸਿਰਦਾਰ ਕਪੂਰ ਸਿੰਘ ਨੇ ਵੀ ਆਪਣੀ ਕਿਤਾਬ 'ਸਾਚੀ ਸਾਖੀ' ਵਿਚ ਪ੍ਰਗਟ ਕੀਤੇ ਸਨ ਅਤੇ ਭਾਰਤ ਤੋਂ ਵੱਖਰੇ ਦੇਸ਼ ਖਾਲਿਸਤਾਨ ਦੀ ਮੰਗ ਕਰਨ ਵਾਲੇ ਲੀਡਰਾਂ ਨੂੰ 'ਗਧੇ' ਤੱਕ ਲਿਖਿਆ ਸੀ। ਜੇ ਸਿੱਖ ਕੌਮ ਦੇ ਇਨ੍ਹਾਂ ਸਿਰਮੌਰ ਵਿਦਵਾਨਾਂ ਦੀ ਗੱਲ ਮੰਨੀਏ ਤਾਂ ਜੀ.ਬੀ.ਐਸ. ਸਿੱਧੂ ਦੀ ਕਿਤਾਬ ਦਾ ਥੀਸਿਸ ਠੀਕ ਹੀ ਲਗਦਾ ਹੈ ਕਿ ਖਾਲਿਸਤਾਨ ਦੀ ਮੰਗ ਸਿੱਖਾਂ ਖਿਲਾਫ ਘੜੀ ਗਈ ਸਾਜ਼ਿਸ਼ ਸੀ।

ਜੋ ਟਿੱਪਣੀਆਂ ਦਲਬੀਰ ਸਿੰਘ ਪੱਤਰਕਾਰ ਰਵਾਇਤੀ ਸਿੱਖ ਲੀਡਰਸ਼ਿਪ ਬਾਰੇ ਕਰਦੇ ਹਨ, ਅਜਿਹੀਆਂ ਹੀ ਟਿੱਪਣੀਆਂ ਉਹ ਭਾਈ ਮੋਹਕਮ ਸਿੰਘ, ਬਾਬਾ ਜੋਗਿੰਦਰ ਸਿੰਘ, ਸਿਮਰਨਜੀਤ ਸਿੰਘ ਮਾਨ, ਜਸਵੀਰ ਸਿੰਘ ਰੋਡੇ, ਬਾਬਾ ਠਾਕੁਰ ਸਿੰਘ, ਡਾ. ਸੋਹਣ ਸਿੰਘ ਆਦਿ ਗਰਮ ਖਿਆਲ ਲੀਡਰਾਂ ਬਾਰੇ ਵੀ ਕਰਦੇ ਸਨ ਪਰ ਨਾਲ ਹੀ ਉਸ ਸਾਰੇ ਦੌਰ ਵਿਚ ਉਨ੍ਹਾਂ ਦੇ ਸਲਾਹਕਾਰ ਵੀ ਬਣੇ ਰਹੇ। ਦਲਬੀਰ ਸਿੰਘ ਆਪਣੇ ਆਪ ਨੂੰ ਸੰਤ ਦਾ ਸਭ ਤੋਂ ਸ਼ੁਭਚਿੰਤਕ ਸਲਾਹਕਾਰ ਹੋਣ ਦਾ ਦਾਅਵਾ ਕਰਦੇ ਹਨ। ਜੋ ਤੱਥ ਸਾਹਮਣੇ ਆ ਰਹੇ ਹਨ, ਉਨ੍ਹਾਂ ਅਨੁਸਾਰ ਸੰਤ ਵੀ ਉਨ੍ਹਾਂ ਦੀ ਸਲਾਹ ਮੰਨਦੇ ਸਨ ਪਰ ਹੈਰਾਨੀ ਹੁੰਦੀ ਹੈ ਕਿ ਢਿੱਲਵਾਂ ਕਾਂਡ (ਜਿਸ ਵਿਚ ਖਾੜਕੂਆਂ ਨੇ 6 ਹਿੰਦੂ ਬੱਸ ਵਿਚੋਂ ਲਾਹ ਕੇ ਮਾਰ ਦਿੱਤੇ ਸਨ) ਸਮੇਂ ਜਦੋਂ ਉਨ੍ਹਾਂ ਤੋਂ ਸੰਤ ਨੇ ਪੁੱਛਿਆ ਕਿ ਹੁਣ ਕੀ ਪੈਂਤੜਾ ਲਈਏ ਤਾਂ ਉਹ ਆਪਣੀ ਕਿਤਾਬ ਵਿਚ ਲਿਖਦੇ ਹਨ: ਅਸੀਂ ਕਦੋਂ





*ਖੱਬਿਓਂ: ਗੁਰਤੇਜ ਸਿੰਘ, ਦਲਬੀਰ ਸਿੰਘ ਅਤੇ ਅਜਮੇਰ ਸਿੰਘ।*

ਦੀ ਦਰਬਾਰਾ ਸਿੰਘ ਸਰਕਾਰ ਡੇਗਣਾ ਚਾਹੁੰਦੇ ਸੀ, ਹੁਣ ਹਿੰਦੂਆਂ ਦੇ ਚੂੰਡੀ ਵੱਢੀ ਤਾਂ ਸਰਕਾਰ ਮਿੰਟਾਂ ਵਿਚ ਭੰਗ ਹੋ ਗਈ, ਸਾਨੂੰ ਕੁਝ ਕਹਿਣ ਦੀ ਕੀ ਲੋੜ ਹੈ?

ਦਲਬੀਰ ਸਿੰਘ ਦਾ ਬਠਿੰਡੇ ਤੋਂ ਦਰਬਾਰ ਸਾਹਿਬ ਕੰਪਲੈਕਸ ਉਚੇਚਾ ਪਹੁੰਚ ਕੇ ਸੰਤਾਂ ਨੂੰ ਦਿੱਤੀ ਅਜਿਹੀ ਰਾਏ ਕਿੰਨੀ ਕੁ ਠੀਕ ਸੀ? ਸ਼ਾਂਤਮਈ ਧਰਮ ਯੁੱਧ ਮੋਰਚੇ ਦੇ ਉਸ ਮੋੜ 'ਤੇ ਬੇਗੁਨਾਹ ਹਿੰਦੂਆਂ ਦੇ ਕਤਲਾਂ 'ਤੇ ਅਜਿਹੀ ਤਸੱਲੀ ਪ੍ਰਗਟਾਉਣੀ ਕਿਤਨੀ ਕੁ ਦੂਰਦਰਸ਼ੀ ਸੀ? ਫਿਰ ਇਸੇ ਕਿਤਾਬ ਅਨੁਸਾਰ ਜੂਨ 84 ਦੇ ਹਮਲੇ ਤੋਂ ਦੋ-ਚਾਰ ਦਿਨ ਪਹਿਲਾਂ ਸੰਤ ਜੀ ਨੇ ਉਨ੍ਹਾਂ ਤੋਂ ਸਲਾਹ ਮੰਗੀ ਜਿਸ ਵਕਤ ਉਹ ਆਪਣੇ ਜੁਝਾਰੂਆਂ ਨੂੰ ਅਕਾਲ ਤਖਤ ਦੀ ਉਪਰਲੀ ਮੰਜ਼ਲ 'ਤੇ ਹਥਿਆਰ ਵੰਡ ਰਹੇ ਸਨ ਤਾਂ ਕੀ ਇਸ ਸੋਝੀਵਾਨ ਵਿਦਵਾਨ ਵਲੋਂ ਉਨ੍ਹਾਂ ਨੂੰ ਅਗਾਮੀ ਖੂਨੀ ਸਾਕੇ ਨੂੰ ਸੱਦਾ ਦੇਣ ਤੋਂ ਬਚਾਇਆ ਨਹੀਂ ਜਾ ਸਕਦਾ ਸੀ? ਉਦੋਂ ਉਨ੍ਹਾਂ ਦੀ ਮੂਕ ਸਹਿਮਤੀ ਕਿਤਨੀ ਕੁ ਜਾਇਜ਼ ਸੀ? ਜੇ ਸੰਤ ਅਤੇ ਉਸ ਦੇ ਸਾਥੀਆਂ ਨੇ ਫੌਜ ਅੱਗੇ ਸਮਰਪਣ ਨਾ ਕਰਕੇ ਸਿਰਫ 'ਸ਼ਹੀਦੀ' ਹੀ ਪਾਉਣੀ ਸੀ ਤਾਂ ਕੀ ਸਾਡੇ ਇਨ੍ਹਾਂ ਵਿਦਵਾਨਾਂ ਵਲੋਂ ਉਨ੍ਹਾਂ ਨੂੰ ਦਰਬਾਰ ਸਾਹਿਬ ਤੋਂ ਬਾਹਰ ਨਿਕਲ ਕੇ ਅਜਿਹਾ 'ਕੌਤਕ' ਕਰਨ ਦੀ ਸਲਾਹ ਨਹੀਂ ਦਿੱਤੀ ਜਾ ਸਕਦੀ ਸੀ? ਸ਼ਾਇਦ ਨਹੀਂ, ਕਿਉਂਕਿ ਸਿੱਖ ਚਿੰਤਕ ਅਜਮੇਰ ਸਿੰਘ ਤਾਂ ਆਪਣੇ ਪ੍ਰਵਚਨਾਂ ਵਿਚ ਕਹੀ ਜਾਂਦਾ ਹੈ ਕਿ ਮਹਿਤੇ ਜਾਂ ਹੋਰ ਕਿਸੇ ਜਗ੍ਹਾ ਸ਼ਹੀਦੀ ਹੁੰਦੀ ਤਾਂ ਉਹ ਮੁੱਲ ਨਹੀਂ ਪੈਣਾ ਸੀ ਜੋ ਦਰਬਾਰ ਸਾਹਿਬ ਦੀ ਰਾਖੀ ਲਈ ਪਾਈਆਂ ਸ਼ਹੀਦੀਆਂ ਦੇ ਨਾਮ 'ਤੇ ਪੈ ਰਿਹਾ ਹੈ?

ਸਿਰਫ ਜੀ.ਬੀ.ਐਸ. ਸਿੱਧੂ, ਡਾ. ਸੰਗਤ ਸਿੰਘ, ਗੁਰਦੇਵ ਸਿੰਘ ਗਰੇਵਾਲ, ਭਗਵਾਨ ਸਿੰਘ ਦਾਨੇਵਾਲੀਆ, ਐਮ.ਕੇ. ਧਰ ਅਤੇ ਹੋਰ ਅਨੇਕਾਂ ਲੇਖਕਾਂ ਦੀਆਂ ਕਿਤਾਬਾਂ ਹੀ ਇਹ ਨਹੀਂ ਕਹਿ ਰਹੀਆਂ ਕਿ ਇੰਦਰਾ ਗਾਂਧੀ, ਗਿਆਨੀ ਜ਼ੈਲ ਸਿੰਘ, ਸੰਜੇ ਗਾਂਧੀ ਆਦਿ ਨੇ ਕਿਵੇਂ ਸੌੜੇ ਸਿਆਸੀ ਤੇ ਫਿਰਕੂ ਹਿੱਤਾਂ ਲਈ ਸਿੱਧੇ-ਅਸਿੱਧੇ ਢੰਗਾਂ ਨਾਲ ਸਿੱਖਾਂ ਵਿਚਲੇ ਗਰਮ ਖਿਆਲ ਧੜਿਆਂ ਨੂੰ ਉਭਾਰਿਆ ਅਤੇ ਹਾਲਾਤ ਜੂਨ 84 ਤੱਕ ਪਹੁੰਚਣ ਦਿੱਤੇ ਸਗੋਂ ਖਾਲਿਸਤਾਨੀ ਧਿਰਾਂ ਦੇ ਵਾਹਿਦ ਸਿਧਾਂਤਕਾਰ ਭਾਈ ਅਜਮੇਰ ਸਿੰਘ ਵੀ ਆਪਣੀ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ: ਇਕ ਗੁਲਾਮੀ ਤੋਂ ਦੂਜੀ ਗੁਲਾਮੀ ਤੱਕ' ਦੇ ਪੰਨਾ 385 'ਤੇ ਇਹ ਲਿਖਦਿਆਂ ਉਪਰਲੇ ਵਿਦਵਾਨਾਂ ਦੇ ਦਾਅਵਿਆਂ ਦੀ ਤਾਈਦ ਹੀ ਕਰ ਰਹੇ ਹਨ: 'ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸਿੱਖ ਸੰਘਰਸ਼ ਅੰਦਰਲੀ ਗਰਮ ਖਿਆਲ ਧਾਰਾ ਨੂੰ ਇੱਕ ਖਾਸ ਹੱਦ ਤੱਕ ਤਕੜਾਈ ਹਾਸਲ ਕਰ ਲੈਣ ਦੀ ਸੰਕੋਚਵੀਂ ਛੋਟ ਦੇਈ ਰੱਖਣੀ ਇੰਦਰਾ ਗਾਂਧੀ ਦੇ ਫਿਰਕੂ ਮਨੋਰਥਾਂ ਦੇ ਪੂਰੀ ਤਰ੍ਹਾਂ ਸੂਤ ਬਹਿੰਦੀ ਸੀ। ਖਾੜਕੂ ਹਥਿਆਰਬੰਦ ਕਾਰਵਾਈਆਂ ਨਾਲੋਂ ਵੀ ਵਧ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਗਰਮਾਇਸ਼ ਉਪਜਾਉਂਦੇ ਬਿਆਨ ਅਤੇ ਭਾਸ਼ਣ ਹਿੰਦੂ ਜਨਤਾ ਦੇ ਮਨਾਂ ਉਤੇ ਠੀਕ ਉਹੋ ਜਿਹਾ ਹੀ ਅਸਰ ਛੱਡ ਰਹੇ ਸਨ ਜਿਸ ਦੀ ਇੰਦਰਾ ਗਾਂਧੀ ਨੂੰ ਲੋੜ ਸੀ।'

ਵੱਖ-ਵੱਖ ਕਿਤਾਬਾਂ ਵਿਚਲੇ ਬਿਰਤਾਂਤ ਅਤੇ ਤੱਥ ਪਾਠਕਾਂ ਦੀ ਕਚਹਿਰੀ ਵਿਚ ਰੱਖਣ ਦਾ ਸਾਡਾ ਮਕਸਦ ਨਾ ਤਾਂ ਸੰਤ ਭਿੰਡਰਾਂਵਾਲੇ ਅਤੇ ਉਸ ਦੇ ਸਾਥੀਆਂ ਨੂੰ ਕਾਂਗਰਸ ਦੇ ਏਜੰਟ ਸਾਬਿਤ ਕਰਨਾ ਹੈ ਤੇ ਨਾ ਹੀ ਉਨ੍ਹਾਂ ਧਿਰਾਂ ਨਾਲ ਇਹ ਇਤਰਾਜ਼ ਹੈ ਕਿ ਉਹ ਸੰਤ ਨੂੰ ਵੀਹਵੀਂ ਸਦੀ ਦਾ ਮਹਾਨ ਸਿੱਖ ਕਿਉਂ ਮੰਨਦੇ ਹਨ। ਇਹ ਸਵਾਲ ਪਾਠਕਾਂ 'ਤੇ ਛੱਡਦੇ ਹਾਂ, ਉਹ ਆਪਣੀ ਸਮਝ ਅਨੁਸਾਰ ਫੈਸਲਾ ਕਰਨ ਪਰ ਸਾਡਾ ਸਵਾਲ ਇਹ ਹੈ ਕਿ ਜਦੋਂ ਮੌਕੇ ਦੀਆਂ ਹਕੂਮਤਾਂ ਸੌੜੇ ਸਿਆਸੀ ਮੁਫਾਦਾਂ ਲਈ ਨਾ ਸਿਰਫ ਸਾਡੇ ਲੀਡਰਾਂ ਨੂੰ ਵਰਤ ਰਹੀਆਂ ਸਨ ਸਗੋਂ ਪੰਜਾਬ ਨੂੰ ਭਿਆਨਕ ਸੰਕਟ ਵੱਲ ਧੱਕ ਰਹੀਆਂ ਸਨ ਤਾਂ ਗਿਆਨੀ ਜ਼ੈਲ ਸਿੰਘ, ਡਾ. ਜਗਜੀਤ ਸਿੰਘ ਚੌਹਾਨ, ਗੰਗਾ ਸਿੰਘ ਢਿੱਲੋਂ, ਜਗਦੇਵ ਸਿੰਘ ਤਲਵੰਡੀ, ਗੁਰਚਰਨ ਸਿੰਘ ਟੌਹੜਾ, ਸੁਖਜਿੰਦਰ ਸਿੰਘ ਤੇ ਉਨ੍ਹਾਂ ਤੋਂ ਬਾਅਦ ਡਾ. ਸੋਹਣ ਸਿੰਘ (ਪੰਥਕ ਕਮੇਟੀ) ਤੇ ਹੋਰ ਖਾੜਕੂ ਲੀਡਰ ਤੇ ਵਿਦਵਾਨ ਕਰ ਕੀ ਰਹੇ ਸਨ? ਕੀ ਇਹ ਸਭ ਇਤਨੇ ਨਾਦਾਨ ਸਨ ਕਿ ਇਨ੍ਹਾਂ ਨੂੰ ਕੁਝ ਦਿਸ ਨਹੀਂ ਰਿਹਾ ਸੀ?

ਇਸ ਲੇਖ ਵਿਚ ਵਿਚਾਰੇ ਗਏ ਵੱਖ-ਵੱਖ ਕਿਤਾਬਾਂ ਦੇ ਹਵਾਲੇ ਸਾਡੇ ਸੋਚਣ ਲਈ ਅਨੇਕਾਂ ਸਵਾਲ ਖੜ੍ਹੇ ਕਰ ਰਹੇ ਹਨ। ਸਾਡੇ ਵਿਦਵਾਨ ਇਹ ਰਾਗ ਵਾਰ-ਵਾਰ ਅਲਾਪ ਰਹੇ ਹਨ ਕਿ 'ਸ਼ੇਰਾਂ ਦੀ ਕੌਮ ਨੂੰ ਹਮੇਸ਼ਾ ਗਧੇ ਲੀਡਰਾਂ ਨੇ ਮਰਵਾਇਆ ਹੈ' ਪਰ ਅਜਿਹੇ ਇਲਜ਼ਾਮਾਂ ਨਾਲ ਅਸੀਂ ਕਦੋਂ ਤੱਕ ਖੁਦ ਨੂੰ ਧਰਵਾਸ ਦਿੰਦੇ ਰਹਾਂਗੇ ਜਾਂ ਆਉਣ ਵਾਲੀਆਂ ਸਿੱਖ ਨਸਲਾਂ ਨੂੰ ਗੁਮਰਾਹ ਕਰਦੇ ਰਹਾਂਗੇ? ਕੌਮ ਦੇ ਵਾਰਸ ਕਦੋਂ ਸਪੱਸ਼ਟ ਫੈਸਲਾ ਕਰਨਗੇ ਕਿ ਉਨ੍ਹਾਂ ਨੇ ਭਾਰਤ ਵਿਚ 'ਵੱਖਰਾ ਸਿੱਖ ਖਿੱਤਾ ਲੈਣਾ ਹੈ', 'ਖੁਦਮੁਖਤਾਰ ਸਿੱਖ ਸਟੇਟ ਲੈਣੀ ਹੈ', 'ਵੱਖਰਾ ਸਿੱਖ ਦੇਸ਼ ਲੈਣਾ ਹੈ', 'ਰਾਜਾਂ ਲਈ ਵੱਧ ਅਧਿਕਾਰਾਂ ਵਾਲਾ ਸੂਬਾ ਲੈਣਾ ਹੈ', 'ਪੰਜਾਬੀ ਬੋਲੀ ਆਧਾਰਿਤ ਵੱਖਰਾ ਸੂਬਾ ਲੈਣਾ ਹੈ' ਜਾਂ ਮੌਜੂਦਾ ਭਾਰਤ ਵਿਚ ਬਾਕੀ ਲੋਕਾਂ ਵਾਂਗ ਭਾਰਤੀ ਸ਼ਹਿਰੀ ਬਣ ਕੇ ਰਹਿਣਾ ਹੈ? ਸਿੱਖ ਲੀਡਰਸ਼ਿਪ ਦੀ ਇਹੀ ਦੁਬਿਧਾ 1947 ਤੋਂ ਪਹਿਲਾਂ ਸੀ, ਇਹੀ ਦੁਬਿਧਾ 1947 ਤੋਂ ਬਾਅਦ ਪੰਜਾਬੀ ਸੂਬਾ ਮੋਰਚੇ ਦੌਰਾਨ ਸੀ, ਇਹੀ ਦੁਬਿਧਾ ਧਰਮ ਯੁੱਧ ਮੋਰਚੇ ਮੌਕੇ ਸੀ ਤੇ ਇਹੀ ਹੁਣ ਹੈ। ਸੰਤ ਭਿੰਡਰਾਂਵਾਲਾ ਵੀ ਇਸੇ ਦੁਬਿਧਾ ਦਾ ਸ਼ਿਕਾਰ ਸੀ, ਇਸੇ ਕਰਕੇ ਉਸ ਨੇ ਆਪਣੇ ਜੀਵਨ ਵਿਚ ਕਦੇ ਵੀ ਸਪਸ਼ਟ ਰੂਪ ਵਿਚ ਖਾਲਿਸਤਾਨ ਦੀ ਮੰਗ ਨਹੀਂ ਕੀਤੀ, ਸਿਰਫ ਇਹੀ ਕਿਹਾ ਕਿ ਸਾਡਾ ਨਿਸ਼ਾਨਾ ਅਨੰਦਪੁਰ ਦਾ ਮਤਾ ਹੈ ਪਰ ਜੇ ਸਰਕਾਰ ਖਾਲਿਸਤਾਨ ਦੇਵੇਗੀ ਤਾਂ ਨਾਂਹ ਨਹੀਂ ਕਰਾਂਗੇ। ਸਿਰਦਾਰ ਕਪੂਰ ਸਿੰਘ, ਹਰਿੰਦਰ ਸਿੰਘ ਮਹਿਬੂਬ, ਡਾ. ਗੁਰਭਗਤ ਸਿੰਘ, ਜਸਵੰਤ ਸਿੰਘ ਕੰਵਲ ਤੋਂ ਲੈ ਕੇ ਸਿੱਖ ਵਿਦਵਾਨਾਂ ਦੀ ਲੰਮੀ ਲਿਸਟ ਹੈ ਜੋ ਅਜਿਹੀ ਦੁਬਿਧਾ ਦਾ ਸ਼ਿਕਾਰ ਸਨ ਤੇ ਹਨ। ਅਜਮੇਰ ਸਿੰਘ ਵਰਗੇ ਵਿਦਵਾਨ ਯਹੂਦੀਆਂ ਵਾਂਗ ਇਜ਼ਰਾਈਲ ਦੀ ਤਰਜ਼ 'ਤੇ ਵੱਖਰੇ ਦੇਸ਼ ਦੀ ਵਕਾਲਤ ਤਾਂ ਕਰਦੇ ਹਨ ਪਰ ਕਦੇ ਇਹ ਨਹੀਂ ਦੱਸਦੇ ਕਿ ਯਹੂਦੀਆਂ ਤੇ ਸਿੱਖਾਂ ਦੇ ਹਾਲਾਤ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ ਅਤੇ ਇਜ਼ਰਾਈਲ ਕਿਨ੍ਹਾਂ ਹਾਲਾਤ ਵਿਚ ਬਣਿਆ ਸੀ; ਕਿ ਇਜ਼ਰਾਈਲ ਬਣਨ ਨਾਲ ਮਿਡਲ ਈਸਟ ਵਿਚ 70 ਸਾਲ ਤੋਂ ਹੋ ਰਹੀ ਕਤਲੋ-ਗਾਰਤ ਲਈ ਕੌਣ ਜ਼ਿੰਮੇਵਾਰ ਹੈ? ਨਾ ਹੀ ਇਹ ਲੋਕ ਸਪਸ਼ਟ ਕਰ ਸਕੇ ਹਨ ਕਿ ਪੰਜਾਬ ਵਿਚ ਸਿੱਖਾਂ ਤੋਂ ਇਲਾਵਾ ਹਿੰਦੂਆਂ, ਦਲਿਤਾਂ, ਰਾਮਗੜ੍ਹੀਆਂ, ਅਰੋੜੇ/ਖੱਤਰੀ ਸਿੱਖਾਂ, ਨਾਮਧਾਰੀਆਂ, ਰਾਧਾ ਸਵਾਮੀਆਂ ਆਦਿ ਨੂੰ ਨਾਲ ਕਿਵੇਂ ਲਿਆ ਜਾਵੇ, ਉਨ੍ਹਾਂ ਦੇ ਤੁਹਾਡੇ ਵਲੋਂ ਪ੍ਰਸਤਾਵਿਤ ਵੱਖਰੇ ਦੇਸ਼ ਬਾਰੇ ਖਦਸ਼ੇ ਕਿਵੇਂ ਦੂਰ ਹੋਣ ਤੇ ਉਨ੍ਹਾਂ ਦਾ ਉਸ 'ਕਲਪਿਤ' ਦੇਸ਼ ਵਿਚ ਸਟੇਟਸ ਕੀ ਹੋਵੇਗਾ। ਕੀ ਕਿਤੇ ਉਨ੍ਹਾਂ ਨਾਲ ਉਹੀ ਤਾਂ ਨਹੀਂ ਹੋਵੇਗੀ ਜੋ ਪਾਕਿਸਤਾਨ ਵਿਚ ਅਹਿਮਦੀਆਂ, ਬਲੋਚਾਂ, ਸੂਫੀਆਂ, ਸ਼ੀਆ ਮੁਸਲਮਾਨਾਂ ਨਾਲ ਹੋ ਰਹੀ ਹੈ? ਜਾਂ ਬੋਧੀ ਦੇਸ਼ ਮਿਆਂਮਾਰ (ਬਰਮਾ) ਵਿਚ ਰੋਹਿੰਗੀਆ ਮੁਸਲਮਾਨਾਂ ਨਾਲ ਹੋ ਰਹੀ ਹੈ? ਨਾ ਹੀ ਇਹ ਲੋਕ ਕਦੇ ਸਪਸ਼ਟ ਕਰ ਸਕੇ ਹਨ ਕਿ ਪੰਜਾਬ ਤੋਂ ਬਾਹਰ ਤਰਾਈ (ਯੂ.ਪੀ.), ਦਿੱਲੀ, ਗੰਗਾਨਗਰ, ਕਲਕੱਤਾ, ਬੰਬਈ ਆਦਿ ਵਿਚ ਬਾਦਸ਼ਾਹ ਬਣੇ ਬੈਠੇ ਸਿੱਖਾਂ ਦਾ ਕੀ ਹੋਵੇਗਾ? ਕੀ ਪੰਜਾਬ ਦੇ ਲੋਕ ਅੱਜ ਵੀ ਅਨੇਕਾਂ ਘਾਟਾਂ ਦੇ ਬਾਵਜੂਦ ਬਾਕੀ ਸੂਬਿਆਂ ਦੇ ਲੋਕਾਂ ਨਾਲੋਂ ਕਿਤੇ ਵੱਧ ਬਿਹਤਰ ਹਾਲਤ ਵਿਚ ਨਹੀਂ ਹਨ? ਜੇ ਸਿੱਖ ਸੱਚਮੁੱਚ ਹੀ ਭਾਰਤ ਵਿਚ ਗੁਲਾਮ ਹਨ ਤਾਂ ਭਾਰਤ ਦੇ ਸਭ ਤੋਂ ਸਿਰਮੌਰ ਸੂਬਿਆਂ ਯੂ.ਪੀ. ਤੇ ਬਿਹਾਰ ਦੇ ਗਰੀਬ ਕਿਸਾਨ-ਮਜ਼ਦੂਰ ਕਈ ਦਹਾਕਿਆ ਤੋਂ ਪੰਜਾਬੀਆਂ ਦੀ ਗੁਲਾਮੀ ਕਰਨ ਕਿਉਂ ਆ ਰਹੇ ਹਨ? ਇਸ ਸੂਰਤ ਵਿਚ ਸਿੱਖਾਂ ਨਾਲ ਵਿਤਕਰੇ ਦਾ ਪ੍ਰਵਚਨ ਕਿਤਨਾ ਕੁ ਜਾਇਜ਼ ਹੈ? ਜੇ ਸਿੱਖਾਂ ਨਾਲ ਇਤਨਾ ਹੀ ਵਿਤਕਰਾ ਹੋ ਰਿਹਾ ਹੈ ਤਾਂ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਵੱਡੇ ਕੇਂਦਰੀ ਮੰਤਰੀਆਂ, ਸੂਬਿਆਂ ਦੇ ਗਵਰਨਰਾਂ, ਮੁੱਖ ਮੰਤਰੀਆਂ, ਪ੍ਰਸ਼ਾਸਨਿਕ ਅਧਿਕਾਰੀਆਂ, ਫੌਜਾਂ ਦੇ ਮੁਖੀਆਂ ਤੋਂ ਇਲਾਵਾ ਹਰ ਖੇਤਰ ਵਿਚ ਸਿੱਖ ਬਾਕੀ ਭਾਈਚਾਰਿਆਂ ਦੇ ਮੁਕਾਬਲੇ ਘੱਟ-ਗਿਣਤੀ ਵਿਚ ਹੋਣ ਦੇ ਬਾਵਜੂਦ ਮੋਹਰੀ ਕਿਵੇਂ ਹਨ? ਕੀ ਯਹੂਦੀਆਂ ਦੀ ਯੂਰਪ ਵਿਚ ਕਦੇ ਅਜਿਹੀ ਹਾਲਤ ਸੀ? ਕੀ ਪਾਕਿਸਤਾਨ ਵਿਚ ਕਾਦੀਅਨ, ਬਲੋਚ ਜਾਂ ਅਫਗਾਨਿਸਤਾਨ ਵਿਚ ਸਿੱਖ ਤੇ ਮਿਆਂਮਾਰ ਵਿਚ ਰੋਹਿੰਗੀਆ ਇਤਨੀ ਠਾਠ ਨਾਲ ਰਹਿਣ ਬਾਰੇ ਕਦੇ ਸੋਚ ਸਕਦੇ ਹਨ?

ਇਹ ਠੀਕ ਹੈ ਕਿ ਸਿੱਖਾਂ ਅਤੇ ਪੰਜਾਬ ਦਾ ਭਲਾ ਇਸੇ ਗੱਲ ਵਿਚ ਸੀ ਕਿ ਨਹਿਰੂ ਅਤੇ ਕਾਂਗਰਸ ਦੀ ਲੀਡਰਸ਼ਿਪ ਖੁੱਲ੍ਹੇ ਦਿਲ ਨਾਲ ਸਿੱਖਾਂ ਦੀਆਂ ਭਾਵਨਾਵਾਂ ਅਨੁਸਾਰ ਪੰਜਾਬੀ ਸੂਬੇ ਦੀ ਮੰਗ ਬਿਨਾਂ ਦੇਰੀ ਸ਼ੁਰੂ ਵਿਚ ਹੀ ਮੰਨ ਲੈਂਦੀ, ਪੰਜਾਬ ਦੇ ਹਿੰਦੂ ਵੀ ਪੰਜਾਬੀ ਸੂਬੇ ਦੇ ਹੱਕ ਵਿਚ ਖੜ੍ਹਦੇ ਤਾਂ ਪੰਜਾਬ ਵਿਚ ਉਹ ਤ੍ਰਾਸਦੀਆਂ ਨਾ ਵਾਪਰਦੀਆਂ ਜੋ ਧਰਮ ਯੁੱਧ ਮੋਰਚੇ ਦੌਰਾਨ ਅਤੇ ਜੂਨ 84 ਤੋਂ ਬਾਅਦ ਵਾਪਰੀਆਂ। ਇਸ ਬਾਵਜੂਦ ਸਿੱਖ ਲੀਡਰਸ਼ਿਪ ਜੋ ਸਿੱਖਾਂ ਨੂੰ ਬਿਨਾਂ ਕਿਸੇ ਲੰਮੀ ਸੋਚ-ਵਿਚਾਰ ਦੇ ਆਪਣੇ ਸੌੜੇ ਰਾਜਸੀ ਹਿੱਤਾਂ ਲਈ ਵਾਰ-ਵਾਰ ਮੋਰਚਿਆਂ ਵਿਚ ਧੱਕਦੀ ਰਹੀ, ਕੀ ਉਸ ਦੀ ਵੀ ਕੋਈ ਜ਼ਿੰਮੇਵਾਰੀ ਟਿੱਕੀ ਜਾ ਸਕਦੀ ਹੈ? ਤ੍ਰਾਸਦੀ ਇਹ ਹੈ ਕਿ ਇਤਨੇ ਨੁਕਸਾਨ ਤੋਂ ਬਾਅਦ ਵੀ ਨਵੀਂ, ਰਵਾਇਤੀ ਤੇ ਪੰਥਕ ਲੀਡਰਸ਼ਿਪ ਕੋਈ ਸਬਕ ਸਿੱਖਣ ਲਈ ਤਿਆਰ ਨਹੀਂ। ਕੀ ਸਿੱਖ ਲੀਡਰਸ਼ਿਪ ਕਦੇ ਵਿਚਾਰ ਕਰੇਗੀ ਕਿ ਪੰਜਾਬ ਦਾ ਹਿੰਦੂ ਪੰਜਾਬੀ ਸੂਬੇ ਦਾ ਨਾਮ ਸੁਣਦਿਆਂ ਕਿਉਂ ਤ੍ਰਭਕਦਾ ਸੀ? ਕੀ 1984 ਦੇ ਦੌਰ ਵਿਚ ਵੀ ਪੰਜਾਬ ਦੇ ਹਿੰਦੂਆਂ ਨੂੰ ਅਜਿਹਾ ਹੀ ਡਰ ਸੀ ਜਿਸ ਨੂੰ ਸਿੱਖ ਲੀਡਰਸ਼ਿਪ ਤੇ ਵਿਦਵਾਨਾਂ ਨੇ ਕਦੇ ਗੰਭੀਰਤਾ ਨਾਲ ਨਹੀਂ ਵਿਚਾਰਿਆ? ਕੀ ਇਸ ਪਿਛੇ ਪੰਜਾਬ ਦੀ ਨਹਿਸ਼ ਵੰਡ ਦਾ ਪਿੜ ਬੰਨ੍ਹਣ ਵਾਲੇ ਮੁਹੰਮਦ ਅਲੀ ਜਿਨਾਹ ਦਾ ਭੂਤ ਤਾਂ ਨਹੀਂ ਨਜ਼ਰ ਆ ਰਿਹਾ ਸੀ ਜਿਸ ਦੇ 'ਦੋ ਕੌਮੀ' ਪ੍ਰਵਚਨ ਸਦਕਾ ਲੱਖਾਂ ਪੰਜਾਬੀ ਮਰੇ ਤੇ ਕਰੋੜਾਂ ਬੇਘਰ ਹੋਏ? ਜਿਨਾਹ ਦਾ ਪਾਕਿਸਤਾਨ ਦਾ ਸੁਪਨਾ ਪੂਰਾ ਹੋਣ ਤੋਂ ਬਾਅਦ ਪੰਜਾਬ ਵਿਚ ਜੋ ਕਤਲੋਆਮ ਹੋਇਆ, ਕੀ ਉਹ ਇਸ ਡਰ ਦਾ ਜ਼ਿੰਮੇਵਾਰ ਨਹੀਂ ਸੀ? ਕੀ ਪੰਜਾਬ ਦਾ ਹਿੰਦੂ ਉਸ ਕਿਸਮ ਦੇ ਕਿਸੇ ਹੋਰ ਨਵੇਂ ਬਟਵਾਰੇ ਦੇ ਸਿੱਟਿਆਂ ਤੋਂ ਹੀ ਤਾਂ ਨਹੀਂ ਡਰੀ ਜਾ ਰਿਹਾ? ਸਾਂਵਲ ਧਾਮੀ ਅਤੇ ਨਾਸਰ ਢਿੱਲੋਂ ਦੇ ਯੂ-ਟਿਊਬ ਚੈਨਲਾਂ 'ਤੇ ਬਟਵਾਰੇ ਦੌਰਾਨ ਇਧਰੋਂ ਉਧਰ ਜਾਂ ਉਧਰੋਂ ਇੱਧਰ ਆਏ ਲੋਕਾਂ ਦੀ ਦਾਸਤਾਨ ਸੁਣੋ। ਕੀ ਸਿੱਖੀ ਦੀ ਆਤਮਾ 'ਸਭੇ ਸਾਂਝੀਵਾਲ ਸਦਾਇਨਿ' ਦੇ ਬੋਲਾਂ ਵਿਚ ਦਰਜ ਨਹੀਂ ਹੈ? ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਗੁਰੂ ਸਾਹਿਬਾਨ ਦੇ ਦਰਸਾਏ ਇਸੇ ਮਾਰਗ ਅਨੁਸਾਰ ਹੀ ਆਪਣੀਆਂ ਅਗਲੀਆਂ ਮੰਜ਼ਿਲਾਂ ਵਿਓਂਤਣੀਆਂ ਪੈਣਗੀਆਂ। ਕੀ ਪਿਛਲੇ ਸਮੇਂ ਵਿਚ ਲੜੇ ਗਏ ਸਰਬ ਸਾਂਝੇ ਮਹਾਨ ਕਿਸਾਨ ਅੰਦੋਲਨ ਨੂੰ ਮੁਹਰੇ ਰੱਖ ਕੇ ਭਵਿੱਖੀ ਯੋਜਨਾਵਾਂ ਨਹੀਂ ਬਣਾਈਆਂ ਜਾ ਸਕਦੀਆਂ?

ਅਮਰਜੀਤ ਸਿੰਘ ਗਰੇਵਾਲ ਦੇ ਲੇਖ 'ਪੰਜਾਬ ਜੀਂਦਾ ਗੁਰਾਂ ਦੇ ਨਾਮ 'ਤੇ' ਵਿਚੋਂ ਕੁਝ ਲਾਈਨਾਂ ਨਾਲ ਸਮਾਪਤ ਕਰਨਾ ਚਾਹਾਂਗਾ: "ਪ੍ਰੋ. ਪੂਰਨ ਸਿੰਘ ਜਾਣਦੇ ਸਨ ਕਿ ਪੰਜਾਬ ਦੇ ਨਿਰਮਿਤ ਹੋ ਰਹੇ ਆਧੁਨਿਕਵਾਦੀ ਸਮਾਜ ਵਿਚ ਘੱਟ ਗਿਣਤੀ ਸਿੱਖ ਭਾਈਚਾਰੇ ਦੀ 'ਚੌਧਰ' ਉਤਨੀ ਦੇਰ ਸਥਾਪਿਤ ਨਹੀਂ ਹੋ ਸਕਦੀ ਜਿਤਨੀ ਦੇਰ ਤੱਕ ਉਹ ਬਹੁ-ਧਰਮੀ, ਬਹੁ-ਭਾਸ਼ਾਈ, ਬਹੁ-ਜਾਤੀ, ਬਹੁ-ਸਭਿਆਚਾਰੀ ਪੰਜਾਬੀ ਭਾਈਚਾਰੇ ਦੇ ਮਨਾਂ ਨੂੰ 'ਸਿੱਖ ਸਿਧਾਂਤਾਂ ਤੇ ਸਪਿਰਿਟ' ਨਾਲ ਜਿੱਤ ਨਹੀਂ ਲੈਂਦੇ। ਉਹ ਜਾਣਦੇ ਸਨ ਕਿ ਪੰਜਾਬੀ ਸਮਾਜ ਦੇ ਵਖਰੇਵਿਆਂ ਨੂੰ ਤਾਂ ਦੂਰ ਨਹੀਂ ਕਰ ਸਕਦੇ; ਇਸ ਲਈ ਉਹ ਪੰਜਾਬ ਅੰਦਰ ਹਰਮਨ ਪਿਆਰੇ ਕਿਰਦਾਰ ਵਾਲੀ ਸਰਬ ਸਾਂਝੀ 'ਸਮੂਹਿਕ ਇੱਛਾ' ਦਾ ਨਿਰਮਾਣ ਕਰਨ ਲਈ, ਸਰਬ ਸਾਂਝੇ ਸਿੱਖ ਸਿਧਾਂਤਾਂ ਦੇ ਆਧਾਰ 'ਤੇ ਸਿੱਖ ਕੌਣ ਹੈ, ਦੀ ਪ੍ਰੀਭਾਸ਼ਾ ਨੂੰ ਵਿਸਤਾਰ ਦਿੰਦੇ ਸਨ।"

### ਅੰਤਿਕਾ

ਪਾਠਕ ਲੇਖ ਵਾਲੀਆਂ ਗੱਲਾਂ ਨਾਲ ਸਹਿਮਤ ਹੋਣ ਜਾਂ ਨਾ ਪਰ ਪ੍ਰਸਿੱਧ ਲੇਖਕ ਜੁਵਾਲ ਹਰਾਰੀ ਦੀ ਕਿਤਾਬ '21 ਲੈਸਨਜ਼ ਫਾਰ ਦਿ 21 ਸੈਂਚਰੀ' (21ਵੀਂ ਸਦੀ ਲਈ 21 ਪਾਠ) ਜ਼ਰੂਰ ਪੜ੍ਹਨ ਤਾਂ ਕਿ ਪਤਾ ਲੱਗ ਸਕੇ ਕਿ ਸਾਰੀ ਮਨੁੱਖਤਾ ਨੂੰ ਆਉਣ ਵਾਲੇ ਸਮੇਂ ਵਿਚ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਣਾ ਹੈ? ***(ਸਮਾਪਤ)***

# ਸਫ਼ਰ-ਏ-ਸ਼ਹਾਦਤ ਦੌਰਾਨ ਮਨੁੱਖੀ ਮਾਨਸਿਕਤਾ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਰਾਹੀਂ ਉਨ੍ਹਾਂ ਨੇ ਮਨੁੱਖ ਦੀ ਮਾਨਸਿਕਤਾ ਨੂੰ ਵੱਖ-ਵੱਖ ਪਹਿਲੂਆਂ ਰਾਹੀਂ ਉਭਾਰਿਆ ਹੈ। ਉਨ੍ਹਾਂ ਦੱਸਿਆ ਹੈ ਕਿ ਕਮਜ਼ੋਰ ਮਾਨਸਿਕਤਾ ਵਾਲੇ ਲੋਕ ਜ਼ਿੰਦਗੀ ਵਿਚ ਬੜੀ ਜਲਦੀ ਹਾਰ ਜਾਂਦੇ ਹਨ ਜਦਕਿ ਮਜ਼ਬੂਤ ਮਾਨਸਿਕਤਾ ਵਾਲੇ ਲੋਕ ਹਾਰ ਵਿਚੋਂ ਵੀ ਜਿੱਤਾਂ ਦੇ ਨਕਸ਼ ਦੇਖਦੇ ਅਤੇ ਆਖਰ ਨੂੰ ਹਾਰਾਂ ਦੇ ਮੱਥੇ 'ਤੇ ਜਿੱਤਾਂ ਦਾ ਪ੍ਰਚਮ ਲਹਿਰਾਉਂਦੇ ਹਨ।***

ਮਨੁੱਖ, ਮਾਨਸਿਕਤਾ ਦਾ ਮੁਹਾਂਦਰਾ। ਇਹ ਮਾਨਸਿਕਤਾ ਉਸ ਦੇ ਮਾਨਵੀ, ਆਤਮਿਕ, ਸਰੀਰਕ ਅਤੇ ਮਾਨਸਿਕ ਵਿਕਾਸ ਦਾ ਆਧਾਰ। ਮਨੁੱਖੀ ਪ੍ਰਾਪਤੀਆਂ/ਅਸਫਲਤਾਵਾਂ, ਕੁਰਬਾਨੀਆਂ/ਕੁਤਾਹੀਆਂ, ਕ੍ਰਿਤਾਰਥਾ/ਅਕ੍ਰਿਤਘਣਤਾ ਜਾਂ ਅਪਣੱਤ/ਬਿਗਾਨੇਪਣ ਦਾ ਬਿੰਬ।

ਮਨੁੱਖੀ ਮਾਨਸਿਕਤਾ ਵਿਚ ਚੌਗਿਰਦੇ ਤੇ ਪਰਿਵਾਰ ਦਾ ਅਹਿਮ ਰੋਲ ਹੈ, ਜੋ ਮਨੁੱਖੀ ਸ਼ਖ਼ਸੀਅਤ ਰੂਪੀ ਮਹਿਲ ਦੀ ਬੁਨਿਆਦ ਅਤੇ ਸਰੂਪ ਹੈ। ਇਹ ਸੂਰਜਾਂ ਦਾ ਸਿਰਨਾਵਾਂ ਵੀ ਹੋ ਸਕਦਾ ਹੈ ਜਾਂ ਬੁੱਝਦੇ ਦੀਵੇ ਦਾ ਆਖਰੀ ਹਟਕੋਰਾ ਵੀ। ਇਹ ਸਰਘੀ ਦਾ ਸੁਰਖ ਸੁਨੇਹਾ ਵੀ ਹੁੰਦਾ ਹੈ ਜਾਂ ਉਤਰਦੀ ਸ਼ਾਮ ਵਿਚਲਾ ਅੰਧਿਆਰਾ ਵੀ।

ਮਾਨਸਿਕਤਾ ਮਾਣ ਵੀ ਹੁੰਦੀ ਹੈ ਤੇ ਮੌਤ ਵੀ। ਮਰਿਆਦਾ ਵੀ ਤੇ ਮਾਣਹਾਨੀ ਵੀ। ਮਾਂਗਵੀਂ ਵੀ ਤੇ ਮਾਤਰੀ ਵੀ। ਮਹਿਮਾਨ ਵੀ ਤੇ ਮਜਬੂਰੀ ਵੀ। ਮਾਨਸਿਕਤਾ ਵਿਚੋਂ ਹੀ ਇਤਿਹਾਸ ਸਿਰਜੇ ਜਾਂਦੇ ਹਨ। ਇਸ ਮਾਨਸਿਕਤਾ ਕਾਰਨ ਹੀ ਚਮਕੌਰ ਦੀ ਜੰਗ ਵਿਚ ਕੱਲਾ-ਕੱਲਾ ਯੋਧਾ ਵੀ ਸਵਾ ਲੱਖ ਹੁੰਦਾ ਹੈ। ਕਮਜ਼ੋਰ ਮਾਨਸਿਕਤਾ ਵਾਲੇ ਲੋਕ ਜ਼ਿੰਦਗੀ ਵਿਚ ਬੜੀ ਜਲਦੀ ਹਾਰ ਜਾਂਦੇ ਹਨ ਜਦਕਿ ਮਜ਼ਬੂਤ ਮਾਨਸਿਕਤਾ ਵਾਲੇ ਲੋਕ ਹਾਰ ਵਿਚੋਂ ਵੀ ਜਿੱਤਾਂ ਦੇ ਨਕਸ਼ ਦੇਖਦੇ ਅਤੇ ਆਖਰ ਨੂੰ ਹਾਰਾਂ ਦੇ ਮੱਥੇ 'ਤੇ ਜਿੱਤਾਂ ਦਾ ਪ੍ਰਚਮ ਲਹਿਰਾਉਂਦੇ ਹਨ।

ਸਮੁੱਚਾ ਸਿੱਖ ਇਤਿਹਾਸ ਸਿੱਖਾਂ ਦੀ ਸ਼ਾਨਾਮੱਤੀ ਤੇ ਮਰਦਾਵੀਂ ਮਾਨਸਿਕਤਾ ਦਾ ਪ੍ਰਮਾਣ ਹੈ। ਇਤਿਹਾਸ ਦੇ ਵਰਕਿਆਂ 'ਤੇ ਉਕਰੀ ਤਵਾਰੀਖ਼ ਦਾ ਸਿਰਜਣਹਾਰਾ ਜਿਸ ਕਰਕੇ ਸਿੱਖਾਂ ਦੀ ਇਕ ਵਿਲੱਖਣ ਪਛਾਣ ਹੈ। ਇਨ੍ਹਾਂ ਦੇ ਮਾਨਵੀ ਵਰਤੋਂ-ਵਿਹਾਰ ਨੇ ਇਨ੍ਹਾਂ ਨੂੰ ਅਲੋਕਾਰੀ ਨੁਹਾਰ ਅਤੇ ਨਾਮਗੀਰੀ ਬਖਸ਼ੀ ਹੈ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਸਮੁੱਚੇ ਘਟਨਾਕ੍ਰਮ ਨੂੰ ਨੀਝ ਨਾਲ ਦੇਖਿਆਂ ਪਤਾ ਲੱਗੇਗਾ ਕਿ ਇਸ ਸ਼ਹਾਦਤ ਨੂੰ ਅੰਜ਼ਾਮ ਦੇਣ ਕਾਰਨ ਉਗੀ ਰੋਹ ਦੀ ਜਵਾਲਾ ਨੂੰ ਪ੍ਰਚੰਡ ਕਰਨ ਵਿਚ ਦਰਅਸਲ ਇਸ ਨਾਲ ਜੁੜੇ ਉਨ੍ਹਾਂ ਕਿਰਦਾਰਾਂ ਦੀ ਵੰਨ-ਸੁਵੰਨੀ ਮਾਨਸਿਕਤਾ ਨੂੰ ਸਮਝਣਾ ਅਤੇ ਵਿਚਾਰਨਾ ਜ਼ਰੂਰੀ ਹੈ, ਜਿਸ ਕਰਕੇ ਛੋਟੇ ਸਾਹਿਬਜ਼ਾਦੇ ਸ਼ਹੀਦ ਹੋਏ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੇ ਸੰਸਾਰਕ ਇਤਿਹਾਸ ਵਿਚ ਨਵੀਂ ਤਹਿਰੀਕ ਨੂੰ ਸਿਰਜਿਆ, ਜੋ ਹੁਣ ਤੀਕ ਦੀ ਸਭ ਤੋਂ ਮਾਣਮੱਤੀ ਅਤੇ ਛੋਟੀ ਉਮਰ ਦੀ ਸ਼ਹਾਦਤ ਹੈ।

ਜਦ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਨਾਲ ਆਪਣੇ ਰਸੋਈਏ ਗੰਗੂ ਬ੍ਰਾਹਮਣ ਦੇ ਪਿੰਡ ਪਹੁੰਚਦੇ ਨੇ ਤਾਂ ਇਹ ਗੰਗੂ ਬ੍ਰਾਹਮਣ ਦੀ ਮਾਨਸਿਕਤਾ ਵਿਚ ਪੈਦਾ ਹੋਇਆ ਲੋਭ ਹੀ ਸੀ ਕਿ ਉਸ ਨੇ ਮਾਇਆ ਦੇ ਲਾਲਚ ਵਿਚ ਚੋਰੀ ਕੀਤੀ ਅਤੇ ਫਿਰ ਇਸ ਚੋਰੀ ਦੀ ਪਰਦਾਦਾਰੀ ਲਈ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਗ੍ਰਿਫਤਾਰ ਕਰਵਾਇਆ। ਮਨ ਵਿਚ ਬੈਠਾ ਲਾਲਚ ਮਨੁੱਖ ਨੂੰ ਅਸਮਾਨ ਤੋਂ ਰਸਾਤਲ ਵਿਚ ਗਰਕ ਕਰ ਦਿੰਦਾ ਹੈ ਅਤੇ ਬੰਦਾ ਅੱਖ ਦਾ ਤਾਰਾ ਹੁੰਦਿਆਂ ਵੀ ਅੱਖਾਂ ਵਿਚੋਂ ਬੇਅਰਥਾ ਕਿਰਦਾ ਨੀਰ ਬਣ ਕੇ ਆਪਣੀ ਹਯਾਤੀ ਨੂੰ ਰਾਖ਼ ਵਿਚ ਗਵਾ ਬਹਿੰਦਾ ਹੈ। ਅਜਿਹਾ ਹੀ ਗੰਗੂ ਬ੍ਰਾਹਮਣ ਦੀ ਲੋਭੀ ਮਾਨਸਿਕਤਾ ਨੇ ਉਸ ਰਾਹੀਂ ਕਰਵਾਇਆ ਇਹ ਕਾਲਾ ਕਾਰਾ ਜਿਸ ਨੇ ਉਸ ਦੀ ਸਮੁੱਚੀ ਕੁਲ ਨੂੰ ਬਦਨਾਮ ਕੀਤਾ ਅਤੇ ਸਾਹਿਬਜ਼ਾਦਿਆਂ ਦਾ ਪਹਿਲਾ ਕਦਮ ਸ਼ਹਾਦਤ ਪ੍ਰਾਪਤ ਕਰਨ ਵੰਨੀਂ ਉਠਿਆ।

ਠੰਢੇ ਬੁਰਜ ਵਿਚ ਕੈਦ ਤੇ ਭੁੱਖਣ-ਭਾਣੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਨੂੰ ਦੁੱਧ ਪਿਆਉਣ ਵਾਲੇ ਭਾਈ ਮੋਤੀ ਰਾਮ ਮਹਿਰਾ ਜੀ ਦੀ ਸੇਵਾਭਾਵੀ ਮਾਨਸਿਕਤਾ ਨੂੰ ਪੜ੍ਹਦਿਆਂ ਮਨ ਤਰਲ-ਤਰਲ ਹੋ ਜਾਂਦਾ ਹੈ। ਕੋਮਲ ਹਿਰਦੇ ਵਾਲਾ ਅਤੇ ਕਿਸੇ ਦੀ ਭੁੱਖ-ਪਿਆਸ ਦੀ ਪੂਰਤੀ ਲਈ ਜਾਨ ਦੀ ਪ੍ਰਵਾਹ ਨਾ ਕਰਨ ਵਾਲਾ ਗੁਰੂਘਰ ਦਾ ਅਨਿੰਨ ਸੇਵਕ ਸੀ ਭਾਈ ਮਹਿਰਾ। ਵਜ਼ੀਰ ਖਾਨ ਦੀ ਹੁਕਮ-ਅਦੂਲੀ ਕਰਦਿਆਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਦੁੱਧ ਪਿਆਉਣ ਦਾ ਜੋਖ਼ਮ ਉਠਾਉਣ ਵਾਲੇ ਭਾਈ ਮਹਿਰਾ ਦੀ ਮਜ਼ਬੂਤ ਮਾਨਸਿਕਤਾ ਨੂੰ ਸਲਾਮ ਕਰਨਾ ਬਣਦੈ, ਜਿਨ੍ਹਾਂ ਨੇ ਜਾਨ ਤਲੀ 'ਤੇ ਧਰ ਕੇ ਇਹ ਸੇਵਾ ਨਿਭਾਈ। ਭਾਵੇਂ ਕਿ ਬਾਅਦ ਵਿਚ ਉਸ ਦੇ ਸਮੁੱਚੇ ਪਰਿਵਾਰ ਨੂੰ ਵਜ਼ੀਰ ਖਾਨ ਵਲੋਂ ਕੋਹਲੂ ਵਿਚ ਪੀੜ ਕੇ ਕਤਲ ਕਰਵਾ ਦਿੱਤਾ ਗਿਆ। ਬਹੁਤ ਘੱਟ ਲੋਕ ਹੁੰਦੇ ਨੇ ਜਿਹੜੇ ਕਿਸੇ ਲਾਚਾਰ, ਬੰਦੀ ਅਤੇ ਬੇਗੁਨਾਹ ਨੂੰ ਦੇਖ ਕੇ ਅੱਖ ਭਰਦੇ ਨੇ ਅਤੇ ਫਿਰ ਅੱਖ ਵਿਚਲੇ ਰੌਂਅ ਦੀ ਰਾਗਣੀ ਵਿਚ ਭਲਾਈ ਵਾਲਾ ਕਰਮ ਨਿਭਾਉਂਦੇ ਜੀਵਨ ਨੂੰ ਤੁੱਛ ਸਮਝਦੇ ਨੇ। ਭਾਈ ਮਹਿਰਾ ਉਨ੍ਹਾਂ ਵਿਚੋਂ ਇਕ ਸਨ।

ਵਜ਼ੀਰ ਖਾਨ ਦੀ ਕਚਹਿਰੀ ਵਿਚ ਸਾਹਿਬਜ਼ਾਦਿਆਂ ਦੀ ਪੇਸ਼ੀ ਅਤੇ ਉਨ੍ਹਾਂ ਨੂੰ ਆਪਣੇ ਧਰਮ ਤੋਂ ਥਿੜਕਾਉਣ ਅਤੇ ਲੋਭ-ਲਾਲਚ ਵਿਚ ਫਸਾਉਣ ਲਈ ਹਰ ਹਰਬਾ ਵਰਤਣ ਦੌਰਾਨ, ਕਚਹਿਰੀ ਵਿਚਲੇ ਕਿਰਦਾਰਾਂ ਦੀ ਮਾਨਕਿਸਤਾ ਨੂੰ



ਸਮਝਣ ਲਈ ਕਚਹਿਰੀ ਵਿਚ ਹੋਈਆਂ ਪੇਸ਼ੀਆਂ ਅਤੇ ਇਸ ਦੌਰਾਨ ਕਾਜ਼ੀ ਵਲੋਂ ਸੁਣਾਏ ਫਤਵੇ ਦੇ ਸਮੁੱਚੇ ਘਟਨਾਕ੍ਰਮ ਨੂੰ ਦੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਹਿਲਕਾਰ ਸੁੱਚਾ ਨੰਦ ਇਕ ਅਜਿਹਾ ਕਿਰਦਾਰ ਸੀ, ਜਿਸ ਦੀ ਮਾਨਸਿਕਤਾ ਆਪਣੇ ਆਕਾ ਨੂੰ ਖੁਸ਼ ਕਰਨ ਲਈ ਕੋਈ ਵੀ ਕੁਫ਼ਰ ਤੋਲ ਸਕਦੀ ਸੀ। ਉਹ ਸਾਹਿਬਜ਼ਾਦਿਆਂ 'ਤੇ ਇਲਜ਼ਾਮ-ਤਰਾਸ਼ੀ ਕਰ ਕੇ ਆਪਣੀ ਕੋਝੀ ਮਾਨਸਿਕਤਾ ਦਾ ਪ੍ਰਗਟਾਵਾ ਕਰਦਾ ਹੈ। ਅਜਿਹੀ ਮਾਨਸਿਕਤਾ ਵਾਲੇ ਲੋਕ ਹਾਕਮਾਂ ਦੀ ਖੁਸ਼ੀ ਲਈ ਆਪਣੀ ਆਤਮਾ ਨੂੰ ਮਾਰ ਕੇ ਸਿਰਫ਼ ਨਿੱਜੀ ਮੁਫ਼ਾਦ ਨੂੰ ਸਾਹਮਣੇ ਰੱਖਦੇ ਨੇ। ਉਨ੍ਹਾਂ ਕੋਲੋਂ ਹਮਦਰਦੀ, ਇਨਸਾਫ਼ ਜਾਂ ਸੱਚ ਨੂੰ ਸੱਚ ਕਹਿਣ ਦੀ ਆਸ ਰੱਖਣਾ ਕੁਥਾਂਹ ਹੁੰਦਾ ਹੈ। ਉਹ ਸਿਰਫ਼ ਕਾਲਖ਼ਾਂ, ਕਮੀਨਗੀਆਂ ਅਤੇ ਕੁਕਰਮਾਂ ਦੀ ਰੋਟੀ ਖਾਂਦੇ ਨੇ। ਹਨੇਰਿਆਂ ਦਾ ਸਾਥ ਪਾਲਦੇ ਹੋਏ ਉਗਦੇ ਸੂਰਜਾਂ ਦੀ ਅੱਖ ਵਿਚ ਅੱਖ ਪਾਉਣ ਤੋਂ ਡਰਦੇ ਨੇ। ਉਨ੍ਹਾਂ ਦੀ ਮਾਨਸਿਕਤਾ ਵਿਚ ਮੌਤ ਦਾ ਸਹਿਮ ਇੰਨਾ ਭਾਰੂ ਹੁੰਦਾ ਹੈ ਕਿ ਉਨ੍ਹਾਂ ਨੂੰ ਹੱਥਕੜੀਆਂ ਵਿਚ ਜਕੜੇ ਛੋਟੇ ਸਾਹਿਬਜ਼ਾਦੇ ਵੀ ਮੌਤ ਦਾ ਪੈਗੰਬਰ ਹੀ ਜਾਪਦੇ ਹਨ, ਜਿਨ੍ਹਾਂ ਨੂੰ ਕਤਲ ਕਰਵਾਉਣ ਲਈ ਹਰ ਹਰਬਾ ਵਰਤਦੇ ਹਨ। ਅਜਿਹੇ ਲੋਕ ਅਕਸਰ ਰਾਜ ਦਰਬਾਰ ਵਿਚ ਆਪਣੀ ਚੌਧਰ ਚਮਕਾਉਂਦੇ ਅਤੇ ਭੋਲੇ-ਭਾਲੇ ਤੇ ਸੱਚ ਦੇ ਰਾਹੀਆਂ ਨੂੰ ਮਾਰ ਮੁਕਾਉਣ ਦੇ ਦੋਸ਼ੀ ਹੁੰਦੇ ਹਨ। ਆਖ਼ਰ ਨੂੰ ਇਹ ਪਾਪ ਢੋਂਦੇ ਖੁਦ ਪਾਪ-ਬੋਧ ਬਣ ਕੇ ਆਪਣੀ ਅਰਥੀ ਨੂੰ ਖ਼ੁਦ ਹੀ ਮੋਢਾ ਦਿੰਦੇ ਜਨ ਕਿਉਂਕਿ ਅਜਿਹੇ ਲੋਕ ਤਾਂ ਚਾਰ ਕੁ ਲੋਕ ਵੀ ਨਾਲ ਨਹੀਂ ਰੱਖਦੇ, ਜੋ ਉਨ੍ਹਾਂ ਨੂੰ ਕਬਰਾਂ ਤੀਕ ਲੈ ਕੇ ਜਾ ਸਕਣ।

ਦਰਬਾਰੀ ਸਾਜ਼ਿਸ਼ਾਂ ਅਤੇ ਰਾਜਸੀ ਇਨਸਾਫ਼ ਦੀ ਪ੍ਰਕਿਰਿਆ ਨੂੰ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਧਰਮ ਪਹਿਲਾਂ ਵੀ ਰਾਜਸੀ ਧੌਂਸ ਦਾ ਗੁਲਾਮ ਸੀ ਅਤੇ ਅੱਜ ਤੀਕ ਵੀ ਅਜਿਹਾ ਵਰਤਾਰਾ ਦੇਖਣ ਨੂੰ ਮਿਲਦਾ ਹੈ। ਬੱਚਿਆਂ ਅਤੇ ਬਜ਼ੁਰਗਾਂ ਨੂੰ ਸਜ਼ਾ ਦਾ ਫਤਵਾ ਜਾਰੀ ਨਾ ਕਰ ਸਕਣ ਦਾ ਫੁਰਮਾਨ ਸੁਣਾਉਣ ਵਾਲਾ ਕਾਜ਼ੀ ਆਖ਼ਰ ਨੂੰ ਹਕੂਮਤੀ ਬੇਇਨਸਾਫ਼ੀ ਸਾਹਵੇਂ ਨਿਵ ਜਾਂਦਾ ਹੈ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾ ਕੇ ਕਤਲ ਕਰਨ ਦਾ ਫਤਵਾ ਜਾਰੀ ਕਰਦਾ ਹੈ। ਇਹ ਕੁਕਰਮ ਕਰਨ ਲੱਗਿਆਂ ਕਾਜ਼ੀ ਦੇ ਮਨ ਵਿਚ ਆਪਣੇ ਅੱਲ੍ਹਾ ਦਾ ਰਤਾ ਭਰ ਵੀ ਖੌਫ਼ ਜ਼ਾਹਰ ਨਹੀਂ ਹੁੰਦਾ। ਉਹ ਰਾਜਸੀ ਪੈਂਤੜੇਬਾਜ਼ੀ ਦਾ ਇਕ ਪੁਰਜ਼ਾ ਬਣ ਜਾਂਦਾ ਹੈ। ਇਹ ਪੁਰਜ਼ਾਕਰਨ ਉਸ ਦੀ ਧੁੰਧਲਾਈ ਅਤੇ ਝੁੰਝਲਾਈ ਮਾਨਸਿਕਤਾ ਨੂੰ ਸਪੱਸ਼ਟ ਕਰਨ ਲਈ ਪ੍ਰਤੱਖ ਹੈ। ਧਰਮ ਦੇ ਸੱਚੇ ਪੈਰੋਕਾਰ ਕਦੇ ਵੀ ਆਪਣੇ ਅਕੀਦੇ ਤੋਂ ਨਹੀਂ ਥਿੜਕਦੇ ਅਤੇ ਹਕੂਮਤਾਂ ਸਾਹਵੇਂ ਝੁਕਣ ਵਾਲੇ ਕਦੇ ਵੀ ਧਾਰਮਿਕ ਰਹਿਬਰ ਦੀ ਪਦਵੀ ਦੇ ਹੱਕਦਾਰ ਨਹੀਂ ਹੁੰਦੇ। ਧਰਮ ਅਧੀਨਗੀ ਨਹੀਂ ਸਗੋਂ ਆਜ਼ਾਦ ਅਤੇ ਬੇਬਾਕ ਮਾਨਸਿਕਤਾ ਦਾ ਜਲੌਅ ਹੁੰਦਾ ਹੈ। ਧਰਮ ਤਾਂ ਪਾਕੀਜ਼ਗੀ, ਪ੍ਰਣ, ਪਾਬੰਦ ਅਤੇ ਪਹਿਰੇਦਾਰੀ ਦਾ ਨਾਮ ਹੁੰਦਾ ਹੈ, ਜਿਸ ਲਈ ਮਾਨਸਿਕ ਤਕੜਾਈ ਸਭ ਤੋਂ ਅਹਿਮ ਸੀ ਪਰ ਇਹ ਸਭ ਕੁਝ ਕਾਜ਼ੀ ਦੇ ਕਿਰਦਾਰ ਵਿਚੋਂ ਮਨਫ਼ੀ ਸੀ।

ਪਰ ਰਾਜ ਦਰਬਾਰ ਦੇ ਸਾਰੇ ਅਹਿਲਕਾਰ ਇਕੋ ਜਿਹੇ ਨਹੀਂ ਹੁੰਦੇ। ਕੁਝ ਅਜਿਹੇ ਵੀ ਹੁੰਦੇ ਹਨ, ਜੋ ਦੀਨ-ਈਮਾਨ ਦੇ ਪੱਕੇ ਹੁੰਦੇ ਹਨ। ਧਰਮ ਨੂੰ ਸਹੀ ਅਰਥਾਂ ਵਿਚ ਜਿਊਣ ਅਤੇ ਧਾਰਨ ਕਰਨ ਦੇ ਪਾਬੰਦ ਹੁੰਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਮਜ਼ਬੂਤ ਤੇ ਬੁਲੰਦ ਮਾਨਸਿਕਤਾ ਵਾਲਾ ਮਾਲੇਰਕੋਟਲੇ ਦਾ ਨਵਾਬ ਮੁਹੰਮਦ ਸ਼ੇਰ ਖਾਨ ਸੀ। ਉਸ ਦੀ ਮਾਨਸਿਕਤਾ ਉਦੋਂ ਸਾਹਵੇਂ ਆਉਂਦੀ ਹੈ, ਜਦ ਉਹ ਆਪਣੇ ਭਰਾ ਦਾ ਬਦਲਾ ਲੈਣ ਲਈ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਤੋਂ ਕੋਰੀ ਨਾਂਹ ਕਰ ਕੇ, ਸਾਹਿਬਜ਼ਾਦਿਆਂ ਦੇ ਹੱਕ ਵਿਚ ਅਤੇ ਉਨ੍ਹਾਂ ਨੂੰ ਦਿੱਤੀ ਜਾਣ ਵਾਲੀ ਸਜ਼ਾ ਦੇ ਵਿਰੋਧ ਵਿਚ ਹਾਅ ਦਾ ਨਾਅਰਾ ਮਾਰ ਕੇ ਰਾਜ ਦਰਬਾਰ ਵਿਚੋਂ ਉਠ ਜਾਂਦਾ ਹੈ। ਇਹ ਉਸ ਦੀ ਮਾਨਸਿਕਤਾ ਵਿਚਲਾ ਧਾਰਮਿਕ ਜਜ਼ਬਾ ਅਤੇ ਇਸ ਦੀ ਸਾਰਥਕਿਤਾ ਵਿਚੋਂ ਧਰਮ ਨੂੰ ਸਮਝਣ ਅਤੇ ਜੀਵਨ ਦਾ ਹਿੱਸਾ ਬਣਾਉਣ ਦੀ ਸਮੁੱਚਤਾ ਵਿਚੋਂ ਪੈਦਾ ਹੋਇਆ ਸੀ। ਉਹ ਮਾਸੂਮਾਂ 'ਤੇ ਹੋਣ ਵਾਲੇ ਜਬਰ ਦੇ ਵਿਰੁੱਧ ਸੀ। ਮੁਹੰਮਦ ਸ਼ੇਰ ਖਾਨ ਦੀ ਮਾਨਸਿਕਤਾ ਵਿਚਲੇ ਜਜ਼ਬਾਤ, ਜਜ਼ਬੇ ਅਤੇ ਜਨੂੰਨ ਨੂੰ ਸਲਾਮ। ਇਸ ਮਾਨਸਿਕਤਾ ਨੇ ਉਸ ਨੂੰ ਮੁਸਲਮਾਨ ਹੁੰਦਿਆਂ ਵੀ ਸਿੱਖਾਂ ਦਾ ਅਜੀਜ਼ ਬਣਾਉਣ ਦੇ ਨਾਲ-ਨਾਲ ਉਸ ਦੀ ਰਿਆਸਤ ਨੂੰ ਵੀ ਮਾਣ ਦਿੱਤਾ ਸੀ।

ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਜਦ ਸਾਰੇ ਸ਼ਹਿਰ ਵਿਚ ਸੁੰਨ ਵਰਤ ਗਈ ਅਤੇ ਕੋਈ ਵੀ ਉਨ੍ਹਾਂ ਦੇ ਸਸਕਾਰ ਲਈ ਜੇਰਾ ਨਾ ਕਰ ਸਕਿਆ ਤਾਂ ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਅਸ਼ਰਫ਼ੀਆਂ ਰੱਖ ਕਰ ਕੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਜ਼ਮੀਨ ਖਰੀਦੀ। ਦੀਵਾਨ ਟੋਡਰ ਮੱਲ ਦੀ ਮਾਨਸਿਕਤਾ ਦੇ ਉਸ ਰੌਸ਼ਨ ਪੱਖ ਤੋਂ ਮਨ ਵਾਰੇ ਜਾਂਦਾ ਹੈ, ਜਿਸ ਕਾਰਨ ਉਸ ਨੇ ਆਪਣੀ ਜਾਇਦਾਦ ਦੀ ਪ੍ਰਵਾਹ ਨਾ ਕਰਦਿਆਂ, ਅੱਜ ਤੀਕ ਦੀ ਸਭ ਤੋਂ ਮਹਿੰਗੀ ਜਗ੍ਹਾ ਖਰੀਦੀ। ਕੀ ਕੋਈ ਅਜੋਕੇ ਸਮੇਂ ਵਿਚ ਅਜਿਹਾ ਪੁਰਖ ਹੈ, ਜਿਹੜਾ ਸਸਕਾਰ ਲਈ ਇੰਨੀ ਮਹਿੰਗੀ ਥਾਂ ਖਰੀਦਣ ਲਈ ਖੁਦ ਕੰਗਾਲ ਹੋ ਜਾਵੇ ਅਤੇ ਨਾਲ ਹੀ ਵਜ਼ੀਰ ਖਾਨ ਦੀ ਨਫ਼ਰਤ ਦਾ ਸ਼ਿਕਾਰ ਵੀ ਹੋਵੇ। ਇਹ ਦੀਵਾਨ ਟੋਡਰ ਦੀ ਮਾਨਸਿਕਤਾ ਵਿਚ ਘਰ ਕਰੀ ਬੈਠੀ ਉਹ ਅਕੀਦਤ ਸੀ, ਜਿਸ ਨੂੰ ਉਹ ਆਪਣੇ ਸਾਹਾਂ ਤੋਂ ਵੀ ਪਿਆਰੀ ਸਮਝਦਾ ਸੀ। ਇਸ ਨੂੰ ਨਤਸਮਤਕ ਹੋਣ ਲਈ ਉਸ ਨੇ ਇਹ ਥਾਂ ਖਰੀਦੀ, ਜਿਸ ਨੂੰ ਅੱਜ ਸਮੁੱਚੀ ਲੋਕਾਈ ਨਤਮਸਤਕ ਹੁੰਦੀ ਹੈ। ਅਜੋਕੇ ਰਾਜਸੀ, ਧਾਰਮਿਕ ਅਤੇ ਸਮਾਜਿਕ ਚੌਧਰੀਆਂ ਵਿਚੋਂ ਕੌਣ ਹੈ, ਜਿਹੜਾ ਅਜਿਹੀ ਮਾਨਸਿਕਤਾ ਦਾ ਮਾਲਕ ਹੋਵੇ ਅਤੇ ਆਪਣਾ ਸਮੁੱਚ ਇਕ ਅਕੀਦੇ ਨੂੰ ਅਰਪਿਤ ਕਰ ਦੇਵੇ।

ਸਫ਼ਰ-ਏ-ਸ਼ਹਾਦਤ ਦੀ ਇਬਾਰਤ ਦੇ ਜਗਦੇ ਦੀਵੇ ਸਾਹਿਬਜ਼ਾਦੇ ਸਨ, ਜਿਨ੍ਹਾਂ ਦੀ ਬਚਪਨ ਵਿਚ ਹੀ ਮਾਨਸਿਕਤਾ ਅਜਿਹੀ ਰੁਸ਼ਨਾਈ, ਪਕਿਆਈ ਅਤੇ ਦਲੇਰ ਸੀ ਕਿ ਉਹ ਹਰ ਲਾਲਚ ਨੂੰ ਠੁਕਰਾ ਸਕਦੇ ਸਨ। ਹਰ ਹਰਬੇ ਦੀਆਂ ਬਾਰੀਕੀਆਂ ਨੂੰ ਸਮਝ ਕੇ ਇਸ ਨੂੰ ਨਕਾਰ ਸਕਦੇ ਸਨ। ਉਨ੍ਹਾਂ ਦੀ ਉਚੇਰੀ ਮਾਨਸਿਕਤਾ ਦੀ ਅੰਬਰੀਂ ਉਡਾਣ ਨੂੰ ਇਸ ਤੱਥ ਤੋਂ ਭਲੀ-ਭਾਂਤ ਸਮਝਿਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਦੁਨਿਆਵੀ ਲਾਭ ਜਾਂ ਜਾਨ ਬਖ਼ਸ਼ੀ ਵੀ ਨਾ ਡੁਲਾ ਸਕੀ। ਉਹ ਦੋਵੇਂ ਛੋਟੀ ਉਮਰ ਦੇ ਬਾਵਜੂਦ ਇਕ ਦੂਜੇ ਤੋਂ ਪਹਿਲਾਂ ਸ਼ਹਾਦਤ ਦਾ ਜਾਮ ਪੀਣ ਲਈ ਕਾਹਲੇ ਸਨ। ਉਨ੍ਹਾਂ ਦੀ ਅਜਿਹੀ ਮਾਨਸਿਕ ਬਣਤਰ ਲਈ ਉਨ੍ਹਾਂ ਨੂੰ ਮਿਲਿਆ ਦਾਦੀ ਮਾਤਾ ਗੁਜਰੀ ਦਾ ਮੱਤਾਂ ਭਰਪੂਰ ਸਾਥ। ਆਪਣੀ ਵਿਰਾਸਤ ਵਿਚਲੀਆਂ ਸ਼ਹਾਦਤਾਂ ਦੀਆਂ ਅਕੱਥ ਕਹਾਣੀਆਂ। ਉਨ੍ਹਾਂ ਦੇ ਬਾਪ ਦਾ ਸ਼ਖ਼ਸੀ ਪ੍ਰਭਾਵ। ਵੱਡੇ ਭਰਾਵਾਂ ਨੂੰ ਦੇਖ ਦੇਖ ਆਪਣੀ ਮਾਨਸਿਕਤਾ ਨੂੰ ਹਰ ਔਕੜ ਤੇ ਮੁਸੀਬਤ ਵਿਚ ਚੜ੍ਹਦੀ ਕਲਾ ਵਿਚ ਰੱਖਣ ਦਾ ਮੀਰੀ ਗੁਣ ਆਦਿ ਸ਼ਾਮਲ ਸੀ, ਜੋ ਉਨ੍ਹਾਂ ਨੂੰ ਬਹੁਤ ਪ੍ਰਤੱਖ ਰੂਪ ਵਿਚ ਪ੍ਰਾਪਤ ਹੋਇਆ ਸੀ। ਸਾਹਿਬਜ਼ਾਦਿਆਂ ਦੀ ਮਾਨਸਿਕਤਾ ਨੂੰ ਸਮਝ ਕੇ ਹੀ ਉਨ੍ਹਾਂ ਦੀ ਅਮੁੱਲ, ਅਜ਼ੀਮ, ਅਦੁੱਤੀ ਅਤੇ ਅਨੋਖੀ ਕੁਰਬਾਨੀ ਨੂੰ ਦੁਨੀਆ ਭਰ ਦੇ ਲੋਕ ਨਤਮਸਤਕ ਹੁੰਦੇ ਹਨ।

ਸਫ਼ਰ-ਏ-ਸ਼ਹਾਦਤ ਦੇ ਆਰ-ਪਾਰ ਫੈਲੀ ਹੋਈ ਹੈ ਮਾਤਾ ਗੁਜਰੀ ਜੀ ਦੀ ਪਾਕੀਜ਼, ਪ੍ਰਪੱਕ ਤੇ ਪਹੁੰਚੀ ਹੋਈ ਮਾਨਸਿਕਤਾ ਜੋ ਕਠਿਨ ਹਾਲਾਤ ਵਿਚ ਆਪਣੇ ਪੋਤਰਿਆਂ ਨੂੰ ਚੜ੍ਹਦੀ ਕਲਾ ਦਾ ਪਾਠ ਪੜ੍ਹਾਉਂਦੀ, ਠੁਰ-ਠੁਰ ਕਰਦੇ ਪੋਤਰਿਆਂ ਨੂੰ ਗੋਦ ਦੇ ਨਿੱਘ ਨਾਲ ਗਰਮਾਉਂਦੀ ਅਤੇ ਉਨ੍ਹਾਂ ਦੀ ਚੇਤਨਾ ਵਿਚ ਆਪਣੀ ਗੌਰਵਮਈ ਵਿਰਾਸਤ ਦਾ ਜਾਗ ਲਾਉਂਦੀ ਰਹੀ। ਉਸ ਨੇ ਪੋਤਰਿਆਂ ਨੂੰ ਜਿਸਮਾਨੀ ਤਕਲੀਫ਼ਾਂ ਨੂੰ ਦਰ-ਕਿਨਾਰ ਕਰ, ਭੁੱਖ-ਪਿਆਸ ਵਿਚ ਰੱਬ ਦਾ ਭਾਣਾ ਮੰਨਣ ਅਤੇ ਧਰਮ ਤੋਂ ਅਡੋਲ ਰਹਿ ਕੇ ਸ਼ਹਾਦਤ ਦੀ ਤਵਾਰੀਖ਼ ਨੂੰ ਸਰਹਿੰਦ ਦੀ ਦੀਵਾਰ 'ਤੇ ਉਕਰਨ ਲਈ ਪ੍ਰੇਰਿਤ ਕੀਤਾ। ਇਹ ਮਾਤਾ ਗੁਜਰੀ ਦੀ ਮਾਨਸਿਕਤਾ ਦੀ ਕੇਹੀ ਵਿਲੱਖਣਤਾ ਸੀ ਕਿ ਉਹ ਪੋਤਰਿਆਂ ਨੂੰ ਸ਼ਹੀਦ ਹੋਣ ਲਈ ਤਿਆਰ ਕਰ ਕੇ ਭੇਜਦੀ ਮਾਣ ਮਹਿਸੂਸ ਕਰਦੀ ਅਤੇ ਬੱਚਿਆਂ ਦੇ ਜਜ਼ਬਾਤਾਂ ਨੂੰ ਜਿਉਂਦੇ ਰਹਿਣ ਦਾ ਵਰਦਾਨ ਦਿੰਦੀ ਰਹੀ। ਅਡੋਲ, ਨਿਰਭੈਅ ਤੇ ਅਣਮਨੁੱਖੀ ਹਾਲਤਾਂ ਨੂੰ ਟਿੱਚ ਜਾਣ, ਸਿੱਖ ਇਤਿਹਾਸ ਦੀਆਂ ਸੁਰਖ ਪੈੜਾਂ ਬਣਨ ਵਾਲੀ ਦਾਦੀ ਮਾਂ ਨੂੰ ਯਾਦ ਸੀ ਆਪਣੇ ਦਾਦਾ-ਸਹੁਰਾ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਤਸੀਹੇ ਜਰਦਿਆਂ ਦਿੱਤੀ ਹੋਈ ਸ਼ਹਾਦਤ। ਉਸ ਦੀਆਂ ਅੱਖਾਂ ਵਿਚ ਤੈਰਦਾ ਸੀ ਪਤੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦ ਹੋਣ ਲਈ ਦਿੱਲੀ ਨੂੰ ਜਾਣਾ ਅਤੇ ਭਾਈ ਜੈਤਾ ਜੀ ਵਲੋਂ ਉਨ੍ਹਾਂ ਦੇ ਸੀਸ ਨੂੰ ਆਨੰਦਪੁਰ ਸਾਹਿਬ ਲਿਆ ਕੇ ਹੱਥੀਂ ਸਸਕਾਰ ਕਰਨ ਦਾ ਦ੍ਰਿਸ਼। ਉਸ ਨੂੰ ਉਹ ਵੇਲਾ ਕਦ ਭੁੱਲਿਆ ਹੋਵੇਗਾ ਜਦ ਸਰਸਾ ਨਦੀ 'ਤੇ ਗੁਰੂ ਪਰਿਵਾਰ ਵਿਛੜਿਆ ਸੀ ਅਤੇ ਉਹ ਇਨ੍ਹਾਂ ਲਾਡਲੇ ਬੱਚਿਆਂ ਨੂੰ ਲੈ ਕੇ ਸ਼ਹਾਦਤ ਦੇ ਸਫ਼ਰ 'ਤੇ ਤੁਰੀ ਸੀ। ਅਜਿਹੀ ਮਜ਼ਬੂਤ ਤੇ ਮਹਾਨ ਮਾਨਸਿਕਤਾ ਵਾਲੀ ਮਾਂ-ਦਾਦੀ ਦੀਆਂ ਸਿੱਖਿਆਵਾਂ, ਅਸੀਸਾਂ ਅਤੇ ਦੁਆਵਾਂ ਸਦਕਾ ਹੀ ਛੋਟੇ ਸਾਹਿਬਜ਼ਾਦਿਆਂ ਨੇ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਨੂੰ ਦੋ ਟੁੱਕ ਜਵਾਬ ਦਿੰਦਿਆਂ, ਜੀਊਣ ਦੀ ਖ਼ੈਰਾਤ ਠੁਕਰਾਅ ਕੇ ਮੌਤ ਨੂੰ ਅਪਣਾਇਆ ਸੀ।

ਦਰਅਸਲ ਇਹ ਮਨੁੱਖੀ ਮਾਨਸਿਕਤਾ ਦੇ ਮੀਰੀ ਗੁਣ ਹੀ ਹੁੰਦੇ ਹਨ, ਜੋ ਲੋਹੇ ਨੂੰ ਪਾਰਸ, ਕੰਗਾਲ ਨੂੰ ਹੀਰਾ ਅਤੇ ਚਿੜੀਆਂ ਨੂੰ ਬਾਜ਼ ਬਣਾ ਸਕਦੇ ਹਨ। ਇਹ ਮਾਨਸਿਕਤਾ ਦਾ ਜਲੌਅ ਹੀ ਸੀ ਕਿ ਭਾਈ ਬਚਿੱਤਰ ਸਿੰਘ ਹਾਥੀ ਦਾ ਮੁਕਾਬਲਾ ਕਰ ਸਕਦਾ ਸੀ। ਹਰੀ ਸਿੰਘ ਨਲੂਆ ਜਮਰੌਦ ਦੇ ਅਜਿੱਤ ਕਿਲੇ ਨੂੰ ਸਰ ਕਰ ਸਕਦਾ ਸੀ। ਮੁੱਠੀ ਭਰ ਸਿੰਘ ਲੱਖਾਂ ਦੀ ਤਾਦਾਦ ਵਿਚ ਦੁਸ਼ਮਣਾਂ ਦਾ ਮੁਕਾਬਲਾ ਕਰਨ ਲਈ ਚਮਕੌਰ ਦੀ ਗੜ੍ਹੀ ਨੂੰ ਸ਼ਹੀਦੀ ਅਖਾੜਾ ਬਣਾਉਂਦੇ ਨੇ। ਇਹ ਇਤਿਹਾਸ ਹੀ ਹੁੰਦਾ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਦੀ ਅਗਵਾਈ ਕਰਦਾ ਹੈ। ਹੱਕ-ਸੱਚ ਦਾ ਪਹਿਰਾ ਦੇਣ ਅਤੇ ਅਦਲੀ ਅਕੀਦਤ ਦੀ ਅਰਪਣਾ ਵਿਚੋਂ ਖੁਦ ਨੂੰ ਕੁਰਬਾਨ ਕਰਨ ਦਾ ਜਜ਼ਬਾ ਪੈਦਾ ਕਰਦਾ ਹੈ।

ਸਫ਼ਰ-ਏ-ਸ਼ਹਾਦਤ ਅਸਲ ਵਿਚ ਮਨੁੱਖੀ ਮਾਨਸਿਕਤਾ ਵਿਚਲੇ ਰੌਸ਼ਨ ਅਤੇ ਕਾਲਖ਼ੀ ਰੰਗਾਂ ਦਾ ਚਿਤਰਨ ਹੈ। ਇਸ ਦੇ ਸਾਰੇ ਪੱਖਾਂ ਨੂੰ ਵਿਚਾਰ ਕੇ ਅਤੇ ਇਸ ਸ਼ਹਾਦਤ ਵਿਚਲੇ ਸੁਖ਼ਦ ਤੇ ਸਦੀਵ ਸੁਨੇਹਿਆਂ ਨੂੰ ਆਪਣੀ ਜੀਵਨ-ਧਾਰਨਾ ਬਣਾ ਕੇ ਮਜ਼ਬੂਤ ਮਨੁੱਖੀ ਮਾਨਸਿਕਤਾ ਦਾ ਪੈਗ਼ਾਮ ਬਣ ਸਕਦੇ ਹਾਂ। ਇਹੀ ਸੁਨੇਹਾ ਸਾਨੂੰ ਸਫ਼ਰ-ਏ-ਸ਼ਹਾਦਤ ਦਿੰਦੀ ਹੈ।

# ਮੇਰੀਆਂ ਜਨਤਕ ਸਰਗਰਮੀਆਂ

***ਪ੍ਰੋਫੈਸਰ ਰੁਚੀ ਰਾਮ ਸਾਹਨੀ (5 ਅਪਰੈਲ 1863-3 ਜੂਨ 1948) ਮੂਲ ਰੂਪ ਵਿਚ ਰਸਾਇਣ ਵਿਗਿਆਨੀ ਸਨ ਪਰ ਉਨ੍ਹਾਂ ਦੀ ਇਤਿਹਾਸਕ ਦੇਣ ਖੋਜ ਅਤੇ ਲੱਭਤਾਂ ਦੇ ਖੇਤਰ ਵਿਚ ਹੀ ਨਹੀਂ ਸਗੋਂ ਆਮ ਲੋਕਾਂ ਵਿਚ ਵਿਗਿਆਨ ਨੂੰ ਹਰਮਨ ਪਿਆਰਾ ਬਣਾਉਣ ਵਿਚ ਹੈ। ਉਨ੍ਹਾਂ ਗੁਰਦੁਆਰਾ ਸੁਧਾਰ ਲਹਿਰ ਬਾਰੇ ਕਿਤਾਬ 'ਗੁਰਦੁਆਰਾ ਰਿਫਾਰਮ ਮੂਵਮੈਂਟ' ਵੀ ਲਿਖੀ। ਉਨ੍ਹਾਂ ਦੀਆਂ ਲਿਖੀਆਂ ਯਾਦਾਂ ਦੀ ਕਿਤਾਬ ਵੀ ਮੌਜੂਦ ਹੈ। ਇਹ ਲੇਖ ਯਾਦਾਂ ਵਾਲੀ ਕਿਤਾਬ ਵਿਚੋਂ ਲਿਆ ਗਿਆ ਹੈ ਜਿਸ ਵਿਚ ਉਨ੍ਹਾਂ ਆਪਣੀਆਂ ਜਨਤਕ ਸਰਗਰਮੀਆਂ ਦਾ ਜ਼ਿਕਰ ਕੀਤਾ ਹੈ।***

ਅੱਜ ਦੇ ਮਿਆਰਾਂ ਨੂੰ ਧਿਆਨ ਵਿਚ ਰਖੀਏ ਤਾਂ ਦਸੰਬਰ 1885 ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਜਨਤਕ ਸਰਗਰਮੀਆਂ ਬਹੁਤ ਘੱਟ ਹੋਇਆ ਕਰਦੀਆਂ ਸਨ। ਪੰਜਾਬ ਵਿਚ ਉਸ ਸਮੇਂ ਜੇ ਕੋਈ ਢੰਗ ਦੀ ਜਥੇਬੰਦੀ ਸੀ ਤਾਂ ਉਹ 'ਇੰਡੀਅਨ ਐਸੋਸੀਏਸ਼ਨ ਕਲਕੱਤਾ' ਦੀ ਇਕ ਸ਼ਾਖ ਸੀ। ਸੁਰਿੰਦਰ ਨਾਥ ਬੈਨਰਜੀ ਜਾਂ ਸਰ ਅਹਿਮਦ ਕਦੇ-ਕਦੇ ਪੰਜਾਬ ਆਉਂਦੇ ਸਨ ਤਾਂ ਕਾਫੀ ਜਨਤਕ ਸਰਗਰਮੀਆਂ ਵੇਖਣ ਨੂੰ ਮਿਲਦੀਆਂ। ਇਕ ਤਰ੍ਹਾਂ ਨਾਲ ਸੁੱਤਾ ਪਿਆ ਜੀਵਨ ਹੁਲਾਰੇ ਵਿਚ ਆ ਜਾਂਦਾ ਪਰ ਇਹ ਹੁਲਾਰਾ ਬਹੁਤ ਥੋੜ੍ਹ-ਚਿਰਾ ਹੁੰਦਾ ਸੀ ਅਤੇ ਆਪਣੇ ਪਿੱਛੇ ਬਹੁਤਾ ਠੋਸ ਪ੍ਰਭਾਵ ਨਹੀਂ ਸੀ ਛੱਡ ਕੇ ਜਾਂਦਾ। ਜਿਵੇਂ ਹਾਲਾਤ ਸਨ, ਅਸੀਂ ਕਾਲਜ ਪੜ੍ਹਦੇ ਵਿਦਿਆਰਥੀ ਪੰਜਾਬੀਆਂ ਦੀ ਅੰਗਰੇਜ਼ੀ ਜਾਣਨ ਵਾਲੀ ਪਹਿਲੀ ਪੀੜ੍ਹੀ ਨਾਲ ਸਬੰਧਿਤ ਸਾਂ, ਇਸ ਲਈ ਅਕਸਰ ਹੀ ਸਾਨੂੰ ਦੇਸ਼ ਦੀ 'ਆਸ' ਕਿਹਾ ਜਾਂਦਾ। ਇਹ ਗੱਲਾਂ ਸੁਣ ਕੇ ਅਸੀਂ ਵੀ ਸੋਚਣ ਲੱਗ ਪਏ ਸੀ ਕਿ ਸਾਨੂੰ ਲੋਕਾਂ ਦੀਆਂ ਆਸਾਂ ਉਤੇ ਪੂਰਿਆਂ ਉਤਰਨ ਲਈ ਕੁਝ ਕਰਨਾ ਚਾਹੀਦਾ ਹੈ, ਸਾਡੇ ਬਾਰੇ ਜਿਹੜੀਆਂ ਚੰਗੀਆਂ ਗੱਲਾਂ ਕਹੀਆਂ

**ਰੁਚੀ ਰਾਮ ਸਾਹਨੀ**

ਜਾਂਦੀਆਂ ਹਨ ਉਨ੍ਹਾਂ ਦਾ ਕੁਝ ਤਾਂ ਹੱਕਦਾਰ ਬਣਨਾ ਹੀ ਚਾਹੀਦਾ ਹੈ।

### ਸਥਾਨਕ ਸਵੈ-ਸਰਕਾਰ

ਜਿੱਥੇ ਤੱਕ ਮੇਰੀ ਜਨਤਕ ਸਰਗਰਮੀ ਦਾ ਸਬੰਧ ਹੈ, ਮੈਂ ਸਭ ਤੋਂ ਪਹਿਲਾਂ ਲਾਰਡ ਰਿਪਨ ਦੇ ਸਥਾਨਕ ਸਵੈ-ਸਰਕਾਰ ਮਤੇ ਦੇ ਸਬੰਧ ਵਿਚ ਸਾਰੇ ਪ੍ਰਾਂਤ ਵਿਚ ਫੈਲੇ ਅੰਦੋਲਨ ਵਿਚ ਸਰਗਰਮ ਹਿੱਸਾ ਲਿਆ ਸੀ। ਇਸ ਐਲਾਨਨਾਮੇ ਨੇ ਜੋ ਜੋਸ਼ ਅਤੇ ਉਮਾਹ ਪੈਦਾ ਕੀਤਾ ਸੀ, ਉਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਹੁਣ ਇਹ ਨੂੰ ਭਾਵੇਂ ਸਾਧਾਰਨ ਸੁਧਾਰ ਹੀ ਕਿਹਾ ਜਾ ਸਕਦਾ ਹੈ ਪਰ ਉਦੋਂ ਇਹ ਦੀ ਅਹਿਮੀਅਤ ਅਸੀਮ ਸੀ। 1882 ਵਿਚ ਜਦੋਂ ਲਾਰਡ ਰਿਪਨ ਦੀ ਸਰਕਾਰ ਨੇ ਪਹਿਲੀ ਵਾਰ ਇਹ ਮਤਾ ਪਾਸ ਕੀਤਾ ਸੀ, ਉਦੋਂ ਪ੍ਰਾਂਤ ਦੇ ਇਕ ਕੋਨੇ ਤੋਂ ਦੂਜੇ ਕੋਨੇ ਤੱਕ ਜੋਸ਼ ਦੀ ਲਹਿਰ ਫੈਲ ਗਈ ਸੀ। ਇਹ ਦਰਸਾਉਣ ਲਈ ਇਕ ਛੋਟੀ ਜਿਹੀ ਘਟਨਾ ਦਾ ਜ਼ਿਕਰ ਕਰਨਾ ਹੀ ਕਾਫੀ ਹੈ ਕਿ ਉਦੋਂ ਪ੍ਰਾਂਤ ਦੇ ਸਮਾਜਕ ਅਤੇ ਰਾਜਨੀਤਕ ਮਾਹੌਲ ਵਿਚ ਕਿਵੇਂ ਹਿਲਜੁਲ ਮਚੀ ਹੋਈ ਸੀ। ਮੈਂ ਉਦੋਂ 47, ਕੋਰਟ ਸਟਰੀਟ ਉਤੇ ਕਾਲਜ ਦੇ ਬੋਰਡਿੰਗ ਹਾਊਸ ਵਿਚ ਰਿਹਾ ਕਰਦਾ ਸੀ ਜੋ 'ਸਿਵਿਲ ਐਂਡ ਮਿਲਟਰੀ ਗਜ਼ਟ' ਦੇ ਦਫਤਰ ਜੋ ਕੁਝ ਸਾਲ ਪਹਿਲਾਂ ਹੀ ਲਾਹੌਰ ਵਿਚ ਕਾਇਮ ਕੀਤਾ ਗਿਆ ਸੀ, ਦੇ ਨੇੜੇ ਸਥਿਤ ਸੀ। ਇਕ ਦਿਨ ਮੈਂ ਆਪਣੇ ਹੋਸਟਲ ਵਿਚੋਂ ਬਾਹਰ ਨਿਕਲਿਆ ਤਾਂ ਗਜ਼ਟ ਦੇ ਸੰਪਾਦਕੀ ਅਮਲੇ ਵਿਚੋਂ ਇਕ ਜਣਾ ਵੀ ਮੇਰੇ ਨਾਲ ਆ ਰਲਿਆ ਅਤੇ ਮੇਰੇ ਨਾਲ-ਨਾਲ ਤੁਰਨ ਲੱਗ ਪਿਆ। ਉਹ ਕਾਫੀ ਦੂਰੀ ਤੱਕ ਮੇਰੇ ਨਾਲ ਤੁਰਦਾ ਰਿਹਾ ਤੇ ਵਾਰ-ਵਾਰ ਮੇਰੇ ਵੱਲ ਵੇਖਦਿਆਂ ਉਚੀ ਆਵਾਜ਼ ਵਿਚ ਇਹ ਸ਼ਬਦ ਕਹਿੰਦਾ ਰਿਹਾ: 'ਦੇਸੀ ਗੰਦ ਈ ਉਏ', 'ਦੇਸੀ ਗੰਦ ਈ ਉਏ'। ਨਾਲ-ਨਾਲ ਉਹ ਮੇਰਾ ਮੂੰਹ ਵੀ ਚਿੜਾਉਂਦਾ ਰਿਹਾ ਅਤੇ ਨਫਰਤ ਨਾਲ ਧਰਤੀ ਉਤੇ ਥੁੱਕਦਾ ਵੀ ਰਿਹਾ। ਇਸ ਤੋਂ ਕੁਝ ਸਮੇਂ ਬਾਅਦ ਹੀ ਮੈਨੂੰ ਪੂਰੀ ਤਰ੍ਹਾਂ ਅਹਿਸਾਸ ਹੋ ਗਿਆ ਕਿ ਆਧੁਨਿਕ ਨਾਗਰਿਕਾਂ ਵਜੋਂ ਸਾਨੂੰ ਜ਼ਰੂਰੀ ਮੁੱਢਲੀ ਸਿਖਲਾਈ ਦੇਣ ਅਤੇ ਪ੍ਰਤੀਨਿਧ ਸਰਕਾਰ ਦੀ ਨੀਂਹ ਰੱਖਣ ਵਿਚ ਲਾਰਡ ਰਿਪਨ ਦੇ ਨਵੇਂ ਮਤੇ ਦੀ ਕਿੰਨੀ ਵੱਡੀ ਅਹਿਮੀਅਤ ਸੀ। ਅਸੀਂ ਇਕ ਪਾਸੇ 'ਸਿਵਿਲ ਐਂਡ ਮਿਲਟਰੀ ਗਜ਼ਟ' ਵਿਚ ਅਤੇ ਦੂਜੇ ਪਾਸੇ 'ਦਿ ਟ੍ਰਿਬਿਊਨ' ਵਿਚ ਛਪੀ ਚਰਚਾ ਨੂੰ ਬੜੀ ਦਿਲਚਸਪੀ ਨਾਲ ਪੜ੍ਹਦੇ। ਸਥਾਨਕ ਭਾਸ਼ਾਵਾਂ ਵਿਚ ਛਪਦੇ ਦੋ ਅਖਬਾਰਾਂ 'ਕੋਹਿਨੂਰ' ਅਤੇ 'ਆਫਤਾਬ-ਏ-ਪੰਜਾਬ' ਨੂੰ ਕੋਈ ਬਹੁਤਾ ਮਹੱਤਵ ਨਹੀਂ ਸੀ ਦਿੱਤਾ ਜਾਂਦਾ। ਅਸੀਂ ਇਸ ਮਤੇ ਦੇ ਹੱਕ ਵਿਚ ਜਨਤਕ ਮੀਟਿੰਗਾਂ ਵਿਚ ਵੀ ਸ਼ਾਮਲ ਹੁੰਦੇ। ਅਸੀਂ ਬੋਰਡਿੰਗ ਹਾਊਸ ਵਿਚ ਆਪਣੀ ਮੀਟਿੰਗ ਵੀ ਕੀਤੀ ਜਿਸ ਵਿਚ ਅਸੀਂ ਫੈਸਲਾ ਕੀਤਾ ਕਿ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਸਾਨੂੰ ਆਪੋ-ਆਪਣੇ ਸ਼ਹਿਰਾਂ ਦੇ ਨੇੜਲੇ ਪਿੰਡਾਂ ਅਤੇ ਕਸਬਿਆਂ ਵਿਚ ਜਾਣਾ ਚਾਹੀਦਾ ਹੈ ਅਤੇ ਜਨਤਕ ਮੀਟਿੰਗਾਂ ਕਰ ਕੇ ਲੋਕਾਂ ਨੂੰ ਇਸ ਸੁਧਾਰ ਦੇ ਮੰਤਵਾਂ ਤੇ ਅਹਿਮੀਅਤ ਬਾਰੇ ਦੱਸਣਾ ਚਾਹੀਦਾ ਹੈ। ਇਹ ਪਹਿਲੀ ਵਾਰ ਸੀ ਕਿ ਮੈਂ ਕਿਸੇ ਕਿਸਮ ਦੀ ਜਨਤਕ ਲਹਿਰ ਵਿਚ ਸਰਗਰਮ ਦਿਲਚਸਪੀ ਲਈ ਸੀ। ਛੁੱਟੀਆਂ ਵਿਚ ਮੈਂ ਜਦੋਂ ਆਪਣੇ ਜੱਦੀ ਪਿੰਡ ਭੇਰਾ ਗਿਆ ਤਾਂ ਮੈਂ ਕੁਝ ਸਕੂਲੀ ਅਧਿਆਪਕਾਂ ਨੂੰ ਨਾਲ ਲੈ ਕੇ ਤਿੰਨ ਜਾਂ ਚਾਰ ਮੀਟਿੰਗਾਂ ਕੀਤੀਆਂ ਜਿਨ੍ਹਾਂ ਵਿਚ ਬਹੁਤਾ ਕਰ ਕੇ ਦੁਕਾਨਦਾਰ ਸ਼ਾਮਲ ਹੋਏ। ਆਪਣੀ ਸਮਝ ਅਤੇ ਸਮਰੱਥਾ ਦੇ ਅਨੁਸਾਰ ਮੈਂ ਉਨ੍ਹਾਂ ਨੂੰ ਨਵੇਂ ਸੁਧਾਰ ਦੇ ਮੰਤਵਾਂ ਅਤੇ ਟੀਚਿਆਂ ਬਾਰੇ ਅਤੇ ਭਵਿੱਖ ਵਿਚ ਉਨ੍ਹਾਂ ਉਤੇ ਪੈਣ ਵਾਲੇ ਚੰਗੇ ਅਸਰ ਬਾਰੇ ਦੱਸਿਆ। ਮੈਂ ਨੇੜੇ ਦੇ ਕੁਝ ਪਿੰਡਾਂ ਵਿਚ ਵੀ ਗਿਆ ਅਤੇ ਅਜਿਹੀਆਂ ਹੀ ਮੀਟਿੰਗਾਂ ਨੂੰ ਸੰਬੋਧਨ ਕੀਤਾ। ਇਹ ਮੇਰੇ ਲਈ ਵੀ ਅਤੇ ਸਰੋਤਿਆਂ ਲਈ ਵੀ ਨਵਾਂ ਤਜਰਬਾ ਸੀ।

### ਮੂਰਤੀ ਬੇਹੁਰਮਤੀ ਕੇਸ

1883 ਦੇ ਸ਼ੁਰੂ ਵਿਚ ਕਲਕੱਤਾ ਹਾਈ ਕੋਰਟ ਵਿਚ ਚੱਲ ਰਹੇ ਇਕ ਕੇਸ ਨੇ ਜਨਤਕ ਰੋਹ ਦਾ ਤੂਫਾਨ ਖੜ੍ਹਾ ਕਰ ਦਿੱਤਾ ਸੀ ਜਿਸ ਨੇ ਸਮੁੱਚੇ ਬੰਗਾਲ ਵਿਚ ਹੀ ਉਥਲ-ਪੁਥਲ ਨਹੀਂ ਸੀ ਮਚਾਈ ਸਗੋਂ ਇਹਦਾ ਪ੍ਰਭਾਵ ਦੇਸ਼ ਦੇ ਹਰ ਕੋਨੇ ਵਿਚ ਪੁੱਜ ਗਿਆ ਸੀ। ਇਹ ਕੇਸ ਮੂਰਤੀ ਬੇਹੁਰਮਤੀ ਕੇਸ ਵਜੋਂ ਪ੍ਰਸਿੱਧ ਹੋ ਗਿਆ ਸੀ। ਇਸ ਕੇਸ ਵਿਚ ਜਸਟਿਸ ਨੌਰਿਸ ਨੇ ਢੀਠਤਾ ਦੀ ਹੱਦ ਤੱਕ ਜਾਂਦਿਆਂ ਹਿੰਦੂ ਮੂਰਤੀ ਨੂੰ ਸ਼ਨਾਖਤ ਲਈ ਅਦਾਲਤ ਵਿਚ ਮੰਗਵਾ ਭੇਜਿਆ ਸੀ। ਦੇਸ਼ ਬੰਧੂ ਸੀ.ਆਰ. ਦਾਸ ਦੇ ਪਿਤਾ ਭੂਬੇਨ ਦਾਸ ਵੱਲੋਂ ਸੰਪਾਦਿਤ ਕੀਤੇ ਜਾਂਦੇ ਸਪਤਾਹਿਕ ਅਖਬਾਰ 'ਦਿ ਬ੍ਰਹਮੋ ਪਬਲਿਕ ਓਪੀਨੀਅਨ' ਨੇ ਜਸਟਿਸ ਨੌਰਿਸ ਦੇ ਇਸ ਰਵੱਈਏ ਉਤੇ ਬਹੁਤ ਸਖਤ ਟਿੱਪਣੀ ਕੀਤੀ ਸੀ। ਸੁਰਿੰਦਰ ਨਾਲ ਬੈਨਰਜੀ ਨੇ ਆਪਣੇ ਸੁਭਾਵਿਕ ਉਤਸ਼ਾਹ ਨਾਲ ਇਹ ਮਾਮਲਾ ਉਠਾਇਆ ਤੇ ਆਪਣੇ ਅਖਬਾਰ 'ਬੰਗਾਲੀ' ਵਿਚ ਬਹੁਤ ਸਖਤ ਟਿੱਪਣੀ ਕੀਤੀ। ਉਨ੍ਹਾਂ ਵਿਰੁੱਧ ਅਦਾਲਤ ਦੀ ਹੱਤਕ ਕਰਨ ਦਾ ਮੁਕੱਦਮਾ ਸ਼ੁਰੂ ਕਰ ਦਿੱਤਾ ਗਿਆ। ਉਨ੍ਹਾਂ ਦੇ ਵਕੀਲ ਡਬਲਿਊ.ਸੀ. ਬੈਨਰਜੀ ਨੇ ਆਪਣੇ ਮੁਵੱਕਲ ਵੱਲੋਂ ਮੁਆਫੀ ਮੰਗ ਲਈ ਪਰ ਅਦਾਲਤ ਨੇ ਇਹ ਮੁਆਫੀ ਮਨਜ਼ੂਰ ਨਾ ਕੀਤੀ ਅਤੇ 'ਯੰਗ ਇੰਡੀਆ' ਦੇ ਉਘੇ ਆਗੂ ਨੂੰ ਦੋ ਮਹੀਨਿਆਂ ਦੀ ਸਾਧਾਰਨ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ।



ਇਸ ਘਟਨਾ ਕਾਰਨ ਦੁੱਖ ਅਤੇ ਰੋਹ ਦੀ ਲਹਿਰ ਫੈਲ ਗਈ ਅਤੇ ਇਹਦੀਆਂ ਗੂੰਜਾਂ ਛੇਤੀ ਹੀ ਸਾਰੇ ਦੇਸ਼ ਵਿਚ ਸੁਣਾਈ ਦੇਣ ਲੱਗ ਪਈਆਂ।

ਭਾਰਤ ਦੇ ਹਰ ਹਿੱਸੇ ਵਿਚ ਜਨਤਕ ਮੀਟਿੰਗਾਂ ਹੋਣ ਲੱਗ ਪਈਆਂ। ਸੁਰਿੰਦਰ ਨਾਥ ਬੈਨਰਜੀ ਆਮ ਲੋਕਾਂ ਵਿਚ ਪਹਿਲਾਂ ਹੀ ਪਿਆਰੇ ਸਤਿਕਾਰੇ ਜਾਂਦੇ ਸਨ ਅਤੇ ਹੁਣ ਦੇਸ਼ ਭਰ ਦੇ ਵਿਦਿਆਰਥੀ ਉਨ੍ਹਾਂ ਨੂੰ ਆਪਣਾ ਆਦਰਸ਼ ਮੰਨਣ ਲੱਗ ਪਏ। ਇਸ ਲਈ ਇਹ ਗੱਲ ਵਾਜਬਿ ਹੀ ਸੀ ਕਿ ਹਰ ਥਾਂ ਕਾਲਜ ਵਿਦਿਆਰਥੀਆਂ ਨੇ ਜਸਟਿਸ ਨੌਰਿਸ ਦੇ ਸਖਤ ਫੈਸਲੇ ਵਿਰੁਧ ਵਿਖਾਵੇ ਕਰਨੇ ਸ਼ੁਰੂ ਕਰ ਦਿੱਤੇ।

ਬੈਨਰਜੀ ਨੂੰ ਸਜ਼ਾ ਸੁਣਾਏ ਜਾਣ ਤੋਂ ਛੇਤੀ ਹੀ ਬਾਅਦ ਮੈਨੂੰ ਇਕ ਚਿੱਠੀ ਮਿਲੀ ਜਿਹੜੀ ਸਰਕਾਰੀ ਕਾਲਜ ਲਾਹੌਰ ਦੇ ਵਿਦਿਆਰਥੀਆਂ ਨੂੰ ਸੰਬੋਧਿਤ ਸੀ। ਚਿੱਠੀ ਖੋਲ੍ਹ ਕੇ ਮੈਂ ਦੇਖਿਆ ਕਿ ਇਹਦੇ ਵਿਚ ਸਾਨੂੰ ਇਸ ਘਟਨਾ ਦੇ ਸਬੰਧ ਵਿਚ ਜਨਤਕ ਮੀਟਿੰਗ ਕਰਨ ਦੀ ਅਪੀਲ ਕੀਤੀ ਗਈ ਸੀ। ਅਸੀਂ ਬੋਰਡਿੰਗ ਹਾਊਸ ਵਿਚ ਤਰੁੰਤ ਮੀਟਿੰਗ ਬੁਲਾਈ ਅਤੇ ਅਗਲੇ ਦਿਨ ਹੀ ਜਨਤਕ ਮੀਟਿੰਗ ਬੁਲਾਉਣ ਦਾ ਫੈਸਲਾ ਕੀਤਾ। ਅਸੀਂ ਨੋਟਿਸ ਵੰਡਣ ਦੀ ਨਵੀਂ ਵਿਧੀ ਅਪਣਾਈ।

ਮੀਟਿੰਗ ਵਿਚ ਛੋਟਾ ਜਿਹਾ ਨੋਟਿਸ ਤਿਆਰ ਕੀਤਾ ਗਿਆ। ਉਥੇ ਹਾਜ਼ਰ ਸਾਰੇ ਵਿਦਿਆਰਥੀਆਂ ਨੇ 15-15, 20-20 ਕਾਪੀਆਂ ਤਿਆਰ ਕਰਨ ਦੀ ਜ਼ਿੰਮੇਵਾਰੀ ਲੈ ਲਈ। ਇਹ ਕਾਪੀਆਂ ਤਿਆਰ ਕਰ ਕੇ ਹਰ ਵਿਦਿਆਰਥੀ ਸ਼ਹਿਰ ਦੇ ਆਪਣੇ ਮਿਥੇ ਹੋਏ ਹਿੱਸੇ ਵਿਚ ਗਿਆ ਅਤੇ ਮੁਹੱਲਿਆਂ ਦੇ ਅੰਦਰ ਹੱਥਲਿਖਤ ਨੋਟਿਸ ਚਿਪਕਾ ਆਇਆ। ਇਹ ਨਵੀਂ ਵਿਧੀ ਸੀ ਅਤੇ ਇਸ ਨਾਲ ਲੋਕਾਂ ਦਾ ਧਿਆਨ ਇਕਦਮ ਖਿੱਚਿਆ ਗਿਆ। ਕਾਲਜ ਦੇ ਵਿਦਿਆਰਥੀਆਂ ਤੋਂ ਇਲਾਵਾ ਸ਼ਹਿਰ ਦੇ ਹੋਰ ਬਹੁਤ ਸਾਰੇ ਲੋਕ ਵੀ ਮੀਟਿੰਗ ਵਿਚ ਸ਼ਾਮਲ ਹੋਏ ਜੋ ਲਾਹੌਰ ਵਿਚ 'ਟ੍ਰਿਬਿਊਨ' ਪ੍ਰੈਸ ਦੇ ਵਿਹੜੇ ਵਿਚ ਹੋਈ ਸੀ। ਅਗਲੇ ਦਿਨ ਜਦੋਂ ਮੀਟਿੰਗ ਦੀ ਕਾਰਵਾਈ ਅਖਬਾਰਾਂ ਵਿਚ ਛਪੀ ਤਾਂ ਮੇਰੇ ਪ੍ਰੋਫੈਸਰਾਂ ਨੂੰ ਇਸ ਵਿਖਾਵੇ ਵਿਚ ਮੇਰੀ ਭੂਮਿਕਾ ਬਾਰੇ ਪਤਾ ਲੱਗਾ। ਇਨ੍ਹਾਂ ਵਿਚੋਂ ਇਕ ਪ੍ਰੋਫੈਸਰ ਜੇ.ਸੀ. ਓਮਿਨ ਵੀ ਸਨ ਜਿਹੜੇ 'ਬਰਖਾਸਤ' ਸਰਕਾਰੀ ਮੁਲਾਜ਼ਮ ਦੇ ਪੱਖ ਵਿਚ ਮਤਾ ਪਾਸ ਕਰਨ ਲਈ ਮੇਰੇ ਨਾਲ ਸਖਤ ਨਾਰਾਜ਼ ਹੋਏ। ਇਹ ਗੱਲ ਸਭ ਨੂੰ ਪਤਾ ਹੀ ਹੈ ਕਿ ਸੁਰਿੰਦਰ ਨਾਥ ਬੈਨਰਜੀ ਇੰਡੀਅਨ ਸਿਵਲ ਸਰਵਿਸ ਦੇ ਉਘੇ ਮੈਂਬਰ ਸਨ ਪਰ ਮਾਮੂਲੀ ਜਿਹੀ ਗਲਤੀ ਕਾਰਨ ਉਨ੍ਹਾਂ ਨੂੰ ਜਵਾਨੀ ਵਿਚ ਹੀ ਬਰਖਾਸਤ ਕਰ ਦਿੱਤਾ ਗਿਆ ਸੀ। ਕਈ ਸਾਲਾਂ ਬਾਅਦ ਮੈਂ ਬੌਰਡੀਲੀਅਨ ਦੀ ਇਕ ਚਿੱਠੀ ਆਪ ਦੇਖੀ ਜੋ ਕਦੇ ਬੰਗਾਲ ਦੇ ਉਪ ਰਾਜਪਾਲ ਰਹੇ ਸਨ। ਇਸ ਚਿੱਠੀ ਵਿਚ ਉਨ੍ਹਾਂ ਲਿਖਿਆ ਸੀ ਕਿ ਜੇ ਸਰਕਾਰ ਨੂੰ ਪਤਾ ਹੁੰਦਾ ਕਿ ਸੁਰਿੰਦਰ ਨਾਥ ਏਨਾ ਸ਼ਕਤੀਸ਼ਾਲੀ ਜਨਤਕ ਬੁਲਾਰਾ ਅਤੇ ਅੰਦੋਲਨਕਾਰ ਬਣ ਜਾਵੇਗਾ ਤਾਂ ਇਹਨੇ ਉਹਨੂੰ ਨੌਕਰੀ ਤੋਂ ਹਟਾਉਣ ਤੋਂ ਪਹਿਲਾਂ ਕਈ ਵਾਰ ਸੋਚਣਾ ਸੀ। ਇਹ ਚਿੱਠੀ ਮੈਨੂੰ 'ਦਿ ਟ੍ਰਿਬਿਊਨ' ਦੇ ਸੰਪਾਦਕ ਐਨ. ਗੁਪਤਾ ਨੇ ਦਿਖਾਈ ਸੀ ਪਰ ਮੈਨੂੰ ਇਹ ਨਹੀਂ ਪਤਾ ਕਿ ਇਹ ਚਿੱਠੀ ਉਨ੍ਹਾਂ ਕੋਲ ਕਿਵੇਂ ਪਹੁੰਚੀ।

### ਹਿੰਦੂ ਪਰਿਵਾਰ ਰਾਹਤ ਕੋਸ਼

ਮੈਂ ਜਦੋਂ ਮਾਰਚ 1887 ਵਿਚ ਸਰਕਾਰੀ ਕਾਲਜ ਵਿਚ ਐਸਿਸਟੈਂਟ ਪ੍ਰੋਫੈਸਰ ਬਣ ਕੇ ਲਾਹੌਰ ਆਇਆ ਤਾਂ ਉਸ ਵੇਲੇ ਪੰਜਾਬ ਵਿਚ ਬਹੁਤ ਘੱਟ ਜਨਤਕ ਸੰਸਥਾਵਾਂ ਸਨ ਅਤੇ ਜਿਹੜੀਆਂ ਸੰਸਥਾਵਾਂ ਕੰਮ ਕਰ ਵੀ ਰਹੀਆਂ ਸਨ, ਉਨ੍ਹਾਂ ਦੇ ਮੈਂਬਰ ਵੀ ਬਹੁਤਾ ਕਰਕੇ ਨੌਜਵਾਨ ਸਨ ਕਿਉਂਕਿ ਵਡੇਰੀ ਉਮਰ ਦੇ ਵਿਅਕਤੀ ਅੰਗਰੇਜ਼ੀ ਨਹੀਂ ਸਨ ਜਾਣਦੇ ਅਤੇ ਪੱਛਮੀ ਤਰਜ਼ ਉਤੇ ਐਸੋਸੀਏਸ਼ਨਾਂ ਦੇ ਲਾਭਾਂ ਅਤੇ ਅਹਿਮੀਅਤ ਤੋਂ ਜਾਣੂ ਨਹੀਂ ਸਨ। ਮੈਂ ਇਹ ਗੱਲ ਵਧਾ-ਚੜ੍ਹਾਅ ਕੇ ਨਹੀਂ ਕਹਿ ਰਿਹਾ ਕਿ ਸਰਕਾਰੀ ਕਾਲਜ ਲਾਹੌਰ ਵਿਚ ਨੌਕਰੀ ਸ਼ੁਰੂ ਕਰਨ ਤੋਂ ਲੈ ਕੇ ਸਦੀ ਦੇ ਅੰਤ ਤੱਕ ਮੈਂ ਅਤੇ ਲਾਲਾ ਹਰਕਿਸ਼ਨ ਲਾਲ ਨੇ ਘੱਟੋ-ਘੱਟ ਦੋ ਤਿਹਾਈ ਐਸੋਸੀਏਸ਼ਨਾਂ ਜਿਹੜੀਆਂ ਇਸ ਸਮੇਂ ਦੌਰਾਨ ਲਾਹੌਰ ਵਿਚ ਹੋਂਦ 'ਚ ਆਈਆਂ ਸਨ ਅਤੇ ਜਿਨ੍ਹਾਂ ਵਿਚੋਂ ਬਹੁਤੀਆਂ ਅਲਪਕਾਲੀ ਹੀ ਸਿੱਧ ਹੋਈਆਂ ਸਨ, ਦੇ ਸੰਵਿਧਾਨ ਤਿਆਰ ਕੀਤੇ ਸਨ। ਅਸੀਂ ਅਕਸਰ ਹੀ ਇਕ-ਦੂਜੇ ਨੂੰ ਮਿਲਦੇ ਸੀ ਪਰ ਸੰਵਿਧਾਨਾਂ ਦੇ ਖਰੜੇ ਅਸੀਂ ਆਪਣੇ ਤੌਰ ਉਤੇ ਹੀ ਤਿਆਰ ਕਰਦੇ ਸੀ।

ਲਾਲਾ ਹਰਕਿਸ਼ਨ ਲਾਲ 1890ਵਿਆਂ ਵਿਚ ਇੰਗਲੈਂਡ ਵਿਚੋਂ ਆਪਣੀ ਪੜ੍ਹਾਈ ਮੁਕਾ ਕੇ ਲਾਹੌਰ ਪਰਤੇ ਸਨ। 'ਹਿੰਦੂ ਪਰਿਵਾਰ ਆਪਸੀ ਰਾਹਤ ਕੋਸ਼' ਇਕ ਜਾਂ ਦੋ ਸਾਲ ਪਹਿਲਾਂ ਹੋਂਦ ਵਿਚ ਆਇਆ ਸੀ। ਇਸ ਕੋਸ਼ ਦਾ ਖਰੜਾ ਮੈਂ ਤਿਆਰ ਕੀਤਾ ਸੀ ਜਿਸ ਨੂੰ ਪੰਜ ਛੇ ਜਣਿਆਂ ਦੀ ਕਮੇਟੀ ਜਿਸ ਵਿਚ ਮੈਂ ਵੀ ਸ਼ਾਮਲ ਸੀ, ਨੇ ਵਿਚਾਰਿਆ ਅਤੇ ਮਾਮੂਲੀ ਤਬਦੀਲੀਆਂ ਮਗਰੋਂ ਪ੍ਰਵਾਨ ਕਰ ਲਿਆ ਗਿਆ। ਇਹ ਕੋਸ਼ ਕਾਇਮ ਕਰਨ ਦਾ ਵਿਚਾਰ ਰੇਲਵੇ ਦਫਤਰ ਵਿਚ ਕੰਮ ਕਰਦੇ ਇਕ ਕਲਰਕ ਦਾ ਸੀ ਜੋ ਸ਼ਾਇਦ ਰਾਇ ਬਹਾਦੁਰ ਬਿਸ਼ਨ ਦਾਸ ਦੇ ਅਧੀਨ ਕੰਮ ਕਰਦਾ ਸੀ। ਇਕ ਕਲਰਕ ਦੀ ਬਹੁਤ ਮੁਥਾਜੀ ਵਾਲੀ ਹਾਲਤ ਵਿਚ ਮੌਤ ਹੋ ਗਈ ਸੀ ਅਤੇ ਉਸ ਦੀ ਵਿਧਵਾ ਦੀ ਖਾਤਰ ਰੇਲਵੇ ਦਫਤਰ ਦੇ ਕਲਰਕਾਂ ਤੋਂ ਫੰਡ ਇਕੱਠਾ ਕਰਨਾ ਜ਼ਰੂਰੀ ਹੋ ਗਿਆ ਸੀ। ਹਿੰਦੂਆਂ ਵਿਚ ਇਸ ਤਰ੍ਹਾਂ ਦੀ ਗੱਲ ਬਹੁਤ ਮਾੜੀ ਮੰਨੀ ਜਾਂਦੀ ਹੈ। ਹਿੰਦੂਆਂ ਦੀ ਨੇਂਦਰੇ ਦੀ ਰਸਮ ਅਨੁਸਾਰ, ਕਲਰਕ ਦੇ ਮਨ ਵਿਚ ਇਹ ਵਿਚਾਰ ਆਇਆ ਕਿ ਦੁਰਘਟਨਾਵਾਂ ਵਿਚ ਮਰਨ ਵਾਲੇ ਮੁਲਾਜ਼ਮਾਂ ਦੇ ਪਰਿਵਾਰਾਂ ਦੇ ਭਲੇ ਲਈ ਬਾਕਾਇਦਾ ਫੰਡ ਸ਼ੁਰੂ ਕੀਤਾ ਜਾ ਸਕਦਾ ਹੈ। ਉਹਨੇ ਆਪਣੀ ਇਹ ਤਜਵੀਜ਼ ਰਾਇ ਬਹਾਦੁਰ ਬਿਸ਼ਨ ਦਾਸ ਨੂੰ ਦੱਸੀ ਜੋ ਲੰਮੇ ਸਮੇਂ ਤੋਂ ਉਤਰ-ਪੱਛਮੀ ਰੇਲਵੇ ਦੇ ਮੈਨੇਜਰ ਦੇ ਨਿੱਜੀ ਸਹਾਇਕ ਸਨ। ਇਸ ਰੇਲਵੇ ਨੂੰ ਉਤਰ-ਪੱਛਮੀ ਰੇਲਵੇ ਦਾ ਨਾਂ ਬਹੁਤ ਬਾਅਦ ਵਿਚ ਦਿੱਤਾ ਗਿਆ ਸੀ। ਜਦੋਂ ਮੈਂ ਪਹਿਲੀ ਵਾਰ ਅਕਤੂਬਰ 1879 ਵਿਚ ਵਿਦਿਆਰਥੀ ਵਜੋਂ ਲਾਹੌਰ ਆਇਆ ਸੀ, ਉਦੋਂ ਇਹ ਨੂੰ ਸਿੰਧ, ਪੰਜਾਬ ਅਤੇ ਦਿੱਲੀ ਰੇਲਵੇ ਕਿਹਾ ਜਾਂਦਾ ਸੀ।

ਗੱਲ ਜ਼ਰਾ ਲਾਂਭੇ ਚਲੇ ਗਈ ਹੈ। ਖੈਰ, ਰਾਇ ਬਹਾਦੁਰ ਬਿਸ਼ਨ ਦਾਸ ਨੇ ਪੰਜ-ਛੇ ਜਣਿਆਂ ਦੀ ਮੀਟਿੰਗ ਆਪਣੇ ਘਰ ਵਿਚ ਬੁਲਾਈ ਅਤੇ ਆਪਣੇ ਕਲਰਕ ਦੀ ਤਜਵੀਜ਼ ਉਨ੍ਹਾਂ ਸਾਹਮਣੇ ਰੱਖੀ। ਇਸ ਛੋਟੀ ਜਿਹੀ ਕਮੇਟੀ ਵਿਚ ਮੈਂ ਵੀ ਸ਼ਾਮਲ ਸੀ ਅਤੇ ਐਨ ਸ਼ੁਰੂ ਤੋਂ ਹੀ ਇਸ ਤਜਵੀਜ਼ ਨਾਲ ਸਹਿਮਤ ਸੀ। ਰਿਸ਼ਤੇਦਾਰੀ ਵਿਚੋਂ ਮੇਰਾ ਭਰਾ ਰਾਇ ਬਹਾਦੁਰ ਲੱਧਾ ਰਾਮ ਸਾਹਨੀ ਉਸ ਸਮੇਂ ਜਾਂ ਉਸ ਤੋਂ ਕੁਝ ਸਮਾਂ ਬਾਅਦ ਲਾਹੌਰ ਵਿਚ ਤਾਇਨਾਤ ਸੀ। ਜਿੱਥੇ ਤੱਕ ਮੈਨੂੰ ਯਾਦ ਹੈ, ਉਹ ਉਸ ਮੁੱਢਲੀ ਕਮੇਟੀ ਵਿਚ ਸ਼ਾਮਲ ਨਹੀਂ ਸੀ ਜਿਸ ਨੇ ਇਸ ਤਜਵੀਜ਼ ਨੂੰ ਵਿਚਾਰਿਆ ਸੀ ਅਤੇ ਇਹ ਨੂੰ ਅਮਲ ਵਿਚ ਲਿਆਉਣ ਲਈ ਸਕੀਮ ਤਿਆਰ ਕੀਤੀ ਸੀ। ਜਦੋਂ ਕਮੇਟੀ ਨੇ ਨੇਮ ਤਿਆਰ ਅਤੇ ਪ੍ਰਵਾਨ ਕਰ ਲਏ ਤਾਂ ਫੰਡ ਦਾ ਰਸਮੀ ਤੌਰ ਉਤੇ ਉਦਘਾਟਨ ਕਰਨ ਲਈ ਸਿਖਸ਼ਾ ਸਭਾ ਹਾਲ ਵਿਚ ਵੱਡੀ ਮੀਟਿੰਗ ਬੁਲਾਈ ਗਈ। ਇਹ ਮੀਟਿੰਗ ਇਮਾਰਤ ਦੇ ਲੰਮੇ ਬਰਾਮਦੇ ਵਿਚ ਹੋਈ। ਮੈਂ ਉਸ ਇਮਾਰਤ ਵਿਚ ਪਿਛਲੇ 40 ਸਾਲਾਂ ਤੋਂ ਨਹੀਂ ਗਿਆ ਅਤੇ ਮੈਨੂੰ ਨਹੀਂ ਪਤਾ ਕਿ ਇਸ ਸਮੇਂ ਦੌਰਾਨ ਇਮਾਰਤ ਵਿਚ ਕੀ ਤਬਦੀਲੀਆਂ ਕਰ ਦਿੱਤੀਆਂ ਗਈਆਂ। ਜਿੱਥੇ ਤੱਕ ਮੈਨੂੰ ਚੇਤੇ ਹੈ, ਮੀਟਿੰਗ ਵਿਚ ਸ਼ਹਿਰ ਦੇ ਕਰੀਬ 60 ਵੱਡੇ ਬੰਦੇ ਸ਼ਾਮਲ ਹੋਏ ਸਨ। ਸੰਵਿਧਾਨ ਦਾ ਖਰੜਾ ਪਾਸ ਕਰ ਦਿੱਤਾ। ਮੀਟਿੰਗ ਵਿਚ ਹਾਜ਼ਰ ਵਿਅਕਤੀਆਂ ਵਿਚੋਂ ਬਹੁਤੇ ਫੰਡ ਦੇ ਮੋਢੀ ਮੈਂਬਰ ਬਣ ਗਏ ਅਤੇ ਉਥੇ ਹੀ ਮੈਂਬਰਸ਼ਿਪ ਦੇ ਫਾਰਮ ਭਰ ਦਿੱਤੇ। ਮੇਰਾ ਮੈਂਬਰਸ਼ਿਪ ਨੰਬਰ 31 ਸੀ। ਮੈਨੂੰ ਹੁਣ ਚੇਤੇ ਨਹੀਂ ਹੈ ਕਿ ਫੰਡ ਦੇ ਮੋਢੀ ਮੈਂਬਰਾਂ ਵਿਚੋਂ ਕੌਣ-ਕੌਣ ਜਿਊਂਦੇ ਹਨ ਪਰ ਇਹ ਤਾਂ ਪੱਕਾ ਹੈ ਕਿ ਕੁਝ ਕੁ ਤਾਂ ਜ਼ਰੂਰ ਜਿਊਂਦੇ ਹੋਣਗੇ। ਰਾਇ ਬਹਾਦੁਰ ਲੱਧਾ ਰਾਮ ਸਾਹਨੀ ਫੰਡ ਦੇ ਪਹਿਲੇ ਪ੍ਰਧਾਨ ਬਣੇ ਸਨ ਅਤੇ ਰਾਇ ਬਹਾਦੁਰ ਬਿਸ਼ਨ ਦਾਸ ਇਹਦੇ ਆਨਰੇਰੀ ਸਕੱਤਰ ਸਨ। ਦੋਵੇਂ ਫੰਡ ਦੇ ਪ੍ਰਬੰਧ ਵਿਚ ਅਤੇ ਇਹਨੂੰ ਹਰਮਨਪਿਆਰਾ ਬਣਾਉਣ ਵਿਚ ਭਾਰੀ ਦਿਲਚਸਪੀ ਲੈਂਦੇ ਸਨ। ਮੇਰੇ ਭਰਾ ਲੱਧਾ ਰਾਮ ਦੀ ਮੌਤ ਤੋਂ ਬਾਅਦ ਰਾਇ ਬਹਾਦੁਰ ਬਿਸ਼ਨ ਦਾਸ ਫੰਡ ਦੇ ਪ੍ਰਧਾਨ ਬਣ ਗਏ। ਉਹ ਬੜੇ ਚੰਗੇ ਸੁਭਾਅ ਵਾਲੇ, ਪਵਿੱਤਰ ਮਨੋਵ੍ਰਿਤੀ ਵਾਲੇ ਅਤੇ ਆਪਣੇ ਸਰਕਾਰੀ ਤੇ ਗੈਰ-ਸਰਕਾਰੀ ਫਰਜ਼ ਅਤਿਅੰਤ ਇਮਾਨਦਾਰੀ ਨਾਲ ਨਿਭਾਉਣ ਵਾਲੇ ਸੱਜਣ ਸਨ। ਉਹ ਹਿੰਦੂ ਸਮਾਜ ਦੀ ਸ਼ਾਨ ਸਨ। ਉਨ੍ਹਾਂ ਦੇ ਭਾਰਾ ਲਾਲਾ ਮਾਧੋ ਰਾਮ ਜੋ ਰੇਲਵੇ ਵਿਚ ਹੀ ਮੁਲਾਜ਼ਮ ਸਨ, ਇਕ ਹੋਰ ਹੀਰਾ ਸਨ ਜਿਨ੍ਹਾਂ ਨਾਲ ਸਾਂਝ ਪਾਉਣੀ ਖੁਸ਼ੀ ਵਾਲੀ ਗੱਲ ਹੁੰਦੀ ਸੀ। ਮੈਂ ਅਜਿਹੇ ਬਹੁਤ ਘੱਟ ਲੋਕਾਂ ਨੂੰ ਜਾਣਦਾ ਹਾਂ ਜਿਹੜੇ ਇਹਨਾਂ ਦੋਵਾਂ ਭਰਾਵਾਂ ਵਾਂਗ ਹਰਮਨਪਿਆਰੇ ਸਨ ਅਤੇ ਇਸ ਹਰਮਨਪਿਆਰਤਾ ਦੇ ਸੱਚਮੁੱਚ ਹੀ ਹੱਕਦਾਰ ਸਨ। ਮੇਰਾ ਨਹੀਂ ਖਿਆਲ ਕਿ ਉਨ੍ਹਾਂ ਦਾ ਕੋਈ ਦੁਸ਼ਮਣ ਵੀ ਸੀ। ਉਹ ਹਰ ਚੰਗੇ ਕੰਮ ਲਈ ਮਦਦ ਦੇਣ ਲਈ ਤਿਆਰ ਰਹਿੰਦੇ ਸਨ ਅਤੇ ਆਪਣੇ ਨਿੱਜੀ ਵਰਤੋਂ-ਵਿਹਾਰ ਅਤੇ ਆਚਰਨ ਦੇ ਪੱਖੋਂ ਤਾਂ ਉਹ ਏਨੇ ਪਾਕਿ ਸਨ ਕਿ ਕੋਈ ਉਂਗਲ ਵੀ ਨਹੀਂ ਸੀ ਰੱਖ ਸਕਦਾ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਉਨ੍ਹਾਂ ਦੋਵਾਂ ਭਰਾਵਾਂ ਦੇ ਪੁੱਤਰ ਮੇਰੇ ਵਿਦਿਆਰਥੀ ਵੀ ਸਨ ਅਤੇ ਮਿੱਤਰ ਵੀ। ਉਨ੍ਹਾਂ ਵਿਚੋਂ ਸਭ ਤੋਂ ਉਘੇ ਬਿਨਾ ਸ਼ੱਕ ਬਾਲਕ ਰਾਮ, ਆਈ.ਸੀ.ਐਸ. ਸਨ ਜੋ ਕੁਝ ਸਾਲ ਪਹਿਲਾਂ ਭਿਆਨਕ ਹਾਦਸੇ ਵਿਚ ਮਾਰੇ ਗਏ ਸਨ ਜਦੋਂ ਉਹ ਬੰਬਈ ਹਾਈ ਕੋਰਟ ਦੇ ਜੱਜ ਸਨ।

### ਹਿਮਾਲੀਅਨ ਯੂਨੀਅਨ ਕਲੱਬ

ਸ਼ਿਮਲਾ ਵਿਚ ਮੇਰੀ ਨਿਯੁਕਤੀ ਤੋਂ ਛੇਤੀ ਹੀ ਬਾਅਦ ਚੰਗੇ ਭਾਗਾਂ ਨੂੰ ਮੇਰੀ ਜਾਣ-ਪਛਾਣ ਮੌਲਾ ਬਖਸ਼ ਨਾਲ ਹੋ ਗਈ ਜਿਸ ਨੂੰ ਗੂੜ੍ਹੀ ਮਿੱਤਰਤਾ ਵਿਚ ਬਦਲਣ ਲੱਗਿਆਂ ਬਹੁਤਾ ਸਮਾਂ ਨਾ ਲੱਗਿਆ। ਗੱਲ ਇਸ ਤਰ੍ਹਾਂ ਹੋਈ ਕਿ ਮੇਰਾ ਘਰ ਮੌਲਾ ਬਖਸ਼ ਦੇ ਘਰ ਦੇ ਬਿਲਕੁਲ ਨਾਲ ਸੀ। ਚੰਗੇ ਬੰਦਿਆਂ ਨਾਲ ਸਾਥ ਸਾਨੂੰ ਅਕਸਰ ਹੀ ਨਹੀਂ ਮਿਲਦਾ ਹੁੰਦਾ, ਇਹ ਰਹਿਮਤ ਤਾਂ ਕਦੇ-ਕਦਾਈਂ ਹੀ ਹੁੰਦੀ ਹੈ। ਉਹ ਉਸ ਵੇਲੇ ਪੀ.ਡਬਲਿਊ.ਡੀ. ਵਿਚ ਮੁਲਾਜ਼ਮ ਸਨ ਪਰ ਮੈਨੂੰ ਲੱਗਦਾ ਸੀ ਕਿ ਉਹ ਸ਼ਿਮਲਾ ਵਿਚ ਹਰ ਭਾਰਤੀ ਨੂੰ ਜਾਣਦੇ ਸਨ। ਸ਼ੁਰੂ ਵਿਚ ਉਨ੍ਹਾਂ ਡਾਕਖਾਨੇ ਵਿਚ ਘੱਟ ਤਨਖਾਹ ਉਤੇ ਕਲਰਕ ਵਜੋਂ ਨੌਕਰੀ ਕੀਤੀ ਸੀ ਅਤੇ ਆਪਣੀ ਯੋਗਤਾ, ਇਮਾਨਦਾਰੀ ਅਤੇ ਮਿਹਨਤ ਸਦਕਾ ਹੀ ਉਹ ਭਾਰਤ ਸਰਕਾਰ ਦੇ ਇਕ ਦਫਤਰ ਵਿਚ ਸੀਨੀਅਰ ਕਲਰਕ ਦੇ ਅਹੁਦੇ ਉਤੇ ਪਹੁੰਚ ਗਏ ਸਨ। ਉਹ ਬੜੇ ਸਮਝਦਾਰ ਅਤੇ ਸਿਆਣੇ ਵਿਅਕਤੀ ਸਨ ਅਤੇ ਉਨ੍ਹਾਂ ਦਾ ਵਿਹਾਰ ਅਤਿਅੰਤ ਸਲੀਕੇ ਵਾਲਾ ਹੁੰਦਾ ਸੀ। ਉਹ ਆਪਣੇ ਦੋਸਤਾਂ ਅਤੇ ਅਜਨਬੀਆਂ ਦੀ ਵੀ ਮਦਦ ਕਰਨ ਲਈ ਸਦਾ ਤਿਆਰ ਰਹਿੰਦੇ। ਮੈਂ ਅਜੇ ਸ਼ਿਮਲਾ ਤੋਂ ਲਾਹੌਰ ਨਹੀਂ ਸੀ ਆਇਆ ਕਿ ਉਨ੍ਹਾਂ ਦੀ ਨਿਯੁਕਤੀ ਸਿਆਸੀ ਵਿਭਾਗ ਵਿਚ ਹੋ ਗਈ ਸੀ। ਉਨ੍ਹਾਂ ਨੂੰ ਦੁਭਾਸ਼ੀਆ ਬਣਾ ਕੇ ਪਰਸ਼ੀਆ ਭੇਜਿਆ ਗਿਆ ਸੀ। ਉਹ ਬੜੇ ਵਧੀਆ ਉਰਦੂ ਲੇਖਕ ਸਨ ਅਤੇ ਮੇਰਠ ਤੋਂ ਛਪਦੇ ਹਫਤਾਵਾਰੀ ਅਖਬਾਰ 'ਤੂਤੀ-ਏ-ਹਿੰਦ' ਨੂੰ ਖਬਰਾਂ ਅਤੇ ਛੋਟੀਆਂ-ਛੋਟੀਆਂ ਟਿੱਪਣਆਂ ਭੇਜਦੇ ਸਨ। ਉਹ ਬਹੁਤ ਠੇਠ ਲਹਿਜ਼ੇ ਵਿਚ ਫਾਰਸੀ ਬੋਲ ਸਕਦੇ ਸਨ। ਪਰਸ਼ੀਆ ਵਿਚ ਉਹ ਬਹੁਤ ਲਾਭਦਾਇਕ ਸਿੱਧ ਹੋਏ। ਸਾਬਕਾ ਅਮੀਰ ਅਯੂਬ ਖਾਨ ਨੂੰ ਭਾਰਤ ਸਰਕਾਰ ਦੀ ਪ੍ਰਾਹੁਣਾਚਾਰੀ ਕਬੂਲਣ ਲਈ ਮਨਾਉਣ ਵਿਚ ਉਹ ਖਾਨ ਬਹਾਦੁਰ ਅੱਲ੍ਹਾ ਬਖਸ਼ ਲਈ ਬਹੁਤ ਮਦਦਗਾਰ ਸਾਬਤ ਹੋਏ। ਉਹ ਛੇਤੀ ਹੀ ਅਟੈਚੀ ਦੇ ਅਹੁਦੇ ਉਤੇ ਪਹੁੰਚ ਗਏ। ਭਾਰਤ ਪਰਤਣ ਉਤੇ ਉਨ੍ਹਾਂ ਨੂੰ ਪਹਿਲਾਂ ਐਕਸਟਰਾ ਐਸਿਸਟੈਂਟ ਕਮਿਸ਼ਨਰ ਨਿਯੁਕਤ ਕੀਤਾ ਗਿਆ ਪਰ ਛੇਤੀ ਹੀ ਬਾਅਦ ਦਿੱਲੀ ਵਿਖੇ ਸਿਆਸੀ ਵਿਭਾਗ ਵਿਚ ਬਦਲ ਦਿੱਤਾ ਗਿਆ ਜਿੱਥੇ ਉਹ ਨਵਾਬ ਦੇ ਖਿਤਾਬ ਨਾਲ ਸੇਵਾ-ਮੁਕਤ ਹੋਏ।

ਹੁਣ ਮੈਨੂੰ ਪਿਛਾਂਹ ਮੁੜਨਾ ਚਾਹੀਦਾ ਹੈ। ਸ਼ਿਮਲਾ ਵਿਚ ਮੈਂ ਅਤੇ ਮੌਲਾ ਬਖਸ਼ ਨੇ ਇਕੱਠਿਆਂ ਜਿਹੜੇ ਖੁਸ਼ਗਵਾਰ ਦਿਨ ਬਿਤਾਏ ਸਨ, ਉਨ੍ਹਾਂ ਦਾ ਜ਼ਿਕਰ ਕਰਨਾ ਚਾਹੀਦਾ ਹੈ। ਅਸੀਂ ਸ਼ਿਮਲਾ ਵਿਚ ਛੇਤੀ ਹੀ ਜਨਤਕ ਐਸੋਸੀਏਸ਼ਨ, ਹਿਮਾਲੀਆ ਯੂਨੀਅਨ ਕਲੱਬ ਕਾਇਮ ਕਰ ਲਈ। ਮੈਂ ਕਲੱਬ ਦਾ ਆਨਰੇਰੀ ਸਕੱਤਰ ਬਣ ਗਿਆ ਜਦੋਂ ਕਿ ਮੇਰੇ ਮਿੱਤਰ ਨੇ ਆਨਰੇਰੀ ਖਜ਼ਾਨਚੀ ਦਾ ਅਹੁਦਾ ਪ੍ਰਵਾਨ ਕਰ ਲਿਆ। ਇਹ ਵਖਰੇਵੇਂ ਕੇਵਲ ਕਾਗਜ਼ਾਂ ਵਿਚ ਹੀ ਮੌਜੂਦ ਸਨ। ਅਮਲ ਵਿਚ ਅਸੀਂ ਕਲੱਬ ਦੇ ਕੰਮਾਂ ਨੂੰ ਹੀ ਨਹੀਂ ਸਗੋਂ ਹੋਰ ਕਈ ਕੰਮਾਂ ਨੂੰ ਵੀ ਮਿਲ ਕੇ ਕਰਦੇ ਸੀ। ਕਲੱਬ ਲਈ ਅਸੀਂ ਸ਼ਾਨਦਾਰ

(ਬਾਕੀ ਸਫਾ 22 'ਤੇ)

## ਸੁਰੀਲੀ ਆਵਾਜ਼ ਦਾ ਮਾਲਕ ਮੁਹੰਮਦ ਅਜ਼ੀਜ਼

# ਦਿਲ ਲੈ ਗਈ ਤੇਰੀ ਬਿੰਦੀਆ...

ਕਲਾ ਪਰਿਕਰਮਾ



ਮਿੱਠੀ ਅਤੇ ਸੁਰੀਲੀ ਆਵਾਜ਼ ਦੇ ਮਾਲਕ ਮੁਹੰਮਦ ਅਜ਼ੀਜ਼ ਨੇ 1980ਵਿਆਂ ਦੇ ਦਹਾਕੇ ਵਿਚ ਫਿਲਮ ਸੰਸਾਰ ਵਿਚ ਤਹਿਲਕਾ ਮਚਾ ਦਿੱਤਾ ਸੀ। ਉਸ ਨੇ ਵੱਡੇ-ਵੱਡੇ ਫਿਲਮੀ ਸਿਤਾਰਿਆਂ ਨੂੰ ਆਪਣੀ ਆਵਾਜ਼ ਨਾਲ ਨਵਾਜਿਆ ਅਤੇ ਉਨ੍ਹਾਂ ਨੂੰ ਸੁਪਰਸਟਾਰ ਤੱਕ ਦੀ ਨਿਆਮਤ ਬਖਸ਼ੀ। ਇਸ ਦੇ ਬਾਵਜੂਦ ਕਿੰਨੀ ਤ੍ਰਾਸਦੀ ਹੈ ਕਿ ਜਿਸ

**ਮਦਨ ਬੰਗੜ**

ਦਿਨ ਮੁਹੰਮਦ ਅਜ਼ੀਜ਼ ਦੁਨੀਆ ਤੋਂ ਰੁਖਸਤ ਹੋਏ, ਉਹ ਫਿਲਮੀ ਸਿਤਾਰੇ ਉਸ ਦੇ ਜਨਾਜ਼ੇ ਵਿਚ ਸ਼ਾਮਲ ਹੋਣ ਲਈ ਦੋ ਮਿੰਟ ਤੱਕ ਵੀ ਨਾ ਕੱਢ ਸਕੇ।

ਮੁਹੰਮਦ ਅਜ਼ੀਜ਼ ਉਰਫ ਸਈਅਦ ਮੁਹੰਮਦ ਅਜ਼ੀਜ਼-ਉਨ-ਨਬੀ ਦਾ ਜਨਮ 2 ਜੁਲਾਈ 1954 ਨੂੰ ਕਲਕੱਤਾ (ਪੱਛਮੀ ਬੰਗਾਲ) ਵਿਖੇ ਹੋਇਆ ਜਿਸ ਨੂੰ ਪਿਆਰ ਨਾਲ ਮੁੰਨਾ ਵੀ ਕਿਹਾ ਜਾਂਦਾ ਸੀ। ਉਹ ਪ੍ਰਸਿੱਧ ਬਹੁ-ਭਾਸ਼ਾਈ ਪਿੱਠਵਰਤੀ ਗਾਇਕ ਸੀ ਜਿਸ ਨੇ ਮੁੱਖ ਤੌਰ 'ਤੇ ਹਿੰਦੀ, ਬੰਗਾਲੀ ਅਤੇ ਉੜੀਆ ਫਿਲਮਾਂ ਲਈ ਗੀਤ ਗਾਏ। ਉਸ ਨੇ ਦਸ ਤੋਂ ਵੱਧ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿਚ ਸੂਫੀ, ਭਗਤੀ ਗੀਤ ਅਤੇ ਹੋਰ ਸ਼ੈਲੀਆਂ ਸਮੇਤ ਲਗਭਗ ਵੀਹ ਹਜ਼ਾਰ ਗੀਤ ਗਾਏ।

ਉਹ ਬਚਪਨ ਤੋਂ ਹੀ ਸੰਗੀਤ ਨਾਲ ਜੁੜਿਆ ਹੋਇਆ ਸੀ। ਬਾਅਦ ਵਿਚ ਉਸ ਨੇ ਆਪਣੇ ਪੇਸ਼ੇਵਰ ਸੰਗੀਤਕ ਕਰੀਅਰ ਦੀ ਸ਼ੁਰੂਆਤ ਬੰਗਾਲੀ ਫਿਲਮ 'ਬਾਉਮਾ' (1986) ਨਾਲ ਕੀਤੀ। ਉਹ ਫਿਲਮ ਉਦਯੋਗ ਵਿਚ ਬਿਹਤਰ ਕਰੀਅਰ ਦੇ ਮੌਕਿਆਂ ਲਈ ਮੁੰਬਈ ਗਿਆ ਜਿੱਥੇ ਉਸ ਨੂੰ ਸੰਗੀਤ ਨਿਰਦੇਸ਼ਕ ਸਪਨ-ਜਗਮੋਹਨ ਵੱਲੋਂ ਹਿੰਦੀ ਫਿਲਮ 'ਅੰਬਰ' (1984) ਵਿਚ ਗੀਤ ਗਾਉਣ ਦਾ ਮੌਕਾ ਮਿਲਿਆ ਹਾਲਾਂਕਿ ਉਸ ਦੀ ਪਹਿਲੀ ਪ੍ਰਮੁੱਖ ਗਾਇਕੀ ਦੀ ਭੂਮਿਕਾ ਸੰਗੀਤ ਨਿਰਦੇਸ਼ਕ ਅਨੂ ਮਲਿਕ ਦੀ ਫਿਲਮ 'ਮਰਦ' ਵਿਚ ਦਿਖਾਈ ਦਿੱਤੀ। ਇਸ ਫਿਲਮ ਦਾ ਟਾਈਟਲ ਗੀਤ 'ਮਰਦ ਟਾਂਗੇਵਾਲਾ' ਸੁਪਰਹਿੱਟ ਹੋਇਆ। ਇਸ ਗੀਤ ਦੀ ਸਫਲਤਾ ਤੋਂ ਬਾਅਦ ਉਸ ਨੂੰ 1985 ਵਿਚ 'ਜਾਨ ਕੀ ਬਾਜ਼ੀ' ਅਤੇ 'ਆਤੇ ਆਤੇ ਤੇਰੀ ਯਾਦ ਆ ਗਈ' ਵਰਗੇ ਕਈ ਹਿੱਟ ਗੀਤ ਮਿਲੇ।

ਉਸ ਨੇ ਨੌਸ਼ਾਦ, ਸ਼ੰਕਰ-ਜੈਕਿਸ਼ਨ, ਓ.ਪੀ. ਨਈਅਰ, ਰਵੀ, ਖਯਾਮ, ਕਲਿਆਣਜੀ-ਆਨੰਦਜੀ, ਲਕਸ਼ਮੀਕਾਂਤ-ਪਿਆਰੇਲਾਲ, ਆਰ.ਡੀ. ਬਰਮਨ, ਬੱਪੀ ਲਹਿਰੀ, ਰਾਜੇਸ਼ ਰੌਸ਼ਨ, ਊਸ਼ਾ ਖੰਨਾ, ਅਨੂ ਮਲਿਕ, ਆਨੰਦ-ਮਿਲਿੰਦ, ਜਤਿਨ ਲਲਿਤ, ਰਵਿੰਦਰ ਜੈਨ, ਰਾਮ ਲਕਸ਼ਮਣ, ਆਦੇਸ਼ ਸ਼੍ਰੀਵਾਸਤਵ, ਨਦੀਮ-ਸ਼ਰਵਨ, ਵਿਜੂ ਸ਼ਾਹ, ਦਿਲੀਪ ਸੇਨ-ਸਮੀਰ ਸੇਨ ਆਦਿ ਉਸ ਸਮੇਂ ਦੇ ਚੋਟੀ ਦੇ ਸੰਗੀਤਕਾਰਾਂ ਦੀ ਸੰਗਤ ਵਿਚ ਆਪਣੀ ਗਾਇਕੀ ਦਾ ਪ੍ਰਦਰਸ਼ਨ ਕੀਤਾ। ਉਸ ਨੇ ਲਕਸ਼ਮੀਕਾਂਤ ਪਿਆਰੇਲਾਲ ਲਈ ਲਗਭਗ 250 ਗੀਤ ਗਾਏ ਸਨ ਜੋ ਉਸ ਵੱਲੋਂ ਗਾਏ ਗਏ ਕਿਸੇ ਵੀ ਸੰਗੀਤਕਾਰ ਲਈ ਸਭ ਤੋਂ ਵੱਧ ਹਨ। ਉਸ ਨੇ ਭਗਵਾਨ ਜਗਨਨਾਥ, ਭਜਨ, ਨਿੱਜੀ ਸੰਗੀਤ ਐਲਬਮਾਂ ਅਤੇ ਉੜੀਆ ਫਿਲਮਾਂ ਦੇ ਗੀਤ ਵੀ ਗਾਏ। ਫਿਲਮਾਂ ਵਿਚ ਗਾਇਕੀ ਦੇ ਜਲਵੇ ਬਿਖੇਰਨ ਤੋਂ ਇਲਾਵਾ ਮੁਹੰਮਦ ਅਜ਼ੀਜ਼ ਨੇ ਭਾਰਤ ਅਤੇ ਹੋਰ ਦੇਸ਼ਾਂ ਵਿਚ ਸਟੇਜ ਸ਼ੋਅ ਵਿਚ ਵੀ ਹਿੱਸਾ ਲਿਆ।

ਮੁਹੰਮਦ ਅਜ਼ੀਜ਼ ਨੇ 1980 ਅਤੇ 1990 ਦੇ ਦਹਾਕੇ ਵਿਚ ਲਤਾ ਮੰਗੇਸ਼ਕਰ, ਆਸ਼ਾ ਭੌਂਸਲੇ, ਕੇ.ਐਸ. ਚਿਤਰਾ, ਸੁਲਕਸ਼ਨਾ ਪੰਡਿਤ, ਵਿਜੇਤਾ ਪੰਡਿਤ, ਊਸ਼ਾ ਮੰਗੇਸ਼ਕਰ, ਅਨੁਰਾਧਾ ਪੌਡਵਾਲ, ਕਵਿਤਾ ਕ੍ਰਿਸ਼ਨਾਮੂਰਤੀ, ਸਾਧਨਾ ਸਰਗਮ, ਐਸ. ਜਾਨਕੀ, ਅਲਕਾ ਯਾਗਨਿਕ, ਸਲਮਾ ਆਗਾ, ਹੇਮਲਤਾ, ਸਪਨਾ ਮੁਖਰਜੀ, ਚੰਦਰਾਣੀ ਮੁਖਰਜੀ, ਪੂਰਨਿਮਾ, ਸਾਰਿਕਾ ਕਪੂਰ, ਉਤਰਾ ਕੇਲਕਰ ਅਤੇ ਅਲੀਸ਼ਾ ਵਰਗੀਆਂ ਗਾਇਕਾਵਾਂ ਨਾਲ ਕਈ ਦੋਗਾਣੇ ਕੀਤੇ ਜੋ ਉਸ ਸਮੇਂ ਕਾਫੀ ਪ੍ਰਸਿੱਧ ਹੋਏ।

ਮੁਹੰਮਦ ਅਜ਼ੀਜ਼ ਦੇ ਦੋਗਾਣਿਆਂ ਵਿਚ 'ਲਾਲ ਦੁਪੱਟਾ ਮਲਮਲ ਕਾ', 'ਮੇਰਾ ਨਾਮ ਲਖਨ', 'ਮੈਂ ਤੇਰੀ ਮੁਹੱਬਤ ਮੇਂ', 'ਆਪ ਕੇ ਆ ਜਾਨੇ ਸੇ', 'ਆਜ ਕਲ ਯਾਦ ਕੁਛ' ਅਤੇ 'ਦਿਲ ਲੈ ਗਈ ਤੇਰੀ ਬਿੰਦੀਆ' ਵਰਗੇ ਕਈ ਗੀਤ ਖੂਬ ਚੱਲੇ। ਉਹ 1980ਵਿਆਂ ਦੇ ਦਹਾਕੇ ਦੇ ਅੱਧ ਤੋਂ ਲੈ ਕੇ 1990ਵਿਆਂ ਦੇ ਦਹਾਕੇ ਦੇ ਸ਼ੁਰੂ ਤੱਕ ਸਭ ਤੋਂ ਪ੍ਰਸਿੱਧ ਗਾਇਕ ਸੀ। ਉਹ ਉਨ੍ਹਾਂ ਦੁਰਲੱਭ ਗਾਇਕਾਂ ਵਿਚੋਂ ਇੱਕ ਸੀ ਜੋ ਸੱਤਵੇਂ ਸੁਰ (ਸਤਵਨ ਸੁਰ) ਵਿਚ ਗਾ ਸਕਦਾ ਸੀ।

***ਮੁਹੰਮਦ ਅਜ਼ੀਜ਼, ਮੁਹੰਮਦ ਰਫੀ ਨੂੰ ਆਪਣਾ ਉਸਤਾਦ ਮੰਨਦਾ ਸੀ। ਉਸ ਨੇ ਫਿਲਮ 'ਕ੍ਰੋਧ' ਵਿਚ ਇੱਕ ਗੀਤ ਮੁਹੰਮਦ ਰਫੀ ਨੂੰ ਸ਼ਰਧਾਂਜਲੀ ਵਜੋਂ ਗਾਇਆ ਸੀ- 'ਨਾ ਫਨਕਾਰ ਤੁਝਸਾ ਤੇਰੇ ਬਾਅਦ ਆਯਾ, ਮੁਹੰਮਦ ਰਫੀ ਤੂ ਬਹੁਤ ਯਾਦ ਆਇਆ'।***



ਆਪਣੇ ਕਰੀਅਰ ਦੌਰਾਨ ਮੁਹੰਮਦ ਅਜ਼ੀਜ਼ ਨੇ ਦਿਲੀਪ ਕੁਮਾਰ, ਸ਼ੰਮੀ ਕਪੂਰ, ਧਰਮਿੰਦਰ, ਜਤਿੰਦਰ, ਅਮਿਤਾਭ ਬੱਚਨ, ਰਾਜੇਸ਼ ਖੰਨਾ, ਵਿਨੋਦ ਖੰਨਾ, ਸ਼ਤਰੂਘਨ ਸਿਨਹਾ, ਸ਼ਸ਼ੀ ਕਪੂਰ, ਰਿਸ਼ੀ ਕਪੂਰ, ਮਿਥੁਨ ਚੱਕਰਵਰਤੀ, ਨਸੀਰੂਦੀਨ ਸ਼ਾਹ, ਹੇਮੰਤ ਬਿਰਜੇ, ਚੰਕੀ ਪਾਂਡੇ, ਗੋਵਿੰਦਾ, ਸੰਜੇ ਦੱਤ, ਕੁਮਾਰ ਗੌਰਵ, ਆਮਿਰ ਖਾਨ, ਸ਼ਾਹਰੁਖ ਖਾਨ, ਨਾਨਾ ਪਾਟੇਕਰ, ਰਜਨੀਕਾਂਤ, ਕਮਲ ਹਸਨ, ਰਾਜ ਬੱਬਰ, ਸੰਨੀ ਦਿਓਲ, ਅਨਿਲ ਕਪੂਰ, ਅਕਸ਼ੈ ਕੁਮਾਰ, ਅਜੇ ਦੇਵਗਨ, ਸੁਮੀਤ ਸਹਿਗਲ, ਫਾਰੂਕ ਸ਼ੇਖ, ਜੈਕੀ ਸ਼ਰਾਫ, ਆਦਿੱਤਿਆ ਪੰਚੋਲੀ ਅਤੇ ਹੋਰ ਬਹੁਤ ਸਾਰੇ ਫਿਲਮੀ ਸਿਤਾਰਿਆਂ ਨੂੰ ਗੀਤਾਂ ਰਾਹੀਂ ਆਪਣੀ ਆਵਾਜ਼ ਦਿੱਤੀ। ਮਹਿਲਾ ਗਾਇਕਾਂ ਤੋਂ ਇਲਾਵਾ ਉਸ ਨੇ ਕਿਸ਼ੋਰ ਕੁਮਾਰ, ਅਮਿਤ ਕੁਮਾਰ, ਐਸ.ਪੀ. ਬਾਲਾਸੁਬਰਾਮਨੀਅਮ, ਸੁਰੇਸ਼ ਵਾਡਕਰ, ਮਨਹਰ ਉਧਾਸ, ਸ਼ੈਲੇਂਦਰ ਸਿੰਘ, ਨਿਤਿਨ ਮੁਕੇਸ਼, ਕੁਮਾਰ ਸਾਨੂ, ਵਿਨੋਦ ਰਾਠੌੜ ਅਤੇ ਸੁਦੇਸ਼ ਭੌਂਸਲੇ ਨਾਲ ਕੁਝ ਜੋੜੀ ਗੀਤਾਂ ਵਿਚ ਆਪਣੀ ਆਵਾਜ਼ ਦਾ ਲੋਹਾ ਮਨਵਾਇਆ। ਮੁਹੰਮਦ ਅਜ਼ੀਜ਼ ਦੇ ਗਾਏ ਗੀਤਾਂ ਨਾਲ ਸੁਪਰਹਿੱਟ ਹੋਈਆਂ ਫਿਲਮਾਂ 'ਨਗੀਨਾ', 'ਸ਼ਹਿਨਸ਼ਾਹ', 'ਮਰਦ', 'ਸੌਦਾਗਰ', 'ਲਾਲ ਦੁਪੱਟਾ ਮਲਮਲ ਕਾ', 'ਬੀਵੀ ਹੋ ਤੋ ਐਸੀ', 'ਵੀਹ ਸਾਲ ਬਾਅਦ', 'ਪਾਪੀ ਦੇਵਤਾ', 'ਜ਼ੁਲਮ ਕੋ ਜਲਾ ਕੇ ਰਾਖ ਕਰ ਦੂੰਗਾ', 'ਆਦਮੀ ਖਿਲੌਨਾ ਹੈ', 'ਲਵ 86', 'ਕਰਮਾ', 'ਰਾਮ ਲਖਨ', 'ਖੁਦਾ ਗਵਾਹ', 'ਨਾਮ' ਆਦਿ ਤੋਂ ਇਲਾਵਾ ਹੋਰ ਵੀ ਸੈਂਕੜੇ ਫਿਲਮਾਂ ਹਨ ਜਿਨ੍ਹਾਂ ਵਿਚ ਮੁਹੰਮਦ ਅਜ਼ੀਜ਼ ਦੀ ਆਵਾਜ਼ ਨੂੰ ਦਰਸ਼ਕਾਂ ਵੱਲੋਂ ਬਹੁਤ ਸਲਾਹਿਆ ਗਿਆ। ਇਨ੍ਹਾਂ ਫਿਲਮਾਂ ਵਿਚ ਗਾਏ ਹੋਏ ਗੀਤ ਮੁਹੰਮਦ ਅਜ਼ੀਜ਼ ਦੀ ਆਵਾਜ਼ ਨੂੰ ਅੱਜ ਵੀ ਤਰੋਤਾਜ਼ਾ ਰੱਖਦੇ ਹਨ।

ਮੁਹੰਮਦ ਅਜ਼ੀਜ਼, ਮੁਹੰਮਦ ਰਫੀ ਨੂੰ ਆਪਣਾ ਉਸਤਾਦ ਮੰਨਦਾ ਸੀ। ਉਸ ਨੇ ਫਿਲਮ 'ਕ੍ਰੋਧ' ਵਿਚ ਇੱਕ ਗੀਤ ਮੁਹੰਮਦ ਰਫੀ ਨੂੰ ਸ਼ਰਧਾਂਜਲੀ ਵਜੋਂ ਗਾਇਆ ਸੀ- 'ਨਾ ਫਨਕਾਰ ਤੁਝਸਾ ਤੇਰੇ ਬਾਅਦ ਆਯਾ, ਮੁਹੰਮਦ ਰਫੀ ਤੂ ਬਹੁਤ ਯਾਦ ਆਇਆ'। ਮੁਹੰਮਦ ਅਜ਼ੀਜ਼ ਨੂੰ ਫਿਲਮ ਇੰਡਸਟਰੀ ਉਪਰ ਸਦਾ ਇਹੋ ਮਲਾਲ ਰਿਹਾ ਕਿ ਉਸ ਦੇ ਗੀਤ ਹਿੱਟ ਹੋਣ ਦੇ ਬਾਵਜੂਦ ਉਸ ਦੀ ਮੰਗ ਫਿਲਮਾਂ ਵਿਚ ਕਿਉਂ ਘਟ ਗਈ। ਇਸ ਕਾਰਨ ਦਿਨ ਪ੍ਰਤੀ ਦਿਨ ਉਸ ਅੰਦਰ ਨਿਰਾਸ਼ਾ ਦੇਖਣ ਨੂੰ ਮਿਲ ਰਹੀ ਸੀ। ਅੰਤ ਉਹ ਲੰਮੀ ਬਿਮਾਰੀ ਤੋਂ ਬਾਅਦ 27 ਨਵੰਬਰ 2018 ਨੂੰ ਮੁੰਬਈ ਵਿਖੇ ਆਪਣੇ ਸਵਾਸਾਂ ਦੀ ਪੂੰਜੀ ਖਤਮ ਕਰਦਿਆਂ ਦੁਨੀਆ ਤੋਂ ਕੂਚ ਕਰ ਗਿਆ ਪਰ ਲੋਕ ਮਨਾਂ ਵਿਚ ਉਸ ਦੇ ਗਾਏ ਹੋਏ ਗੀਤ ਅੱਜ ਵੀ ਤਰੋਤਾਜ਼ਾ ਹਨ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਜਨਵਰੀ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-517



**ਖੁੱਲ੍ਹੇ ਅਸਮਾਨੀਂ ਘਰ ਅਸਾਡਾ, ਸਾਹਿਬ ਸੱਚੜੇ ਤੂੰ ਦੇਖ,**
**ਬਾਂਸ ਦੀ ਸਿਰਕੀ ਸਫ਼ ਵਿਛੌਣਾ, ਕਦੇ ਮਾਰ ਰੇਖ 'ਚ ਮੇਖ।**
**ਪਿੱਠ ਭੁਆਂ ਕੇ ਆਪ ਬੈਠੀ ਹੈ, ਪਹਿਲਾਂ ਲਾਲ ਰੱਜ ਕੇ ਖਾਵੇ,**
**ਆਖਰ ਮਾਂ ਤਾਂ ਮਾਂ ਹੁੰਦੀ ਹੈ, ਭਾਵੇਂ ਖੁਦ ਨੂੰ ਭੁੱਖ ਤੜਫਾਵੇ।**

### ਕੈਪਸ਼ਨ ਮੁਕਾਬਲਾ-515



ਦੋ ਜੰਗਾਂ ਵਿਚ, ਦੋ ਕੰਧਾਂ ਵਿਚ
ਕੌਮ ਦੇ ਲੇਖੇ ਲਾ ਦਿੱਤੇ।
ਠੰਢੇ ਬੁਰਜ ਵਿਚ ਮਾਤਾ ਗੁਜਰੀ
ਪੁੱਤ ਨੇ ਫ਼ਰਜ਼ ਨਿਭਾ ਦਿੱਤੇ।
ਸੀਸ ਪਿਤਾ ਦਾ ਵਾਰ ਕੇ ਦਿੱਲੀ,
ਜ਼ੁਲਮ ਨੂੰ ਹੱਥ ਦਿਖਾ ਦਿੱਤੇ।
ਇੱਕ ਬਾਟੇ ਨੂੰ ਮੂੰਹ ਲਵਾ ਕੇ,
ਸਾਰੇ ਭੇਦ ਮਿਟਾ ਦਿੱਤੇ।

***-ਜਗਮੀਤ ਸਿੰਘ ਪੰਧੇਰ***
***ਕਲਾਹੜ ਲੁਧਿਆਣਾ***
***ਫੋਨ: 98783-37222***

---

ਅਣਖ ਤੇ ਇੱਜ਼ਤ ਖਾਤਰ ਲੜ ਕੇ,
ਮਜ਼ਲੂਮਾਂ ਦੇ ਹੱਕ ਵਿਚ ਖੜ੍ਹ ਕੇ,
ਕੌਮ ਲਈ ਵਾਰੇ ਜਿਗਰ ਦੇ ਟੋਟੇ,
ਦੋ ਵੱਡੇ ਦੋ ਛੋਟੇ-ਛੋਟੇ।
ਦੁਨੀਆ ਵਿਚ ਨਾ ਮਿਲੇ ਨਮੂਨਾ,
ਇਸ ਪੁੱਤਰਾਂ ਦੇ ਦਾਨੀ ਦਾ।
ਕੋਈ ਦੇਣਾ ਨਹੀਂ ਦੇ ਸਕਦਾ,
ਦਸਮੇਸ਼ ਪਿਤਾ 'ਸਰਬੰਸ ਦਾਨੀ 'ਦਾ।

***-ਗੁਰਦੇਵ ਸਿੰਘ ਢਪਾਲੀ, ਬਠਿੰਡਾ***
***ਫੋਨ: 94176-49275***

---

ਚਾਰ ਮੂਏ ਤੋ ਕਿਆ ਹੂਆ,
ਜੀਵਤ ਕਈ ਹਜ਼ਾਰ
ਸੱਟ ਵੱਜਦੀ ਜਦ ਲੋਹੇ 'ਤੇ
ਅੱਗ ਚਿਣਗਾਂ ਛੱਡਦੀ
ਚਿਣਗ ਦੀ ਉਦਾਹਰਨ ਬਣਦੀ
ਲੜ ਮਰ ਜੂਝਣ ਦੀ
ਪਹਿਲਾਂ ਆਪ ਮਰੋ
ਫਿਰ ਜੱਗ ਆਉਂਦਾ ਮਗਰ,
ਇਸੇ ਨੂੰ ਆਖਦੇ ਕੁਰਬਾਨੀ।

***-ਦਰਸ਼ਨ ਪਾਲ ਦੁਸਾਂਝ***

---

ਜ਼ਾਲਮਾਂ, ਧੱਕੜਾਂ,
ਮੁਗ਼ਲਾਂ ਨਾਲ ਕੀਤੀਆਂ ਜੰਗਾਂ,
ਆਪਣਾ ਆਪ ਅਤੇ
ਸਰਬੰਸ ਕੁਰਬਾਨ ਕਰਾਇਆ
ਗਰੀਬਾਂ, ਮਜ਼ਲੂਮਾਂ ਨੂੰ ਹੱਲਾਸ਼ੇਰੀ ਦੇ ਕੇ
ਚਿੜੀਆਂ ਤੋਂ ਬਾਜ ਬਣਾਇਆ।
ਵਿਦਵਾਨ ਵਿਚਾਰਵਾਨ ਵੀ ਸਿਰੇ ਦੇ ਸਨ,
ਸ਼ਬਦ-ਗੁਰੂ ਨਾਕ ਜੋੜ ਕੇ
ਖਾਲਸਾ ਸਜਾ ਗਏ।
ਇਨਕਲਾਬੀ ਵਿਚਾਰਧਾਰਾ ਦੀ ਢਾਲ ਨਾਲ
ਪੂਰੇ ਹਿੰਦ ਨੂੰ ਜਗਾ ਗਏ।

***-ਅਮਰਜੀਤ ਸਿੰਘ ਤੂਰ***
***ਕੁਲਬੁਰਛਾ (ਪਟਿਆਲਾ)***
***ਫੋਨ: 98784-69639***

---

ਕਲਗੀਧਰ ਦੇ ਨੇ ਫਰਜ਼ੰਦ
ਦਰਸ਼ਨ ਪਾ ਕੇ ਹੋਏ ਆਨੰਦ
ਕਲਗੀਧਰ ਦੀਆਂ ਪਾਈਏ ਬਾਤਾਂ
ਦੇਸ਼ ਵਿਚੋਂ ਕੱਢੀਏ ਹਨ੍ਹੇਰੀਆਂ ਰਾਤਾਂ।

***-ਬੱਲਾ ਲਬਾਣਾ***
***ਫੋਨ: 848-235-8344***

---

# ਰੂਸ ਨੇ ਯੂਕਰੇਨ ਉਤੇ ਹਮਲੇ ਦੀ ਤਿਆਰੀ ਵਿੱਢੀ?



ਯੂਕਰੇਨ ਦੀ ਰੂਸ ਨਾਲ ਲਗਦੀ ਹੱਦ ਉਤੇ ਇਸ ਸਮੇਂ ਹਾਲਤ ਕਾਫੀ ਤਣਾਅ ਵਾਲੀ ਹੈ। ਅਮਰੀਕਾ ਅਤੇ ਪੱਛਮੀ ਯੂਰਪੀ ਮੁਲਕਾਂ ਦੀਆਂ ਏਜੰਸੀਆਂ ਦਾ ਕਹਿਣਾ ਹੈ ਕਿ ਰੂਸ ਨੇ ਹਥਿਆਰਾਂ ਨਾਲ ਲੈਸ ਇਕ ਲੱਖ ਦੇ ਕਰੀਬ ਫੌਜੀ ਹੱਦ ਉਤੇ ਤਾਇਨਾਤ ਕਰ ਦਿੱਤੇ ਹਨ। ਯੂਕਰੇਨ ਦੇ ਅਧਿਕਾਰੀਆਂ ਮੁਤਾਬਿਕ, ਹੱਦ ਉਤੇ ਤਾਇਨਾਤ ਰੂਸੀ ਫੌਜੀਆਂ ਦੀ ਅਸਲ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਹੈ ਤੇ ਇਹ ਸਪਸ਼ਟ ਸੰਕੇਤ ਹੈ ਕਿ ਰੂਸ ਨੇ ਯੂਕਰੇਨ ਤੇ ਹਮਲੇ ਦੀ ਤਿਆਰੀ ਵਿੱਢ ਲਈ ਹੈ। ਭੂ-ਸਿਆਸੀ ਮਾਹਿਰ ਰੂਸੀ ਤਿਆਰੀ ਤੋਂ ਅਨੁਮਾਨ

**ਨਵਜੋਤ**
**ਸੰਪਰਕ: 85578-12341**

ਲਗਾ ਰਹੇ ਹਨ ਕਿ ਰੂਸੀ ਫੌਜ ਯੂਕਰੇਨ ਤੇ ਹਮਲਾ ਕਰ ਸਕਦੀ ਹੈ। ਇਹ ਭਵਿੱਖਵਾਣੀ ਕਿੰਨੀ ਕੁ ਸਹੀ ਹੈ, ਇਹ ਤਾਂ ਆਉਣ ਵਾਲਾ ਸਮਾਂ ਦੱਸੇਗਾ ਪਰ ਰੂਸ-ਯੂਕਰੇਨ ਟਕਰਾਅ ਭਖਦਾ ਕੌਮਾਂਤਰੀ ਮਸਲਾ ਬਣਿਆ ਹੋਇਆ ਹੈ। ਇਸ ਮਸਲੇ ਨੂੰ ਲੈ ਕੇ ਰੂਸੀ ਸਦਰ ਵਲਾਦੀਮੀਰ ਪੂਤਿਨ ਅਤੇ ਅਮਰੀਕੀ ਸਦਰ ਜੋਅ ਬਾਇਡਨ ਦੀ ਦੁਵੱਲੀ ਗੱਲਬਾਤ ਵੀ ਹੋਈ ਜੋ ਕੁੱਲ ਮਿਲਾ ਕੇ ਬੇਸਿੱਟਾ ਹੀ ਰਹੀ। ਅਮਰੀਕਾ ਅਤੇ ਨਾਟੋ ਨੇ ਇਸ ਬਾਰੇ ਰੂਸ 'ਤੇ ਆਰਥਿਕ ਰੋਕਾਂ ਮੜ੍ਹਨ, ਯੂਕਰੇਨ ਨੂੰ ਫੌਜੀ ਸਹਾਇਤਾ ਦੇਣ ਜਿਹੀਆਂ ਧਮਕੀਆਂ ਦਿੱਤੀਆਂ ਹਨ।

ਇਸ ਮਸਲੇ ਬਾਰੇ ਰੂਸੀ ਸਰਕਾਰ ਦੀਆਂ ਦੋ-ਟੁੱਕ ਮੰਗਾਂ ਹਨ ਕਿ ਨਾਟੋ ਯੂਕਰੇਨ ਨੂੰ ਆਪਣਾ ਮੈਂਬਰ ਬਣਾਉਣ ਦੀਆਂ ਸਭ ਤਜਵੀਜ਼ਾਂ ਤਿਆਗ ਦੇਵੇ, ਪੂਰਬੀ ਯੂਰਪ ਵਿਚੋਂ (ਪੂਰਬੀ ਯੂਰਪ ਦੇ ਕਈ ਮੁਲਕਾਂ ਦੀ ਸਰਹੱਦ ਰੂਸ ਨਾਲ ਲਗਦੀ ਹੈ) ਨਾਟੋ ਫੌਜਾਂ ਵਾਪਸ ਬੁਲਾਵੇ ਤੇ ਫੌਜੀ ਅੱਡੇ ਖਾਲੀ ਕਰੇ ਤੇ ਤੀਜਾ ਪੱਛਮੀ ਯੂਰਪ ਲਈ ਰੂਸ ਵੱਲੋਂ ਬਣਾਈ ਜਾ ਰਹੀ ਤੇਲ ਪਾਈਪਲਾਈਨ ਦਾ ਵਿਰੋਧ ਬੰਦ ਕੀਤਾ ਜਾਵੇ। ਅਸਲ ਵਿਚ ਯੂਕਰੇਨ ਰੂਸ ਨੂੰ ਪੱਛਮੀ ਯੂਰਪ ਨਾਲ ਜੋੜਨ ਵਾਲੀ ਅਹਿਮ ਕੜੀ ਹੈ, ਇਸ ਕਰਕੇ ਨਾ ਸਿਰਫ ਰੂਸ ਸਗੋਂ ਅਮਰੀਕਾ ਤੇ ਪੱਛਮੀ ਯੂਰਪੀ ਮੁਲਕਾਂ ਲਈ ਵੀ ਇਸ ਇਲਾਕੇ ਵਿਚ ਆਪਣੇ ਆਰਥਿਕ, ਸਿਆਸੀ ਤੇ ਫੌਜੀ ਹਿੱਤਾਂ ਲਈ ਕਾਫੀ ਮਹੱਤਵਪੂਰਨ ਹੈ। ਅਮਰੀਕਾ ਦਾ ਇਸ ਮਸਲੇ ਵਿਚ ਦਖਲ ਜਮਹੂਰੀਅਤ ਲਈ ਪਿਆਰ ਵਿਚੋਂ ਨਹੀਂ ਉਭਰਿਆ, ਜਿਵੇਂ ਅਮਰੀਕਾ ਪੱਖੀ ਮੀਡੀਆ ਸਾਬਤ ਕਰਨ ਲੱਗਾ ਹੋਇਆ ਹੈ ਸਗੋਂ ਰੂਸ ਨਾਲ ਆਪਣੀ ਖਹਿ ਦਾ ਹੀ ਨਤੀਜਾ ਹੈ।

ਦਸੰਬਰ 1991 ਵਿਚ ਸੋਵੀਅਤ ਯੂਨੀਅਨ ਦੇ ਖਿੰਡਾਅ ਮਗਰੋਂ ਯੂਕਰੇਨ ਤੇ ਰੂਸ ਵੱਖੋ-ਵੱਖਰੇ ਮੁਲਕਾਂ ਵਜੋਂ ਵਜੂਦ ਰੱਖਣ ਲੱਗੇ। ਰੂਸੀ ਹਾਕਮਾਂ ਦੀ ਉਦੋਂ ਤੋਂ ਹੀ ਕੋਸ਼ਿਸ਼ ਸੀ ਕਿ ਯੂਕਰੇਨ ਤੇ ਉਨ੍ਹਾਂ ਦਾ ਭਾਰੂ ਕੰਟਰੋਲ ਰਹੇ ਪਰ ਅੰਦਰੂਨੀ ਤੇ ਬਾਹਰੀ ਕਾਰਨਾਂ ਕਰਕੇ ਇਹ ਉਸ ਸਮੇਂ ਸੰਭਵ ਨਹੀਂ ਹੋ ਸਕਿਆ। ਯੂਕਰੇਨ ਦੇ ਹਾਕਮ ਦੇਰ-ਸਵੇਰ ਰੂਸ ਦੇ ਹਾਕਮਾਂ ਦੀ ਵਿਸਥਾਰਵਾਦੀ ਨੀਤੀ ਤੋਂ ਡਰਦਿਆਂ ਪੱਛਮੀ ਯੂਰਪ ਦੇ ਮੁਲਕਾਂ ਨਾਲ ਸਬੰਧ ਵਧੇਰੇ ਮਜ਼ਬੂਤ ਬਣਾਉਣ ਦੇ ਚਾਹਵਾਨ ਸਨ ਪਰ ਉਦੋਂ ਨਾ ਤਾਂ ਅਮਰੀਕਾ ਅਤੇ ਨਾ ਹੀ ਪੱਛਮੀ ਯੂਰਪ ਦੇ ਮੁਲਕਾਂ ਦੀ ਯੂਕਰੇਨ ਨਾਲ ਕੋਈ ਬਹੁਤੇ ਨੇੜਲੇ ਰਿਸ਼ਤੇ ਬਣਾਉਣ ਦੀ ਲੋੜ ਸੀ ਕਿਉਂ ਜੋ ਸੋਵੀਅਤ ਯੂਨੀਅਨ ਦੇ ਖਿੰਡਾਅ ਨਾਲ ਅਮਰੀਕਾ ਦੀ ਚੌਧਰ ਨੂੰ ਰੂਸੀ ਚੁਣੌਤੀ ਕਮਜ਼ੋਰ ਹੋ ਗਈ ਸੀ। ਯੂਕਰੇਨ ਤੇ ਰੂਸ ਵਿਚਲੇ ਸਬੰਧ 2003 ਵਿਚ ਵਿਗੜਨੇ ਸ਼ੁਰੂ ਹੋਏ ਜਦ ਰੂਸ ਨੇ ਅਚਨਚੇਤ ਯੂਕਰੇਨ ਦੇ ਤੁਜਲਾ ਟਾਪੂ ਨੇੜੇ ਕਰਸ ਵਿਚ ਬੰਨ੍ਹ ਦੀ ਉਸਾਰੀ ਸ਼ੁਰੂ ਕਰ ਦਿੱਤੀ। ਬੰਨ੍ਹ ਦੀ ਉਸਾਰੀ ਭਾਵੇਂ ਰੋਕ ਦਿੱਤੀ ਗਈ ਪਰ ਰੂਸ-ਯੂਕਰੇਨ ਦੁਵੱਲੇ ਰਿਸ਼ਤਿਆਂ ਵਿਚ ਦਰਾੜ ਪੈਣੀ ਸ਼ੁਰੂ ਹੋ ਗਈ ਜੋ ਵਧਦੀ ਹੀ ਗਈ।

ਯੂਕਰੇਨ ਵਿਚ 2004 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਰੂਸ ਦੇ ਪਸੰਦੀਦਾ ਉਮੀਦਵਾਰ ਦੀ ਹਾਰ ਹੋਈ। ਯੁਸਚੈਨਕੋ ਰਾਸ਼ਟਰਪਤੀ ਬਣਿਆ ਜੋ ਰੂਸ ਦਾ ਯੂਕਰੇਨ 'ਚ ਦਖਲ ਘਟਾਉਣ ਲਈ ਪੱਛਮੀ ਯੂਰਪ ਨਾਲ ਮਜਬੂਤ ਰਿਸ਼ਤੇ ਨੂੰ ਤਰਜੀਹ ਦਿੰਦਾ ਸੀ। ਪੂਤਿਨ ਨੇ ਉਦੋਂ ਯੂਕਰੇਨ 'ਤੇ ਕਈ ਆਰਥਿਕ ਰੋਕਾਂ ਥੋਪੀਆਂ ਤੇ ਰੂਸ ਵੱਲੋਂ ਯੂਕਰੇਨ ਨੂੰ ਦਿੱਤੀ ਜਾਂਦੀ ਕੁਦਰਤੀ ਗੈਸ ਉਤੇ ਵੀ ਰੋਕ ਲਗਾਈ। ਇਸ ਸਮੇਂ ਤੱਕ ਅਮਰੀਕਾ ਲਈ ਰੂਸ ਤਾਕਤ ਦੇ ਰੂਪ ਵਿਚ ਮੁੜ ਉਭਰ ਚੁੱਕਾ ਸੀ ਤੇ ਉਸ ਦੇ ਗੁਆਂਢੀ ਮੁਲਕ ਯੂਕਰੇਨ ਨਾਲ ਇਸ ਵਿਰੋਧਤਾਈ ਦਾ ਫਾਇਦਾ ਅਮਰੀਕਾ ਨੇ ਲੈਣ ਦੀ ਪੂਰੀ ਕੋਸ਼ਿਸ਼ ਕੀਤੀ। 2008 ਵਿਚ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਜਾਰਜ ਬੁਸ਼ ਨੇ ਯੂਕਰੇਨ ਨੂੰ ਨਾਟੋ ਦਾ ਮੈਂਬਰ ਬਣਾਉਣ ਦਾ ਅਮਲ ਤੇਜ਼ ਕਰਨ ਦੀ ਕੋਸ਼ਿਸ਼ ਕੀਤੀ ਪਰ ਰੂਸ ਨੇ ਇਸ ਆਸ ਨੂੰ ਬੂਰ ਨਾ ਪੈਣ ਦਿੱਤਾ। 2013 ਵਿਚ ਯੂਕਰੇਨ ਨੇ ਨਾਟੋ ਦਾ ਮੈਂਬਰ ਬਣਨ ਦੀ ਪ੍ਰਕਿਰਿਆ ਮੁੜ ਚਲਾਉਣ ਦਾ ਯਤਨ ਕੀਤਾ ਪਰ ਇੱਕ ਵਾਰੀ ਫਿਰ ਰੂਸ ਨੇ ਕੋਸ਼ਿਸ਼ ਅਸਫਲ ਕਰ ਦਿੱਤੀ। ਪੰਜ ਨਾਟੋ ਮੁਲਕਾਂ (ਨਾਰਵੇ, ਅਸਟੋਨੀਆ, ਲਾਤਵੀਆ, ਲਿਥੂਏਨੀਆ, ਪੋਲੈਂਡ) ਨਾਲ ਰੂਸ ਦੀ ਸਰਹੱਦ ਲਗਦੀ ਹੈ ਤੇ ਰੂਸ ਦੀ ਲੰਮੇ ਸਮੇਂ ਤੋਂ ਮੰਗ ਹੈ ਕਿ ਇਨ੍ਹਾਂ ਦੇਸ਼ਾਂ ਵਿਚੋਂ ਨਾਟੋ ਫੌਜਾਂ ਪਿੱਛੇ ਹਟਾਈਆਂ ਜਾਣ ਅਤੇ ਅਮਰੀਕਾ ਯੂਰਪ ਵਿਚੋਂ ਆਪਣੇ ਪਰਮਾਣੂ ਹਥਿਆਰ ਵੀ ਹਟਾ ਲਵੇ। ਅਮਰੀਕਾ ਦੀ ਕੋਸ਼ਿਸ਼ ਇਹ ਰਹੀ ਹੈ ਕਿ ਨਾਟੋ ਤੇ ਪੱਛਮੀ ਯੂਰਪ ਦੇ ਆਪਣੇ ਹਮਾਇਤੀਆਂ ਨਾਲ ਰਲ ਕੇ ਰੂਸ ਦੇ ਸਰਹੱਦੀ ਮੁਲਕਾਂ ਵਿਚ ਲਗਾਤਾਰ ਫੌਜੀ ਰਸੂਖ ਵਧਾਇਆ ਜਾਵੇ। ਪੂਰਬੀ ਯੂਰਪ ਵਿਚੋਂ ਯੂਕਰੇਨ ਹੀ ਉਹ ਮੁਲਕ ਹੈ ਜਿਸ ਨਾਲ ਰੂਸ ਦੀ ਸਭ ਤੋਂ ਲੰਮੀ ਸਰਹੱਦ ਲਗਦੀ ਹੈ ਅਤੇ ਰੂਸ ਤੇ ਅਮਰੀਕਾ ਲਈ ਯੂਕਰੇਨ ਦਾ ਮਹੱਤਵ ਇਸ ਤੱਥ ਤੋਂ ਹੀ ਸਾਫ ਹੈ।

ਮੌਜੂਦਾ ਰੂਸ-ਯੂਕਰੇਨ ਟਕਰਾਅ ਦੀਆਂ ਤੰਦਾਂ ਸਭ ਤੋਂ ਜ਼ਿਆਦਾ 2014 ਦੀਆਂ ਘਟਨਾਵਾਂ ਨਾਲ ਜੁੜੀਆਂ ਹਨ। ਨਵੰਬਰ 2013 ਤੋਂ ਹੀ ਯੂਕਰੇਨ ਵਿਚ ਵਿਰੋਧੀ ਧਿਰ ਅਤੇ ਆਮ ਲੋਕਾਈ ਵੱਲੋਂ ਉਸ ਸਮੇਂ ਦੇ ਰਾਸ਼ਟਰਪਤੀ ਯਾਨੂਕੋਯਵਿਚ ਦਾ ਜ਼ਬਰਦਸਤ ਵਿਰੋਧ ਸ਼ੁਰੂ ਹੋਇਆ ਜਿਸ ਦਾ ਫੌਰੀ ਕਾਰਨ ਯਾਨੂਕੋਯਵਿਚ ਵੱਲੋਂ ਯੂਰਪੀ ਯੂਨੀਅਨ ਨਾਲ ਆਰਥਿਕ ਸਮਝੌਤਾ ਨੇਪਰੇ ਨਾ ਚਾੜ੍ਹਨਾ ਸੀ। ਬਾਅਦ ਵਿਚ ਇਸ ਨਾਲ ਸਰਕਾਰ ਉਤੇ ਭ੍ਰਿਸ਼ਟਾਚਾਰ, ਯੂਕਰੇਨ ਵਿਚ ਮਨੁੱਖੀ ਅਧਿਕਾਰਾਂ ਦਾ ਘਾਣ, ਤਾਕਤ ਦੀ ਦੁਰਵਰਤੋਂ ਆਦਿ ਜਿਹੇ ਕਾਰਨ ਵੀ ਜੁੜ ਗਏ। 2014 ਦੇ ਪਹਿਲੇ ਮਹੀਨਿਆਂ ਵਿਚ ਇਹ ਵਿਰੋਧ ਕਾਫੀ ਵਧ ਗਿਆ ਤੇ ਯਾਨੂਕੋਯਵਿਚ ਨੂੰ ਆਖਰਕਾਰ ਯੂਕਰੇਨ ਛੱਡ ਕੇ ਰੂਸ ਵਿਚ ਸ਼ਰਨ ਲੈਣੀ ਪਈ। ਯੂਕਰੇਨ ਵਿਚ ਫੌਰੀ ਕਿਸੇ ਸਰਕਾਰ ਦੀ ਅਣਹੋਂਦ, ਅਰਾਜਕਤਾ ਦੇ ਮਾਹੌਲ ਵਿਚ ਰੂਸ ਨੇ ਆਪਣਾ ਮੌਕਾ ਦੇਖਿਆ ਤੇ ਫੌਜੀ ਦਖਲ ਰਾਹੀਂ ਯੂਕਰੇਨ ਦਾ ਕ੍ਰਿਮੀਆਈ ਇਲਾਕਾ ਹਥਿਆ ਲਿਆ। ਇਸ ਦੇ ਨਾਲ ਵੀ ਯੂਕਰੇਨ ਦੀ ਪੂਰਬੀ ਸਰਹੱਦ ਉਤੇ ਡੋਨਬਾਸ ਦੇ ਇਲਾਕੇ ਵਿਚ ਵੀ ਕੁਝ ਸਥਾਨਕ ਗਰੁੱਪਾਂ ਤੇ ਫੌਜੀ ਤਾਕਤਾਂ ਨਾਲ ਹਮਲਾ ਬੋਲ ਦਿੱਤਾ। ਇੱਥੇ ਵੀ ਇੱਕ ਹਿੱਸੇ ਉਤੇ ਹੁਣ ਰੂਸ ਦਾ ਕਬਜ਼ਾ ਹੈ ਅਤੇ 2014 ਤੋਂ ਹੀ ਯੂਕਰੇਨੀ ਫੌਜ ਨਾਲ ਕਿਸੇ ਨਾ ਕਿਸੇ ਰੂਪ ਵਿਚ ਲੜਾਈ ਚੱਲ ਰਹੀ ਹੈ। 2014 ਵਿਚ ਯੂਕਰੇਨ ਤੋਂ ਹਥਿਆਏ ਇਲਾਕਿਆਂ ਨਾਲ ਰੂਸੀ ਸਦਰ ਵਲਾਦੀਮੀਰ ਪੂਤਿਨ ਨੂੰ ਵੀ ਕਾਫੀ ਸਿਆਸੀ ਲਾਹਾ ਹੋਇਆ ਕਿਉਂ ਜੋ ਦਹਾਕੇ ਦੀ ਸ਼ੁਰੂਆਤ ਤੋਂ ਰੂਸੀਆਂ ਵਿਚ ਉਸ ਦੀ ਘਟਦੀ ਲੋਕਪ੍ਰਿਯਤਾ ਨੂੰ ਮੁੜ ਹੁਲਾਰਾ ਮਿਲਿਆ।

ਅਮਰੀਕਾ ਤੇ ਉਸ ਦੇ ਹਮਾਇਤੀ ਪੱਛਮੀ ਯੂਰਪੀ ਮੁਲਕਾਂ ਲਈ ਰੂਸ ਦੀ ਤਾਕਤ ਨੂੰ ਕੰਟਰੋਲ ਵਿਚ ਰੱਖਣ ਲਈ ਯੂਕਰੇਨ ਦਾ ਮਹੱਤਵ ਜੱਗ ਜ਼ਾਹਿਰ ਹੈ। 2014 ਤੋਂ ਪਹਿਲਾਂ ਵੀ ਅਮਰੀਕਾ ਯੂਕਰੇਨ ਨੂੰ 'ਮਦਦ' ਵਜੋਂ ਸਾਲਾਨਾ 20 ਕਰੋੜ ਅਮਰੀਕੀ ਡਾਲਰ ਦਿੰਦਾ ਸੀ ਤੇ ਨਾਲ ਹੀ ਵੱਖ ਵੱਖ ਰੂਪਾਂ ਵਿਚ ਫੌਜੀ ਮਦਦ ਵੀ ਮੁਹੱਈਆ ਕਰਵਾਉਂਦਾ ਸੀ। ਜਦ ਰੂਸ ਨੇ ਯੂਕਰੇਨ ਦੇ ਕਰੀਮੀਆ ਤੇ ਡੋਨਬਾਸ ਇਲਾਕੇ ਉਤੇ ਹਮਲਾ ਕੀਤਾ ਤਾਂ ਆਪਣੇ ਭੂ-ਸਿਆਸੀ ਹਿੱਤਾਂ ਨੂੰ ਦੇਖਦਿਆਂ ਯੂਕਰੇਨ ਨੂੰ 'ਵਿਕਾਸ ਤੇ ਸੁਰੱਖਿਆ' ਲਈ ਦਿੱਤੀ ਜਾਣ ਵਾਲੀ ਮਦਦ ਵਧਾ ਕੇ ਸਾਲਾਨਾ 60 ਕਰੋੜ ਅਮਰੀਕੀ ਡਾਲਰ ਤੋਂ ਵੀ ਵੱਧ ਕਰ ਦਿੱਤੀ। ਇਸ ਤੋਂ ਬਿਨਾਂ ਅਮਰੀਕਾ ਯੂਕਰੇਨੀ ਫੌਜ ਨੂੰ ਆਧੁਨਿਕ ਫੌਜੀ ਹਥਿਆਰਾਂ ਤੇ ਸਾਜ਼ੋ-ਸਮਾਨ ਨਾਲ ਲੈਸ ਕਰਨ ਵਿਚ ਰੁੱਝਿਆ ਹੈ।

ਦੂਜੇ ਪਾਸੇ ਰੂਸੀ ਹਾਕਮ, ਖਾਸਕਰ ਪੂਤਿਨ ਐਲਾਨਦੇ ਆਏ ਹਨ ਕਿ ਯੂਕਰੇਨ ਤਾਂ ਰੂਸ ਦਾ ਹੀ ਅਟੁੱਟ ਅੰਗ ਹੈ। ਰੂਸ ਦੇ ਪੂਰਬੀ ਯੂਰਪ, ਉਤਰੀ ਅਫਰੀਕਾ ਆਦਿ ਇਲਾਕੇ ਵਿਚ ਦਖਲ ਵਧਾਉਣ ਲਈ ਤੇ ਅਮਰੀਕਾ ਦੀ ਅਗਵਾਈ ਵਾਲੇ ਪਾਲੇ ਦੀ ਆਪਣੀ ਸਰਹੱਦ ਉਤੇ ਫੌਜੀ ਤਾਕਤ ਨੂੰ ਠੱਲ੍ਹ ਪਾਉਣ ਲਈ ਯੂਕਰੇਨ ਨੂੰ ਆਪਣੇ ਕੰਟਰੋਲ ਹੇਠ ਰੱਖਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਯੂਕਰੇਨ ਦਾ ਰੂਸ ਲਈ ਆਰਥਿਕ ਮਹੱਤਵ ਵੀ ਹੈ ਕਿਉਂਕਿ ਜੋ ਡੋਨਬਾਸ ਦੇ ਇਲਾਕੇ ਵਿਚ ਕੋਲਾ ਕਾਫੀ ਮਾਤਰਾ ਵਿਚ ਹੈ; ਦੂਜਾ, ਪੱਛਮੀ ਯੂਰਪ ਨੂੰ ਰੂਸ ਵੱਲੋਂ ਬਰਾਮਦ ਕੀਤੀ ਜਾਂਦੀ ਕੁਦਰਤੀ ਗੈਸ ਦਾ ਵੱਡਾ ਹਿੱਸਾ ਯੂਕਰੇਨ ਰਾਹੀਂ ਹੋ ਕੇ ਜਾਂਦਾ ਹੈ। ਇਨ੍ਹਾਂ ਹਿੱਤਾਂ ਕਾਰਨ ਹੀ ਰੂਸ ਦਾ 2014 ਤੋਂ ਯੂਕਰੇਨ ਨਾਲ ਟਕਰਾਅ ਤਿੱਖਾ ਹੁੰਦਾ ਗਿਆ।

# ਇਮਰਾਨ ਖਾਨ ਦੀ ਅਜ਼ਮਾਇਸ਼

ਇਮਰਾਨ ਖਾਨ ਪਾਕਿਸਤਾਨ ਦਾ ਪਹਿਲਾ ਅਜਿਹਾ ਪ੍ਰਧਾਨ ਮੰਤਰੀ ਬਣ ਗਿਆ ਹੈ ਜਿਸ ਨੇ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਅਤੇ ਆਈ.ਐਸ.ਆਈ. ਦੇ ਲਾਲਸੀ ਮੁਖੀ ਲੈਫਟੀਨੈਂਟ ਜਨਰਲ ਫੈਜ਼ ਹਮੀਦ ਵਿਚਕਾਰ ਸੇਹ ਦਾ ਤੱਕਲਾ ਗੱਡ ਦਿੱਤਾ ਹੈ। ਜਨਰਲ ਹਮੀਦ ਦੀ ਖਾਹਿਸ਼ ਰਹੀ ਹੈ ਕਿ ਜਦੋਂ ਜਨਰਲ ਬਾਜਵਾ ਸੇਵਾਮੁਕਤ ਹੋਣਗੇ ਤਾਂ ਉਹ ਉਨ੍ਹਾਂ ਦੀ ਥਾਂ ਪਹਿਲੀ ਨਵੰਬਰ 2022 ਨੂੰ ਫੌਜ ਦੇ ਮੁਖੀ ਬਣ ਜਾਣਗੇ।

**ਜੀ. ਪਾਰਥਾਸਾਰਥੀ**

ਹਮੀਦ ਨੇ ਅਫਗਾਨਿਸਤਾਨ ਵਿਚ ਹੱਕਾਨੀ ਨੈੱਟਵਰਕ ਜਿਹੇ ਆਈ.ਐਸ.ਆਈ. ਦੇ ਪਿੱਠੂਆਂ ਨੂੰ ਵਰਤ ਕੇ ਜਿਵੇਂ ਮੁੱਲ੍ਹਾ ਅਬਦੁਲ ਗਨੀ ਬਰਾਦਰ ਨੂੰ ਕਾਬੁਲ ਤੋਂ ਖਦੇੜ ਕੇ ਕੰਧਾਰ ਭੱਜਣ ਲਈ ਮਜਬੂਰ ਕੀਤਾ ਸੀ, ਉਸ ਨਾਲ ਉਨ੍ਹਾਂ ਚੋਖੀ ਆਲਮੀ ਖੁਨਾਮੀ ਖੱਟੀ ਸੀ। ਉਸ ਵੇਲੇ ਮੁੱਲ੍ਹਾ ਬਰਾਦਰ ਨਵੇਂ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਣ ਦੀ ਤਿਆਰੀ ਵਿਚ ਸਨ। ਉਨ੍ਹਾਂ ਤੋਂ ਬਾਅਦ ਆਈ.ਐਸ.ਆਈ. ਦੇ ਤਤਕਾਲੀ ਮੁਖੀ ਜਨਰਲ ਹਮੀਦ ਦੀ ਮੌਜੂਦਗੀ ਵਿਚ ਨਵੀਂ ਅਫਗਾਨ ਵਜ਼ਾਰਤ ਕਾਇਮ ਕੀਤੀ ਗਈ। ਇਸ ਨਵੇਂ ਪ੍ਰਬੰਧ ਨੂੰ ਹਾਲਾਂਕਿ ਇਮਰਾਨ ਖਾਨ ਵਲੋਂ ਜ਼ਾਹਰਾ ਤੌਰ ਤੇ ਥਾਪੜਾ ਦਿੱਤਾ ਜਾ ਰਿਹਾ ਸੀ ਪਰ ਇਸ ਨੇ ਉਨ੍ਹਾਂ ਲਈ ਕਈ ਨਵੀਆਂ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀਆਂ। ਅਜਿਹਾ ਕੋਈ ਰਾਹ ਨਜ਼ਰ ਨਹੀਂ ਆ ਰਿਹਾ ਕਿ ਹਮੀਦ ਦਾ ਜਾਨਸ਼ੀਨ ਲੈਫਟੀਨੈਂਟ ਜਨਰਲ ਨਦੀਮ ਅਹਿਮਦ ਅੰਜੁਮ ਇਮਰਾਨ ਖਾਨ ਦੀ ਉਵੇਂ ਫਰਮਾਬਰਦਾਰੀ ਕਰੇਗਾ ਜਿਵੇਂ ਹਮੀਦ ਕਰਦਾ ਸੀ।

ਕੋਈ ਹੈਰਾਨੀ ਦੀ ਗੱਲ ਨਹੀਂ ਜਦੋਂ ਅਫਗਾਨਿਸਤਾਨ ਦੇ ਪੰਜ ਮੱਧ ਏਸ਼ਿਆਈ ਮੁਲਕਾਂ ਦੇ ਵਿਦੇਸ਼ ਮੰਤਰੀ ਇਸਲਾਮਾਬਾਦ ਵਿਚ ਇਸਲਾਮੀ ਮੁਲਕਾਂ (ਓ.ਆਈ.ਸੀ.) ਦੀ ਮੰਤਰੀ ਪੱਧਰ ਦੀ ਕਾਨਫਰੰਸ ਵਿਚੋਂ ਉਠ ਕੇ ਖੇਤਰੀ ਸਹਿਯੋਗ ਵਧਾਉਣ ਤੇ ਤਾਲਿਬਾਨ ਦੇ ਸ਼ਾਸਨ ਕਾਰਨ ਪੈਦਾ ਹੋ ਰਹੀਆ ਮੁਸ਼ਕਿਲਾਂ ਤੇ ਚਰਚਾ ਕਰਨ ਲਈ ਦਿੱਲੀ ਵਿਚ ਬੁਲਾਈ ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿਚ ਪੁੱਜ ਗਏ ਸਨ। ਮੀਟਿੰਗ ਵਿਚ ਸ਼ਾਮਲ ਹੋਣ ਵਾਲੇ ਹੋਰ ਨੁਮਾਇੰਦਿਆਂ ਵਿਚ ਅਮਰੀਕਾ ਅਤੇ ਉਸ ਦੇ ਸਾਥੀ ਮੁਲਕਾਂ ਦੇ ਦਰਮਿਆਨੇ ਪੱਧਰ ਦੇ ਅਧਿਕਾਰੀ ਮੌਜੂਦ ਸਨ। ਇਸਲਾਮਾਬਾਦ ਕਾਨਫਰੰਸ ਦਾ ਉਦਘਾਟਨ ਇਮਰਾਨ ਖਾਨ ਨੇ ਕੀਤਾ ਸੀ। ਬਹਰਹਾਲ, ਕਾਨਫਰੰਸ ਵਿਚ ਸ਼ਿਰਕਤ ਕਰਨ ਵਾਲੇ ਮੁਲਕਾਂ ਤੋਂ ਬਹੁਤੀ ਇਮਦਾਦ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

ਇਮਰਾਨ ਖਾਨ ਦੇ ਸ਼ਾਸਨ ਹੇਠ ਪਾਕਿਸਤਾਨ ਨੇ ਤਾਲਿਬਾਨ ਦੇ ਸ਼ਾਸਨ ਕਰ ਕੇ ਪੈਦਾ ਹੋਣ ਵਾਲੇ ਆਲਮੀ ਖਦਸ਼ਿਆਂ ਤੋਂ ਆਰਥਿਕ ਲਾਹਾ ਖੱਟਣ ਵਾਸਤੇ ਹਰ ਤਰ੍ਹਾਂ ਦਾ ਹਰਬਾ ਅਜ਼ਮਾ ਲਿਆ ਹੈ। ਇਮਰਾਨ ਖਾਨ ਨੂੰ ਦਰਪੇਸ਼ ਸਭ ਤੋਂ ਗੰਭੀਰ ਚੁਣੌਤੀਆਂ ਉਨ੍ਹਾਂ ਦੀਆਂ ਅੰਦਰੂਨੀ ਦਿੱਕਤਾਂ ਕਾਰਨ ਪੈਦਾ ਹੋਈਆਂ ਹਨ। ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਇਮਰਾਨ ਖਾਨ ਨੇ ਜਿਹੋ ਜਿਹੇ ਬਿਆਨ ਦਿੱਤੇ ਹਨ, ਉਸ ਨਾਲ ਉਹ ਇਕ ਲੇਖੇ ਤਾਲਿਬਾਨ ਦੇ ਤਰਜਮਾਨ ਬਣ ਗਏ ਹਨ ਜਿਨ੍ਹਾਂ ਵਲੋਂ ਔਰਤਾਂ ਨੂੰ ਰੁਜ਼ਗਾਰ ਤੇ ਸਿੱਖਿਆ ਹਾਸਲ ਕਰਨ ਦੇ ਬਰਾਬਰ ਮੌਕੇ ਨਹੀਂ ਦਿੱਤੇ ਜਾ ਰਹੇ। ਅਮਰੀਕਾ ਅਤੇ ਉਨ੍ਹਾਂ ਦੇ ਯੂਰਪੀ ਭਿਆਲਾਂ ਤੇ ਕਈ ਇਸਲਾਮੀ ਮੁਲਕਾਂ ਵਲੋਂ ਵੀ ਉਨ੍ਹਾਂ ਦੇ ਇਨ੍ਹਾਂ ਬਿਆਨਾਂ ਨੂੰ ਉੱਕਾ ਹੀ ਪਸੰਦ ਨਹੀਂ ਕੀਤਾ ਗਿਆ। ਅਫਗਾਨਿਸਤਾਨ ਨੂੰ ਅਤਿ ਲੋੜੀਂਦੀ ਕੌਮਾਂਤਰੀ ਆਰਥਿਕ ਇਮਦਾਦ ਮੁਹੱਈਆ ਕਰਵਾਉਣ ਲਈ ਵਾਰਤਾਵਾਂ ਦਾ ਦੌਰ ਚੱਲ ਰਿਹਾ ਹੈ। ਭਾਰਤ, ਇਰਾਨ ਅਤੇ ਇਨ੍ਹਾਂ ਦੇ ਮੱਧ ਏਸ਼ਿਆਈ ਮੁਲਕਾਂ ਨੂੰ ਇਰਾਨ ਵਿਚਲੀ ਚਾਬਹਾਰ ਬੰਦਰਗਾਹ ਦੀ ਵਰਤੋਂ ਵਧਾਉਣ ਦੇ ਤੌਰ ਤਰੀਕੇ ਲੱਭਣੇ ਚਾਹੀਦੇ ਹਨ ਤਾਂ ਕਿ ਅਫਗਾਨਿਸਤਾਨ ਲਈ ਰਾਹਤ ਸਮੱਗਰੀ ਪਹੁੰਚਾਉਣ ਦਾ ਲਾਂਘਾ ਖੁੱਲ੍ਹ ਸਕੇ। ਪਾਕਿਸਤਾਨ ਨੂੰ ਅਫਗਾਨਿਸਤਾਨ ਲਈ ਰਾਹਤ ਸਮੱਗਰੀ ਪੁੱਜਦੀ ਕਰਨ ਵਿਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਲੋਚਿਸਤਾਨ ਵਿਚ ਨਾ ਪਾਕਿਸਤਾਨ ਦੀ ਕੋਈ ਭੱਲ ਹੈ ਅਤੇ ਨਾ ਹੀ ਉਸ ਦੇ ਸਦਾਬਹਾਰ ਦੋਸਤ ਚੀਨ ਦੀ। ਬਲੋਚਾਂ ਦੇ ਰੋਹ ਅਤੇ ਸੰਘਰਸ਼ ਨਾਲ ਸਿੱਝਣ ਲਈ ਪਾਕਿਸਤਾਨ ਵਲੋਂ ਨਿਰੰਤਰ ਯਤਨ ਕੀਤੇ ਜਾ ਰਹੇ ਹਨ ਤੇ ਇਹ ਸੰਘਰਸ਼ ਮੱਛੀਆਂ ਫੜਨ ਵਾਲੇ ਚੀਨ ਦੇ ਸਮੁੰਦਰੀ ਜਹਾਜ਼ਾਂ ਕਾਰਨ ਤਿੱਖੇ ਹੋ ਰਹੇ ਹਨ।

ਇਮਰਾਨ ਖਾਨ ਲਈ ਅਗਲੇ ਦੋ ਸਾਲ ਬਹੁਤ ਹੀ ਅਹਿਮ ਸਾਬਿਤ ਹੋਣ ਵਾਲੇ ਹਨ ਕਿਉਂਕਿ ਉਹ 2023 ਵਿਚ ਹੋਣ ਵਾਲੀਆਂ ਆਮ ਚੋਣਾਂ ਦੀ ਤਿਆਰੀ ਸ਼ੁਰੂ ਕਰ ਰਹੇ ਹਨ। ਚੋਣਾਂ ਤੋਂ ਪਹਿਲਾਂ ਇਕ ਵੱਡਾ ਫੈਸਲਾ ਇਹ ਕਰਨਾ ਪੈਣਾ ਹੈ ਕਿ ਪਾਕਿਸਤਾਨੀ ਫੌਜ ਦਾ ਅਗਲਾ ਮੁਖੀ ਕੌਣ ਹੋਵੇਗਾ ਕਿਉਂਕਿ ਜਨਰਲ ਬਾਜਵਾ ਨਵੰਬਰ 2022 ਵਿਚ ਸੇਵਾਮੁਕਤ ਹੋ ਜਾਣਗੇ। ਇਸ ਵਿਚ ਵੀ ਕੋਈ ਰਾਜ਼ ਦੀ ਗੱਲ ਨਹੀਂ ਰਹੀ ਕਿ ਇਮਰਾਨ ਖਾਨ ਅਤੇ ਫੌਜ ਦੇ ਮੌਜੂਦਾ ਮੁਖੀ ਵਿਚਕਾਰ ਹੁਣ ਪਹਿਲਾਂ ਵਾਲਾ ਪਿਆਰ ਤੇ ਖਲੂਸ ਨਹੀਂ ਰਿਹਾ। ਹਾਲ ਹੀ ਵਿਚ ਉਨ੍ਹਾਂ ਦੇ ਮੱਤਭੇਦ ਉਦੋਂ ਜੱਗ ਜ਼ਾਹਿਰ ਹੋ ਗਏ ਸਨ ਜਦੋਂ ਇਮਰਾਨ ਖਾਨ ਨੂੰ ਆਪਣੇ ਚਹੇਤੇ ਆਈ.ਐਸ.ਆਈ. ਦੇ ਮੁਖੀ ਨੂੰ ਕੋਰ ਕਮਾਂਡਰ ਦੇ ਤੌਰ ਤੇ ਤਬਦੀਲ ਕਰਨ ਲਈ ਜਨਰਲ ਬਾਜਵਾ ਦੇ ਹੁਕਮਾਂ ਤੇ ਫੁੱਲ ਚੜ੍ਹਾਉਣੇ ਪਏ ਸਨ ਤੇ ਇਸ ਦੇ ਨਾਲ ਹੀ ਲੈਫਟੀਨੈਂਟ ਜਨਰਲ ਨਦੀਮ ਅਹਿਮਦ ਅੰਜੁਮ ਦੀ ਆਈ.ਐਸ.ਆਈ. ਦੇ ਡਾਇਰੈਕਟਰ ਜਨਰਲ ਵਜੋਂ ਨਿਯੁਕਤੀ ਤੇ ਮੋਹਰ ਲਾਉਣੀ ਪਈ ਸੀ। ਅਮਰੀਕਾ ਵਲੋਂ ਵਿੱਢੀ ਗਈ 'ਦਹਿਸ਼ਤਗਰਦੀ ਖਿਲਾਫ ਜੰਗ' ਵਿਚ ਨਿਭਾਈ ਭੂਮਿਕਾ ਬਾਰੇ ਪਾਕਿਸਤਾਨ ਦੇ ਦਾਅਵਿਆਂ ਦੇ ਬਾਵਜੂਦ ਉਸ ਤੇ ਤਾਲਿਬਾਨ ਦੀ ਮਦਦ ਕਰਨ ਦੇ ਲਗਾਤਾਰ ਦੋਸ਼ ਲਗਦੇ ਰਹੇ ਸਨ। ਇਮਰਾਨ ਖਾਨ ਨੇ ਅਮਰੀਕਾ ਦੀ 'ਦਹਿਸ਼ਤਗਰਦੀ ਖਿਲਾਫ ਜੰਗ' ਵਿਚ ਪਾਕਿਸਤਾਨ ਦੇ ਸ਼ਰੀਕ ਹੋਣ ਦੇ ਫੈਸਲੇ ਤੇ ਦੁੱਖ ਜਤਾਇਆ ਸੀ ਅਤੇ ਇਸ ਨੂੰ 'ਆਪਣੇ ਆਪ ਨੂੰ ਜ਼ਖਮੀ ਕਰਨ ਵਾਲਾ ਕਦਮ' ਕਰਾਰ ਦਿੱਤਾ ਸੀ। ਮਜ਼ੇ ਦੀ ਗੱਲ ਇਹ ਹੈ ਕਿ ਕਰੀਬ ਦੋ ਦਹਾਕਿਆਂ ਤੱਕ ਅਮਰੀਕਾ ਤੋਂ ਭਰਵੀਂ ਆਰਥਿਕ ਤੇ ਫੌਜੀ ਇਮਦਾਦ ਹਾਸਲ ਕਰਨ ਤੋਂ ਬਾਅਦ ਪਾਕਿਸਤਾਨ ਦਾ ਹੁਣ ਵਾਸ਼ਿੰਗਟਨ ਤੋਂ ਮਨ ਭਰ ਗਿਆ ਹੈ। ਉਂਝ, ਜ਼ਿਆਦਾਤਰ ਪਾਕਿਸਤਾਨੀ ਮੰਨਦੇ ਹਨ ਕਿ ਉਹ ਪਾਕਿਸਤਾਨ ਦੇ ਇਸ ਦੋਗਲੇਪਣ ਦਾ ਖਮਿਆਜ਼ਾ ਭੁਗਤ ਰਹੇ ਹਨ।

ਭਾਰਤ ਨੇ ਅਫਗਾਨਿਸਤਾਨ ਵਿਚ ਅਮਰੀਕੀਆਂ ਦੀ ਦਹਿਸ਼ਤਗਰਦੀ ਖਿਲਾਫ ਜੰਗ ਵਿਚ ਨਾ ਉਲਝ ਕੇ ਬਹੁਤ ਵਧੀਆ ਫੈਸਲਾ ਕੀਤਾ ਸੀ ਹਾਲਾਂਕਿ ਇਸ ਵਲੋਂ ਚੁਣੀਆਂ ਹੋਈਆਂ ਅਫਗਾਨ ਹਕੂਮਤਾਂ ਨੂੰ ਰੱਖਿਆ ਤੇ ਆਰਥਿਕ ਇਮਦਾਦ ਮੁਹੱਈਆ ਕਰਵਾਈ ਜਾਂਦੀ ਸੀ। ਰਾਸ਼ਟਰਪਤੀ ਜੋਅ ਬਾਇਡਨ ਆਪਣੇ ਦਿਲ ਵਿਚ ਅਜੇ ਵੀ ਪਾਕਿਸਤਾਨ ਪ੍ਰਤੀ ਕਾਫੀ ਰਿੰਘ ਰੱਖਦੇ ਹਨ। ਇਸ ਦਾ ਖੁਲਾਸਾ ਉਦੋਂ ਹੋਇਆ ਜਦੋਂ ਉਨ੍ਹਾਂ ਹਾਲ ਹੀ ਵਿਚ ਕਰਵਾਏ ਗਏ ਬਹੁ-ਚਰਚਿਤ 'ਲੋਕਰਾਜ ਦੇ ਸਿਖਰ ਸੰਮੇਲਨ' ਲਈ ਪਾਕਿਸਤਾਨ ਨੂੰ ਸੱਦਾ ਭੇਜਿਆ ਸੀ। ਹਾਲਾਂਕਿ ਉਨ੍ਹਾਂ ਇਸ ਤੱਥ ਵੱਲ ਧਿਆਨ ਨਹੀਂ ਦਿੱਤਾ ਸੀ ਕਿ ਪਾਕਿਸਤਾਨ ਦੇ ਕੌਮੀ ਜੀਵਨ ਵਿਚ ਫੌਜ ਦਾ ਬਹੁਤ ਜ਼ਿਆਦਾ ਦਖਲ ਹੈ। ਬਾਇਡਨ ਨੇ ਪਾਕਿਸਤਾਨ ਨੂੰ ਤਾਂ ਸੱਦਾ ਭੇਜ ਦਿੱਤਾ ਪਰ ਦੱਖਣੀ ਏਸ਼ੀਆ ਦੇ ਸ੍ਰੀਲੰਕਾ ਅਤੇ ਬੰਗਲਾਦੇਸ਼ ਜਿਹੇ ਲੋਕਰਾਜੀ ਮੁਲਕਾਂ ਨੂੰ ਨਹੀਂ ਸੱਦਿਆ ਸੀ। ਇਹ ਗੱਲ ਵੱਖਰੀ ਹੈ ਕਿ ਚੀਨ ਦੇ ਦਬਾਅ ਕਰ ਕੇ ਇਮਰਾਨ ਖਾਨ ਨੇ ਇਸ ਸਿਖਰ ਸੰਮੇਲਨ ਵਿਚ ਸ਼ਾਮਲ ਹੋਣ ਦਾ ਸੱਦਾ ਠੁਕਰਾ ਦਿੱਤਾ। ਬਿਨਾਂ ਸ਼ੱਕ, ਭਾਰਤ ਨੇ ਇਨ੍ਹਾਂ ਘਟਨਾਵਾਂ ਦਾ ਨੋਟਿਸ ਲਿਆ ਹੋਵੇਗਾ।

ਤਾਲਿਬਾਨ ਫੌਜੀਆਂ ਨੇ ਹਾਲ ਹੀ 'ਚ ਪਾਕਿ-ਅਫਗਾਨ ਸਰਹੱਦ ਦੀ ਡੂਰੰਡ ਲਾਈਨ ਉਪਰ ਪਾਕਿਸਤਾਨੀ ਫੌਜੀਆਂ ਵਲੋਂ ਕੀਤੀ ਘੁਸਪੈਠ ਦੀ ਕੋਸ਼ਿਸ਼ ਨੂੰ ਡੱਕਿਆ ਹੈ। ਅਫਗਾਨਿਸਤਾਨ ਲਈ ਇਹ ਸਰਹੱਦੀ ਰੇਖਾ ਅੰਗਰੇਜ਼ਾਂ ਨੇ ਵਾਹੀ ਸੀ। ਅਫਗਾਨ ਰੱਖਿਆ ਮਹਿਕਮੇ ਦੇ ਤਰਜਮਾਨ ਨੇ ਇਨਾਇਤੁੱਲ੍ਹਾ ਖਵਾਰਿਜ਼ਮੀ ਨੇ ਪਾਕਿਸਤਾਨੀ ਸਰਹੱਦੀ ਵਾੜ ਨੂੰ ਗ਼ੈਰਕਾਨੂੰਨੀ ਕਰਾਰ ਦਿੱਤਾ ਹੈ। ਅਫਗਾਨਾਂ ਵਲੋਂ ਇਸ ਸਮੁੱਚੀ ਘਟਨਾ ਦੀ ਵੀਡੀਓਗ੍ਰਾਫੀ ਕਰਵਾਈ ਗਈ ਹੈ। ਹੁਣ ਇਹ ਦੇਖਣਾ ਬਾਕੀ ਹੈ ਕਿ 2600 ਕਿਲੋਮੀਟਰ ਲੰਮੀ ਵਿਵਾਦਗ੍ਰਸਤ ਸਰਹੱਦ ਤੇ ਆਉਣ ਵਾਲੇ ਸਮਿਆਂ ਵਿਚ ਹੋਣ ਵਾਲੀਆਂ ਇਹੋ ਜਿਹੀਆਂ ਘਟਨਾਵਾਂ ਪ੍ਰਤੀ ਪਾਕਿਸਤਾਨ ਅਤੇ ਸਿਰਾਜੁਦੀਨ ਹਕਾਨੀ ਜਿਹੇ ਉਸ ਦੇ ਪਿੱਠੂ ਕੀ ਰੁਖ ਅਖਤਿਆਰ ਕਰਦੇ ਹਨ।

# ਪੰਜਾਬੀ ਭਾਸ਼ਾ ਦਾ ਦੀਵਾਨਾ ਆਸ਼ਕ ਜੋਗਿੰਦਰ ਸਿੰਘ ਪੁਆਰ-2

***ਪੰਜਾਬ ਦੇ ਸਾਹਿਤਕ ਅਤੇ ਬੌਧਿਕ ਹਲਕਿਆਂ ਅੰਦਰ ਡਾ. ਜੋਗਿੰਦਰ ਸਿੰਘ ਪੁਆਰ ਦਾ ਆਪਣਾ ਸਥਾਨ ਹੈ। ਮੁੱਖ ਰੂਪ ਵਿਚ ਭਾਸ਼ਾ ਉਨ੍ਹਾਂ ਦਾ ਕਾਰਜ ਖੇਤਰ ਸੀ। ਕੋਈ ਉਨ੍ਹਾਂ ਦੀ ਰਾਇ ਨਾਲ ਸਹਿਮਤ ਹੁੰਦਾ ਜਾਂ ਨਾ ਪਰ ਉਨ੍ਹਾਂ ਨੂੰ ਆਪਣੀ ਗੱਲ ਕਹਿਣ ਦਾ ਵੱਲ ਸੀ ਅਤੇ ਇਸ ਵੱਲ ਵਿਚ ਉਨ੍ਹਾਂ ਨੇ ਜ਼ਿੱਦ ਵੀ ਜੋੜੀ ਹੋਈ ਸੀ। ਉਘੇ ਲਿਖਾਰੀ ਵਰਿਆਮ ਸਿੰਘ ਸੰਧੂ ਨੇ ਉਨ੍ਹਾਂ ਬਾਰੇ ਲਿਖੀ ਲੰਮੀ ਰਚਨਾ 'ਪੰਜਾਬ ਟਾਈਮਜ਼' ਲਈ ਭੇਜੀ ਹੈ। ਇਸ ਵਿਚ ਡਾ. ਪੁਆਰ ਦੇ ਸੱਭੇ ਰੰਗ ਨਸ਼ਰ ਹੋਏ ਹਨ। ਇਸ ਲੰਮੇ, ਬੇਲਿਹਾਜ਼ ਲੇਖ ਦੀ ਦੂਜੀ ਕਿਸ਼ਤ ਹਾਜ਼ਰ ਹੈ।***

ਜਦੋਂ ਡਾ. ਜੋਗਿੰਦਰ ਸਿੰਘ ਪੁਆਰ ਮੁੱਖ ਮੰਤਰੀ ਬੇਅੰਤ ਸਿੰਘ ਕੋਲ, ਪਿੰਡ ਦੀ ਪੁਰਾਣੀ ਸਾਂਝ ਦੇ ਹਵਾਲੇ ਨਾਲ, ਇਹ ਜ਼ੋਰ ਪਾਉਣ ਗਿਆ ਕਿ ਉਹਨੂੰ ਪੰਜਾਬੀ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਲਾ ਦਿੱਤਾ ਜਾਵੇ ਤਾਂ ਬੇਅੰਤ ਸਿੰਘ ਨੇ ਹਾਲ ਦੀ ਘੜੀ ਵਾਈਸ ਚਾਂਸਲਰ ਦੀ ਥਾਂ ਪ੍ਰੋ-ਵਾਈਸ ਚਾਂਸਲਰ ਲਾਉਣ ਬਾਰੇ ਕਿਹਾ ਤੇ ਇਹ ਵੀ ਕਿਹਾ ਕਿ ਉਹ ਅੱਗੇ ਤੋਂ ਪੱਗ ਬੰਨ੍ਹਣੀ ਸ਼ੁਰੂ ਕਰੇ ਤਾਂ ਕਿ ਉਹਦਾ ਹੁਲੀਆ ਵੀ ਵਾਈਸ ਚਾਂਸਲਰ ਵਰਗਾ ਲੱਗੇ, "ਇਸ ਯੂਨੀਵਰਸਿਟੀ ਵਿਚ ਕੋਈ ਵੀ 'ਮੋਨਾ ਸਿੱਖ' ਵਾਈਸ ਚਾਂਸਲਰ ਨਹੀਂ ਲੱਗ ਸਕਦਾ!"



ਬਲਦੇਵ ਅਤੇ ਸੁਖਵਿੰਦਰ ਉਸ ਲਈ ਪੱਗਾਂ ਖਰੀਦ ਕੇ ਲਿਆਏ ਤੇ ਪੂਣੀਆਂ ਕਰਵਾ ਕੇ ਉਹਦਾ ਪੱਗ ਬੰਨ੍ਹਣ ਦਾ

**ਵਰਿਆਮ ਸਿੰਘ ਸੰਧੂ**
**ਫੋਨ: 98726-02296**

ਅਭਿਆਸ ਕਰਾਉਣ ਲੱਗੇ।

ਉਸ ਦਿਨ ਚੰਡੀਗੜ੍ਹੋਂ ਵਾਪਸੀ 'ਤੇ 'ਵਾਈਸ ਚਾਂਸਲਰ' ਨਾ ਲਾਏ ਜਾਣ ਦੇ ਹਵਾਲੇ ਨਾਲ ਪੁਆਰ ਨੇ ਸੁਖਵਿੰਦਰ ਨੂੰ ਕਿਹਾ, "ਅਸਲ ਵਿਚ ਬੇਅੰਤ ਸਿੰਘ ਅਜੇ ਵੀ ਮੈਨੂੰ ਪਿੰਡ ਵਾਲਾ 'ਜਿੰਦੂ' ਈ ਸਮਝਦੈ!"

ਉਹਨੂੰ ਲੱਗਦਾ ਸੀ ਕਿ ਉਹ ਹੁਣ 'ਜਿੰਦੂ' ਨਹੀਂ 'ਡਾ. ਜੋਗਿੰਦਰ ਸਿੰਘ ਪੁਆਰ' ਹੈ!

ਅਗਲੇ ਦਿਨੀਂ ਉਹਦੇ ਪ੍ਰੋ-ਵਾਈਸ ਚਾਂਸਲਰ ਲੱਗਣ ਦਾ ਹੁਕਮ ਹੋ ਗਿਆ।

ਹੱਸ ਕੇ ਸੁਖਵਿੰਦਰ ਨੇ ਇਹ ਗੱਲ ਮੈਨੂੰ ਸੁਣਾਈ ਤੇ ਕਿਹਾ, "ਪੁਆਰ ਸਾਬ੍ਹ ਦੀ ਸਮੱਸਿਆ ਵੀ ਇਹੋ ਹੈ ਕਿ ਉਹ ਵੀ ਆਪਣੇ ਵਿਦਿਆਰਥੀਆਂ ਨੂੰ 'ਜਿੰਦੂ' ਹੀ ਸਮਝਦੇ ਨੇ, ਭਾਵੇਂ ਉਨ੍ਹਾਂ ਨੇ ਆਪਣੇ ਫੀਲਡ ਵਿਚ ਕਿੰਨਾ ਵੀ ਕੰਮ ਕਰ ਲਿਆ ਹੋਵੇ ਤੇ ਕਿੰਨਾ ਵੀ ਨਾਂ ਕਿਉਂ ਨਾ ਬਣਾ ਲਿਆ ਹੋਵੇ!"

ਲੋੜ ਪੈਣ 'ਤੇ ਪੁਆਰ ਦਾ ਪੱਗ ਬੰਨ੍ਹਣ ਵਾਲਾ ਬਿਰਤਾਂਤ ਸਾਂਝਾ ਕਰਦਿਆਂ ਮੈਨੂੰ ਇੱਕ ਹੋਰ ਗੱਲ ਚੇਤੇ ਆ ਗਈ। 'ਇੰਡੀਅਨ ਸੋਸ਼ਲ ਸਾਇੰਸਿਜ਼ ਅਕੈਡਮੀ' ਨੇ ਤ੍ਰਿਵੈਂਤਪੁਰਮ ਵਿਚ ਕਾਨਫਰੰਸ ਕਰਵਾਈ। ਪੁਆਰ ਦੀ ਅਗਵਾਈ ਵਿਚ ਅਸੀਂ (ਸੁਖਵਿੰਦਰ, ਅਗਨੀਹੋਤਰੀ, ਡਾ.ਚਮਨ ਲਾਲ, ਪ੍ਰੋ. ਡੋਗਰਾ ਤੇ ਮੈਂ) ਕਾਨਫਰੰਸ ਵਿਚ ਹਿੱਸਾ ਲੈਣ ਪਹੁੰਚੇ। ਕਾਨਫਰੰਸ ਮੁੱਕਣ ਤੋਂ ਬਾਅਦ ਕੰਨਿਆਕੁਮਾਰੀ ਤੋਂ ਸ਼ੁਰੂ ਕਰ ਕੇ ਦੱਖਣ ਦੀਆਂ ਹੋਰ ਕਈ ਯਾਦਗਾਰੀ ਥਾਵਾਂ ਅਤੇ ਮੰਦਰ ਦੇਖੇ। ਇਕ ਪ੍ਰਸਿੱਧ ਮੰਦਰ (ਨਾਂ ਯਾਦ ਨਹੀਂ ਆ ਰਿਹਾ) ਵਿਚ ਜੇ ਕੋਈ ਮਰਦ ਅੰਦਰ ਜਾ ਕੇ 'ਮੱਥਾ ਟੇਕਣਾ' ਚਾਹੁੰਦਾ ਸੀ ਤਾਂ ਉਹਨੂੰ ਆਪਣੀ ਕਮੀਜ਼ ਉਤਾਰ ਕੇ ਨੰਗੇ ਧੜ ਅੰਦਰ ਜਾਣਾ ਪੈਣਾ ਸੀ। ਮੰਦਰ ਦੇ ਦਰਸ਼ਨ ਕਰਨ ਲਈ ਨੰਗੇ ਪਿੰਡੇ ਵਾਲੇ ਸ਼ਰਧਾਲੂਆਂ ਦੀ ਲੰਮੀ ਲਾਈਨ ਲੱਗੀ ਹੋਈ ਸੀ। ਇੰਞ ਕੱਪੜੇ ਲਾਹ ਕੇ ਮੰਦਰ ਅੰਦਰ ਜਾਣ ਦੀ ਸਾਡੇ ਵਿਚੋਂ ਕਿਸੇ ਦੀ ਕੋਈ ਰੁਚੀ ਨਹੀਂ ਸੀ ਪਰ ਸਾਡੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਪੁਆਰ ਨੇ ਆਪਣੀ ਕਮੀਜ਼ ਉਤਾਰੀ ਤੇ ਨੰਗੇ ਪਿੰਡੇ ਕਤਾਰ ਵਿਚ ਜਾ ਖਲੋਤਾ। ਕਿਹਾ ਨਹੀਂ ਜਾ ਸਕਦਾ ਕਿ ਉਹਦੀ ਮੰਦਰ ਨੂੰ ਅੰਦਰੋਂ ਦੇਖਣ ਦੀ ਕੇਵਲ ਜਗਿਆਸਾ ਹੀ ਸੀ ਜਾਂ ਉਨ੍ਹਾਂ 'ਵੱਡਿਆਂ ਬੰਦਿਆਂ' ਵਾਲਾ ਵਹਿਮ ਜਾਂ ਸ਼ਰਧਾ ਸੀ, ਜਿਹੜੇ ਵੱਡੇ ਅਹੁਦਿਆਂ ਦੀ ਬਹਾਲੀ ਤੇ ਪ੍ਰਾਪਤੀ ਲਈ ਜੋਤਸ਼ੀਆਂ ਕੋਲ ਜਾਂਦੇ ਤੇ ਧਰਮ ਅਸਥਾਨਾਂ 'ਤੇ ਸੁੱਖਣਾ ਸੁੱਖਦੇ ਰਹਿੰਦੇ ਨੇ!

***

ਜੋਗਿੰਦਰ ਸਿੰਘ ਪੁਆਰ ਪੰਜਾਬੀ ਭਾਸ਼ਾ ਦਾ ਮਜਨੂੰ-ਆਸ਼ਕ ਸੀ। ਸੁੱਤਿਆਂ-ਜਾਗਦਿਆਂ ਉਹਨੂੰ ਪੰਜਾਬੀ ਭਾਸ਼ਾ ਦੇ ਸੁਪਨੇ ਆਉਂਦੇ। ਉਹ ਪੰਜਾਬੀ ਜ਼ਬਾਨ ਨੂੰ ਵਿਕਸਿਤ ਭਾਸ਼ਾ ਦੇਖਣਾ ਚਾਹੁੰਦਾ ਸੀ। ਉਹਦੀ ਹਰ ਗੱਲਬਾਤ ਜਾਂ ਲੈਕਚਰ ਦਾ ਤੋੜਾ ਇੱਕੋ ਗੱਲ 'ਤੇ ਆ ਕੇ ਝੜਦਾ ਕਿ ਪੰਜਾਬੀ ਨੂੰ ਬਾਕੀ ਵਿਕਸਿਤ ਭਾਸ਼ਾਵਾਂ ਦੀ ਕਤਾਰ ਵਿਚ ਖੜ੍ਹਾ ਕਰਨ ਲਈ 'ਬੁਨਿਆਦੀ ਭਾਸ਼ਾ ਸਮੱਗਰੀ' ਨਾਲ ਲੈਸ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਸ ਨੂੰ ਸਮੁੱਚੇ ਪ੍ਰਬੰਧਕੀ ਢਾਂਚੇ ਵਿਚ ਦਰਸ਼ਨ, ਗਿਆਨ ਵਿਗਿਆਨ, ਤਕਨਾਲੋਜੀ, ਸੰਚਾਰ, ਵਪਾਰ ਤੇ ਹੋਰ ਹਰ ਕਿਸਮ ਦੇ ਕਾਰੋਬਾਰੀ ਖੇਤਰ ਵਿਚ ਸਫਲਤਾ ਸਹਿਤ ਵਰਤਿਆ ਜਾ ਸਕੇ।

ਉਹ ਕਹਿੰਦਾ ਸੀ ਕਿ ਬੁਨਿਆਦੀ ਭਾਸ਼ਾ ਸਮੱਗਰੀ ਵਿਚ ਮਹਾਨ ਕੋਸ਼, ਹੋਰ ਹਰ ਕਿਸਮ ਦੇ ਕੋਸ਼ ਜਿਵੇਂ ਇਕ-ਭਾਸ਼ੀ, ਦੋ-ਭਾਸ਼ੀ ਜਾਂ ਬਹੁ-ਭਾਸ਼ੀ; ਹਰ ਖੇਤਰ ਤੇ ਕਿੱਤੇ ਨਾਲ ਸਬੰਧਤ ਤਕਨੀਕੀ ਸ਼ਬਦਾਵਲੀ ਨਾਲ ਵੱਖ-ਵੱਖ ਸਬੰਧਤ ਪੁਸਤਕਾਂ, ਹਰ ਕਿਸਮ ਦੇ ਅਨੁਵਾਦ, ਭਾਸ਼ਾ ਤੇ ਸਾਹਿਤ ਦੇ ਇਤਿਹਾਸ, ਖਾਸ ਟੀਚਿਆਂ ਨੂੰ ਮੁੱਖ ਰੱਖ ਕੇ ਲਿਖੀਆਂ ਵਿਸ਼ੇਸ਼ ਪੁਸਤਕਾਂ, ਭਾਸ਼ਾ ਦੀ ਪੜ੍ਹਾਈ ਲਈ ਅਤੇ ਭਾਸ਼ਾ ਦੀ ਬਣਤਰ ਨੂੰ ਸਮਝਣ ਲਈ ਵੱਖ-ਵੱਖ ਪੱਧਰ ਦੀਆਂ ਗਰਾਮਰਾਂ, ਸ਼ਬਦ ਜੋੜਾਂ ਨੂੰ ਵਿਗਿਆਨਕ ਆਧਾਰ 'ਤੇ ਤਿਆਰ ਕਰਨਾ ਆਦਿ ਸ਼ਾਮਲ ਹੁੰਦਾ ਹੈ।

ਪੁਆਰ ਵਿਚ ਕਮਾਲ ਦਾ ਸਵੈ-ਵਿਸ਼ਵਾਸ ਸੀ। ਜਿਹੜੀ ਗੱਲ ਉਹਦੇ ਮਨ ਵਿਚ ਆ ਜਾਂਦੀ, ਉਹਨੂੰ ਪੂਰਾ ਕਰਨ ਲਈ ਪੂਰਾ ਤਾਣ ਲਾ ਦਿੰਦਾ।

ਪੰਜਾਬੀ ਯੂਨੀਵਰਸਿਟੀ ਵਿਚ ਆਪਣੇ ਕਾਰਜ-ਕਾਲ ਦੌਰਾਨ (1992-99) ਤਾਂ ਉਸ ਕੋਲ ਤਾਕਤ ਆ ਗਈ ਸੀ। ਉਹਦੀ ਅਗਵਾਈ ਵਿਚ ਭਾਸ਼ਾ ਵਿਗਿਆਨ ਵਿਭਾਗ ਵੱਲੋਂ ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ ਵਿਸ਼ੇਸ਼ ਸੋਧ ਤੋਂ ਬਾਅਦ ਦੁਬਾਰਾ ਛਾਪੀ ਗਈ। ਇਸ ਨਵੀਂ ਛਾਪੀ ਗਈ ਡਿਕਸ਼ਨਰੀ ਵਿਚ ਗੁਰਮੁਖੀ ਅੱਖਰਾਂ ਵਿਚ ਅੰਗਰੇਜ਼ੀ ਸ਼ਬਦਾਂ ਦਾ ਉਚਾਰਨ ਦਿੱਤਾ ਗਿਆ। ਇਸੇ ਸਮੇਂ ਪੰਜਾਬੀ-ਅੰਗਰੇਜ਼ੀ ਅਤੇ ਪਰਸ਼ੀਅਨ ਪੰਜਾਬੀ ਡਿਕਸ਼ਨਰੀਆਂ ਵੀ ਤਿਆਰ ਕੀਤੀਆਂ ਗਈਆਂ। ਇਸੇ ਸਮੇਂ ਦੌਰਾਨ 'ਪੰਜਾਬੀ ਦੇ ਸ਼ਬਦ ਜੋੜਾਂ ਵਿਚਲੀਆਂ 'ਉਣਤਾਈਆਂ' ਦੂਰ ਕਰਕੇ ਪੰਜਾਬੀ ਫੁਨੌਲੋਜੀ ਦੇ ਨਜ਼ਦੀਕ ਰਹਿ ਕੇ ਨਵਾਂ ਸ਼ਬਦ-ਜੋੜ ਕੋਸ਼ ਤਿਆਰ ਕਰਵਾਇਆ ਗਿਆ। ਉਨ੍ਹਾਂ ਇਸ ਗੱਲ ਦਾ ਰਿਹਖ ਵੀ ਸੀ ਤੇ ਝੋਰਾ ਵੀ ਕਿ ਅੱਜ ਤੱਕ ਨਾ ਪੰਜਾਬੀ ਜ਼ੁਬਾਨ ਅਤੇ ਨਾ ਪੰਜਾਬੀ ਸਾਹਿਤ ਦਾ ਪ੍ਰਮਾਣਿਕ ਇਤਿਹਾਸ ਅਤੇ ਨਾ ਹੀ ਪੰਜਾਬੀ ਦੀ ਕੋਈ ਮਿਆਰੀ ਪ੍ਰਮਾਣਿਤ ਵਿਆਕਰਨ ਲਿਖੀ ਗਈ ਹੈ।

ਅਸੀਂ ਉਹਦੇ ਇਸ ਦੌਰ ਦੇ ਚਸ਼ਮਦੀਦ ਗਵਾਹ ਹਾਂ। ਉਹਦੇ ਅਜ਼ਮ ਜਾਂ ਕੁਝ ਹੱਦ ਤੱਕ ਖਬਤ ਬਾਰੇ ਅਸੀਂ ਹੱਸਦੇ ਵੀ। ਇਸ ਹਵਾਲੇ ਨਾਲ ਕੁਝ ਦਿਲਚਸਪ ਵੇਰਵੇ ਯਾਦ ਆ ਰਹੇ ਹਨ।

ਪੰਜਾਬੀ ਯੂਨੀਵਰਸਿਟੀ ਨੇ ਡਾ. ਹਰਕੀਰਤ ਸਿੰਘ ਦੀ ਨਿਗਰਾਨੀ ਵਿਚ ਸ਼ਬਦ-ਜੋੜ ਕੋਸ਼ ਤਿਆਰ ਕੀਤਾ ਹੋਇਆ ਸੀ। ਬਹੁਤ ਸਾਰੇ ਲੋਕ ਹੁਣ ਉਸੇ ਨੂੰ ਆਧਾਰ ਬਣਾ ਕੇ ਆਪਣੇ ਸ਼ਬਦ-ਜੋੜ ਲਿਖਣ ਲੱਗ ਪਏ ਸਨ। ਉਸ ਕੋਸ਼ ਨੂੰ ਲਗਭਗ ਪ੍ਰਮਾਣਿਕ ਮੰਨ ਲਿਆ ਗਿਆ ਸੀ ਪਰ ਪੁਆਰ ਨੂੰ ਉਸ ਵਿਚ ਨੁਕਸ ਨਜ਼ਰ ਆਉਂਦੇ ਸਨ। ਵਾਈਸ ਚਾਂਸਲਰ ਬਣਨ ਤੋਂ ਪਹਿਲਾਂ ਵੀ ਉਹਨੇ ਪੰਜਾਬੀ ਭਾਸ਼ਾ ਅਕਾਦਮੀ ਵੱਲੋਂ ਇਸ ਮੁੱਦੇ ਬਾਰੇ ਇੱਕ-ਦੋ ਵਾਰ ਸੈਮੀਨਾਰ ਕਰਵਾ ਕੇ ਚਰਚਾ ਵੀ ਕਰਵਾਈ ਤੇ ਆਪਣੇ ਇਤਰਾਜ਼ ਉਭਾਰੇ ਸਨ ਪਰ ਵਾਈਸ ਚਾਂਸਲਰ ਬਣਨ ਤੋਂ ਬਾਅਦ ਇਸ ਵਿਚ ਆਪਣੀ ਮਰਜ਼ੀ ਦੀ ਤਬਦੀਲੀ ਕਰਨਾ ਉਹਦਾ 'ਹੱਕ' ਬਣ ਗਿਆ ਸੀ। ਉਹਨੇ 'ਸ਼ਬਦ-ਜੋੜ ਕੋਸ਼' ਦੇ ਹਵਾਲੇ ਨਾਲ ਯੂਨੀਵਰਸਿਟੀ ਵਿਚ ਦੋ-ਤਿੰਨ ਸੈਮੀਨਾਰ ਕਰਵਾਏ। ਯੂਨੀਵਰਸਿਟੀ ਵਿਚ ਕਰਵਾਈਆਂ ਜਾਣ ਵਾਲੀਆਂ ਸਾਲਾਨਾ ਕਾਨਫਰੰਸਾਂ ਵਿਚ ਵੀ ਇਹ ਮੁੱਦਾ ਉਭਾਰਿਆ।

ਉਹ 'ਜਿਹਾ ਬੋਲੋ-ਤਿਹਾ ਲਿਖੋ' ਦਾ ਧਾਰਨੀ ਸੀ। ਪਟਿਆਲੇ ਵਾਲੇ ਡਾ. ਜੋਸ਼ੀ ਵਰਗੇ ਭਾਸ਼ਾ ਵਿਗਿਆਨੀ ਵੀ ਉਸੇ ਦੀ ਬੋਲੀ ਬੋਲਣ ਲੱਗੇ। ਰੱਬ ਨੇੜੇ ਕਿ ਘਸੁੰਨ! ਫੈਸਲਾ ਹੋਇਆ ਕਿ ਪੁਆਰ ਦੀ ਮਰਜ਼ੀ ਅਨੁਸਾਰ ਸ਼ਬਦ-ਜੋੜ ਕੋਸ਼ ਸੋਧਿਆ ਜਾਵੇ। ਇਸ ਮਕਸਦ ਲਈ ਵਿਦਵਾਨਾਂ ਦੀ ਸਲਾਹਕਾਰ ਕਮੇਟੀ ਵੀ ਬਣਾਈ ਗਈ। ਮੇਰਾ ਨਾਂ ਵੀ ਉਸ ਕਮੇਟੀ ਵਿਚ ਸ਼ਾਮਲ ਸੀ। ਕਮੇਟੀ ਦੀਆਂ ਮੀਟਿੰਗਾਂ ਹੁੰਦੀਆਂ। ਕਮੇਟੀ ਦੇ ਵਿਦਵਾਨ ਪੁਆਰ ਦੀਆਂ ਸੁਝਾਈਆਂ ਤਬਦੀਲੀਆਂ 'ਤੇ ਸਵਾਲ ਖੜ੍ਹੇ ਕਰ ਰਹੇ ਸਨ ਪਰ ਪੁਆਰ ਆਪਣੀ ਦਲੀਲ ਜਾਂ ਜ਼ਿਦ 'ਤੇ ਅੜਿਆ ਹੋਇਆ ਸੀ। ਲੰਮੀ ਗੱਲਬਾਤ ਅਤੇ ਬਹਿਸ-ਮੁਬਾਹਿਸੇ ਤੋਂ ਬਾਅਦ ਡਾ. ਸ.ਸ. ਜੋਹਲ ਨੇ ਅੰਤਮ ਸੁਝਾਉ ਦਿੱਤਾ, "ਮੇਰਾ ਖਿਆਲ ਹੈ ਕਿ ਜਿਵੇਂ ਪੁਆਰ ਸਾਬ੍ਹ ਚਾਹੁੰਦੇ ਨੇ, ਇਨ੍ਹਾਂ ਨੂੰ ਉਂਝ ਹੀ ਕਰ ਹੀ ਲੈਣ ਦਿੱਤਾ ਜਾਵੇ!"

ਸਾਡੇ ਵਰਗੇ ਦੂਜੇ 'ਸਲਾਹਕਾਰ' ਆਪਣੀ ਬੇਵਸੀ 'ਤੇ ਮਾੜਾ ਜਿਹਾ ਹੱਸੇ ਤੇ ਕਮੇਟੀ ਨੇ ਪੁਆਰ ਸਾਹਿਬ ਅੱਗੇ 'ਸਮਰਪਣ' ਕਰ ਦਿੱਤਾ।

ਉਸ ਸਾਲ ਹੋਈ ਕਾਨਫਰੰਸ ਦੇ ਇੱਕ ਸੈਸ਼ਨ ਵਿਚ ਨਵੇਂ ਸ਼ਬਦ-ਜੋੜਾਂ ਬਾਰੇ ਚਰਚਾ ਹੋ ਰਹੀ ਸੀ। ਡਾ. ਪੁਆਰ ਵੱਲੋਂ ਆਪਣੇ ਸਿਧਾਂਤ 'ਤੇ ਡਟੇ ਰਹਿਣ ਦੇ ਹਵਾਲੇ ਨਾਲ ਗੁਰਬਚਨ ਸਿੰਘ ਭੁੱਲਰ ਨੇ ਕਿਹਾ, "ਤੁਸੀਂ ਆਪਣੀ ਯੂਨੀਵਰਸਿਟੀ ਵਿਚ ਤਾਂ ਆਪਣੇ ਜ਼ੋਰ ਨਾਲ ਨਵੇਂ ਸ਼ਬਦ-ਜੋੜਾਂ ਨੂੰ ਲਾਗੂ ਕਰਵਾ ਲਵੋਗੇ ਪਰ ਅਖਬਾਰਾਂ ਵਾਲਿਆਂ ਨੂੰ, ਹੋਰ ਅਦਾਰਿਆਂ ਜਾਂ ਲੇਖਕਾਂ ਨੂੰ ਕਿਹੜੀ ਤਾਕਤ ਦੇ ਬਲ-ਬੂਤੇ ਇਹ ਸ਼ਬਦ-ਜੋੜ ਮੰਨਣ ਲਈ ਮਜਬੂਰ ਕਰ ਸਕੋਗੇ? ਸਭਨਾਂ ਥਾਵਾਂ 'ਤੇ ਤੁਹਾਡੇ ਕੋਲ ਨਾਜ਼ਮ ਇੰਦਰ ਸਿੰਘ ਵਰਗੀ ਤਾਕਤ ਤਾਂ ਹੋਣ ਨਹੀਂ ਲੱਗੀ!"

ਤੇ ਭੁੱਲਰ ਰਿਆਸਤ ਨਾਭੇ ਦੇ ਇੱਕ ਨਾਜ਼ਮ ਇੰਦਰ ਸਿੰਘ ਦੀ ਕਹਾਣੀ ਸੁਣਾਉਣ ਲੱਗਾ, "ਇੰਦਰ ਸਿੰਘ ਚਿੱਟਾ ਅਨਪੜ੍ਹ ਸੀ ਪਰ ਉਹਨੇ ਕਿਸੇ ਕੋਲੋਂ ਟੁੱਟੇ ਜਿਹੇ ਅੱਖਰਾਂ ਵਿਚ ਆਪਣਾ ਨਾਂ ਲਿਖਣਾ ਸਿੱਖਿਆ ਹੋਇਆ ਸੀ। ਇੰਦਰ ਸਿੰਘ ਦਾ ਪੀ.ਏ., ਬੀ.ਏ. ਪਾਸ ਸੀ। ਇੱਕ ਦਿਨ ਇੰਦਰ ਸਿੰਘ ਨੇ ਕਿਸੇ ਕਾਗਜ਼ 'ਤੇ ਦਸਤਖਤ ਕੀਤੇ ਤੇ ਆਪਣੇ ਪੀ.ਏ. ਨੂੰ ਪੁੱਛਣ ਲੱਗਾ, "ਦੇਖ ਕੇ ਦੱਸ ਕਿ ਮੈਂ ਆਪਣਾ ਨਾਂ ਠੀਕ ਲਿਖਿਆ ਏ ਨਾ?"

ਪੀ.ਏ. ਇਹ ਦਸਤਖਤ ਤਾਂ ਹਰ ਰੋਜ਼ ਦੇਖਦਾ ਹੀ ਸੀ। 'ਠੀਕ-ਗਲਤ' ਬਾਰੇ ਵੀ ਜਾਣਦਾ ਹੀ ਸੀ। ਅੱਜ ਨਾਜ਼ਮ ਨੇ ਪੁੱਛਿਆ ਤਾਂ ਉਹ ਗੂੰਗਾ ਹੋ ਗਿਆ। ਮਾਲਕ ਅੱਗੇ ਸੱਚ ਬੋਲਣ ਦੀ ਹਿੰਮਤ ਨਹੀਂ ਸੀ ਹੋ ਰਹੀ।

ਨਾਜ਼ਮ ਨੇ ਕਿਹਾ, "ਕੀ ਸੱਪ ਸੁੰਘ ਗਿਆ ਈ। ਬੋਲ, ਮੇਰਾ ਨਾਂ ਠੀਕ ਲਿਖਿਆ ਏ?"

ਕਾਗਜ਼ 'ਤੇ ਟੁੱਟੇ ਜਿਹੇ ਅੱਖਰਾਂ ਵਿਚ ਲਿਖਿਆ ਹੋਇਆ ਸੀ- ਈੜੀ ਦੱਦਾ ਰ'ਰਾ ਤੇ ਅੱਗੇ ਸੱਸਾ ਅੱਖਰ ਪਾ ਕੇ ਉਹਦੇ ਅੱਗੇ ਬਲਦ-ਮੂਤਣੀ ਜਿਹੀ ਪਾਈ ਹੋਈ ਸੀ।

ਪੀ.ਏ. ਦੀ ਜ਼ਬਾਨ ਥਿੜਕ ਰਹੀ ਸੀ, "ਜੀ, ਜੇ ਅਸਲ ਵਿਚ ਦੇਖੀਏ ਤਾਂ ਇਹ ਪੂਰਾ ਨਾਂ ਨਹੀਂ ਬਣਦਾ, ਦਸਤਖਤ ਦੀ ਗੱਲ ਹੋਰ ਏ, ਉਹ ਤਾਂ ਸੰਖੇਪ ਵਿਚ ਤੇ ਅਸਪਸ਼ਟ ਜਿਹੀ ਵੀ ਕੀਤੀ ਜਾ ਸਕਦੀ ਏ।"



**ਜੋਗਿੰਦਰ ਸਿੰਘ ਪੁਆਰ, ਸਾਬਕਾ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਨਾਲ**

"ਲੈ ਏਨੇ ਅੱਖਰ ਪਾਏ ਨੇ ਕੁਝ ਨਾ ਕੁਝ ਤਾਂ ਬਣਦਾ ਹੋਊ? ਇੰਦਰ ਸਿੰਘ ਨਹੀਂ ਬਣਦਾ?"

"ਨਹੀਂ ਜੀ, ਕੁਝ ਵੀ ਨਹੀਂ ਬਣਦਾ। ਬਿਨਾਂ ਲਗਾਂ ਮਾਤਰਾਂ ਦੇ ਈੜੀ, ਦੱਦਾ, ਰਾਰਾ, ਤੇ ਸੱਸਾ ਲਿਖਣ ਨਾਲ ਕੋਈ ਐਸਾ ਸ਼ਬਦ ਨਹੀਂ ਬਣਦਾ ਜਿਸ ਦੇ ਕੁਝ ਅਰਥ ਬਣਦੇ ਹੋਣ।"

ਨਾਜ਼ਮ ਨੂੰ ਉਹਦੀ ਇਸ 'ਹਿਮਾਕਤ' 'ਤੇ ਗੁੱਸਾ ਆ ਗਿਆ, "ਕੰਨ ਖੋਲ੍ਹ ਕੇ ਮੇਰੀ ਗੱਲ ਸੁਣ ਉਏ! ਮੈਂ ਇੰਞ ਹੀ ਈੜੀ ਦੱਦਾ ਰਾਰਾ ਹੀ ਲਿਖਿਆ ਕਰਨਾ ਏਂ ਤੇ ਤੈਨੂੰ ਇਹ ਇੰਦਰ ਸਿੰਘ ਹੀ ਪੜ੍ਹਨਾ ਪੈਣਾ ਏ!"

ਭੁੱਲਰ ਨੇ ਤੋੜਾ ਝਾੜਿਆ, "ਯੂਨੀਵਰਸਿਟੀ ਤੋਂ ਬਾਹਰ ਈੜੀ ਦੱਦਾ ਰਾਰਾ ਤੇ ਸੱਸੇ ਨੂੰ ਕਿਸੇ ਨੇ ਇੰਦਰ ਸਿੰਘ ਨਹੀਂ ਜੇ ਪੜ੍ਹਨਾ।"

ਉਹੋ ਗੱਲ ਹੋਈ। ਪੁਆਰ ਦੇ 'ਗੱਦੀਓਂ' ਲਹਿਣ ਦੀ ਦੇਰ ਸੀ, ਉਨ੍ਹਾਂ ਬੰਦਿਆਂ ਨੇ ਹੀ ਜਿਨ੍ਹਾਂ ਨੇ ਪੁਆਰ ਦੇ 'ਸਿਧਾਂਤ' ਮੁਤਾਬਕ ਡਿਕਸ਼ਨਰੀਆਂ ਦੇ ਸ਼ਬਦ-ਜੋੜ ਤਬਦੀਲ ਕੀਤੇ ਸਨ, ਡਿਕਸ਼ਨਰੀਆਂ ਨੂੰ ਦੁਬਾਰਾ ਪਹਿਲਾਂ ਵਾਲੇ 'ਸ਼ਬਦ-ਜੋੜਾਂ' ਮੁਤਾਬਕ ਮੁੜ ਤੋਂ 'ਸੋਧ' ਦਿੱਤਾ!

ਪਰ ਪੰਜਾਬੀ ਭਾਸ਼ਾ ਅਕਾਦਮੀ 'ਤੇ ਤਾਂ ਉਹਦਾ ਪੂਰਾ ਵੱਸ ਚੱਲਦਾ ਸੀ। ਉਹਨੇ ਵੇਦ ਅਗਨੀਹੋਤਰੀ ਅਤੇ ਆਪਣੇ ਵਿਦਿਆਰਥੀਆਂ ਸੁਖਵਿੰਦਰ ਸਿੰਘ ਸੰਘਾ ਤੇ ਬਲਦੇਵ ਸਿੰਘ ਚੀਮਾ ਨਾਲ ਮਿਲ ਕੇ ਭਾਸ਼ਾ ਵਿਗਿਆਨ ਦੀਆਂ ਕਿਤਾਬਾਂ ਤਿਆਰ ਕਰਵਾਈਆਂ। ਇਨ੍ਹਾਂ ਨੂੰ ਪੰਜਾਬੀ ਭਾਸ਼ਾ ਅਕਾਦਮੀ ਵੱਲੋਂ ਪ੍ਰਕਾਸ਼ਿਤ ਕੀਤਾ ਤੇ ਸਾਰੀਆਂ ਯੂਨੀਵਰਸਿਟੀਆਂ ਵਿਚ ਆਪਣੀ ਹਿੱਕ ਦੇ ਤਾਣ ਬੀ.ਏ. ਦੇ ਤਿੰਨ-ਸਾਲਾ ਕੋਰਸ ਵਿਚ ਇਹ ਕਿਤਾਬਾਂ ਪਾਠ-ਕ੍ਰਮ ਵਿਚ ਸ਼ਾਮਲ ਕਰਵਾ ਲਈਆਂ। ਵਰ੍ਹਿਆਂ ਤੋਂ ਕਵਿਤਾ ਕਹਾਣੀ ਪੜ੍ਹਾ ਰਹੇ ਅਧਿਆਪਕਾਂ ਨੂੰ ਭਾਸ਼ਾ ਵਿਗਿਆਨ ਦੀਆਂ ਇਹ ਕਿਤਾਬਾਂ ਪੜ੍ਹਾਉਣੀਆਂ ਮੁਸ਼ਕਿਲ ਲੱਗ ਰਹੀਆਂ ਸਨ। ਉਹ ਲਿਖੀਆਂ ਵੀ ਕੁਝ ਇਸ ਤਰ੍ਹਾਂ ਸਨ ਕਿ ਲੇਖਕਾਂ ਨੇ ਆਪਣੇ ਵਿਸ਼ੇ ਨੂੰ ਸੌਖੀ ਤਰ੍ਹਾਂ ਬਿਆਨ ਕਰਨ ਦੀ ਥਾਂ, ਅਧਿਆਪਕਾਂ ਦੇ ਕਥਿਤ ਪੂਰਵ-ਗਿਆਨ 'ਤੇ ਕੁਝ ਵਧੇਰੇ ਹੀ ਭਰੋਸਾ ਕਰ ਲਿਆ ਸੀ ਤੇ ਉਹ ਸਮਝਦੇ ਸਨ ਕਿ ਅਧਿਆਪਕ ਆਪਣੇ-ਆਪ ਇਨ੍ਹਾਂ ਕਿਤਾਬਾਂ ਦਾ ਤੱਤ-ਸਾਰ ਸਮਝ ਲੈਣਗੇ। ਇਨ੍ਹਾਂ ਕਿਤਾਬਾਂ ਦੇ ਟਾਈਟਲ ਲਾਲ ਰੰਗ ਦੇ ਸਨ, ਇਸ ਲਈ ਇਹ 'ਲਾਲ ਕਿਤਾਬ' ਦੇ ਨਾਂ ਨਾਲ ਮਸ਼ਹੂਰ ਹੋ ਗਈਆਂ। ਅਧਿਆਪਕਾਂ ਨੇ 'ਕੱਲੇ-'ਕੱਲੇ ਨੇ ਵੀ ਤੇ ਸੰਗਠਿਤ ਰੂਪ ਵਿਚ ਵੀ ਲਾਲ ਕਿਤਾਬਾਂ ਦਾ ਬੜਾ ਵਿਰੋਧ ਕੀਤਾ ਪਰ ਪੁਆਰ ਦਾ ਕਿਲ੍ਹਾ ਕਾਇਮ ਸੀ। ਲਾਲ ਕਿਤਾਬਾਂ ਨੂੰ ਤੱਤੀ 'ਵਾ ਨਾ ਲੱਗੀ। ਰੋਂਦੇ-ਕੁਰਲਾਉਂਦੇ ਅਧਿਆਪਕ ਪੜ੍ਹਾਉਣ ਲਈ ਮਜਬੂਰ ਹੋ ਗਏ।

ਇੱਕ ਦਿਨ ਮੈਂ ਕਿਹਾ, "ਡਾ. ਸਾਹਿਬ, ਇੱਕ ਗੱਲ ਤਾਂ ਹੈ ਕਿ ਤੁਹਾਡੀਆਂ ਇਹ ਕਿਤਾਬਾਂ ਸੌਖ ਤੋਂ ਔਖ ਵੱਲ ਯਾਤਰਾ ਕਰਦੀਆਂ ਨਜ਼ਰ ਨਹੀਂ ਆਉਂਦੀਆਂ। ਚਾਹੀਦਾ ਤਾਂ ਸੀ ਕਿ ਗੱਲ ਸੌਖੇ ਅੰਦਾਜ਼ ਵਿਚ ਸਮਝਾਈ ਜਾਂਦੀ ਪਰ ਇੰਝ ਨਹੀਂ ਹੋ ਸਕਿਆ। ਅਗਲੀ ਐਡੀਸ਼ਨ ਵਿਚ ਇਹ ਕਿਤਾਬਾਂ ਥੋੜ੍ਹੇ ਵਿਸਥਾਰ ਨਾਲ ਪੂਰੀ ਵਿਆਖਿਆ ਸਹਿਤ ਲਿਖਵਾ ਸਕੋ ਤਾਂ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਭਲਾ ਹੋ ਜੂ। ਮੈਨੂੰ ਤਾਂ 'ਭਾਸ਼ਾ ਤੇ ਉਪ-ਭਾਸ਼ਾ' ਵਾਲਾ ਇੱਕੋ ਚੈਪਟਰ ਹੀ ਸੌਖੀ ਤੇ ਸਮਝ ਆਉਣ ਵਾਲੀ ਭਾਸ਼ਾ ਵਿਚ ਲਿਖਿਆ ਮਿਲਦਾ ਹੈ। ਜਦ ਕਿ ਬਾਕੀ..."

ਗੱਲ ਮੇਰੇ ਮੂੰਹ ਵਿਚ ਹੀ ਸੀ ਕਿ ਪੁਆਰ ਨੇ ਤੁਰਤ ਕਿਹਾ, "ਉਹ ਚੈਪਟਰ ਮੈਂ ਲਿਖਿਆ ਹੈ। ਬਾਕੀ ਇਨ੍ਹਾਂ 'ਵਿਦਵਾਨਾਂ' ਨੇ ਲਿਖੇ ਨੇ।"

ਉਹਨੇ ਕਿਤਾਬਾਂ ਸਮਝਣ ਬਾਰੇ ਪੇਸ਼ ਆ ਰਹੀ ਸਮੱਸਿਆ ਆਪਣੇ ਦੂਜੇ ਸਾਥੀਆਂ ਵੱਲ ਰੋੜ੍ਹ ਦਿੱਤੀ।

ਉਹ ਆਪ ਸਦਾ 'ਠੀਕ' ਹੀ ਹੁੰਦਾ ਸੀ!

ਵਾਈਸ ਚਾਂਸਲਰ ਤੋਂ ਸੇਵਾ-ਮੁਕਤ ਹੋਣ ਤੋਂ ਬਾਅਦ ਹਰਕਿਸ਼ਨ ਸਿੰਘ ਸੁਰਜੀਤ ਨੇ ਪੁਆਰ ਨੂੰ ਸੀ.ਪੀ.ਐਮ. ਦੇ ਚੰਡੀਗੜ੍ਹ ਤੋਂ ਛਪਦੇ ਅਖਬਾਰ 'ਦੇਸ਼ ਸੇਵਕ' ਦੇ ਸੰਪਾਦਕ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਉਹ ਕੁਝ ਦਿਨ ਚੰਡੀਗੜ੍ਹ ਰਹਿੰਦਾ ਤੇ ਕੁਝ ਦਿਨ ਜਲੰਧਰ ਆ ਜਾਂਦਾ।

ਇਕ ਦਿਨ ਮੈਂ ਸੁਖਵਿੰਦਰ ਨੂੰ ਫੋਨ ਕਰ ਕੇ ਜਾਨਣਾ ਚਾਹਿਆ ਕਿ ਡਾ. ਪੁਆਰ ਹਫਤੇ ਦੇ ਕਿਹੜੇ ਕਿਹੜੇ ਦਿਨ ਜਲੰਧਰ ਹੁੰਦੇ ਨੇ। ਉਹਨੇ ਹਾਸੇ ਨਾਲ ਕਿਹਾ, "ਜਿਸ ਦਿਨ ਸੰਪਾਦਕੀ ਵਿਚ 'ਪ੍ਰਧਾਨ ਮੰਤਰੀ' ਨੂੰ 'ਪਰਧਾਨ ਮੰਤਰੀ' ਲਿਖਿਆ ਹੋਵੇ ਤਾਂ ਸਮਝੋ ਕਿ ਪੁਆਰ ਸਾਬ੍ਹ ਚੰਡੀਗੜ੍ਹ ਨੇ ਤੇ ਜਿਸ ਦਿਨ 'ਪ੍ਰਧਾਨ ਮੰਤਰੀ' ਹੀ ਲਿਖਿਆ ਹੋਵੇ ਤਾਂ ਸਮਝੋ ਪੁਆਰ ਸਾਹਿਬ ਜਲੰਧਰ ਨੇ।"

ਜਦੋਂ ਬਲਦੇਵ ਨੂੰ ਪੁਆਰ ਰੀਡਰ ਦੀ ਪੋਸਟ 'ਤੇ ਪਟਿਆਲੇ ਲੈ ਗਿਆ ਤਾਂ ਪੰਜਾਬ ਆਏ ਸਾਧੂ ਸਿੰਘ ਨੇ ਕਿਤੇ ਪੁਆਰ ਨੂੰ ਕਿਹਾ, "ਆਪਾਂ ਵਰਿਆਮ ਨੂੰ ਵੀ ਪਟਿਆਲੇ ਲੈ ਆਈਏ।"

ਪੁਆਰ ਤੁਣਕ ਕੇ ਬੋਲਿਆ, "ਕਿਉਂ? ਜਲੰਧਰ ਕੋਈ ਚੰਗਾ ਬੰਦਾ ਨਹੀਂ ਰਹਿਣ ਦੇਣਾ! ਰਿਟਾਇਰ ਹੋ ਕੇ ਮੈਂ ਵੀ ਤਾਂ ਉਥੇ ਜਾਣਾ ਹੈ। ਮੈਂ ਉਹਦੇ ਬਾਰੇ ਕੁਝ ਹੋਰ ਸੋਚਿਆ ਹੋਇਐ।"

ਕੁਝ ਦਿਨਾਂ ਬਾਅਦ ਮੈਨੂੰ ਯੂਨੀਵਰਸਿਟੀ ਦੀ ਸੈਨੇਟ ਦਾ ਮੈਂਬਰ ਬਣਾਏ ਜਾਣ ਦੀ ਚਿੱਠੀ ਮਿਲੀ।

ਅਸਲ ਗੱਲ ਜੋ ਉਹਨੇ ਮੇਰੇ ਬਾਰੇ ਸੋਚੀ ਹੋਈ ਸੀ, ਉਹ ਸੀ ਪੰਜਾਬੀ ਭਾਸ਼ਾ ਅਕਾਦਮੀ ਦੀ ਭੈਣ-ਸੰਸਥਾ 'ਪੰਜਾਬ ਅਕਾਦਮੀ ਆਫ ਸੋਸ਼ਲ ਸਾਇੰਸਿਜ਼, ਲਿਟਰੇਚਰ ਤੇ ਕਲਚਰ' ਦੀ ਸਥਾਪਨਾ ਕਰ ਕੇ ਮੈਨੂੰ ਉਹਦਾ ਜਨਰਲ ਸਕੱਤਰ ਨਿਯੁਕਤ ਕਰਨਾ। ਭਾਸ਼ਾ ਅਕਾਦਮੀ ਕੋਲ ਲਾਲ ਕਿਤਾਬਾਂ ਦੀ ਰਾਇਲਟੀ ਦੇ ਕਾਫੀ ਪੈਸੇ ਜਮ੍ਹਾਂ ਸਨ। ਬਹੁਤ ਸਾਰੇ ਪੈਸੇ ਵਾਈਸ ਚਾਂਸਲਰ ਹੁੰਦਿਆਂ ਪੁਆਰ ਨੇ ਆਪਣੇ 'ਅਸਰ-ਰਸੂਖ' ਨਾਲ 'ਉਗਰਾਹ' ਲਏ ਤੇ ਨਵੀਂ ਅਕਾਦਮੀ ਦੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਸਨ। ਇਸ ਅਕਾਦਮੀ ਦੇ ਬੈਨਰ ਹੇਠ ਅਸੀਂ ਵਿਸ਼ੇਸ਼ ਤੌਰ 'ਤੇ ਜਲੰਧਰ ਤੇ ਕਦੀ-ਕਦੀ ਚੰਡੀਗੜ੍ਹ ਤੇ ਹੋਰ ਸ਼ਹਿਰਾਂ ਵਿਚ ਅਨੇਕਾਂ ਸੈਮੀਨਾਰ ਕਰਵਾਏ।

ਪੁਆਰ ਪੰਜਾਬੀ ਭਾਸ਼ਾ ਦੀ ਹੀ ਨਹੀਂ, ਪੂਰੇ ਪੰਜਾਬ ਦੀ ਨੁਹਾਰ ਬਦਲੀ ਦੇਖਣ ਦੀ ਤੀਬਰ ਤਾਂਘ ਰੱਖਦਾ ਸੀ ਤੇ ਚਾਹੁੰਦਾ ਸੀ ਕਿ ਪੰਜਾਬ ਦਾ ਬੁੱਧੀਜੀਵੀ ਵਰਗ ਪੰਜਾਬ ਦੇ ਹਰ ਭਖਦੇ ਮੁੱਦੇ ਬਾਰੇ ਵਿਚਾਰ ਰਿੜਕ ਕੇ ਕਿਸੇ ਨਤੀਜੇ 'ਤੇ ਪਹੁੰਚੇ। ਇਹ ਸੈਮੀਨਾਰ ਕੇਵਲ ਭਾਸ਼ਾਈ ਮਸਲਿਆਂ ਨੂੰ ਹੀ ਮੁਖਾਤਬ ਨਹੀਂ ਸਨ ਸਗੋਂ ਇਨ੍ਹਾਂ ਵਿਚ ਪੰਜਾਬ ਦੀ ਸਿੱਖਿਆ, ਸਿਹਤ, ਆਰਥਕਤਾ, ਰਾਜਨੀਤੀ, ਸਾਹਿਤ ਅਤੇ ਸਭਿਆਚਾਰ ਦੇ ਮੁੱਦਿਆਂ ਬਾਰੇ ਵੱਖ-ਵੱਖ ਸੈਮੀਨਾਰਾਂ ਤੇ ਕਾਨਫਰੰਸਾਂ ਕਰਵਾ ਕੇ ਚਰਚਾ ਛੇੜੀ ਗਈ। ਪੰਜਾਬ ਦੇ ਕਹਿੰਦੇ-ਕਹਾਉਂਦੇ ਵਿਸ਼ਾ ਮਾਹਿਰ, ਵਿਦਵਾਨ ਇਨ੍ਹਾਂ ਸੈਮੀਨਾਰਾਂ/ਕਾਨਫਰੰਸਾਂ ਵਿਚ ਹੁੰਮ-ਹੁਮਾ ਕੇ ਪਹੁੰਚਦੇ ਤੇ ਸੰਬੰਧਤ ਵਿਸ਼ੇ ਬਾਰੇ ਚਰਚਾ ਛੇੜਦੇ। ਇਨ੍ਹਾਂ ਵਿਚ ਪੜ੍ਹੇ ਗਏ ਪਰਚੇ ਕਿਤਾਬੀ ਰੂਪ ਵਿਚ ਵੀ ਛਾਪੇ ਗਏ। ਜਲੰਧਰ ਵਿਚ ਪੁਆਰ ਦੇ ***(ਬਾਕੀ ਅਗਲੇ ਸਫੇ 'ਤੇ)***

ਨਜ਼ਦੀਕੀ, ਸਹਿਯੋਗੀਆਂ ਵਿਚ ਸੁਖਵਿੰਦਰ ਸੰਘਾ, ਵੇਦ ਅਗਨੀਹੋਤਰੀ, ਬਲਦੇਵ ਚੀਮਾ ਤੇ ਮੈਂ ਸ਼ਾਮਲ ਸਾਂ। ਕਿਸੇ ਕਾਨਫਰੰਸ ਜਾਂ ਸੈਮੀਨਾਰ ਵੇਲੇ ਜਲੰਧਰ ਰਹਿੰਦੇ ਕੁਝ ਹੋਰ ਬੁਧੀਜੀਵੀ ਵੀ ਸਾਡਾ ਸਾਥ ਦਿੰਦੇ। ਪੁਆਰ ਦੋਵਾਂ ਅਕਾਦਮੀਆਂ ਦਾ ਸਾਂਝਾ ਪ੍ਰਧਾਨ ਸੀ। ਅਕਾਦਮੀਆਂ ਦਾ ਕੰਮ-ਕਾਰ ਚਲਾਉਣ ਲਈ ਸਾਨੂੰ ਦੇਸ਼ ਭਗਤ ਯਾਦਗਾਰ ਹਾਲ ਦੀ ਦੂਜੀ ਮੰਜ਼ਿਲ 'ਤੇ ਬਣੇ 'ਬਾਬਾ ਜਵਾਲਾ ਸਿੰਘ ਹਾਲ' ਦੇ ਮੁੱਖ ਦਰਵਾਜ਼ੇ ਦੇ ਬਾਹਰਲੀ ਲੌਬੀ ਦੇ ਸਿਰੇ 'ਤੇ ਬਣੇ ਦੋ ਕਮਰਿਆਂ ਵਿਚੋਂ ਇੱਕ ਕਮਰਾ ਮਿਲ ਗਿਆ ਸੀ। ਕਮਰੇ ਦਾ ਕਿਰਾਇਆ ਕੋਈ ਨਹੀਂ ਸੀ ਪਰ ਗ਼ਦਰੀ ਬਾਬਿਆਂ ਦੇ ਸਾਲਾਨਾ ਮੇਲੇ 'ਤੇ ਅਸੀਂ ਕੁਝ ਸਹਾਇਤਾ ਰਾਸ਼ੀ ਕਮੇਟੀ ਨੂੰ ਭੇਟਾ ਕਰ ਦਿੰਦੇ। ਦਫਤਰ ਵਿਚ ਕੰਪਿਊਟਰ ਆ ਗਿਆ। ਅਲਮਾਰੀਆਂ ਸਜ ਗਈਆਂ। ਵੱਡਾ ਮੇਜ਼ ਤੇ ਦੁਆਲੇ ਕੁਰਸੀਆਂ। ਭਾਸ਼ਾ ਅਕਾਦਮੀ ਦੀਆਂ ਪ੍ਰਕਾਸ਼ਨਾਵਾਂ ਅਲਮਾਰੀਆਂ ਵਿਚ ਟਿਕਾ ਦਿੱਤੀਆਂ ਗਈਆਂ। ਹੁਣ ਤੱਕ ਹੋਈਆਂ ਕਾਨਫਰੰਸਾਂ ਦੇ ਸਾਂਭੇ ਹੋਏ ਪਰਚੇ ਤਰਤੀਬਵਾਰ ਸਾਂਭ ਲਏ ਗਏ। ਅਕਾਦਮੀਆਂ ਦੇ ਨਵੇਂ ਲੈਟਰਪੈਡ ਛਪਵਾਏ ਗਏ। ਅਸੀਂ ਅੱਵਲ ਤਾਂ ਰੋਜ਼ ਹੀ, ਨਹੀਂ ਤਾਂ ਹਫਤੇ ਵਿਚ ਤਿੰਨ-ਚਾਰ ਦਿਨ ਤਾਂ ਜ਼ਰੂਰ ਹੀ ਇਕੱਠੇ ਹੁੰਦੇ। ਕਿਸੇ ਨਾ ਕਿਸੇ ਨਵੇਂ ਪ੍ਰੋਗਰਾਮ ਦੀ ਯੋਜਨਾ ਬਣ ਰਹੀ ਹੁੰਦੀ।

ਪੁਆਰ ਪੰਜਾਬ ਵਿਚ ਬੌਧਿਕ ਇਨਕਲਾਬ ਲਿਆਉਣ ਦਾ ਸੁਪਨਾ ਪਾਲ਼ੀ ਬੈਠਾ ਸੀ ਤੇ ਇਹਦੇ ਲਈ ਜੀਅ-ਜਾਨ ਨਾਲ ਜੁਟਿਆ ਹੋਇਆ ਸੀ। ਅਸੀਂ ਉਹਦੇ ਸਹਿਯੋਗੀ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਉਹਦੀ ਇੱਛਾ ਅਨੁਸਾਰ ਪੂਰੇ ਜੋਸ਼ੋ-ਖਰੋਸ਼ ਨਾਲ ਲੱਗੇ ਹੋਏ ਸਾਂ। ਵੱਖ-ਵੱਖ ਯੂਨੀਵਰਸਿਟੀਆਂ ਤੋਂ ਵਿਦਵਾਨ ਇਨ੍ਹਾਂ ਸੈਮੀਨਾਰਾਂ ਵਿਚ ਆਉਣਾ, ਸ਼ਾਮਲ ਹੋਣਾ ਤੇ ਵਿਚਾਰ ਪੇਸ਼ ਕਰਨੇ ਆਪਣਾ ਮਾਣ ਸਮਝਣ ਲੱਗੇ। ਪੁਆਰ ਨੇ ਅਕਾਦਮਿਕ ਹਲਕਿਆਂ ਵਿਚ ਬੌਧਿਕ ਹਲਚਲ ਪੈਦਾ ਕਰਨ ਦੀ ਸ਼ੁਰੂਆਤ ਕਰ ਦਿੱਤੀ ਸੀ। ਹੁਣ ਬਹੁਤੇ ਸੈਮੀਨਾਰ ਜਾਂ ਕਾਨਫਰੰਸਾਂ 'ਪੰਜਾਬ ਅਕਾਦਮੀ ਆਫ ਸ਼ੋਸਲ ਸਾਇੰਸਜ਼, ਲਿਟਰੇਚਰ ਅਤੇ ਕਲਚਰ' ਦੇ ਬੈਨਰ ਹੇਠ ਹੀ ਹੁੰਦੇ ਸਨ। ਇਨ੍ਹਾਂ ਸੈਮੀਨਾਰਾਂ/ਕਾਨਫਰੰਸਾਂ ਦੇ ਸੰਚਾਲਨ ਦੀ ਜ਼ਿੰਮੇਵਾਰੀ ਮੇਰੀ ਹੀ ਹੁੰਦੀ ਸੀ।

ਡਾ. ਪੁਆਰ ਦਾ ਸੁਭਾਅ ਹੀ ਅਜਿਹਾ ਕਰੜਾ ਸੀ ਕਿ ਉਹ ਸਦਾ ਆਪਣੀ ਮਨਵਾਉਣ ਵਿਚ ਯਕੀਨ ਰੱਖਦਾ ਸੀ। ਜਿਹੜੀ ਗੱਲ ਜਾਂ ਸੁਝਾਅ ਉਹਦੀ ਮਰਜ਼ੀ ਦੇ ਉਲਟ ਹੁੰਦਾ ਤਾਂ ਉਹ ਬੜੇ ਰੁੱਖੇ ਅੰਦਾਜ਼ ਵਿਚ ਉਹਨੂੰ ਰੱਦ ਕਰ ਦਿੰਦਾ। ਦੋਵਾਂ ਅਕਾਦਮੀਆਂ ਦੇ ਦੂਜੇ ਕਾਰਕੁਨ ਉਹਦੇ ਚੇਲੇ-ਬਾਲਕੇ ਹੋਣ ਕਰ ਕੇ ਉਹ ਉਨ੍ਹਾਂ ਦੇ ਵਿਚਾਰਾਂ ਜਾਂ ਸੁਝਾਵਾਂ ਨੂੰ ਝਿੜਕ ਕੇ ਰੱਦ ਕਰ ਦਿੰਦਾ। ਇਸ ਲਈ ਸਾਰੇ ਉਹਦੀ ਹਾਂ ਵਿਚ ਹਾਂ ਮਿਲਾਉਣ ਵਿਚ ਹੀ ਭਲਾ ਸਮਝਦੇ। ਬੇਇਜ਼ਤੀ ਕਰਾਉਣੀ ਕਿਸ ਨੂੰ ਵਾਰਾ ਖਾਂਦੀ ਹੈ! ਕਦੀ-ਕਦੀ ਮੈਂ ਜ਼ਰੂਰ ਉਹਦੀ ਕਿਸੇ ਗੱਲ ਦਾ ਮੋੜ ਮੋੜਦਾ। ਉਹ ਮੇਰੀ ਗੱਲ ਸੁਣ ਤਾਂ ਲੈਂਦਾ ਪਰ ਕਰਦਾ ਆਪਣੀ ਮਰਜ਼ੀ ਹੀ। ਸੋ ਆਮ ਕਰ ਕੇ ਮੈਂ ਵੀ ਦੂਜਿਆਂ ਵਾਂਗ 'ਸਤਿਬਚਨ ਜੀ' ਵਾਲਾ ਰਵੱਈਆ ਅਖਤਿਆਰ ਕਰ ਲਿਆ ਸੀ। ਮੇਰੇ ਮਨ ਵਿਚ ਸੀ ਕਿ ਕੁਝ ਵੀ ਹੋਵੇ, ਉਹ ਦਿਲ ਦਾ ਮਾੜਾ ਨਹੀਂ ਤੇ ਬੜੇ ਸ਼ੁੱਧ ਅਤੇ ਸੱਚੇ ਮਨ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਭਲਾ ਕਰਨਾ ਲੋੜਦਾ ਹੈ।

ਕਈ ਵਾਰ ਆਪਣੇ ਰੁੱਖੇ ਸੁਭਾਅ ਮੁਤਾਬਕ ਉਹ ਚੱਲਦੇ ਸੈਮੀਨਾਰ ਵਿਚ ਵੀ ਬੁਲਾਰੇ ਨੂੰ ਰੋਕ-ਟੋਕ ਕੇ ਉਹਦੇ ਵਿਚਾਰਾਂ ਦੇ ਉਲਟ ਬੋਲਣ ਲੱਗ ਪੈਂਦਾ। ਇੱਕ ਵਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਇੱਕ ਪ੍ਰੋਫੈਸਰ ਆਪਣਾ ਪੇਪਰ ਪੜ੍ਹ ਰਿਹਾ ਸੀ ਤਾਂ ਪੁਆਰ ਪ੍ਰਧਾਨਗੀ ਮੰਡਲ ਦੀ ਕੁਰਸੀ ਤੋਂ ਗੁੱਸੇ ਨਾਲ ਉਠਿਆ ਤੇ ਉਹਨੂੰ ਬਾਹੋਂ ਫੜ ਕੇ ਪਾਸੇ ਕਰ ਕੇ ਆਪਣੀ ਗੱਲ ਕੁਝ ਇਸ ਅੰਦਾਜ਼ ਵਿਚ ਸ਼ੁਰੂ ਕੀਤੀ, "ਇਹ ਕੈਸੀ ਵਾਹਯਾਤ ਗੱਲ ਕਰ ਰਿਹਾ ਹੈ...।"

ਆਪਣੀ ਭੜਾਸ ਕੱਢ ਕੇ ਉਹ ਕੁਰਸੀ 'ਤੇ ਜਾ ਬੈਠਾ। ਵਿਦਵਾਨ ਨੇ ਤਾਂ ਪਾਣੀ-ਪਾਣੀ ਹੋਣਾ ਹੀ ਸੀ, ਦਰਸ਼ਕਾਂ ਨੂੰ ਵੀ ਇਹ ਗੱਲ ਬਹੁਤ ਚੁਭੀ। ਠੀਕ ਹੈ, ਉਹਨੂੰ ਸੰਬੰਧਤ ਵਿਦਵਾਨ ਦੀ ਗੱਲ ਨਾ ਜਚੀ ਹੋਵੇ ਪਰ ਉਹਨੂੰ ਇੰਝ ਵਿਚੋਂ ਟੋਕ ਕੇ ਉਹਦੀ ਬੇਇਜ਼ਤੀ ਕਰਨਾ ਤਾਂ ਕਿਵੇਂ ਵੀ ਵਾਜਬ ਨਹੀਂ ਸੀ। ਇਹ ਕਿਧਰ ਦਾ 'ਸੈਮੀਨਾਰ ਕਲਚਰ' ਸੀ ਜਿਸ 'ਕਲਚਰ' ਦੀ, ਪੰਜਾਬੀ ਜਗਤ ਵਿਚ ਘਾਟ ਦੀ, ਉਹ ਅਕਸਰ ਦੁਹਾਈ ਦਿੰਦਾ ਰਹਿੰਦਾ ਸੀ! ਮੈਂ ਸਟੇਜ ਚਲਾ ਰਿਹਾ ਸਾਂ। ਜਦੋਂ ਪੁਆਰ ਅਤੇ ਬੁਲਾਰਾ ਸਟੇਜ ਤੋਂ ਪਾਸੇ ਹਟੇ ਤਾਂ ਮੈਂ ਆਖਿਆ, "ਤੁਸੀਂ ਸਾਰੇ ਵਿਦਵਾਨ ਸਾਡੇ ਸੱਦੇ 'ਤੇ ਹੁੰਮ-ਹੁਮਾ ਕੇ ਹਾਜ਼ਰ ਹੁੰਦੇ ਹੋ। ਆਪਣੇ ਵਿਚਾਰਾਂ ਨਾਲ ਚਰਚਾ ਵਿਚ ਸਾਰਥਕ ਯੋਗਦਾਨ ਪਾਉਂਦੇ ਹੋ। ਅਸੀਂ ਤੁਹਾਡੇ ਅਹਿਸਾਨਮੰਦ ਹਾਂ ਕਿ ਤੁਸੀਂ ਸਦਾ ਸਾਡਾ ਮਾਣ ਰੱਖਿਆ ਹੈ। ਸਾਡਾ ਸੱਦਾ ਕਬੂਲਿਆ ਹੈ। ਹੁਣੇ ਜੋ ਘਟਨਾ ਹੋਈ ਹੈ, ਬਹੁਤ ਚੰਗਾ ਹੁੰਦਾ ਜੇ ਇਹ ਇੰਝ ਨਾ ਵਾਪਰਦੀ ਪਰ ਵਾਪਰ ਗਈ। ਅਕਾਦਮੀ ਦਾ ਜਨਰਲ ਸਕੱਤਰ ਹੋਣ ਦੇ ਨਾਤੇ ਮੈਂ ਪ੍ਰੋ... ਸਿੰਘ ਕੋਲੋਂ, ਉਸ ਨਾਲ ਹੋਏ ਇਸ ਸਲੂਕ ਲਈ ਆਪਣੀ ਅਕਾਦਮੀ ਵੱਲੋਂ ਮੁਆਫੀ ਮੰਗਦਾ ਹਾਂ ਤੇ ਆਸ ਕਰਦਾ ਹਾਂ ਕਿ ਉਹ ਸਾਨੂੰ ਆਪਣਾ ਸਾਥ ਤੇ ਸਹਿਯੋਗ ਦਿੰਦੇ ਰਹਿਣਗੇ।"

ਪੁਆਰ ਮੰਚ 'ਤੇ ਚੁੱਪ-ਚਾਪ ਬੈਠਾ ਸੁਣ ਰਿਹਾ ਸੀ। ਕੁਝ ਨਹੀਂ ਬੋਲਿਆ। ਉਹ ਸੰਬੰਧਤ ਬੁਲਾਰੇ ਵਾਂਗ ਉਠ ਕੇ ਮੈਨੂੰ ਵੀ ਟੋਕ ਸਕਦਾ ਸੀ ਪਰ ਉਸ ਨੇ ਇੰਝ ਨਹੀਂ ਕੀਤਾ। ਬਾਅਦ ਵਿਚ ਵੀ ਉਹਨੇ ਮੈਨੂੰ ਕੁਝ ਨਹੀਂ ਕਿਹਾ। ਖਾਣੇ ਦੇ ਵਕਫੇ ਵੇਲੇ ਸੱਜਣ-ਮਿੱਤਰ ਕਹਿ ਰਹੇ ਸਨ, "ਯਾਰ ਤੂੰ ਧੰਨ ਏਂ! ਇੰਝ ਪਬਲੀਕਲੀ ਪੁਆਰ ਦੀ ਗਲਤੀ ਨੂੰ ਸਟੇਜ ਉਤੇ ਹੀ ਨਸ਼ਰ ਕਰਨ ਦਾ ਤੇਰਾ ਹੀ ਜਿਗਰਾ ਹੈ!"

***

ਯਾਰਾਂ ਨੂੰ ਮਾਣ ਦੇਣ ਦਾ ਉਹਦਾ ਆਪਣਾ ਸਲੀਕਾ ਸੀ। ਉਹਦੇ ਵਾਈਸ ਚਾਂਸਲਰ ਬਣਨ ਤੋਂ ਬਾਅਦ ਹੋਣ ਵਾਲੀ ਦੋ ਦਿਨਾਂ ਕਾਨਫਰੰਸ ਵਿਚ ਅਸੀਂ ਪਟਿਆਲੇ ਜਾਣਾ ਹੀ ਸੀ। ਉਹਦੇ ਕਾਰਜਕਾਲ ਦੀ ਇਹ ਪਹਿਲੀ ਕਾਨਫਰੰਸ ਸੀ। ਸੈਨੇਟ ਹਾਲ ਵਿਚ ਪਰਚੇ ਪੜ੍ਹੇ ਜਾ ਰਹੇ ਸਨ। ਬਹਿਸ ਹੋ ਰਹੀ ਸੀ। ਕਿਸੇ ਵਿਦਵਾਨ ਦੇ ਪਰਚੇ 'ਤੇ ਮੈਂ ਹਾਲ ਵਿਚ ਬੈਠਿਆਂ ਹੀ ਵਿਅੰਗਾਤਮਕ ਟਿੱਪਣੀ ਕੀਤੀ। ਹਾਸਾ ਪੈ ਗਿਆ।

ਕੁਝ ਚਿਰ ਬਾਅਦ ਮੈਂ ਹਾਲ ਵਿਚੋਂ ਉਠ ਕੇ ਬਾਹਰ ਵਾਸ਼ਰੂਮ ਵੱਲ ਗਿਆ ਤਾਂ ਦੇਖਿਆ ਕਿ ਮੁੱਖ ਗੇਟ ਤੋਂ ਬਾਹਰ ਦੋ-ਚਾਰ ਜਣੇ ਖਲੋਤੇ ਗੱਲਾਂ ਕਰ ਰਹੇ ਸਨ। ਮੈਂ ਵੀ ਉਨ੍ਹਾਂ ਕੋਲ ਚਲਾ ਗਿਆ। ਅਜਿਹੀਆਂ ਕਾਨਫਰੰਸਾਂ ਤੇ ਸੈਮੀਨਾਰਾਂ ਵਿਚ 'ਬਾਹਰਲੀਆਂ ਗੱਪ-ਗੋਸ਼ਟੀਆਂ' ਦਾ ਆਪਣਾ ਸਵਾਦ ਹੁੰਦਾ ਹੈ। ਮੈਂ ਇਹ ਸਵਾਦ ਲੈ ਰਿਹਾ ਸਾਂ ਕਿ ਮੈਨੂੰ ਲੱਭਦੇ ਦੋ-ਚਾਰ ਜਣੇ ਆ ਗਏ। ਅਨੂਪ ਵਿਰਕ ਕਹਿੰਦਾ, "ਓ ਭਾਊ! ਤੂੰ ਐਥੇ ਗੱਲੀਂ ਲੱਗੈਂ। ਡਾ. ਪੁਆਰ ਤੈਨੂੰ ਅੰਦਰ ਬੁਲਾਉਂਦੇ ਨੇ, ਕਹਿੰਦੇ ਉਹਨੂੰ ਲੱਭ ਕੇ ਲਿਆਓ।"

ਜਦੋਂ ਪੁਆਰ ਸਟੇਜ ਤੋਂ ਬੋਲਣ ਲੱਗਾ ਸੀ ਤਾਂ ਹਾਲ ਵਿਚ ਆਸੇ-ਪਾਸੇ ਝਾਤੀ ਮਾਰ ਕੇ ਕਹਿੰਦਾ, "ਵਰਿਆਮ ਕਿੱਥੇ ਹੈ? ਉਹਨੂੰ ਬਾਹਰੋਂ ਲੱਭ ਕੇ ਲਿਆਓ।"

ਮੈਂ ਸੈਨੇਟ ਹਾਲ ਵਿਚ ਗਿਆ ਤਾਂ ਸਾਰੇ ਮੇਰੇ ਵੱਲ ਦੇਖਣ ਲੱਗੇ। ਪੁਆਰ ਪ੍ਰਧਾਨਗੀ ਭਾਸ਼ਨ ਦੇ ਰਿਹਾ ਸੀ। ਮੈਨੂੰ ਦੇਖ ਕੇ ਚਿਹਰੇ 'ਤੇ ਮੁਸਕਰਾਹਟ ਫੈਲ ਗਈ। ਸਿੱਧਾ ਮੈਨੂੰ ਸੰਬੋਧਿਤ ਹੋਇਆ, "ਲਉ ਅਹੁ ਆ ਗਿਐ। ਵਰਿਆਮ ਸਿਹਾਂ! ਹੁਣ ਚੱਲਦੀਆਂ ਗੋਸ਼ਟੀਆਂ ਵਿਚ ਆਪਣੀਆਂ ਵੱਖਰੀਆਂ ਗੋਸ਼ਟੀਆਂ ਲਾਉਣੀਆਂ ਛੱਡ ਦੇ; ਤੇ ਹਾਂ, ਤੇ ਜਿਹੜੀ ਗੱਲ ਤੂੰ ਆਖੀ ਸੀ...।"

ਤੇ ਉਹ ਉਸ 'ਆਖੀ ਗੱਲ' ਬਾਰੇ ਆਪਣਾ ਮੱਤ ਬਿਆਨ ਕਰਨ ਲੱਗਾ।

ਮੈਨੂੰ ਉਚੇਚੇ ਤੌਰ 'ਤੇ ਬਾਹਰੋਂ ਬੁਲਾ ਕੇ ਤੇ ਮੇਰੀ ਗੱਲ ਨੂੰ ਮਹੱਤਵ ਦੇ ਕੇ ਅਸਲ ਵਿਚ ਉਹ ਮੈਨੂੰ 'ਮਹੱਤਵਪੂਰਨ' ਬਣਾ ਰਿਹਾ ਸੀ ਤੇ ਸਭਨਾਂ ਨੂੰ ਪ੍ਰਭਾਵ ਦੇ ਰਿਹਾ ਸੀ ਕਿ ਵਰਿਆਮ ਸੰਧੂ ਉਹਦੇ ਨੇੜਲਾ ਬੰਦਾ ਹੈ। ਉਹਦੇ ਭਾਸ਼ਨ ਤੋਂ ਬਾਅਦ ਸਭਨਾਂ ਨੇ ਲੰਚ ਬਰੇਕ ਲਈ ਗੈਸਟ ਹਾਊਸ ਜਾਣਾ ਸੀ। ਬਾਹਰ ਨਿਕਲ ਕੇ ਲੋਕ ਆਪੋ-ਆਪਣੀਆਂ ਕਾਰਾਂ ਵਿਚ ਬੈਠਣ ਲਈ ਅਹੁਲਣ ਲੱਗੇ। ਪੁਆਰ ਅੰਦਰੋਂ ਬਾਹਰ ਆਇਆ ਤਾਂ ਵੀਹ-ਪੰਝੀ ਬੰਦੇ ਉਹਦੇ ਦੁਆਲੇ। ਨਵਾਂ-ਨਵਾਂ ਵਾਈਸ ਚਾਂਸਲਰ ਬਣਿਆ ਸੀ। ਪ੍ਰੋਫੈਸਰ ਲੋਕ ਉਹਦੇ ਨੇੜੇ-ਨੇੜੇ ਹੋਣ ਦੀ ਕੋਸ਼ਿਸ਼ ਵਿਚ ਸਨ। ਐਵੇਂ ਗੱਲਾਂ ਦੀਆਂ ਨਿੱਕੀਆਂ-ਨਿੱਕੀਆਂ ਪੂਣੀਆਂ ਕੱਤ ਰਹੇ ਸਨ।

ਮੈਂ ਪੰਦਰਾਂ-ਵੀਹ ਗਜ਼ ਦੂਰ ਆਪਣੇ ਯਾਰਾਂ-ਦੋਸਤਾਂ ਨਾਲ ਸਾਂ ਤੇ ਅਸੀਂ ਗੈਸਟ ਹਾਊਸ ਜਾਣ ਦੀ ਤਿਆਰੀ ਵਿਚ ਹੀ ਸਾਂ। ਪੁਆਰ ਨੇ ਦੂਰੋਂ ਬਾਂਹ ਉਚੀ ਕਰ ਕੇ ਮੈਨੂੰ ਆਵਾਜ਼ ਮਾਰੀ, "ਵਰਿਆਮ! ਆ, ਤੂੰ ਮੇਰੇ ਨਾਲ ਆ ਜਾ।"

ਕੋਲ ਗਿਆ ਤਾਂ ਉਹਦੇ ਆਸ-ਪਾਸ ਖਲੋਤੇ ਪ੍ਰੋਫੈਸਰਾਂ ਨੇ ਮੇਰੇ ਲਈ ਰਾਹ ਬਣਾ ਦਿੱਤਾ। ਪੁਆਰ ਨੇ ਪਹਿਲਾਂ ਮੈਨੂੰ ਕਾਰ ਵਿਚ ਬਹਿਣ ਲਈ ਕਿਹਾ। ਉਹਨੇ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਦੇ ਕਾਨਫਰੰਸ ਦੇ ਡੈਲੀਗੇਟਾਂ ਵਿਚ ਮੇਰਾ ਵਜ਼ੂਕਾ ਬਣਾ ਦਿੱਤਾ ਸੀ। ਸਭ ਨੂੰ ਲੱਗਣ ਲੱਗਾ ਕਿ ਮੈਂ ਪੁਆਰ ਦੇ ਬਹੁਤ ਨੇੜਲਾ ਬੰਦਾ ਹਾਂ। ਅਗਲੇ ਸਾਲਾਂ ਵਿਚ 'ਵੀ.ਸੀ. ਦਾ ਨੇੜਲਾ ਬੰਦਾ' ਹੋਣ ਦਾ ਮੇਰਾ ਵਜ਼ੂਕਾ ਬਣਿਆ ਰਿਹਾ।

ਇਸ ਵਜ਼ੂਕੇ ਕਰ ਕੇ ਕਈ ਮੁਸ਼ਕਿਲਾਂ ਵੀ ਆਈਆਂ। ਕੋਈ ਨਾ ਕੋਈ ਜਣਾ ਕਿਸੇ ਨਾ ਕਿਸੇ ਕੰਮ ਲਈ ਸਿਫਾਰਿਸ਼ ਕਰਨ ਲਈ ਆਖਦਾ ਰਹਿੰਦਾ। ਬਣਦੀ-ਜਚਦੀ ਸਿਫਾਰਿਸ਼ ਹੁੰਦੀ ਤਾਂ ਮੈਂ ਕਰ ਵੀ ਦਿੰਦਾ। ਮੈਨੂੰ ਮਾਣ ਹੈ ਕਿ ਉਹਨੇ ਮੇਰੀਆਂ ਕਈ ਸਿਫਾਰਿਸ਼ਾਂ ਮੰਨੀਆਂ ਵੀ। ਬਹੁਤੀਆਂ ਤਾਂ ਨਹੀਂ, ਪੰਜਾਬੀ ਯੂਨੀਵਰਸਿਟੀ ਵਿਚ 'ਇਕ-ਅੱਧੀ' ਨੌਕਰੀ ਲਈ, 'ਇੱਕ-ਅੱਧੀ' ਪੰਜਾਬੋਂ ਬਾਹਰਲੀ ਕਿਸੇ ਯੂਨੀਵਰਸਿਟੀ ਵਿਚ ਤੇ ਦੋ ਕੁ ਕਾਲਜਾਂ ਵਿਚ ਲੈਕਚਰਾਰ ਰੱਖਣ ਵੇਲੇ ਉਹਨੇ ਮੇਰੇ ਆਖੇ ਦਾ ਮਾਣ ਰੱਖਿਆ। 'ਇੱਕ-ਅੱਧੀ' ਆਖਣ ਪਿੱਛੇ ਵੀ ਖਾਸ ਕਾਰਨ ਹੈ। ਪਹਿਲੀ ਗੱਲ, ਮੈਂ ਸਿਫਾਰਿਸ਼ ਹੀ ਢੁਕਵੇਂ ਬੰਦੇ ਦੀ ਕਰਦਾ। ਦੂਜਾ, ਮੈਂ ਇਹ ਵੀ ਜਾਣਦਾ ਸਾਂ ਕਿ ਸਿਫਾਰਿਸ਼ ਕਰਾਉਣ ਵਾਲਾ ਨਿਰਾ ਮੇਰੀ ਸਿਫਾਰਿਸ਼ 'ਤੇ ਹੀ ਨਹੀਂ ਸੀ ਬੈਠਾ ਹੁੰਦਾ। ਉਹਨੇ ਹੋਰਨਾਂ ਕੋਲੋਂ ਵੀ 'ਅਖਵਾਉਣ' ਵਿਚ ਪੂਰੀ ਵਾਹ ਲਾਈ ਹੁੰਦੀ ਸੀ। ਸੋ, ਪੂਰੇ ਦਾਅਵੇ ਨਾਲ ਨਹੀਂ ਕਹਿੰਦਾ ਕਿ ਇਹ ਨਿਯੁਕਤੀਆਂ ਮੇਰੇ ਆਖੇ ਹੀ ਹੋਈਆਂ ਹੋਣ ਪਰ ਇੰਟਰਵਿਊ ਤੋਂ ਬਾਅਦ ਪੁਆਰ ਮੈਨੂੰ ਕਹਿੰਦਾ, "ਤੇਰਾ ਬੰਦਾ ਰਖਵਾ'ਤਾ ਬਈ!" ਤੇ ਜਿਹੜੇ ਰੱਖੇ ਜਾਂਦੇ, ਉਹ ਵੀ ਪਰਤਵੇਂ ਰੂਪ ਵਿਚ ਮੇਰਾ ਧੰਨਵਾਦ ਕਰਦੇ ਤਾਂ ਮਨ ਯਕੀਨ ਕਰ ਲੈਂਦਾ ਕਿ ਪੁਆਰ ਮੇਰੀ ਮੰਨਦਾ ਹੈ।

ਏਸੇ 'ਯਕੀਨ' ਵਿਚੋਂ ਮੈਂ ਇੱਕ ਐਸੀ ਸਿਫਾਰਿਸ਼ ਕਰ ਬੈਠਾ ਜਿਸ ਦਾ ਬੜਾ ਹੀ ਅਜੀਬ ਜਵਾਬ ਮਿਲਿਆ।

ਬਲਦੇਵ ਦੀ ਪਤਨੀ ਗੁਰਦੀਪ ਜਲੰਧਰ ਦੇ ਐਸ.ਡੀ. ਕਾਲਜ ਵਿਚ ਪੜ੍ਹਾਉਂਦੀ ਸੀ। ਬੱਚੇ ਵੀ ਜਲੰਧਰ ਪੜ੍ਹਦੇ ਸਨ। ਬਲਦੇਵ ਹਰ ਹਫਤੇ ਜਲੰਧਰ ਪਰਿਵਾਰ ਕੋਲ ਆ ਜਾਂਦਾ ਤੇ ਸੋਮਵਾਰ ਯੂਨੀਵਰਸਿਟੀ ਤੁਰ ਜਾਂਦਾ। ਬਲਦੇਵ ਸਮੇਤ ਅਸੀਂ ਉਹਦੇ ਸਾਰੇ ਦੋਸਤ ਸਮਝਦੇ ਸਾਂ ਕਿ ਡਾ. ਪੁਆਰ ਨੂੰ ਵੀ ਬਲਦੇਵ ਦੇ 'ਪਰਿਵਾਰ ਵਿਛੋੜੇ' ਦੀ ਤਕਲੀਫ ਦਾ ਅਹਿਸਾਸ ਸੀ ਤੇ ਉਹ ਮੁਨਾਸਬ ਮੌਕਾ ਦੇਖ ਕੇ ਗੁਰਦੀਪ ਨੂੰ ਵੀ ਪਟਿਆਲੇ ਲੈ ਜਾਵੇਗਾ। ਯੂਨੀਵਰਸਿਟੀ ਵਿਚ ਨਾ ਸਹੀ, ਕਿਸੇ ਕਾਲਜ ਵਿਚ ਹੀ ਸਹੀ ਪਰ ਏਨੇ ਚਿਰ ਵਿਚ ਬਲਦੇਵ ਦੀ 'ਸੁਤੰਤਰ ਹੋਂਦ' ਵਾਲਾ ਭਾਣਾ ਵਾਪਰ ਗਿਆ। ਉਹਨੇ ਵੀ ਪੁਆਰ ਦੀ ਮੰਨਣ ਦੀ ਥਾਂ 'ਪਾਰਟੀ' ਦੀ ਮੰਨਣ ਨੂੰ ਤਰਜੀਹ ਦਿੱਤੀ ਸੀ। ਹੁਣ ਸਾਨੂੰ ਫਿਕਰ ਸੀ ਕਿ ਗੁਰਦੀਪ ਦੀ ਪਟਿਆਲੇ ਜਾਣ ਵਾਲੀ ਗੱਲ ਕਿਤੇ 'ਖੂਹ-ਖਾਤੇ' ਨਾ ਜਾ ਪਵੇ।

ਇੱਕ ਦਿਨ ਕਿਸੇ ਸਮਾਗਮ ਤੋਂ ਬਾਅਦ ਅਸੀਂ ਰਾਤ ਨੂੰ ਇੰਟਰਨੈਸ਼ਨਲ ਹੋਟਲ ਵਿਚ ਇਕੱਠੇ ਸਾਂ। ਖਾਣ-ਪੀਣ ਖਤਮ ਹੋਇਆ ਤਾਂ ਘਰੋ-ਘਰੀ ਜਾਣ ਲਈ ਅਸੀਂ ਬਾਹਰ ਆਏ। ਬਾਹਰ ਠੰਢੀ ਹਵਾ ਚੱਲ ਰਹੀ ਸੀ। ਪੁੰਨਿਆਂ ਦਾ ਚੰਨ ਚਮਕ ਰਿਹਾ ਸੀ। ਬਾਹਰ ਆ ਕੇ ਵੀ ਅਜੇ ਕਿਸੇ ਦਾ ਘਰ ਜਾਣ ਨੂੰ ਮਨ ਨਹੀਂ ਸੀ ਕਰ ਰਿਹਾ। ਪਿਛਲੇ ਕਈ ਦਿਨਾਂ ਤੋਂ ਅਸੀਂ ਸੋਚ ਰਹੇ ਸਾਂ ਕਿ ਪੁਆਰ ਨੂੰ ਬਲਦੇਵ ਦੀ ਸਮੱਸਿਆ ਬਾਰੇ 'ਬੇਨਤੀ' ਕੀਤੀ ਜਾਵੇ ਪਰ ਨਾ ਸੁਖਵਿੰਦਰ ਤੇ ਨਾ ਅਗਨੀਹੋਤਰੀ ਪੁਆਰ ਅੱਗੇ ਜੋਦੜੀ ਕਰਨ ਦਾ ਖਤਰਾ ਮੁੱਲ ਲੈਣ ਲਈ ਤਿਆਰ ਸਨ। ਅੱਜ ਪੁਆਰ ਦਾ ਰਉਂ ਠੀਕ ਲੱਗ ਰਿਹਾ ਸੀ। ਮੈਂ ਮੁਨਾਸਬ ਮੌਕਾ ਦੇਖ ਕੇ ਕਿਹਾ, "ਡਾ ਸਾਬ੍ਹ! ਮੈਂ ਤੁਹਾਨੂੰ ਬੜੀ ਵਾਜਬ ਬੇਨਤੀ ਕਰਨੀ ਚਾਹੁੰਦਾਂ। ਕਿਰਪਾ ਕਰ ਕੇ ਨਾਂਹ ਨਾ ਕਰਿਓ!"

ਉਹ ਖੁਸ਼ੀ ਵਿਚ ਬੋਲਿਆ, "ਤੂੰ ਦੱਸ ਤਾਂ ਸਹੀ। ਅੱਗੇ ਕਦੀ ਤੇਰੀ ਮੋੜੀ ਏ!"

ਮੈਂ ਦੋਵੇਂ ਹੱਥ ਜੋੜ ਕੇ ਪੂਰੀ ਅਧੀਨਗੀ ਤੇ ਨਿਮਰਤਾ ਨਾਲ ਕਿਹਾ, "ਜੇ ਤੁੱਠੇ ਓ ਤਾਂ ਗੁਰਦੀਪ ਨੂੰ ਪਟਿਆਲੇ ਲਿਜਾਣ ਦਾ ਕੋਈ ਬੰਨ੍ਹ-ਸੁਬ੍ਹ ਕਰੋ।"

ਉਹਦੀ ਤਰਲਤਾ ਇੱਕਦਮ ਖਿੰਘਰ ਹੋ ਗਈ। ਉਹਨੇ ਆਪਣੀ ਕਾਰ ਵੱਲ ਹੁੰਦਿਆਂ, ਬਾਂਹ ਖੜ੍ਹੀ ਕਰ ਕੇ ਦੋ-ਤਿੰਨ ਵਾਰ ਨਾਂਹ ਵਿਚ ਹੱਥ ਹਿਲਾਉਂਦਿਆਂ ਬੜੀ ਕੌੜ ਨਾਲ ਕਿਹਾ, "ਮੇਰੇ ਕੋਲ ਜ਼ਿਕਰ ਈ ਨਾ ਕਰ ਇਸ ਗੱਲ ਦਾ।"

ਉਹ ਕਾਰ ਭਜਾ ਕੇ ਲੈ ਗਿਆ। ਅਸੀਂ ਇੱਕ ਦੂਜੇ ਦਾ ਮੂੰਹ ਵਿੰਹਦੇ ਰਹਿ ਗਏ।

ਇਹ ਨਹੀਂ ਕਿ ਉਹਨੇ ਬਲਦੇਵ ਨਾਲ ਮਿਲਣਾ-ਵਰਤਣਾ ਛੱਡ ਦਿੱਤਾ ਹੋਵੇ। ਆਪਸ ਵਿਚ ਬੋਲਦੇ-ਚਾਲਦੇ ਵੀ ਰਹੇ। ਸਮਾਜਕ-ਸਭਿਅਚਾਰਕ ਸਮਾਗਮਾਂ ਵਿਚ ਇਕੱਠੇ ਵੀ ਹੁੰਦੇ ਰਹੇ। ਪੰਜਾਬੀ ਭਾਸ਼ਾ ਅਕਾਦਮੀ ਵਿਚ ਇਕੱਠੇ ਕੰਮ ਵੀ ਕਰਦੇ ਰਹੇ। ਜੀਵਨ ਦੇ ਹੋਰ ਕੰਮਾਂ-ਕਾਰਾਂ ਵਿਚ ਇਕ ਦੂਜੇ ਦੇ ਕੰਮ ਵੀ ਆਉਂਦੇ ਰਹੇ ਪਰ ਇਹ ਵੀ ਹਕੀਕਤ ਹੈ ਕਿ ਗੁਰਦੀਪ ਰਿਟਾਇਰ ਹੋਣ ਤੋਂ ਬਾਅਦ ਹੀ ਪਟਿਆਲੇ ਜਾ ਸਕੀ।

ਇਹ ਵੀ ਸੱਚ ਹੈ ਕਿ ਆਪਣੇ ਸਾਰੇ ਰੁੱਖੇਪਨ ਤੇ ਖਰਵ੍ਹੇਪਨ ਦੇ ਬਾਵਜੂਦ ਪੁਆਰ ਅੰਦਰ ਇੱਕ ਬਹੁਤ ਹੀ ਹੱਸਾਸ ਕੋਨਾ ਵੀ ਸੀ। ਉਹ ਯਾਰਾਂ ਦਾ ਯਾਰ ਤੇ ਰਿਸ਼ਤਿਆਂ ਦਾ ਕਦਰਦਾਨ ਸੀ।

ਮੇਰੀ ਪਤਨੀ ਨੇ ਪੰਜਾਬੀ ਯੂਨੀਵਰਸਿਟੀ ਦੇ ਪੱਤਰ-ਵਿਹਾਰ ਪ੍ਰੋਗਰਾਮ ਅਧੀਨ ਐਮ.ਐਡ. ਕਰਨ ਲਈ ਦਾਖਲਾ ਲਿਆ। ਉਹਨੇ ਯੂਨੀਵਰਸਿਟੀ ਦੇ ਨਿਯਮ ਮੁਤਾਬਕ ਕੁਝ ਦਿਨ ਯੂਨੀਵਰਸਿਟੀ ਵਿਚ ਰਹਿ ਕੇ ਕਲਾਸਾਂ ਲਾਉਣੀਆਂ ਸਨ। ਅਸੀਂ ਇਸ ਬਾਰੇ ਡਾ. ਪੁਆਰ ਨਾਲ ਗੱਲ ਵੀ ਸਾਂਝੀ ਨਹੀਂ ਸੀ ਕੀਤੀ। ਮੈਂ ਨਹੀਂ ਸਾਂ ਚਾਹੁੰਦਾ ਕਿ ਹੋਸਟਲ ਵਿਚ ਪਤਨੀ ਦੀ ਰਿਹਾਇਸ਼ ਵਰਗੇ ਨਿੱਕੇ ਕੰਮ ਲਈ ਵੀ ਪੁਆਰ ਦੀ ਸਿਫਾਰਸ਼ ਕਰਵਾਈ ਜਾਵੇ। ਉਂਜ ਵੀ ਅਸੀਂ ਹੋਸਟਲ ਦੀ ਵਾਰਡਨ ਨੂੰ ਜਾਣਦੇ ਸਾਂ। ਅਸਲ ਵਿਚ ਉਹਨੂੰ ਨਿਯੁਕਤ ਕਰਾਉਣ ਵਿਚ ਮੇਰਾ ਵੀ 'ਕੁਝ ਕੁ ਯੋਗਦਾਨ' ਸੀ। ਉਹ ਮੇਰੇ ਐਮ.ਫਿਲ. ਦੇ ਜਮਾਤੀ ਤੇ ਉਨ੍ਹੀਂ ਦਿਨੀਂ ਰੇਡੀਓ/ਟੀ.ਵੀ. ਦੇ ਅਧਿਕਾਰੀ ਅੰਮ੍ਰਿਤਲਾਲ ਪਾਲ ਦੀ ਬੀਵੀ ਸੀ। ਉਨ੍ਹਾਂ ਦੀ ਰਿਹਾਇਸ਼ ਉਦੋਂ ਜਲੰਧਰ ਦੀ ਅਰਬਨ ਐਸਟੇਟ ਵਿਚ ਹੁੰਦੀ ਸੀ। ਉਹਦੀ ਦਰਖਾਸਤ ਪੜ੍ਹ ਕੇ ਪੁਆਰ ਨੇ ਮੇਰੀ ਤੇ ਸਾਡੇ ਸਾਂਝੇ ਮਰਹੂਮ ਮਿੱਤਰ ਤ੍ਰਿਲੋਚਨ ਸਿੰਘ ਭਾਟੀਆ ਦੀ ਜ਼ਿੰਮੇਵਾਰੀ ਲਾਈ ਕਿ ਅਸੀਂ ਉਹਨੂੰ ਉਹਦੇ ਘਰ ਜਾ ਕੇ ਜਾਣਕਾਰੀ ਲਈਏ ਕਿ ਕੀ ਉਹ ਵਾਕਿਆ ਹੀ ਕੁੜੀਆਂ ਦੇ ਹੋਸਟਲ ਦੀ ਨਿਗਰਾਨ ਬਣਨ ਦੇ ਕਾਬਲ ਹੈ! ਇਹ ਇੱਕ ਤਰ੍ਹਾਂ ਉਸ ਬੀਬੀ ਦੀ ਇੰਟਰਵਿਊ ਕਰਨ ਦਾ ਸਾਨੂੰ ਦਿੱਤਾ ਅਧਿਕਾਰ ਹੀ ਸੀ। ਅਸੀਂ ਸਿਫਾਰਿਸ਼ ਕਰ ਦਿੱਤੀ ਤੇ ਉਹ ਨਿਯੁਕਤ ਹੋ ਗਈ। ਜ਼ਾਹਿਰ ਹੈ ਕਿ ਵਾਰਡਨ ਬੀਬੀ ਸਾਡੀ ਪਹਿਲਾ ਹੀ ਬੜੀ 'ਅਹਿਸਾਨਮੰਦ' ਸੀ ਤੇ ਉਹ ਇਹ ਤਾਂ ਚੰਗੀ ਤਰ੍ਹਾਂ ਜਾਣਦੀ ਹੀ ਸੀ ਕਿ 'ਵਾਈਸ ਚਾਂਸਲਰ ਸਾਹਿਬ' ਮੇਰੇ ਨੇੜਲੇ ਮਿੱਤਰ ਹਨ। ਉਹਨੇ ਮੇਰੀ ਪਤਨੀ ਨੂੰ ਸਾਰੀਆਂ ਸਹੂਲਤਾਂ ਵਾਲਾ ਵਧੀਆ ਕਮਰਾ ਦੇ ਦਿੱਤਾ ਤੇ ਹੋਸਟਲ ਦੇ ਰੋਟੀ-ਪਾਣੀ ਲਈ ਵੀ ਉਚੇਚੀਆਂ ਹਦਾਇਤਾਂ ਕਰ ਦਿੱਤੀਆਂ।

ਇੱਕ ਦਿਨ ਪਤਨੀ ਕਲਾਸ ਲਾ ਕੇ ਹੋਸਟਲ ਪਰਤ ਰਹੀ ਸੀ ਕਿ ਅੱਗੋਂ ਡਾ. ਪੁਆਰ ਦੀ ਕਾਰ ਆ ਰਹੀ ਸੀ। ਕਾਰ ਮੇਰੀ ਪਤਨੀ ਦੇ ਕੋਲੋਂ ਥੋੜ੍ਹਾ ਅੱਗੇ ਜਾ ਕੇ ਰੁਕੀ। ਅਸਲ ਵਿਚ ਪੁਆਰ ਨੇ ਸੜਕ ਕਿਨਾਰੇ ਤੁਰੀ ਆ ਰਹੀ ਮੇਰੀ ਪਤਨੀ ਨੂੰ ਪਛਾਣ ਲਿਆ ਸੀ ਤੇ ਡਰਾਈਵਰ ਨੂੰ ਗੱਡੀ ਰੋਕਣ ਲਈ ਕਿਹਾ। ਕਾਰ ਤੋਂ ਪੰਜ-ਦਸ ਕਦਮ ਅੱਗੇ ਨਿਕਲ ਆਈ ਮੇਰੀ ਪਤਨੀ ਨੂੰ ਪਿੱਛੋਂ ਆ ਕੇ ਪੁਆਰ ਦੇ ਅੰਗ-ਰੱਖਿਅਕ ਨੇ ਰੁਕਣ ਲਈ ਕਿਹਾ। ਕਾਰ ਵਿਚੋਂ ਡਾ. ਪੁਆਰ ਤੇ ਉਹਦੀ ਪਤਨੀ ਰਤਨੇਸ਼ ਪੁਆਰ ਨਿਕਲੇ। ਦੋਵਾਂ ਨੇ ਮੇਰੀ ਪਤਨੀ ਦੀ ਸੁੱਖ-ਸਾਂਦ ਪੁੱਛੀ ਤੇ ਯੂਨੀਵਰਸਿਟੀ ਵਿਚ ਹੋਣ ਦਾ ਕਾਰਨ ਜਾਣਨਾ ਚਾਹਿਆ। ਉਹਦੇ ਦੱਸਣ 'ਤੇ ਕਹਿਣ ਲੱਗਾ, "ਵਰਿਆਮ ਨੇ ਮੈਨੂੰ ਕਿਉਂ ਨਹੀਂ ਦੱਸਿਆ? ਬੜਾ ਅਜੀਬ ਬੰਦਾ ਏ ਉਹ! ਚੱਲੋ ਹੁਣ ਸਾਡੇ ਨਾਲ ਘਰ ਨੂੰ ਚੱਲੋ। ਚਾਹ-ਪਾਣੀ ਪੀ ਕੇ ਹੋਸਟਲ ਚਲੇ ਜਾਣਾ।"

ਪਤਨੀ ਨੇ ਦੋਵਾਂ ਜੀਆਂ ਵੱਲੋਂ ਵਿਖਾਈ ਅਪਣੱਤ ਦਾ ਧੰਨਵਾਦ ਕੀਤਾ ਤੇ ਜਾਣ ਲਈ ਆਗਿਆ ਮੰਗੀ। ਪੁਆਰ ਕਹਿੰਦਾ, "ਕਿਸੇ ਵੀ ਚੀਜ਼ ਦੀ ਲੋੜ ਹੋਵੇ, ਵਾਰਡਨ ਨੂੰ ਮੇਰੇ ਵੱਲੋਂ ਕਹਿਣਾ ਜਾਂ ਉਹਨੂੰ ਕਹਿਣਾ ਕਿ ਮੈਨੂੰ ਸੁਨੇਹਾ ਭੇਜ ਦੇਵੇ।"

ਕੋਲੋਂ ਦੀ ਲੰਘਣ ਵਾਲੀਆਂ ਉਹਦੀਆਂ ਜਮਾਤਣਾ ਨੇ ਤਾਂ ਦੇਖਣਾ ਹੀ ਸੀ, ਹੋਰ ਲੋਕ ਵੀ ਰੁਕ-ਰੁਕ ਕੇ ਦੇਖ ਰਹੇ ਸਨ ਕਿ ਇਹ ਕੌਣ ਹੈ ਏਨੀ 'ਮਹੱਤਵਪੂਰਨ ਬੀਬੀ' ਜਿਸ ਨੂੰ ਵਾਈਸ ਚਾਂਸਲਰ ਤੇ ਉਹਦੀ ਬੀਵੀ ਸੜਕ 'ਤੇ ਕਾਰ ਰੋਕ ਕੇ ਮਿਲ ਰਹੇ ਹਨ।

ਘਰ ਆ ਕੇ ਪਤਨੀ ਖੁਸ਼ੀ ਨਾਲ ਫੁੱਲੀ ਨਹੀਂ ਸੀ ਸਮਾਅ ਰਹੀ; ਦੱਸਦੀ ਸੀ, "ਮੇਰੀਆਂ ਕਲਾਸ ਫੈਲੋ ਤਾਂ ਮੇਰਾ 'ਟੌਹਰ' ਦੇਖ ਕੇ ਹੈਰਾਨ ਹੋ ਗਈਆਂ!" ਇੰਝ ਡਾ. ਪੁਆਰ ਨੂੰ ਰਿਸ਼ਤਿਆਂ ਦਾ ਪਾਸ ਰੱਖਣਾ ਆਉਂਦਾ ਸੀ। ਉਹ ਰਿਸ਼ਤਿਆਂ ਦੀ ਬਾਰੀਕੀ ਨੂੰ ਵੀ ਸਮਝਦਾ ਸੀ। ਉਹਨੂੰ ਰਿਸ਼ਤਿਆਂ ਦੇ ਮਾਣ ਅਤੇ ਲੋੜੀਂਦੀ ਵਿੱਥ ਦਾ ਗਿਆਨ ਸੀ।

ਕੁਝ ਚਿਰ ਬਾਅਦ ਮੇਰੀ ਪਤਨੀ ਦੀ ਵਿਭਾਗੀ ਪਦ-ਉਨਤੀ ਵਾਸਤੇ ਉਹਨੂੰ ਜਲੰਧਰ ਸ਼ਹਿਰ ਵਿਚਲਾ ਆਪਣਾ ਸਕੂਲ ਛੱਡਣਾ ਪੈਣਾ ਸੀ। ਸਰਕਾਰ ਨੇ ਨੀਤੀ ਬਣਾਈ ਸੀ ਕਿ ਪਦ-ਉਨਤ ਹੋਣ ਵਾਲੇ ਕਿਸੇ ਵੀ ਅਧਿਆਪਕ ਨੂੰ ਪਹਿਲਾਂ ਤਿੰਨ ਸਾਲ ਪਿੰਡ ਦੇ ਕਿਸੇ ਸਕੂਲ ਵਿਚ ਨੌਕਰੀ ਕਰਨੀ ਪੈਣੀ ਸੀ। ਉਸ ਤੋਂ ਬਾਅਦ ਹੀ ਉਹ ਸ਼ਹਿਰ ਦੇ ਸਕੂਲ ਵਿਚ ਬਦਲੀ ਕਰਵਾ ਸਕਦਾ ਸੀ। ਮੇਰੀ ਪਤਨੀ ਕਹਿੰਦੀ, 'ਸਭ-ਕੁਝ ਚੱਲਦਾ' ਹੈ। ਲੋਕ ਪੈਸੇ ਦੇ ਕੇ ਸ਼ਹਿਰ ਦੀਆਂ ਬਦਲੀਆਂ ਕਰਵਾਈ ਜਾਂਦੇ ਨੇ। ਤੁਸੀਂ ਪੁਆਰ ਸਾਬ੍ਹ ਨੂੰ ਆਖੋ, ਉਨ੍ਹਾਂ ਦੀ ਤਾਂ ਮੁੱਖ ਮੰਤਰੀ ਤੱਕ ਪਹੁੰਚ ਹੈ।'

ਮੈਨੂੰ ਠੀਕ ਨਹੀਂ ਸੀ ਲੱਗਦਾ ਕਿ ਸਰਕਾਰ ਦੀ ਨੀਤੀ ਦੇ ਖਿਲਾਫ ਪੁਆਰ ਨੂੰ ਕੋਈ ਕੰਮ ਕਰਨ ਲਈ ਆਖਾਂ। ਆਪਣੇ ਸੁਭਾਅ ਮੁਤਾਬਕ ਉਹ ਅੱਗੋਂ ਝਿੜਕ ਕੇ ਵੀ ਪੈ ਸਕਦਾ ਸੀ! ਪਤਨੀ ਨੂੰ ਆਪਣੇ ਮਹਿਕਮੇ ਨੂੰ ਭੇਜਣ ਲਈ ਐਮ.ਐਡ. ਦੀ ਡਿਗਰੀ ਚਾਹੀਦੀ ਸੀ। ਡਿਗਰੀ ਅਜੇ ਆਈ ਨਹੀਂ ਸੀ। ਮੈਨੂੰ ਕਹਿੰਦੀ, "ਡਿਗਰੀ ਲੈਣ ਲਈ ਹੁਣ ਆਪਾਂ ਨੂੰ ਪਟਿਆਲੇ ਤਾਂ ਜਾਣਾ ਹੀ ਪੈਣਾ ਹੈ। ਚੱਲੋ! ਨਾਲੇ ਡਿਗਰੀ ਲੈ ਆਵਾਂਗੇ ਤੇ ਨਾਲੇ ਪੁਆਰ ਸਾਬ੍ਹ ਨੂੰ ਬਦਲੀ ਲਈ ਮਿਲ ਲਵਾਂਗੇ।"

ਮੈਂ ਬਦਲੀ ਲਈ ਪੁਆਰ ਨੂੰ ਮਿਲਣ ਤੋਂ ਸਾਫ ਇਨਕਾਰ ਕਰ ਦਿੱਤਾ। ਉਂਝ ਵੀ ਮੈਂ ਕਿਸੇ ਘਰੇਲੂ ਕੰਮ ਵਿਚ ਫਸਿਆ ਹੋਇਆ ਸਾਂ। ਉਹਨੂੰ ਕਿਹਾ, "ਦੋ-ਚਾਰ ਦਿਨ ਰੁਕ ਜਾ, ਚਲੇ ਚਲਾਂਗੇ।" ਪਰ ਉਹਨੂੰ ਡਿਗਰੀ ਛੇਤੀ ਚਾਹੀਦੀ ਸੀ। ਕਹਿੰਦੀ, "ਕੱਲ੍ਹ ਹੀ ਜਾਣਾ ਜ਼ਰੂਰੀ ਹੈ।" ਮੈਂ ਵੀ ਸੋਚਿਆ ਕਿ ਜੇ ਮੈਂ ਨਾਲ ਗਿਆ ਤਾਂ ਇਹਨੇ ਪੁਆਰ ਨੂੰ ਬਦਲੀ ਵਾਸਤੇ ਮਿਲਣ ਲਈ ਜ਼ੋਰ ਪਾਉਣਾ ਹੈ। ਆਖਿਆ, "ਚੰਗਾ ਫੇਰ, ਤੂੰ ਕੱਲ੍ਹੀ ਚਲੀ ਜਾ ਤੇ ਜੇ ਲੋੜ ਪਈ ਤਾਂ ਤੂੰ ਜਾ ਕੇ ਡਾ. ਰਘਬੀਰ ਸਿੰਘ ਨੂੰ ਆਖਣਾ, ਉਹ ਡਿਗਰੀ ਦਾ ਕੰਮ ਕਰਵਾ ਦੇਣਗੇ।"

ਹੋਇਆ ਇਹ ਕਿ ਆਪਣਾ ਕੰਮ ਕਰ ਕੇ ਮੇਰੀ ਪਤਨੀ ਵਾਈਸ ਚਾਂਸਲਰ ਦੇ ਦਫਤਰ ਆਪ ਹੀ ਜਾ ਪਹੁੰਚੀ। ਉਹਨੂੰ ਕਾਰ ਰੋਕ ਕੇ ਵੀ.ਸੀ. ਸਾਹਿਬ ਵੱਲੋਂ ਕੀਤੇ 'ਮਾਣ-ਸਨਮਾਨ' ਕਰ ਕੇ ਆਪਣੇ ਆਪ 'ਤੇ ਕੁਝ ਵਧੇਰੇ ਹੀ ਭਰੋਸਾ ਹੋ ਗਿਆ ਸੀ। ਜਦੋਂ ਉਹ ਦਫਤਰ ਵਿਚ ਗਈ ਤਾਂ ਪੁਆਰ ਨੇ ਉਠ ਕੇ ਕੁਰਸੀ ਤੋਂ ਸਵਾਗਤ ਕੀਤਾ ਤੇ ਪੁੱਛਿਆ, "ਵਰਿਆਮ ਕਿੱਥੇ ਹੈ?"

ਉਹਨੇ ਯੂਨੀਵਰਸਿਟੀ ਆਉਣ ਦਾ ਕਾਰਨ 'ਡਿਗਰੀ ਲੈਣਾ' ਦੱਸ ਕੇ ਆਪਣੀ ਬਦਲੀ ਕਰਵਾਉਣ ਦੀ ਬੇਨਤੀ ਕਰ ਦਿੱਤੀ।

"ਬਦਲੀ ਕਰਾਉਣੀ ਸੀ ਤਾਂ ਤੁਸੀਂ ਆਪ ਕਿਉਂ ਇਸ ਕੰਮ ਲਈ ਚੱਲ ਕੇ ਆਏ ਜੇ? ਵਰਿਆਮ ਦੇ ਪੈਰਾਂ ਨੂੰ ਮਹਿੰਦੀ ਲੱਗੀ ਸੀ! ਤੁਹਾਨੂੰ ਆਪ ਨਹੀਂ ਸੀ ਆਉਣਾ ਚਾਹੀਦਾ? ਉਹ ਸਮਝਦਾ ਕੀ ਐ ਆਪਣੇ ਆਪ ਨੂੰ?"

ਡਾ. ਪੁਆਰ ਦੇ ਬੋਲਾਂ ਵਿਚ ਅਪਣੱਤ ਵੀ ਸੀ ਤੇ ਨਾਰਾਜ਼ਗੀ ਵੀ। ਮੇਰੀ ਪਤਨੀ ਨੂੰ ਚਾਹ ਦਾ ਘੁੱਟ ਲੰਘਾਉਣਾ ਔਖਾ ਹੋ ਗਿਆ।

"ਮੈਂ ਮੁੰਡੇ ਨੂੰ ਨਾਲ ਭੇਜ ਦਿੰਦਾਂ। ਤੁਸੀਂ ਘਰ ਜਾਓ ਤੇ ਰੋਟੀ ਖਾ ਕੇ ਚਲੇ ਜਾਣਾ। ਮੈਡਮ ਘਰੇ ਈ ਨੇ! ਬਦਲੀ ਦੀ ਗੱਲ ਆਪੇ ਮੇਰੇ ਨਾਲ ਵਰਿਆਮ ਕਰੇ।"

ਉਹਨੇ ਘਰ ਕਿਧਰ ਜਾਣਾ ਸੀ! ਵਾਪਸੀ 'ਤੇ ਜਲੰਧਰ ਪਹੁੰਚ ਕੇ ਡਰਦੀ-ਡਰਦੀ ਨੇ ਬਦਲੀ ਕਰਵਾਉਣ ਦੀ ਆਪਣੀ 'ਪਹਿਲਕਦਮੀ' ਦਾ ਬਿਰਤਾਂਤ ਸੁਣਾਇਆ। ਮੈਨੂੰ ਉਹਦੀ 'ਮੂਰਖਤਾ' 'ਤੇ ਗੁੱਸਾ ਵੀ ਆਇਆ ਤੇ ਸ਼ਰਮ ਵੀ।

ਅਗਲੇ ਹਫਤੇ ਪੁਆਰ ਜਲੰਧਰ ਆਇਆ। ਮੈਂ ਤਾਂ ਬਦਲੀ ਬਾਰੇ ਜ਼ਿਕਰ ਹੀ ਨਾ ਕੀਤਾ, ਆਪ ਹੀ ਕਹਿੰਦਾ, "ਤੂੰ ਬਦਲੀ ਲਈ ਭੈਣ ਜੀ ਨੂੰ ਕਿਉਂ ਪਟਿਆਲੇ ਭੇਜਿਆ? ਅੱਵਲ ਤਾਂ ਉਹਨੂੰ ਡਿਗਰੀ ਲੈਣ ਲਈ ਵੀ ਆਉਣ ਦੀ ਕੋਈ ਲੋੜ ਨਹੀਂ ਸੀ। ਤੂੰ ਆਪ ਆਉਣਾ ਸੀ। ਡਿਗਰੀ ਤੈਨੂੰ ਭਲਾ ਮਿਲਣੀ ਨਹੀਂ ਸੀ!"

ਤੇ ਫਿਰ ਆਪ ਹੀ ਦੋ ਦਿਨ ਬਾਅਦ ਵੇਲੇ ਸਿਰ ਪਟਿਆਲੇ ਪਹੁੰਚਣ ਦਾ ਹੁਕਮ ਸਾਦਰ ਕਰ ਦਿੱਤਾ। ਉਹ ਆਪਣੀ ਕਾਰ ਵਿਚ ਬਿਠਾ ਕੇ ਮੈਨੂੰ ਨਾਲ ਲੈ ਕੇ ਉਸ ਵੇਲੇ ਦੇ ਵਿਦਿਆ ਮੰਤਰੀ ਨੂੰ ਚੰਡੀਗੜ੍ਹ ਵਿਚ ਉਹਦੇ ਦਫਤਰ ਜਾ ਮਿਲਿਆ। ਬਦਲੀ ਦੀ ਦਰਖਾਸਤ ਮੰਤਰੀ ਲਖਮੀਰ ਸਿੰਘ ਰੰਧਾਵੇ ਅੱਗੇ ਰੱਖ ਦਿੱਤੀ, "ਇਹ ਮੇਰੇ ਦੋਸਤ ਤੇ ਪੰਜਾਬੀ ਦੇ ਲੇਖਕ ਨੇ। ਇਨ੍ਹਾਂ ਦੀ ਪਤਨੀ ਦੀ ਬਦਲੀ ਦੀ ਦਰਖਾਸਤ 'ਤੇ ਜ਼ਰਾ ਘੁੱਗੀ ਮਾਰ ਦਿਓ।"

ਰੰਧਾਵੇ ਨੇ ਬਦਲੀ ਦੇ ਹੁਕਮ ਲਿਖ ਕੇ ਦਰਖਾਸਤ ਅਗਲੇਰੀ ਕਾਰਵਾਈ ਲਈ ਡੀ.ਪੀ.ਆਈ. ਨੂੰ ਭੇਜਣ ਲਈ ਮਾਰਕ ਕਰ ਕੇ ਆਪਣੇ ਪੀ.ਏ. ਵੱਲ ਵਧਾ ਦਿੱਤੀ।

"ਇਨ੍ਹਾਂ ਨੇ ਦਰਖਾਸਤ ਡਾਕ ਰਾਹੀਂ ਡੀ.ਪੀ.ਆਈ. ਨੂੰ ਭੇਜਣੀ ਏਂ। ਆਪਾਂ ਦਸਤੀ ਲਿਜਾ ਕੇ ਆਪ ਹੀ ਡੀ.ਪੀ.ਆਈ. ਨੂੰ ਮਿਲ ਕੇ ਆਰਡਰ ਕਰਵਾ ਲੈਂਦੇ ਆਂ।"

ਬਦਲੀ ਦੀ ਦਰਖਾਸਤ ਲੈ ਕੇ ਅਸੀਂ ਡੀ.ਪੀ.ਆਈ. ਦੇ ਦਫਤਰ ਪਹੁੰਚੇ ਤਾਂ ਉਹ ਕਿਧਰੇ ਬਾਹਰ ਗਈ ਹੋਈ ਸੀ। ਪੁਆਰ ਕਹਿੰਦਾ, "ਹੁਣ ਆਏ ਤਾਂ ਹਾਂ, ਚੱਲ ਡੀਲਿੰਗ ਕਲਰਕ ਨੂੰ ਹੀ ਮਿਲਦੇ ਚੱਲੀਏ।"

ਉਹ ਇਹ ਭੁੱਲ ਗਿਆ ਸੀ ਕਿ ਉਹ ਵਾਈਸ ਚਾਂਸਲਰ ਹੈ ਜੋ ਡੀ.ਪੀ.ਆਈ. ਦੇ ਦਫਤਰ ਵਿਚ ਕਲਰਕਾਂ ਨੂੰ ਪੁੱਛਦਾ-ਪੁਛਾਉਂਦਾ, ਇੱਕ ਕਲਰਕ ਦੀ ਸੀਟ ਆਪ ਲੱਭਦਾ ਪਿਆ ਹੈ!

ਆਪਣੇ ਯਾਰਾਂ ਵਾਸਤੇ ਉਹ ਅਹੁਦੇ ਦੀ 'ਵਡਿਆਈ' ਭੁੱਲ ਸਕਦਾ ਸੀ। ***(ਚੱਲਦਾ)***

# ਮਲੇਰਕੋਟਲਾ ਵਿਚ ਕੂਕਿਆਂ ਦੀ ਸ਼ਹੀਦੀ ਦੇ ਅੰਗ-ਸੰਗ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਮਲੇਰਕੋਟਲਾ ਵਿਚ ਨਾਮਧਾਰੀਆਂ ਦੀ ਸ਼ਹਾਦਤ ਨੂੰ 150 ਸਾਲ ਹੋ ਗਏ ਹਨ। ਮੈਨੂੰ ਨਾਮਧਾਰੀਆਂ ਨੂੰ ਕੂਕੇ ਕਹਿਣਾ ਚੰਗਾ ਲੱਗਦਾ ਹੈ। ਮੇਰੀ ਨਾਨੀ ਨਾਮਧਾਰੀਆਂ ਦੀ ਧੀ ਸੀ। ਨਾਨਾ ਸ਼ਾਹੂਕਾਰਾ ਕਰਦਾ ਸੀ ਤੇ ਟੈਂ ਵਿਚ ਰਹਿੰਦਾ ਸੀ। ਜਦੋਂ ਕਦੀ ਵੀ ਨਾਨੀ ਨੂੰ ਉੱਚਾ ਨੀਵਾਂ ਬੋਲਦਾ ਤਾਂ ਨਾਨੀ ਵੀ ਬੋਲ ਪੈਂਦੀ, 'ਸੋਚ ਕੇ ਗੱਲ ਕਰ ਸ਼ਾਹੂਕਾਰਾ! ਮੈਂ ਕੂਕਿਆਂ ਦੀ ਧੀ ਹਾਂ।

ਮਲੇਰਕੋਟਲੇ ਦੇ ਸ਼ਹੀਦੀ ਸਾਕੇ ਦਾ ਪਿਛੋਕੜ ਦੱਸਣਾ ਬਣਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਗਊ ਹੱਤਿਆ ਦੀ ਮਨਾਹੀ ਸੀ। ਸਾਰੇ ਧਰਮਾਂ ਦੇ ਲੋਕ ਇਸ ਦੀ ਪੈਰਵੀ ਕਰਦੇ ਸਨ ਪਰ ਅੰਗਰੇਜ਼ਾਂ ਨੇ ਸੱਤਾ ਵਿਚ ਆਉਂਦੇ ਸਾਰ ਗਊ ਹੱਤਿਆ ਦੀ ਅਜਿਹੀ ਖੁੱਲ੍ਹ ਦਿੱਤੀ ਕਿ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਦੇ ਨੇੜੇ ਵੀ ਬੁੱਚੜਖਾਨਾ ਖੁੱਲ੍ਹ ਗਿਆ। ਸਿੱਖੀ ਨੂੰ ਪਰਨਾਏ ਲੋਕ ਗੁਰੂ ਘਰ ਦੀ ਬੇਅਦਬੀ ਕਦੋਂ ਸਹਿੰਦੇ ਸਨ। ਉਨ੍ਹਾਂ ਨੇ ਅੰਮ੍ਰਿਤਸਰ, ਰਾਏਕੋਟ ਤੇ ਲੁਧਿਆਣਾ ਦੇ ਕਈ ਬੁੱਚੜ ਮੌਤ ਦੇ ਘਾਟ ਉਤਾਰ ਦਿੱਤੇ ਅਤੇ ਇਹ ਗੱਲ ਸ਼ਰ੍ਹੇਆਮ ਪ੍ਰਵਾਨ ਵੀ ਕੀਤੀ। ਗੋਰੇ ਸਿਪਾਹੀ ਬੁੱਚੜਾਂ ਦੀ ਮਦਦ ਲਈ ਉਤਰੇ ਤਾਂ ਸ਼ਸਤਰੀ ਲੜਾਈ ਦੇ ਪ੍ਰਤੀਕਰਮ ਵਜੋਂ ਨੌਂ ਸਿੰਘਾਂ ਨੂੰ ਫਾਂਸੀ ਦੇ ਤਖਤੇ ਉੱਤੇ ਲਟਕਾ ਦਿੱਤਾ ਗਿਆ।

ਇਸ ਤੋਂ 15 ਸਾਲ ਪਹਿਲਾਂ 1857 ਦੀ ਵਿਸਾਖੀ ਵਾਲੇ ਦਿਨ, ਸਤਿਗੁਰੂ ਰਾਮ ਸਿੰਘ ਭੈਣੀ ਸਾਹਿਬ ਵਿਖੇ ਚਿੱਟਾ ਝੰਡਾ ਝੁਲਾ ਕੇ ਸੰਤ ਖਾਲਸਾ ਦੀ ਸਿਰਜਣਾ ਕਰ ਚੁੱਕੇ ਸਨ। ਜਿਸ ਦਿਨ ਫਰਵਾਹੀ ਦਾ ਨੰਬਰਦਾਰ ਗੁਰਮੁਖ ਸਿੰਘ ਨਾਮਧਾਰੀ ਮਾਮਲਾ ਤਾਰਨ ਮਲੇਰਕੋਟਲੇ ਜਾ ਰਿਹਾ ਸੀ ਤਾਂ ਰਸਤੇ ਵਿਚ ਗਊ ਦੇ ਜਾਏ ਨੂੰ ਲੈ ਕੇ ਅਜਿਹਾ ਝਗੜਾ ਹੋਇਆ ਕਿ ਕੇਸ ਮਲੇਰਕੋਟਲਾ ਦੇ ਕੋਤਵਾਲ ਤਕ ਪਹੁੰਚ ਗਿਆ। ਕੋਤਵਾਲ ਨੇ ਨੰਬਰਦਾਰ ਦੀਆਂ ਅੱਖਾਂ ਸਾਹਮਣੇ ਉਸ ਬਲਦ ਨੂੰ ਕਤਲ ਕੀਤਾ। ਗੁਰਮੁਖ ਸਿੰਘ ਆਪਣੇ ਘਰ ਜਾਣ ਦੀ ਥਾਂ ਭੈਣੀ ਸਾਹਿਬ ਜਾ ਪਹੁੰਚਿਆ। ਉਸ ਵੇਲੇ ਉਥੇ ਇਕ ਭੋਗ ਸਮਾਗਮ ਚੱਲ ਰਿਹਾ ਸੀ। ਨੰਬਰਦਾਰ ਨੂੰ ਆਪਣੀ ਗੱਲ ਭਰੇ ਮੇਲੇ ਵਿਚ ਦੱਸਣ ਦਾ ਮੌਕਾ ਮਿਲ ਗਿਆ। ਫੇਰ ਕੀ ਸੀ ਕੁਝ ਮਸਤਾਨੇ ਗੋਰੇ ਹਾਕਮਾਂ ਨਾਲ



ਲੜਨ ਮਰਨ ਨੂੰ ਤਿਆਰ ਹੋ ਗਏ। ਉਹ ਸਤਿਗੁਰੂ ਰਾਮ ਸਿੰਘ ਦੇ ਸਮਝਾਇਆਂ ਵੀ ਨਹੀਂ ਮੰਨੇ। ਸਾਰੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਨੂੰ ਪਰਨਾਏ ਹੋਏ ਸਨ।

ਜਦੋਂ ਤਕ ਇਹ ਮਸਤਾਨੇ ਸਰਕੌਦੀ ਪਿੰਡ ਤੋਂ ਧਮੋਟ, ਮਲੌਦ ਤੇ ਸ਼ੇਰਪੁਰ ਰਾਹੀਂ ਮਲੇਰਕੋਟਲੇ ਪਹੁੰਚੇ ਤਾਂ ਉਥੋਂ ਦਾ ਡੀ.ਸੀ., ਕਾਵਨ ਨਰਸੰਹਾਰ ਦਾ ਮਨ ਬਣਾਈ ਬੈਠਾ ਸੀ। ਉਸ ਨੇ ਮਹਾਰਾਜਾ ਪਟਿਆਲਾ, ਨਾਭਾ ਤੇ ਜੀਂਦ ਦੇ ਮਹਾਰਾਜਿਆਂ ਤੋਂ ਮੰਗੀਆਂ ਸੱਤ ਤੋਪਾਂ ਤੋਂ ਬਿਨਾਂ ਦੋ ਤੋਪਾਂ ਸਵੈ-ਰੱਖਿਆ ਲਈ ਮੰਗਵਾ ਰੱਖੀਆਂ ਸਨ। ਨਤੀਜੇ ਵਜੋਂ ਉਸ ਨੇ 17 ਜਨਵਰੀ ਦੀ ਸ਼ਾਮ ਤਕ ਸੱਤ ਤੋਪਾਂ ਦੇ ਸੱਤ ਗੋਲਿਆਂ ਨਾਲ 49 ਕੂਕੇ ਸ਼ਹੀਦ ਕਰ ਦਿੱਤੇ। ਇਨ੍ਹਾਂ ਵਿਚ 12 ਸਾਲਾਂ ਦਾ ਬਿਸ਼ਨ ਸਿੰਘ ਵੀ ਸੀ, ਜਿਸ ਨੇ ਸਿੱਖੀ ਨੂੰ ਤਿਆਗਣ ਦੀ ਥਾਂ ਆਪਣੇ ਅੰਗ ਕਟਵਾਏ। ਇਕ ਵਰਿਆਮ ਸਿੰਘ ਨਾਂ ਦਾ ਨਾਮਧਾਰੀ, ਮਹਾਰਾਜਾ ਪਟਿਆਲਾ ਦਾ ਸਿਫਾਰਸ਼ੀ ਸੀ, ਜਿਸ ਦਾ ਕੱਦ ਕੇਵਲ ਪੰਜ ਫੁੱਟ ਸੀ। ਕਾਵਨ ਨੇ ਉਸ ਨੂੰ ਤੋਪ ਦੇ ਮੂੰਹ ਤੋਂ ਨੀਵਾਂ ਹੋਣ ਦਾ ਬਹਾਨਾ ਬਣਾ ਕੇ ਛੱਡਣਾ ਚਾਹਿਆ ਤਾਂ ਉਹ ਮੂੰਹ ਤਕ ਪਹੁੰਚਣ ਲਈ ਢੀਮਾਂ ਇਕੱਠੀਆਂ ਕਰ ਕੇ ਉਨ੍ਹਾਂ ਉੱਤੇ ਖੜ੍ਹਾ ਹੋ ਗਿਆ।

ਇਸ ਤਰ੍ਹਾਂ 17 ਜਨਵਰੀ ਤਕ ਸ਼ਹੀਦ ਹੋਏ ਕੂਕਿਆਂ ਦੀ ਗਿਣਤੀ 40 ਹੋ ਗਈ। ਅਗਲੇ ਦਿਨ 16 ਕੂਕੇ ਹੋਰ ਸ਼ਹੀਦ ਕਰ ਕੇ ਗੋਰੀ ਸਰਕਾਰ ਨੇ ਆਪਣੇ ਜ਼ੁਲਮ ਦੀ ਇੰਤਹਾ ਦਾ ਸਬੂਤ ਦਿੱਤਾ ਪਰ ਮਲੇਰਕੋਟਲੇ ਦੇ ਰੱਕੜ ਵਿਚ ਡੁੱਲ੍ਹੇ ਕੂਕਿਆਂ ਦੇ ਇਸ ਖੂਨ ਨੇ ਸੁਤੰਤਰਤਾ ਦੇ ਬੀਜ ਨੂੰ ਪਾਣੀ ਦਿੱਤਾ।

ਚੇਤੇ ਰਹੇ ਕਿ ਗੋਰੇ ਹਾਕਮ ਆਪਣੇ ਵਲੋਂ ਕੀਤੇ ਇਸ ਜ਼ੁਲਮ ਤੋਂ ਏਨਾ ਘਬਰਾ ਗਏ ਕਿ 17-18 ਜਨਵਰੀ ਦੀ ਸੀਤ ਠੰਢੀ ਰਾਤ ਨੂੰ ਸਤਿਗੁਰੂ ਰਾਮ ਸਿੰਘ ਤੇ ਉਨ੍ਹਾਂ ਦੇ ਚੋਣਵੇਂ ਸੂਬਿਆਂ ਨੂੰ ਕੈਦ ਕਰ ਕੇ ਪਹਿਲਾਂ ਅਲਾਹਾਬਾਦ ਤੇ ਪਿਛੋਂ ਦੂਰ ਦੁਰੇਡੇ ਰੰਗੂਨ ਭੇਜ ਦਿੱਤਾ ਗਿਆ ਪਰ ਛੇਤੀ ਹੀ ਮਲੇਰਕੋਟਲਾ ਦੀ ਮਿੱਟੀ ਵਿਚ ਰਚਿਆ ਖੂਨ ਅਖੰਡ ਹਿੰਦੁਸਤਾਨ ਦੇ ਕੋਨੇ-ਕੋਨੇ ਤਕ ਪਹੁੰਚ ਗਿਆ ਤੇ ਅੰਤ ਗੋਰੇ ਹਾਕਮਾਂ ਨੂੰ ਭਾਰਤ ਛੱਡਣਾ ਪਿਆ। ਸਤਿਗੁਰੂ ਰਾਮ ਸਿੰਘ ਦੀ ਜਗਾਈ ਇਸ ਜੋਤਿ ਨੂੰ ਸਰਵ-ਸਤਿਗੁਰੂ ਪ੍ਰਤਾਪ ਸਿੰਘ, ਜਗਜੀਤ ਸਿੰਘ ਤੇ ਉਦੈ ਸਿੰਘ ਨੇ ਬੁੱਝਣ ਨਹੀਂ ਦਿੱਤਾ, ਜਿਸ ਦੀ ਅਸੀਂ ਡੇਢ ਸ਼ਤਾਬਦੀ ਮਨਾ ਰਹੇ ਹਾਂ। ਹੁਣ ਤਾਂ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਮਲੇਰਕੋਟਲਾ ਵਿਖੇ 66 ਫੁੱਟ ਉੱਚੇ ਖੰਡੇ ਵਿਚ ਤੋਪ ਗੋਲਿਆਂ ਦੀਆਂ 66 ਮੋਰੀਆਂ ਬਣਾ ਕੇ ਇਸ ਲਾਸਾਨੀ ਸ਼ਹਾਦਤ ਦੀ ਯਾਦਗਾਰ ਵੀ ਬਣ ਚੁੱਕੀ ਹੈ।

### ਸੰਚਾਰ ਮਾਧਿਅਮ ਦਾ ਮਾਹਿਰ

ਅੱਜ ਦੇ ਦਿਨ ਨੇ ਮੈਨੂੰ ਆਪਣੇ ਮਿੱਤਰ ਤਰਲੋਚਨ ਸਿੰਘ ਦੀ ਸੋਚ ਤੇ ਪਹੁੰਚ ਵੀ ਚੇਤੇ ਕਰਵਾ ਦਿੱਤੀ ਹੈ, ਜਿਹੜਾ ਅਜਿਹੇ ਲਾਸਾਨੀ, ਅਮਲਾਂ ਨੂੰ ਜੀਵਤ ਰੱਖਣ ਲਈ ਸਦਾ ਯਤਨਸ਼ੀਲ ਰਹਿੰਦਾ ਹੈ। ਉਸ ਦੀ ਧਾਰਨਾ ਹੈ ਕਿ ਅਜਿਹੇ ਸਾਕੇ ਸਕੂਲਾਂ ਤੇ ਕਾਲਜਾਂ ਦੇ ਪਾਠਕ੍ਰਮ ਦਾ ਹਿੱਸਾ ਹੋਣੇ ਚਾਹੀਦੇ ਹਨ। ਜੇ ਅਜਿਹੀਆਂ ਕੁਰਬਾਨੀਆਂ ਦਾ ਮਾਣ ਨਾ ਕੀਤਾ ਗਿਆ ਤਾਂ ਆਉਣ ਵਾਲੀ ਪੀੜ੍ਹੀ ਸ਼ਹੀਦਾਂ ਦੀ ਦੇਣ ਨੂੰ ਭੁੱਲ ਜਾਵੇਗੀ।



ਮੈਨੂੰ ਉਹ ਦਿਨ ਵੀ ਚੇਤੇ ਹੈ ਜਦੋਂ ਭਾਜਪਾ ਦੇ ਮੰਨੇ-ਪ੍ਰਮੰਨੇ ਆਗੂ ਅਟਲ ਬਿਹਾਰੀ ਵਾਜਪਾਈ ਨੂੰ ਤਰਲੋਚਨ ਸਿੰਘ ਮਲੇਰਕੋਟਲਾ ਦੀ ਧਰਤੀ ਵਿਖਾਉਣ ਗਿਆ ਸੀ। ਉਥੇ ਵਾਜਪਾਈ ਜੀ ਦੇਸ਼ ਦੇ ਸੱਚੇ ਸਪੂਤ ਵਜੋਂ ਸਾਰੇ ਸਿੱਖ ਜਗਤ, ਖਾਸ ਕਰਕੇ ਨਾਮਧਾਰੀ ਜਗਤ ਨੂੰ ਨਤਮਸਤਕ ਹੋਏ ਸਨ। ਤਰਲੋਚਨ ਸਿੰਘ ਸੰਚਾਰ ਮਾਧਿਅਮ ਦਾ ਏਨਾ ਮਾਹਿਰ ਹੈ ਕਿ ਗਿਆਨੀ ਜ਼ੈਲ ਸਿੰਘ ਨੇ 1972 ਤੋਂ 1995 ਤਕ ਉਸ ਨੂੰ ਆਪਣੇ ਅੰਗ-ਸੰਗ ਰੱਖਿਆ। ਚੰਡੀਗੜ੍ਹ ਤੋਂ ਰਾਸ਼ਟਰਪਤੀ ਭਵਨ ਤਕ।

ਅਜੋਕੀ ਸਰਕਾਰ ਨੇ ਤਰਲੋਚਨ ਸਿੰਘ ਨੂੰ ਪਦਮ ਭੂਸ਼ਣ ਸਨਮਾਨ ਨਾਲ ਨਿਵਾਜ਼ ਕੇ ਉਸ ਦੀ ਸੋਚ ਨੂੰ ਸਨਮਾਨਿਆ ਹੈ। ਮੇਰੇ ਮਿੱਤਰਾਂ ਵਿਚੋਂ ਇਹ ਵਾਲਾ ਸਨਮਾਨ ਇਸ ਤੋਂ ਪਹਿਲਾਂ ਕੇਵਲ ਖੁਸ਼ਵੰਤ ਸਿੰਘ, ਕਰਤਾਰ ਸਿੰਘ ਦੁੱਗਲ ਤੇ ਬਰਜਿੰਦਰ ਸਿੰਘ ਹਮਦਰਦ ਨੂੰ ਪ੍ਰਾਪਤ ਹੋਇਆ ਹੈ।

### ਅੰਤਿਕਾ

ਰਘਵੀਰ ਸਿੰਘ ਟੇਰਕਿਆਣਾ

ਵੀਹ ਸੌ ਇੱਕੀ ਜਾ ਹੁਣ ਏਥੋਂ ਆਪਣੇ ਰਾਹੇ ਪੈ ਜਾ,
ਓਮੀਕਰੋਨ ਤੇ ਕਰੋਨਾ ਨੂੰ ਤੂੰ ਆਪਣੇ ਨਾਲ ਲੈ ਜਾ,
ਜਾਂਦਾ ਹੋਇਆ ਇਕ ਰਾਤ ਭਾਵੇਂ ਰਾਜਧਾਨੀ ਵਿਚ ਰਹਿ ਜਾ,
**ਬੰਦੇ ਦੇ ਪੁੱਤ ਬਣੋ ਹਾਕਮੋ ਇਹ ਗੱਲ ਕੰਨ 'ਚ ਕਹਿ ਜਾ।**

---

# ਹਮ ਨਹੀਂ ਚੰਗੇ ਬੁਰਾ ਨਹੀਂ ਕੋਈ

ਉਂਝ ਮੈਂ ਪੱਕਾ ਨਾਸਤਕ ਹਾਂ ਪਰ ਫੈਸ਼ਨ ਪੱਖੋਂ ਨਹੀਂ ਕਿਉਂਕਿ ਅੱਜ-ਕੱਲ੍ਹ ਨਾਸਤਕਤਾ ਨੂੰ ਇੱਕ ਫੈਸ਼ਨ ਸਮਝ ਵੀ ਅਪਨਾਇਆ ਜਾ ਰਿਹੈ। ਨਵੇਂ ਡਿਜਾਈਨ ਦੇ ਸੈੱਲ ਫੋਨ ਦੀ ਤਰਜ਼ 'ਤੇ। ਰੱਬ ਅਤੇ ਧਰਮ ਨੂੰ ਮੁਕੰਮਲ ਤੌਰ 'ਤੇ ਨਵੇਂ ਵਪਾਰੀਆਂ ਉਧਾਲ ਲਿਆ ਹੈ, ਇਸ ਲਈ ਮਾਡਰਨ ਦੌਰ 'ਚ ਇਹ ਬਹੁਤ 'ਆਊਟ ਡੇਟਿਡ' ਹੋ ਚੁੱਕੇ ਹਨ ਪਰ ਧਰਮ ਦਾ ਬੀਅ ਸਾਡੇ ਡੀ.ਐਨ.ਏ. ਵਿਚ ਮੌਜੂਦ ਰਹਿ ਕਦੇ-ਕਦਾਈਂ ਚੂੰਢੀ ਜ਼ਰੂਰ ਵੱਢ ਜਾਂਦਾ ਹੈ। ਜੇ ਖੱਲ ਬਹੁਤੀ ਮੋਟੀ ਨਾ ਹੋ ਗਈ ਹੋਵੇ ਇਹ ਅਹਿਸਾਸਿਆ ਵੀ ਜਾਂਦਾ ਹੈ। ਮੇਰੇ ਨਾਲ ਇਵੇਂ ਹੋਇਆ। ਕਥਾ ਕੀਰਤਨ ਪ੍ਰਵਚਨ ਆਦਿ ਤੋਂ ਮੈਂ ਬਚਦਾ ਹਾਂ।

ਸੋਚਦਾ ਹਾਂ ਗਲਾਸ ਪਾਣੀ ਦਾ ਹਜ਼ਮ ਨਾ ਹੁੰਦਾ ਹੋਵੇ ਤੁਸੀਂ ਸਮੁੰਦਰ ਪੀਣ ਲਈ ਬਹਿ ਜਾਵੋ। ਅਸਲ ਮੁੱਦੇ 'ਤੇ ਆਉਂਦਾ ਹਾਂ।

ਜਿੱਧਰ ਦੇਖੋ ਹਰ ਪਾਸੇ ਅਫਰਾ-ਤਫਰੀ, ਬੇਚੈਨੀ, ਬੇਮਤਲਬ ਦੀ ਨੱਠ-ਭੱਜ, ਆਪਣੇ ਆਪ ਨੂੰ ਦੁੱਧ ਧੋਤਾ ਸਾਬਤ ਕਰਨ ਲਈ ਨਵੀਂ ਤੋਂ ਨਵੀਂ ਤਿਕੜਮਬਾਜ਼ੀ ਜਾਂ ਫੇਰ ਇੱਕ ਦੂਜੇ ਤੋਂ ਅੱਗੇ ਲੰਘਣ ਦੀ ਕਾਹਲ। ਇਸ ਹਾਹਾਕਾਰ ਵਿਚ ਇਹ ਸਮਝਣ ਦੀ ਹੋਸ਼ ਹੀ ਨਹੀਂ ਕਿ ਅਸਲ ਉਪੱਦਰੀ ਤਾਂ ਧਾਡੇ ਅੰਦਰ ਡੇਰਾ ਜਮਾਈ ਬੈਠੈ। ਪਰ ਇਹ ਸਵੀਕਾਰਨਾ ਬਹੁਤ ਟੇਢੀ ਖੀਰ ਹੈ। ਮਜਬੂਰੀਵੱਸ ਇੱਕ ਧਾਰਮਿਕ ਪ੍ਰੋਗਰਾਮ ਸੁਣਦਿਆਂ ਭੁੱਲ ਭੁਲੇਖੇ ਮੇਰੇ ਕੰਨੀਂ ਇਹ ਵਾਕ ਪੈ ਗਏ। 'ਹਮ ਨਹੀਂ ਚੰਗੇ ਬੁਰਾ ਨਹੀਂ ਕੋਈ'। ਇਸ 'ਤੇ ਮਨਨ ਕਰਨ ਲੱਗਾ। ਯਾਦ ਆਇਆ ਬਚਪਨ 'ਚ ਵੀ ਪੜ੍ਹਿਆ ਸੀ 'ਬੁਰਾ ਜੋ ਦੇਖਨ ਮੈਂ ਚਲਾ ਬੁਰਾ ਨਾ ਮਿਲਿਆ ਕੋਇ, ਜਬ ਘਰ ਦੇਖਾ ਆਪਨਾ ਮੁਝਸਾ ਬੁਰਾ ਨਾ ਕੋਇ'। ਪ੍ਰੋਗਰਾਮ ਵਿਚੋਂ ਉੱਠ ਤੁਰਿਆ। ਪੁੱਛਣ 'ਤੇ ਕਿਹਾ 'ਪਹਿਲਾਂ ਇਹ ਚਾਰ ਲਫਜ਼ ਹਜ਼ਮ ਤਾਂ ਕਰ ਆਵਾਂ' ਪਰ ਇਹ ਲਫਜ਼ ਹਜ਼ਮ ਨਾ ਹੋ ਕੇ ਅਤਿਅੰਤ ਬੇਚੈਨੀ ਦਾ ਸਬੱਬ ਬਣ ਗਏ। ਹਰ ਪਾਸਿਉਂ ਇਹੀ ਸੁਣ ਰਿਹੈ 'ਹਮ ਨਹੀਂ ਬੁਰੇ ਚੰਗਾ ਨਹੀਂ ਕੋਈ'। ਸੋਚ ਰਿਹਾਂ ਕੀ ਧਾਰਮਿਕ ਸਮਾਗਮਾਂ ਵਿਚ ਸਾਰੀ ਖਲਕਤ ਕੰਨਾ 'ਚ ਤੇਲ ਪਾਈਂ ਬੈਠੀ ਰਹਿੰਦੀ ਹੈ? ਵਰਤਮਾਨ ਨੂੰ ਇਸੇ ਕਸੌਟੀ 'ਤੇ ਪਰਖਣ ਦਾ ਯਤਨ ਕਰਦਾ ਹਾਂ। ਹਰ ਪਾਸੇ ਉਪੱਦਰ। ਕੀ ਕਰੀਏ ਜੀ ਜਦ ਸਰਕਾਰਾਂ ਭੈੜੀਆਂ, ਬੇਈਮਾਨ ਤੇ ਲੁਟੇਰੀਆਂ ਹਨ। ਅਸੀਂ ਤਾਂ ਜੂਝ ਰਹੇ ਹਾਂ ਹਕੂਮਤਾਂ ਬਦਲਣ ਲਈ, ਇਨਕਲਾਬ ਲਿਆਉਣ ਲਈ, ਹੇਠਲੀ ਉੱਤੇ ਲਿਆਉਣ ਲਈ।

ਦੇਖੋ ਅਸੀਂ ਭਗਤ ਸਿੰਘ ਦੇ ਵਾਰਸ ਕੀ ਕਰ ਗੁਜ਼ਰਦੇ ਹਾਂ। ਖਬਰਦਾਰ ਜੋ ਆਪਣੀ ਗੰਦੀ ਜ਼ੁਬਾਨ ਨਾਲ ਭਗਤ ਸਿੰਘ ਦਾ ਨਾਂਅ ਲਿਆ! ਸ਼ਹੀਦੀ ਪਾ ਲੈਣਾ ਹੀ ਭਗਤ ਸਿੰਘ ਬਣਨਾ ਨਹੀਂ। ਸ਼ਹੀਦ ਲਫਜ਼ ਹੀ ਬਹੁਤ ਸਸਤਾ ਬਣਾ ਦਿੱਤਾ ਗਿਆ ਹੈ। ਭਗਤ ਸਿੰਘ ਨੇ ਪਹਿਲਾਂ ਰੱਬ ਅਤੇ ਧਰਮਾਂ ਬਾਰੇ ਡੂੰਘਾ ਅਧਿਐਨ ਕੀਤਾ। ਜਦ ਨਿਚੋੜ ਕੱਢਿਆ ਕਿ ਰੱਬ ਅਤੇ ਧਰਮ ਤਾਂ ਇਸ ਦੇ ਠੇਕੇਦਾਰਾਂ ਦੇ ਹੱਥ ਦੀ ਕਠਪੁਤਲੀ ਬਣ ਲੋਕਾਂ ਨੂੰ ਨਫਰਤ ਅਤੇ ਪਾਖੰਡਾਂ ਵਿਚ ਡੋਬ ਰਹੇ ਹਨ ਤਾਂ ਉਸ ਨਾਸਤਕਤਾ ਦਾ ਪੱਲਾ ਜਾ ਫੜਿਆ। ਸੱਚ ਨਾਲ ਖੜ੍ਹਨਾ ਸੌਖਾ ਨਹੀਂ। ਦੋਗਲੇ ਕਿਰਦਾਰਾਂ ਨਾਲ ਤਾਂ ਅਸੀਂ ਸੱਚ ਨੂੰ ਨਿੱਤ ਫਾਂਸੀ ਚੜ੍ਹਾਉਂਦੇ ਹਾਂ। ਕੁਝ ਕੁ ਮਿਸਾਲਾਂ ਹਨ। ਸਰਕਾਰ ਬੇਈਮਾਨ ਹੈ ਤਾਂ ਉਹ ਬਾਹਰਲੇ ਗ੍ਰਹਿ ਤੋਂ ਨਹੀਂ ਆਈ ਧਾਡੇ ਵਿਚੋਂ ਹੀ ਚੁਣ ਕੇ ਬਣੀ ਹੈ। ਕਰੋ ਹਿੰਮਤ ਆਪਣੇ ਵੱਲ ਉਂਗਲ ਸੇਧਣ ਦੀ! ਕਿਤੇ ਹਿੰਸਾ ਹੋਣ 'ਤੇ ਪਰਤਾਵੀਂ ਹਿੰਸਾ ਸਾਡਾ ਜੁਝਾਰੂਪਨ ਹੁੰਦਾ ਹੈ। ਸੋਧਾ ਬਣ ਜਾਂਦਾ ਹੈ। ਦੂਸਰੀ ਜਗ੍ਹਾ ਸਾਡੇ ਵੱਲੋਂ ਹੋਈ ਹਿੰਸਾ ਨੂੰ ਜਾਇਜ਼ ਠਹਿਰਾਉਣਾ ਅਤੇ ਪਰਤਾਵੀਂ ਹਿੰਸਾ ਬਣ ਜਾਂਦੀ ਘੱਲੂਘਾਰਾ। ਕਿਤੇ ਤਾਂ ਸੱਚ ਨਾਲ ਖੜ੍ਹੋ! ਬਹੁਤ ਔਖਾ ਹੈ!

ਸਿਆਸਤਦਾਨ ਲਈ ਵੋਟ ਅਹਿਮ ਹੈ ਜਿਵੇਂ ਪਰੌਸਟੀਚਿਊਟ ਲਈ ਪੈਸਾ। ਆਮ ਆਦਮੀ ਤਾਂ ਕੀ ਬੁੱਧੀਜੀਵੀ ਵਿਦਵਾਨ ਲੇਖਕ ਤੱਕ ਭਾਈਚਾਰੇ ਦੀ ਨਾਰਾਜ਼ਗੀ ਝੱਲਣ ਤੋਂ ਕੰਨੀਂ ਕਤਰਾਅ ਭੀੜ ਦੀ ਬੋਲੀ ਬੋਲਣ ਲੱਗ ਜਾਂਦੇ ਹਨ। ਨੈਤਿਕਤਾ ਦਾ ਛੁਣਛੁਣਾ ਵਜਾਉਣਾ ਬਹੁਤ ਆਸਾਨ ਹੈ ਪਰ ਅਮਲ ਬਹੁਤ ਕਠਿਨ। ਫੋਕੇ ਗਰੂਰ ਤੋਂ ਨਿਜ਼ਾਤ ਪਾਇਆਂ ਹੀ ਸਮਾਜਿਕ ਵਿਕਾਸ ਦੇ ਪੰਧ ਦੇ ਰਾਹੀ ਬਣਿਆ ਜਾ ਸਕਦਾ ਹੈ। ਮੇਰੀ ਜਾਚੇ ਹੋਰ ਕੋਈ ਸ਼ਾਰਟਕੱਟ ਨਹੀਂ!

***-ਹਰਜੀਤ ਦਿਉਲ, ਬਰੈਂਪਟਨ***

---

## ਮੋਦੀ ਦਾ ਹੇਜ

ਹੇਜ ਬੜਾ ਸੀ ਜਾਗਿਆ,
ਜਿਵੇਂ ਦਿੱਲੀ ਦੇ ਤਾਜਦਾਰ ਦਾ
ਉਹਨੂੰ ਜਾਪਿਆ ਕਿ ਜਿਵੇਂ ਹੈ,
ਪੰਜਾਬ 'ਵਾਜਾਂ ਮਾਰਦਾ
ਕੁਝ ਅੱਟਾ-ਸੱਟਾ ਨਾ ਰਿਹਾ,
ਰੈਲੀ ਦੇ ਕੀਤੇ ਸੁਾਬ ਦਾ
ਪੁੱਠਾ ਈ ਪਾਸਾ ਪੈ ਗਿਆ,
ਉਹਦੀ ਆਕੜ ਤੇ ਹੰਕਾਰ ਦਾ।

ਪੁੱਛੇ ਕਿਸਾਨੀ ਓਸ ਨੂੰ,
ਕਿਓਂ ਮਿੰਟਾਂ ਵਿਚ ਤੂੰ ਡੋਲਿਆ
ਅਸੀਂ ਸਾਲ ਭਰ ਉਡੀਕਿਆ,
ਤੈਂ ਬੂਹਾ ਨਾ ਸੀ ਖੋਲ੍ਹਿਆ
ਸੱਤ ਸੌ ਗਏ ਮਰਜੀਵੜੇ,
ਤੈਂ ਬੋਲ ਤਕ ਨਾ ਬੋਲਿਆ
ਬਣ ਪੂੰਜੀਪਤ ਦਾ ਏਲਚੀ,
ਤੂੰ ਪੂਰਾ ਨਾ ਸੀ ਤੋਲਿਆ।

ਮੋਦੀ ਨੂੰ ਜਦ ਨਾ ਲੱਗਿਆ,
ਸੌਦਾ ਇਹ ਓਹਦੇ ਲਾਭ ਦਾ
ਉਹਨੇ ਫੇਰ ਵਾਟੇ ਛੱਡ'ਤਾ,

ਪੈਕੇਜ ਸੀ ਜੋ ਪੰਜਾਬ ਦਾ
ਓਹਦੀ ਰੱਖਿਆ ਮੁੱਦਾ ਹੋ ਗਈ,
ਖੰਭਾਂ ਤੋਂ ਜਿਵੇਂ ਡਾਰ ਦਾ
ਹੁਣ ਭਾਜਪਾ ਦਾ ਟੁੱਟ ਰਿਹਾ,
ਸੁਫਨਾ ਸੀ ਜਾਣੋ ਰਾਜ ਦਾ।

ਸੁਣਿਆ ਹੈ ਪੰਜਾਬ ਵਲ,
ਤੂੰ ਮੁੜ ਕੇ ਮੋਦੀ ਆ ਰਿਹੈਂ
ਹੁਣ ਚੇਤੇ ਕਰ ਸਰਹੰਦ ਨੂੰ,
ਮਸਤਕ ਵੀ ਤੂੰ ਨਿਵਾ ਰਿਹੈਂ
ਸੁਣਿਆ ਹੈ ਚੰਡੀਗੜ੍ਹ ਦਾ,
ਵਾਇਦਾ ਵੀ ਤੂੰ ਨਿਭਾ ਰਿਹੈਂ
ਜੁਮਲੇ ਤੇ ਜੁਮਲੇ ਛੱਡ ਕੇ,
ਲੋਕਾਂ ਨੂੰ ਵੀ ਭਰਮਾ ਰਿਹੈਂ।

ਸਦਾ ਚੇਤੇ ਰੱਖੀਂ ਮੋਦੀਆ,
ਸਿੱਖ ਕੀਤੀ ਨਹੀਓਂ ਭੁੱਲਦੇ
ਵਕਤੀ ਜੋ ਲਾਰੇ ਲਾ ਰਿਹੈਂ,
ਸਿੱਖ ਇਨ੍ਹਾਂ 'ਤੇ ਨਾ ਡੁਲ੍ਹਦੇ

ਤੈਨੂੰ ਪਤਾ ਹੈ ਕਿ ਕੌਮ 'ਤੇ ,
ਝੱਖੜ ਬਥੇਰੇ ਝੁਲਦੇ
ਚੰਗਾ ਹੈ ਵਾਜਬ ਸੁਾਬ ਕਰ,
ਤੂੰ ਬਣਦਾ ਫਸਲੀ ਮੁੱਲ ਦੇ।

***-ਕੁਲਵੰਤ ਸਿੰਘ ਢੇਸੀ***

---

## ਦੁਨੀਆਦਾਰੀ

ਕਾਹਦੀ ਇਹ ਦੁਨੀਆਦਾਰੀ ਏ,
ਇੱਕ ਦੂਜੇ ਪਿੱਛੇ ਲੱਗੀ
ਦੁਨੀਆ ਸਾਰੀ ਏ।
ਆਪਣਾ ਤਾਂ ਵਜੂਦ ਹੀ
ਮਿਟਦਾ ਜਾ ਰਿਹਾ ਏ,
ਸਿਰਫ ਦੂਜਿਆਂ ਨੂੰ ਹੀ ਸਮਝਣ
'ਤੇ ਜ਼ੋਰ ਲਾਇਆ ਜਾ ਰਿਹਾ ਏ।
ਜਿਸ ਨੂੰ ਵੇਖੋ ਪੈਸੇ ਦੇ ਹੀ ਮਗਰ
ਭੱਜਿਆ ਫਿਰਦਾ ਏ।
ਲੋਕੋ ਕਾਹਦੀ ਏ ਦੁਨੀਆਦਾਰੀ ਏ?
ਇੱਕ ਦੂਜੇ ਪਿੱਛੇ
ਲੱਗੀ ਦੁਨੀਆ ਸਾਰੀ ਏ।

***-ਹਰੀਤ***

---

# ਮੇਰੀਆਂ ਜਨਤਕ ਸਰਗਰਮੀਆਂ

*(ਸਫਾ 17 ਦਾ ਬਾਕੀ)*

ਪ੍ਰੋਗਰਾਮ ਉਲੀਕਿਆ ਹੋਇਆ ਸੀ ਪਰ ਫਿਲਹਾਲ ਸਾਡੀਆਂ ਸਰਗਰਮੀਆਂ ਸ਼ਿਮਲਾ ਵਿਚ ਜਨਤਕ ਲਾਇਬਰੇਰੀ ਕਾਇਮ ਕਰਨ ਅਤੇ ਹਰ ਕਿਸਮ ਦੇ ਵਿਸ਼ਿਆਂ ਉਤੇ ਜਨਤਕ ਲੈਕਚਰਾਂ ਦਾ ਪ੍ਰਬੰਧ ਕਰਨ ਤੱਕ ਸੀਮਿਤ ਸਨ। ਉਸ ਵੇਲੇ ਸ਼ਿਮਲਾ ਵਿਚ ਜਿਹੜੀ ਇਕੋ-ਇਕ ਲਾਇਬਰੇਰੀ ਸੀ, ਉਹਦੇ ਵਿਚ ਬਹੁਤ ਥੋੜ੍ਹੀਆਂ ਕਿਤਾਬਾਂ ਸਨ ਅਤੇ ਇਨ੍ਹਾਂ ਕਿਤਾਬਾਂ ਵਿਚੋਂ ਵੀ ਬਹੁਤੀਆਂ ਯੂਨਾਈਟਿਡ ਸਰਵਿਸ ਕਲੱਬ ਦੇ ਮੈਂਬਰਾਂ ਨੇ ਭੇਟ ਕੀਤੀਆਂ ਹੋਈਆਂ ਸਨ। ਇਹ ਲਾਇਬਰੇਰੀ ਅਸੈਂਬਲੀ ਹਾਲ ਵਿਚ ਸੀ ਜਿਸ ਨੂੰ ਲੋਕ ਨਾਚ ਘਰ ਦੇ ਨਾਂ ਨਾਲ ਜਾਣਦੇ ਸਨ। ਇਹ ਨਾਚ ਘਰ ਉਸ ਵੇਲੇ ਕਾਰਟ ਰੋਡ ਤੋਂ ਥੋੜ੍ਹਾ ਉਪਰ ਸਥਿਤ ਸੀ। ਬਾਅਦ ਵਿਚ ਇਹ ਲਾਇਬਰੇਰੀ ਦਾ ਮਾਲ ਉਤੇ ਨਵੀਂ ਇਮਾਰਤ ਵਿਚ ਬਦਲ ਦਿੱਤੀ ਗਈ। ਇਸ ਇਮਾਰਤ ਵਿਚ ਪਾਲਿਕਾ ਦਫਤਰ ਹੈ ਅਤੇ ਸਭ ਤੋਂ ਉਪਰਲੇ ਹਾਲ ਅਤੇ ਨਾਲ ਲਗਵੇਂ ਕਮਰਿਆਂ ਨੂੰ ਏ.ਡੀ.ਸੀ. ਆਦਿ ਵੱਲੋਂ ਵਰਤਿਆ ਜਾਂਦਾ ਹੈ। ਸਮੁੱਚੀ ਇਮਾਰਤ ਨੂੰ ਗੇਅਟੀ ਥੀਏਟਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਥੀਏਟਰ ਵਿਚ ਸਥਿਤ ਇਹ ਲਾਇਬਰੇਰੀ ਆਮ ਲੋਕਾਂ ਲਈ ਨਹੀਂ ਹੈ। ਸਾਡੀ ਹਿਮਾਲੀਆ ਯੂਨੀਅਨ ਕਲੱਬ ਲਾਇਬਰੇਰੀ ਵਿਚ ਬਹੁਤ ਸਾਰੀਆਂ ਕਿਤਾਬਾਂ ਸਨ। ਕੁਝ ਕਿਤਾਬਾਂ ਯੂਰਪੀ ਅਤੇ ਭਾਰਤੀ ਨਾਗਰਿਕਾਂ ਨੇ ਭੇਟ ਕੀਤੀਆਂ ਗਈਆਂ ਸਨ।

ਅਸੀਂ ਲਾਇਬਰੇਰੀ ਲਈ ਸਥਾਈ ਜਗ੍ਹਾ ਦੀ ਤਲਾਸ਼ ਵਿਚ ਸੀ ਅਤੇ ਤਿੰਨ-ਚਾਰ ਇਮਾਰਤਾਂ ਦੇ ਮਾਲਕਾਂ ਨਾਲ ਗੱਲਬਾਤ ਸ਼ੁਰੂ ਕੀਤੀ ਵੀ ਹੋਈ ਸੀ ਪਰ ਅਫਸੋਸ ਹੈ ਕਿ ਮੇਰੇ ਅਤੇ ਮੌਲਾ ਬਖਸ਼ ਦੇ ਉਥੋਂ ਆ ਜਾਣ ਕਾਰਨ ਇਹ ਸੰਸਥਾ ਖਤਮ ਹੋ ਗਈ। ਸਾਡੇ ਦੂਜੇ ਮਿੱਤਰਾਂ ਨੂੰ ਇਹ ਸੰਸਥਾ ਚਲਾਉਣੀ ਮੁਸ਼ਕਿਲ ਲੱਗੀ ਅਤੇ ਉਨ੍ਹਾਂ ਸਾਰੀਆਂ ਕਿਤਾਬਾਂ ਤੇ ਲਾਇਬਰੇਰੀ ਦੀ ਹੋਰ ਜੋ ਉਸ ਵੇਲੇ ਕਾਰਟ ਰੋਡ ਉਤੇ ਸਾਧਾਰਨ ਜਿਹੀ ਲਾਇਬਰੇਰੀ ਚਲਾਉਂਦੀ ਸੀ। ਕਈ ਸਾਲਾਂ ਬਾਅਦ ਇਕ ਵਾਰ ਮੈਂ ਕਾਰਟ ਰੋਡ ਸਥਿਤ ਲਾਇਬਰੇਰੀ ਗਿਆ ਅਤੇ ਉਥੇ ਜਾ ਕੇ ਮੈਂ ਜੋ ਕੁਝ ਦੇਖਿਆ, ਉਹਨੇ ਮੈਨੂੰ ਬਹੁਤ ਨਿਰਾਸ਼ ਕੀਤਾ।

ਜਦੋਂ ਤੱਕ ਮੈਂ ਅਤੇ ਮੌਲਾ ਬਖਸ਼ ਹਿਮਾਲੀਆ ਯੂਨੀਅਨ ਕਲੱਬ ਵਿਚ ਸਰਗਰਮ ਰਹੇ, ਉਦੋਂ ਤੱਕ ਕਲੱਬ ਦਾ ਜਨਤਕ ਲੈਕਚਰਾਂ ਵਾਲਾ ਕੰਮ ਵਾਹਵਾ ਜ਼ੋਰ-ਸ਼ੋਰ ਨਾਲ ਚੱਲਦਾ ਰਿਹਾ। ਸਾਡੀ ਸਰਗਰਮੀ ਦੇ ਦੋ ਸਾਲਾਂ ਦੌਰਾਨ ਜਿਨ੍ਹਾਂ ਲੋਕਾਂ ਨੇ ਸਾਡੀ ਬੇਨਤੀ ਉਤੇ ਲੈਕਚਰ ਦਿੱਤੇ, ਉਨ੍ਹਾਂ ਵਿਚ ਪ੍ਰਤਾਪ ਚੰਦਰ ਮਾਜੂਮਦਾਰ, ਸ਼ੰਕਰ ਪਾਂਡੂਰੰਗ ਪੰਡਿਤ ਅਤੇ ਮਹਾਦੇਵ ਗੋਬਿੰਦ ਰਾਣਾਡੇ ਵਰਗੀਆਂ ਸ਼ਖਸੀਅਤਾਂ ਵੀ ਸ਼ਾਮਲ ਸਨ। ਮੈਂ ਵੀ ਕਈ ਲੈਕਚਰ ਦਿੱਤੇ ਜਿਨ੍ਹਾਂ ਵਿਚੋਂ ਤਿੰਨ ਲੈਕਚਰ ਮੌਸਮ ਬਾਰੇ ਸਨ ਅਤੇ ਇਕ ਲੈਕਚਰ ਕਿਸੇ ਹੋਰ ਵਿਸ਼ੇ ਬਾਰੇ ਸੀ। ਮੌਸਮ ਬਾਰੇ ਲੈਕਚਰਾਂ ਦੌਰਾਨ ਪ੍ਰਧਾਨਗੀ ਮਹਾਦੇਵ ਗੋਵਿੰਦ ਰਾਣਾਡੇ ਨੇ ਕੀਤੀ ਸੀ। ਇਹ ਲੈਕਚਰ ਸਰਕਾਰੀ ਸਕੂਲ ਦੇ ਹਾਲ ਵਿਚ ਹੋਏ ਸਨ।

# ਵਰਤੋਂ ਕੰਪਿਊਟਰ ਦੀ

## ਮਾਨੀਟਰ ਦੀ ਜਾਣ-ਪਛਾਣ-2

ਲੜੀ ਨੰਬਰ 3

ਕਿਰਪਾਲ ਸਿੰਘ ਪੰਨੂੰ
ਫੋਨ: 365-994-8850,
ਡਾ. ਰਾਜਵਿੰਦਰ ਸਿੰਘ
ਫੋਨ: 94633-27683

ਮਾਨੀਟਰ ਦੇ ਉੱਪਰੀ ਭਾਗ ਵਿਚ ਰਿਬਨ ਦੇ ਨਾ਼ਲ-ਨਾ਼ਲ ਕੁਝ ਹੋਰ ਜ਼ਰੂਰੀ ਕਮਾਂਡਾਂ ਵੀ ਹਨ, ਜਿਨ੍ਹਾਂ ਦੀ ਜਾਣਕਾਰੀ ਵੀ ਲਾਹੇਵੰਦ ਰਹੇਗੀ।


**ਰੂਲਰ:** ਰਿਬਨ ਦੀ ਹੇਠਲੀ ਹੱਦ ਦੇ ਨਾ਼ਲ ਰੂਲਰ ਦੀ ਪਤਲੀ ਜਿਹੀ ਸਫੈਦ ਪੱਟੀ ਹੁੰਦੀ ਹੈ, ਜਿਸ ਵਿਚ ਮਿਣਤੀ ਦੇ ਨਿਸ਼ਾਨ ਲੱਗੇ ਹੁੰਦੇ ਹਨ। ਇਹ ਲੋੜ ਅਨੁਸਾਰ 'ਵਿਊ' ਟੈਬ ਉੱਤੇ ਜਾ ਕੇ ਪਾਈ-ਹਟਾਈ ਜਾ ਸਕਦੀ ਹੈ। ਮਿਣਤੀ ਦੇ ਸਾਧਨ ਇੰਚ, ਸੈਂਟੀਮੀਟਰ ਆਦਿ ਫਾਈਲ, ਕਲਿੱਕ, ਆਪਸ਼ਨਜ਼, ਐਡਵਾਂਸਡ, ਡਿਸਪਲੇਅ ਦੀ ਚੌਥੀ ਸਤਰ 'ਤੇ ਜਾ ਕੇ ਬਦਲੇ ਜਾ ਸਕਦੇ ਹਨ।


**ਇੰਡੈਂਟਸ:** ਇੰਡੈਂਟ ਤੋਂ ਭਾਵ ਹੈ ਮਾਰਜਿਨ ਤੋਂ ਹੋਰ ਅੱਗੇ ਰਚਨਾ ਦੇ ਆਰੰਭ ਦੀ ਦੂਰੀ। ਰੂਲਰ ਦੇ ਖੱਬੇ ਪਾਸੇ 3 ਇੰਡੈਂਟ ਹੁੰਦੇ ਹਨ: 1. ਸਭ ਤੋਂ ਹੇਠਾਂ, 'ਚਕੋਰ'; ਲੈਫਟ ਇੰਡੈਂਟ। ਇੱਥੋਂ ਪਹਿਰੇ ਦੀ ਹਰ ਸਤਰ ਆਰੰਭ ਹੁੰਦੀ ਹੈ। 2. ਹੇਠੋਂ ਦੂਜੀ 'ਉੱਪਰ ਨੂੰ ਪੰਜਕੋਨੀ', ਹੈਂਗਿੰਗ ਇੰਡੈਂਟ; ਇੱਥੋਂ ਪਹਿਰੇ ਦੀ ਹਰ ਅਗਲੀ ਲਾਈਨ ਲਮਕਵੀਂ ਭਾਵ ਨੰਬਰ ਇਕ ਲਾਈਨ ਤੋਂ ਹੋਰ ਸੱਜੇ ਆਰੰਭ ਹੁੰਦੀ ਹੈ। 3. ਸਭ ਤੋਂ ਉੱਪਰ 'ਥੱਲੇ ਨੂੰ ਪੰਜ ਕੋਨੀ', ਫਸਟ ਲਾਈਨ ਇੰਡੈਂਟ; ਹਰ ਪਹਿਰੇ ਦੀ ਪਹਿਲੀ ਲਾਈਨ ਇੱਥੋਂ ਆਰੰਭ ਹੋਵੇਗੀ। ਇਹ ਪਹਿਰੇ ਦੇ ਆਰੰਭ ਦਾ ਨਿਸ਼ਾਨ ਹੈ। ਇਸੇ ਤਰ੍ਹਾਂ ਰੂਲਰ ਦੇ ਅੰਤ ਉੱਤੇ ਇੱਕ 'ਉੱਪਰ ਨੂੰ ਪੰਜ ਕੋਨੀ' ਬਣੀ ਹੋਈ ਹੈ। ਇਹ ਰਚਨਾ ਦੇ ਸੱਜੇ ਮਾਰਜਿਨ ਤੋਂ ਹੋਰ ਖੱਬੇ ਨੂੰ ਸੱਜੇ ਮਾਰਜਿਨ ਤੋਂ ਅੱਗੇ ਰਚਨਾ ਦੀ ਸੱਜੀ ਹੱਦ ਨਿਸ਼ਚਿਤ ਕਰਦੀ ਹੈ।

**ਕੁਇਕ ਐਕਸੈੱਸ ਟੂਲਬਾਰ:** ਇਹ ਪੱਟੀ, ਤੁਹਾਡੀ ਇੱਛਾ ਅਨੁਸਾਰ, ਰਿਬਨ ਦੇ ਉੱਪਰ ਜਾਂ ਥੱਲੇ ਹੋ ਸਕਦੀ ਹੈ। ਇਸ ਦੇ ਕਮਾਂਡ ਬਟਨਾਂ ਨੂੰ ਲੋੜ ਅਨੁਸਾਰ ਘੱਟ ਜਾਂ ਵੱਧ ਕੀਤਾ ਜਾ ਸਕਦਾ ਹੈ। ਮਕੈਨਿਕ ਦੇ ਲੱਕ ਨਾ਼ਲ ਬੰਨ੍ਹੀ ਬੈਲਟ ਅਤੇ ਉਸ ਵਿਚ ਟੰਗੇ ਟੂਲਾਂ ਨਾ਼ਲ ਇਸ ਦੀ ਤੁਲਨਾ ਕੀਤੀ ਜਾ ਸਕਦੀ ਹੈ।

**ਕਮਾਂਡ ਟੈਬਜ਼:** ਰਿਬਨ ਦੀ ਪਹਿਲੀ ਲਾਈਨ ਵਿਚ ਕਮਾਂਡ ਟੈਬ; ਹੋਮ, ਇਨਸਰਟ, ਲੇਅ-ਆਊਟ, ਰੀਵੀਊ, ਵੀਊ ਆਦਿ ਹਨ। ਇਹ ਸਾਰੇ ਇਕੋ ਪ੍ਰਕਾਰ ਦੀਆਂ ਕਮਾਂਡਾਂ ਦੇ ਵੱਡੇ ਬੌਕਸ ਹਨ। ਇਨ੍ਹਾਂ ਵਿਚ ਛੋਟੇ ਕਈ ਕਮਾਂਡ ਸੈੱਟ (ਗਰੁੱਪ) ਹੁੰਦੇ ਹਨ। ਆਓ, ਪਹਿਲੀ ਟੈਬ ਅਤੇ ਉਸ ਦੇ ਦੂਜੇ ਸੈੱਟ (ਗਰੁੱਪ) ਨੂੰ ਸਮਝੀਏ। ਬਾਕੀ ਸਾਰਾ ਸਿਲਸਿਲਾ ਇਸੇ ਤਰ੍ਹਾਂ ਚੱਲਦਾ ਹੈ।

**ਹੋਮ ਟੈਬ:** ਟਾਈਪ ਕਰਨ ਦੀਆਂ ਸਾਡੀਆਂ ਬਹੁਤੀਆਂ ਆਮ ਲੋੜਾਂ ਇਹੋ ਟੈਬ ਪੂਰੀਆਂ ਕਰਦੀ ਹੈ। ਇਸੇ ਲਈ ਇਸ ਨੂੰ ਆਰੰਭ ਵਿਚ ਰੱਖਿਆ ਗਿਆ ਹੈ। ਜਦੋਂ ਅਸੀਂ 'ਹੋਮ' ਨੂੰ ਕਲਿੱਕ ਕਰਦੇ ਹਾਂ ਤਾਂ ਇਸ ਟੈਬ ਦੇ ਸਾਰੇ ਕਮਾਂਡ ਸੈੱਟ ਖੁੱਲ੍ਹ ਜਾਂਦੇ ਹਨ। ਅਸੀਂ ਇਸ ਦੇ ਦੂਸਰੇ ਮੁਢਲੇ ਅਤੇ ਮਹੱਤਵਪੂਰਨ ਕਮਾਂਡ ਸੈੱਟ ਦੀਆਂ ਕਮਾਂਡਾਂ ਸਬੰਧੀ ਵਿਚਾਰ ਕਰਾਂਗੇ। ਬਾਕੀ ਸਾਰੇ ਕਮਾਂਡ ਸੈੱਟ ਇਸੇ ਤਰ੍ਹਾਂ ਆਪ ਹੀ ਸਮਝੇ ਜਾ ਸਕਦੇ ਹਨ।






**ਤਿਕੋਣ:** ਸਭ ਤੋਂ ਪਹਿਲਾਂ ਬਹੁਤ ਸਾਰੀਆਂ ਕਮਾਂਡਾਂ ਨਾ਼ਲ ਲੱਗੀ ਤਿਕੋਣ ਦਾ ਵਰਣਨ ਸਮਝ ਲੈਣਾ ਜ਼ਰੂਰੀ ਹੈ, ਜਿੱਥੇ ਇਹ ਲੱਗੀ ਹੋਵੇ ਦਾ ਅਰਥ ਹੁੰਦਾ ਹੈ ਕਿ ਇਸ ਕਮਾਂਡ ਦੇ ਹੋਰ ਵੀ ਬਹੁਤ ਸਾਰੇ ਸਰੂਪ ਹਨ, ਜੋ ਇਸ ਨੂੰ ਕਲਿੱਕ ਕਰਨ ਨਾ਼ਲ ਖੁੱਲ੍ਹ ਜਾਂਦੇ ਹਨ। ਤਿਕੋਣ ਦੀ ਨੋਕ, ਜਿਸ ਨੂੰ ਤੀਰ ਦੀ ਨੋਕ ਸਮਝਿਆ ਜਾ ਸਕਦਾ ਹੈ, ਚਾਰੋਂ ਪਾਸੇ ਹੋ ਸਕਦੀ ਹੈ।


**ਟੌਗਲ ਕਮਾਂਡ ਜਾਂ ਕੀਅ:** ਟੌਗਲ ਦਾ ਕੰਪਿਊਟਰ ਪ੍ਰਬੰਧ ਵਿਚ ਭਾਵ ਹੈ ਬਦਲਾਓ। ਇਹ ਉਹ ਕਮਾਂਡ ਜਾਂ ਕੀਅ ਹੁੰਦੀ ਹੈ, ਜੋ ਇਕ ਵਾਰ ਦੱਬਣ ਨਾ਼ਲ ਔਨ ਹੋ ਜਾਂਦੀ ਹੈ ਤੇ ਆਪਣਾ ਕੰਮ ਕਰਦੀ ਹੈ ਅਤੇ ਦੂਜੀ ਵਾਰ ਦੱਬਣ ਨਾ਼ਲ ਔਫ ਹੋ ਜਾਂਦੀ ਹੈ ਤੇ ਸੇਵਾਮੁਕਤ ਹੋ ਜਾਂਦੀ ਹੈ। ਕਿਸੇ ਵੀ ਕਮਾਂਡ ਜਾਂ ਕੀਅ ਨੂੰ ਦੋ-ਚਾਰ ਵਾਰ ਦੱਬ ਕੇ ਉਸ ਦਾ ਵਰਤਾਰਾ ਨੋਟ ਕੀਤਾ ਜਾ ਸਕਦਾ ਹੈ।

**ਫੌਂਟ ਕਮਾਂਡ:** ਜੇ ਉੱਪਰੋਂ ਸੱਜੇ ਨੂੰ ਚੱਲੀਏ ਤਾਂ ਪਹਿਲੀ ਕਮਾਂਡ ਫੌਂਟ ਦੇ ਨਾਂ ਦੀ ਆਉਂਦੀ ਹੈ। ਕੰਪਿਊਟਰ ਵਿਚ ਜਿਹੜੀਆਂ ਤੇ ਜਿੰਨੀਆਂ ਫੌਂਟਾਂ ਪਾਈਆਂ ਹੋਈਆਂ ਹਨ, ਉਨ੍ਹਾਂ ਦੀ ਸਾਰੀ ਸੂਚੀ ਇਸ ਵਿਚ ਦੇਖੀ ਜਾ ਸਕਦੀ ਹੈ ਅਤੇ ਇੱਛਾ ਦੀ ਫੌਂਟ ਸਿਲੈਕਟ ਕੀਤੀ ਜਾ ਸਕਦੀ ਹੈ। ਇਸ ਫੌਂਟ ਕਮਾਂਡ ਦੇ ਸੱਜੇ ਪਾਸੇ ਤਿਕੋਣ ਹੈ, ਜਿਸ ਨੂੰ ਕਲਿੱਕ ਕਰਨ ਨਾ਼ਲ ਸਾਰੀ ਸੂਚੀ ਖੁੱਲ੍ਹ ਜਾਵੇਗੀ, ਜਿਸ ਨੂੰ ਸਕਰੌਲ ਨੂੰ ਉੱਪਰ ਥੱਲੇ ਕਰ ਕੇ ਆਦਿ ਤੋਂ ਅੰਤ ਤੀਕਰ ਦੇਖਿਆ ਜਾ ਸਕਦਾ ਹੈ। ਜਾਂ ਉੱਪਰ ਆਪਣੀ ਫੌਂਟ ਦਾ ਨਾਂ ਟਾਈਪ ਕਰ ਕੇ ਸਿੱਧਾ ਹੀ ਉਸ ਉੱਤੇ ਪਹੁੰਚਿਆ ਜਾ ਸਕਦਾ ਹੈ।

**ਫੌਂਟ ਸਾਈਜ਼:** ਦੂਸਰੀ ਕਮਾਂਡ ਫੌਂਟ ਦੇ ਸਾਈਜ਼ ਦੀ ਹੈ। ਤੀਰ ਕਲਿੱਕ ਕਰਨ ਨਾ਼ਲ ਫੌਂਟ ਦੇ ਸਾਈਜ਼ ਉਜਾਗਰ ਹੋ ਜਾਣਗੇ। ਉਨ੍ਹਾਂ ਵਿਚੋਂ ਆਪਣੀ ਇੱਛਾ ਦਾ ਸਾਈਜ਼ ਚੁਣਿਆ ਜਾ ਸਕਦਾ ਹੈ। ਅਗਲੇ ਟਾਈਪ ਵਿਚ ਓਹੋ ਫੌਂਟ ਸਾਈਜ਼ ਚੱਲੇਗਾ। ਇਹ ਸਾਈਜ਼ ਖਾਨੇ ਵਿਚ ਟਾਈਪ ਕਰ ਕੇ ਐਂਟਰ ਕਰਨ ਨਾ਼ਲ ਅੱਗੇ ਨੂੰ ਲਾਗੂ ਹੋ ਜਾਵੇਗਾ। ਸਾਈਜ਼ .5 ਤਕ ਲਾਗੂ ਕੀਤਾ ਜਾ ਸਕਦਾ ਹੈ।

ਅੱਖਰਾਂ ਦਾ ਸਾਈਜ਼ ਛੋਟਾ ਜਾਂ ਵੱਡਾ ਕਰਨਾ: ਅਗਲੀਆਂ ਦੋ ਸਿਸਟਰ ਕਮਾਂਡਾਂ 'ਏ ਤਿਕੋਣ, ਏ ਤਿਕੋਣ' ਅੱਖਰਾਂ ਦਾ ਸਾਈਜ਼ ਛੋਟਾ ਜਾਂ ਵੱਡਾ ਕਰਨ ਦੀਆਂ ਹਨ, ਜੋ ਫੌਂਟ ਸਾਈਜ਼ ਨਾ਼ਲ ਹੀ ਸਬੰਧਤ ਹਨ।

**ਚੇਂਜ ਕੇਸ:** ਅੱਖਰਾਂ ਦੀ ਹਾਲਤ ਬਦਲੀ ਕਰਨ ਦਾ ਕੰਮ ਅਗਲੀ ਇਹ ਕਮਾਂਡ ਕਰਦੀ ਹੈ। ਇਹ ਪੰਜਾਬੀ ਉੱਤੇ ਨਹੀਂ ਸਿਰਫ ਅੰਗਰੇਜ਼ੀ ਉੱਤੇ ਹੀ ਲਾਗੂ ਹੁੰਦੀ ਹੈ। ਇਸ ਦੀਆਂ ਪੰਜ ਹਾਲਤਾਂ ਹਨ; 1. ਸੰਟੈਂਨਸ ਕੇਸ, ਵਾਕ ਦਾ ਪਹਿਲਾ ਅੱਖਰ ਵੱਡਾ ਬਾਕੀ ਸਭ ਛੋਟੇ। 2. ਲੋਅਰ ਕੇਸ, ਵਾਕ ਦੇ ਸਾਰੇ ਅੱਖਰ ਛੋਟੇ ਭਾਵ ਲੋਅਰ ਕੇਸ ਵਿਚ। 3. ਅੱਪਰ ਕੇਸ, ਵਾਕ ਦੇ ਸਾਰੇ ਅੱਖਰ ਵੱਡੇ ਭਾਵ ਉੱਪਰੀ ਕੇਸ ਵਿਚ। 4. ਕੈਪੀਟਲ ਈਚ ਵਰਡ, ਹਰ ਸ਼ਬਦ ਦਾ ਪਹਿਲਾ ਅੱਖਰ ਵੱਡਾ, ਜਿਵੇਂ ਕਿ



ਨਾਂ ਦੇ ਸਾਰੇ ਅੱਖਰਾਂ ਦੇ ਪਹਿਲੇ ਅੱਖਰ ਵੱਡੇ ਹੁੰਦੇ ਹਨ। 5. ਟੌਗਲ ਕੇਸ, ਉੱਪਰਲੀ ਹੇਠਲੀ ਕੇਸ ਨੂੰ ਆਪਸ ਵਿਚ ਬਦਲਣਾ।

**ਕਲੀਅਰ ਆਲ ਫਾਰਮੈਟਿੰਗ:** ਇਸ ਕਮਾਂਡ ਨੂੰ ਕਲਿੱਕ ਕਰਨ ਨਾ਼ਲ ਸਿਲੈਕਟ ਕੀਤੇ ਹੋਏ ਹਿੱਸੇ ਦੀ ਸਾਰੀ ਫਾਰਮੈਟਿੰਗ ਖਤਮ ਹੋ ਜਾਂਦੀ ਹੈ ਅਤੇ ਕੇਵਲ ਡੀਫਾਲਟ ਫਾਰਮੈਟਿੰਗ ਹੀ ਰਹਿ ਜਾਂਦੀ ਹੈ।

**ਅਗਲੀਆਂ 6 ਕਮਾਂਡਾਂ:** ਇਹ 6 ਕਮਾਂਡਾਂ ਟੌਗਲ ਕਮਾਂਡਾਂ ਹਨ। ਇਕ ਵਾਰ ਕਲਿੱਕ ਕਰਨ ਨਾ਼ਲ ਔਨ ਅਤੇ ਦੂਜੀ ਵਾਰ ਕਲਿੱਕ ਕਰਨ ਨਾ਼ਲ ਔਫ ਹੋ ਜਾਂਦੀਆਂ ਹਨ। ਇਹ ਹਨ; 1. 'ਬੀ' ਬੋਲਡ ਭਾਵ ਗੂੜ੍ਹੀ, 2. 'ਆਈ' ਇਟੈਲਿਕਸ ਭਾਵ ਤਿਰਛੀ, 3. 'ਯੂ' ਅੰਡਰ ਲਾਈਨ ਭਾਵ ਸ਼ਬਦ ਦੇ ਹੇਠਾਂ ਲਕੀਰ। ਇਸ ਨਾ਼ਲ ਤਿਕੋਣ ਵੀ ਲੱਗੀ ਹੋਈ ਹੈ, ਜਿਸ ਵਿਚ ਬਹੁਤ ਪ੍ਰਕਾਰ ਦੀਆਂ ਥੱਲੇ-ਲਕੀਰਾਂ ਦਿੱਤੀਆਂ ਹੋਈਆਂ ਹਨ। ਉਨ੍ਹਾਂ ਦੀ ਮੋਟਾਈ ਅਤੇ ਰੰਗ ਵੀ ਇੱਥੇ ਬਦਲਿਆ ਜਾ ਸਕਦਾ ਹੈ।

4. ਸਟ੍ਰਾਈਕ ਥਰੂਅ; ਇਸ ਨਾ਼ਲ ਅੱਖਰ ਦੇ ਵਿਚਕਾਰ ਇਕਹਿਰੀ (ਫੌਂਟ ਸੈੱਟ ਦੇ ਡਾਇਲੌਗ ਬੌਕਸ ਵਿਚ ਜਾ ਕੇ ਦੂਹਰੀ ਵੀ) ਲਾਈਨ ਮਾਰੀ ਜਾ ਸਕਦੀ ਹੈ। 5. ਸਬ ਸਕ੍ਰਿਪਟ; ਇਸ ਕਮਾਂਡ ਨਾ਼ਲ ਸਬ ਸਕ੍ਰਿਪਟ ਲਿਖੀ ਜਾ ਸਕਦੀ ਹੈ। 6. ਸੁਪਰ ਸਕ੍ਰਿਪਟ; ਇਸ ਨਾ਼ਲ ਸੁਪਰ ਸਕ੍ਰਿਪਟ ਲਿਖੀ ਜਾ ਸਕਦੀ ਹੈ।

**ਅਗਲੀਆਂ ਤਿੰਨ ਕਮਾਂਡਾਂ:** ਅਗਲੀ 1. ਏ ਵਾ਼ਲੀ ਕਮਾਂਡ ਟੈਕਸਟ ਦਿੱਖ ਅਤੇ ਅੱਖਰ ਸਰੂਪ ਦੀ ਹੈ। ਤਿਕੋਣ ਕਲਿੱਕ ਕਰ ਕੇ ਬਹੁਤ ਸਾਰੀਆਂ ਚੋਣਾਂ (ਆਪਸ਼ਨਜ਼) ਵਿਚ ਪਹੁੰਚਿਆ ਜਾ ਸਕਦਾ ਹੈ। ਇਹ ਕਮਾਂਡ ਕੰਪੈਟੀਵਲ ਮੋਡ ਵਿਚ ਨਹੀਂ ਹੈ। ਇਸ ਲਈ ਡਾਕੂਮੈਂਟ ਮੋਡ ਵਿਚ ਜਾਣਾ ਹੁੰਦਾ ਹੈ। ਜੋ ਹਾਲਤ, ਫਾਈਲ ਨੂੰ ਡਾਕੂਮੈਂਟ ਵਜੋਂ ਸੇਵ ਕਰ ਲੈਣ ਨਾ਼ਲ ਮਿਲ ਜਾਂਦੀ ਹੈ। 2. ਛੋਟੀ ਏਬੀ ਤੇ ਪੈਨ, ਟੈਕਸਟ ਹਾਈ ਲਾਈਟ ਕਲਰ; ਜਦੋਂ ਪਾਠਕ ਦਾ ਕਿਸੇ ਖਾਸ ਵਿਚਾਰ ਉੱਤੇ ਧਿਆਨ ਖਿੱਚਣਾ ਹੋਵੇ ਤਾਂ ਉਸ ਦਾ ਟੈਕਸਟ ਇੱਛਾ (ਬਾਈ ਡੀਫਾਲਟ ਪੀ਼ਲਾ) ਅਨੁਸਾਰ ਬਦਲ ਕੇ ਹਾਈ ਲਾਈਟ ਕਰ ਦਿੱਤਾ ਜਾਂਦਾ ਹੈ। ਨੋ ਕਲਰ ਕਰ ਕੇ ਇਸ ਨੂੰ ਹਟਾਇਆ ਜਾ ਸਕਦਾ ਹੈ।

3. ਵੱਡੀ ਏ ਥੱਲੇ ਲਕੀਰ; ਇਸ ਦੀ ਤਿਕੋਣ ਕਲਿੱਕ ਕਰ ਕੇ ਸਿਲੈਕਟ ਕੀਤੇ ਹੋਏ ਅੱਖਰਾਂ ਦਾ ਰੰਗ ਬਦਲਿਆ ਜਾ ਸਕਦਾ ਹੈ। ਜੇ ਇਹ ਰੰਗ ਚਿੱਟਾ ਜਾਂ ਨੋ ਕਲਰ ਕਰ ਦਿੱਤਾ ਜਾਵੇ ਤਾਂ ਅੱਖਰ ਹੋਣਗੇ ਪਰ ਪੜ੍ਹੇ ਨਹੀਂ ਜਾਣਗੇ ਕਿਉਂਕਿ ਅੱਖਰ ਵੀ ਚਿੱਟੇ ਅਤੇ ਪੇਪਰ ਵੀ ਚਿੱਟਾ ਹੋ ਜਾਂਦਾ ਹੈ।

**ਡਾਇਲੌਗ ਬੌਕਸ ਲਾਂਚਰ:** ਫੌਂਟ ਸੈੱਟ ਦਾ ਆਖਰੀ ਆਈਟਮ ਹੈ, ਇਸ ਦਾ ਡਾਇਲੌਗ ਬੌਕਸ ਲਾਂਚਰ, ਜੋ ਸੈੱਟ ਦੇ ਸੱਜੇ ਅਤੇ ਹੇਠਲੇ ਕੋਨੇ ਵਿਚ ਹੁੰਦਾ ਹੈ। ਇਸ ਨੂੰ ਕਲਿੱਕ ਕਰਨ ਨਾ਼ਲ ਫੌਂਟ ਸੈੱਟ ਦਾ ਡਾਇਲੌਗ ਬੌਕਸ ਖੁੱਲ੍ਹ ਜਾਵੇਗਾ, ਜਿਸ ਵਿਚ ਉਪਰੋਕਤ ਸਾਰੀਆਂ ਕਮਾਂਡਾਂ ਹੋਰ ਵੀ ਵਿਸਥਾਰ ਨਾ਼ਲ ਮਿ਼ਲ ਜਾਂਦੀਆਂ ਹਨ।

(ਚਲਦਾ)

## ਕਾਵਿ ਕਿਆਰੀ

### ਲੋਹੜੀ

ਲੋਹੜੀ ਦਾ ਜਦ ਆਉਂਦਾ ਤਿਉਹਾਰ,
ਚੇਤੇ ਕਰਾਉਂਦਾ ਸਭਿਆਚਾਰ।
ਲੋਹੜੀ ਮਨਾਉਣ ਪਿੱਛੇ ਗੱਲਾਂ ਕਈ,
ਪੋਹ ਦੇ ਆਖਰੀ ਦਿਨ ਆਏ ਬਈ।
ਅਮੀਰਾਂ ਲੋਕਾਂ ਅੱਤ ਪਈ ਸੀ ਚੱਕੀ,
ਤਾਹੀਓਂ ਲੁੱਟਣ ਲੱਗਿਆ ਦੁੱਲਾ ਭੱਟੀ।

ਗਰੀਬਾਂ ਵਿਚ ਵੰਡਦਾ ਲੁੱਟਿਆ ਪੈਸਾ,
ਡਾਕੂ ਵੇਖਿਆ ਨਾ ਕੋਈ ਦੁੱਲੇ ਜੈਸਾ।
ਸੁੰਦਰ ਮੁੰਦਰੀ ਦਾ ਕਰਿਆ ਵਿਆਹ,
ਜਿਨ੍ਹਾਂ 'ਤੇ ਲੋਕਾਂ ਰੱਖੀ ਗੰਦੀ ਨਿਗਾਹ।
ਬ੍ਰਾਹਮਣ ਵਿਚਾਰਾ ਸੀ ਬੜਾ ਗਰੀਬ,
ਦੁੱਲੇ ਨੇ ਬਦਲ ਦਿੱਤੇ ਉਹਦੇ ਨਸੀਬ।

ਵਿਆਹ ਵੇਲੇ ਜਿਹੜੀ ਬਾਲੀ ਅੱਗ,
ਲੋਹੜੀ ਮਨਾ ਯਾਦ ਕਰਦੇ ਅੱਜ।
ਲੋਹੜੀ ਨੂੰ ਅਗਨੀ ਬਾਲਣ ਦੀ ਰੀਤ,
ਦੁੱਲੇ ਦੀ ਬਹਾਦਰੀ ਦੇ ਗੂੰਜਣ ਗੀਤ।
ਸਮਾਜ ਵਿੱਚ ਖੂਬ ਨਾਮ ਕਮਾਇਆ,
ਮੁਗਲ ਸ਼ਾਸਕਾਂ ਨਾਲ ਮੱਥਾ ਲਾਇਆ।
ਸ਼ਾਮ ਨੂੰ ਇਕੱਠੇ ਹੋ ਸਭ ਮੱਥਾ ਟੇਕਦੇ,
ਕਰੀ ਜਾਣ ਗੱਲਾਂ ਨਾਲੇ ਧੂਣੀ ਸੇਕਦੇ।

ਭੋਗ ਵਿਚ ਮੂੰਗਫਲੀ, ਗੱਜਕ ਤੇ ਗੁੜ,
ਗਾਜਰਪਾਕ, ਭੁੱਗਾ ਮਿਲਣ ਮੁੜ-ਮੁੜ।
ਲੋਹੜੀ 'ਤੇ ਲੋਕੀਂ ਡੀ਼ ਜੇ ਲਾਉਂਦੇ,
ਦੇਰ ਰਾਤ ਤਕ ਭੰਗੜਾ ਪਾਉਂਦੇ।
ਇਸਤਰੀਆਂ ਵੀ ਨੇ ਬੋਲੀਆਂ ਪਾਉਂਦੀਆਂ,
ਕਿਹੜਾ ਕਿਸੇ ਤੋਂ ਘੱਟ ਕਹਾਉਂਦੀਆਂ।

ਲੋਹੜੀ ਵੇਲੇ ਆਏ ਮੌਸਮੀ ਬਦਲਾਅ,
ਠੰਢ ਦੇ ਜੋਸ਼ 'ਚ ਆਉਂਦਾ ਠਹਿਰਾਅ।
'ਚਮਨ' ਮੁੰਡੇ ਕੁੜੀ ਦਾ ਫਰਕ ਮਿਟਾਓ,
ਕੁੜੀ ਦੇ ਜਨਮ ਦੀ ਵੀ ਲੋਹੜੀ ਮਨਾਓ।
ਕੁਦਰਤ ਦੀ ਨਜ਼ਰ 'ਚ ਦੋਵੇਂ ਇਕਸਾਰ,
ਆਪਣੀਆਂ ਗਲਤੀਆਂ ਨੂੰ ਲਓ ਸੁਧਾਰ।

*-ਚਮਨਦੀਪ ਸ਼ਰਮਾ*
***ਫੋਨ: 95010-33005***

---

### ਕੁੜੀਆਂ

ਮੁੰਡਾ ਜੰਮੇ ਲੱਡੂ ਵੰਡਦੇ,
ਕੁੜੀ 'ਤੇ ਕਿਉਂ ਨਹੀਂ ਬਰਫ਼ੀ?
ਕੁੜੀ ਜੰਮਣ 'ਤੇ ਕਿਉਂ ਕੁੜ੍ਹਦੇ,
ਮੁੰਡੇ 'ਤੇ ਖੁਸ਼ੀ ਚੌਤਰਫ਼ੀ?
ਕੁੜੀ ਮਾਰਾਂ ਦਾ ਭੈੜਾ ਫੱਟਾ,
ਕਿਉਂ ਪੰਜਾਬ ਦੇ ਮੱਥੇ ਲੱਗੇ?
ਫਿਟਕਾਰਾਂ ਧਰਮ ਵੀ ਮਾਰੇ,
ਫਿਰ ਸੁੱਤਾ ਕਿਉਂ ਨਾ ਜਾਗੇ?

ਧੀ ਪੁੱਤ ਵਿਚ ਫਰਕ ਨਾ ਕੋਈ,
ਦੋਨੋਂ ਇਕੋ ਕੁੱਖੋਂ ਜਾਏ,
ਸੀਰ ਚੁੰਘਿਆ ਇਕੋ ਮਾਂ ਦਾ,
ਇਕੋ ਜਿਹੇ ਨੇ ਲਾਡ ਲਡਾਏ,
ਫਿਰ ਕੁੜੀ ਕਿਉਂ ਭੰਡਦੇ ਨੇ,
ਜੱਗ ਨੂੰ ਮੂਲੋਂ ਸ਼ਰਮ ਨਾ ਆਏ,
ਖੜ੍ਹੇ ਮੱਥੇ 'ਤੇ ਹੱਥ ਮਾਰਨ,
ਪੁੱਤਾਂ ਨਸ਼ਿਆਂ 'ਚ ਚੰਨ ਚੜ੍ਹਾਏ।

ਧੀਆਂ ਪੁੱਤਰ ਤੋਂ ਘੱਟ ਨਹੀਂ,
ਵਿਚ ਅਸਮਾਨੀ ਲਾਵਣ ਤਾਰੀ,
ਜਹਾਜ਼ ਦੀ ਪਾਇਲਟ ਬਣਗੀ,
ਰਾਕੇਟ ਦੀ ਵੀ ਕਰੇ ਸਵਾਰੀ।
'ਕਲਪਨਾ ਚਾਵਲਾ' ਤੇ 'ਸੁਨੀਤਾ',
ਅਕਾਸ਼ਾਂ ਦੀ ਭਰੇ ਉਡਾਰੀ,
ਫਿਰ ਅੱਜ-ਤਕ ਕਿਉਂ ਆਖਦੇ?
ਨੀ ਕੁੜੀਏ ਤੂੰ ਕਿਸਮਤ ਮਾਰੀ।

ਪੁੱਤ ਵਿਆਹੀਏ ਨੂੰਹਾਂ ਆਵਣ,
ਧੀ ਵਿਆਹੀਏ ਤਾਂ ਜਵਾਈ,
ਪੋਤੇ ਪੋਤੀਆਂ ਵਿਹੜੇ ਖੇਡਣ,
ਰਲ ਦੋਹਤੇ-ਦੋਹਤੀਆਂ ਤਾਈਂ।
ਰਸਦਾ ਵਸਦਾ ਪਰਿਵਾਰ ਹੋਵੇ,
ਫਿਰ ਲੋਕੀਂ ਸਿਫ਼ਤਾਂ ਕਰਦੇ,
ਖੁਸ਼ੀਆਂ ਖੇੜੇ ਡੁੱਲ੍ਹ-ਡੁੱਲ੍ਹ ਪੈਂਦੇ,
ਇਕੱਠੇ ਬੈਠ ਠਹਾਕੇ ਵੱਜਦੇ।

ਕੁੜੀਆਂ ਚਿੜੀਆਂ ਚਹਿਕਣ,
ਤਾਂ ਚੰਗੀਆਂ ਲੱਗਦੀਆਂ ਨੇ,
ਹੱਸਣ ਖੇਡਣ ਮਹਿਕਣ,
ਤਾਂ ਫਿਰ ਜੱਚਦੀਆਂ ਨੇ।
ਮੋਹ ਸਹੁਰੇ ਘਰ ਤੋਂ ਭਾਲਣ,
ਤਾਂ ਫਿਰ ਉਹ ਰਚਦੀਆਂ ਨੇ,
ਮਾਪਿਆਂ ਨੂੰ ਭੁੱਲ ਜਾਵਣ,
ਤਾਂ ਸੁਖੀ ਵੱਸਦੀਆਂ ਨੇ।

*-ਸੇਵਾ ਸਿੰਘ ਨੂਰਪੁਰੀ*

---

### ਗ਼ਜ਼ਲ

ਉਹ ਮਿਲੇਗਾ ਫਿਰ ਦੁਬਾਰਾ ਸ਼ਾਇਦ।
ਵਕਤ ਕਰ ਜਾਏ ਇਸ਼ਾਰਾ ਸ਼ਾਇਦ।
ਚੁੰਮਦੀ ਹੈ ਛੱਲ ਇਸੇ ਹੀ ਆਸ ਵਿਚ,
ਕੋਲ ਆਵੇਗਾ ਕਿਨਾਰਾ ਸ਼ਾਇਦ।

ਅੱਗ ਨੇ ਦਿੱਤੇ ਉਬਾਲੇ ਬਹੁਤ ਸੀ,
ਨੀਰ ਬਣ ਜਾਏ ਸ਼ਰਾਰਾ ਸ਼ਾਇਦ।
ਰੋਜ਼ ਇਕ ਪਤੰਗ ਉਡਾਂਦਾ ਹੈ ਬੱਚਾ,
ਅੜ ਜਾਏ ਕੋਈ ਸਿਤਾਰਾ ਸ਼ਾਇਦ।

ਤੀਲਿਆਂ ਦੇ ਨਾਲ ਬੱਚਾ ਰੁੜ ਰਿਹਾ,
ਡੁੱਬ ਕੇ ਤਰ ਜਾਏ ਵਿਚਾਰਾ ਸ਼ਾਇਦ।
ਬੰਦ ਨੇ ਤਾਲੇ ਭਿਖਾਰੀ ਸੋਚਦਾ,
ਖੁੱਲ੍ਹ ਜਾਏ ਮੰਦਿਰ ਦੁਬਾਰਾ ਸ਼ਾਇਦ।

ਵਕਤ ਦੀ ਬਸ ਮਿਹਰਬਾਨੀ ਚਾਹੀਦੀ,
ਮਿਲ ਪਵੇ ਸਭ ਤੋਂ ਪਿਆਰਾ ਸ਼ਾਇਦ।
ਕਹਿ ਗਿਆ ਸੀ ਪਰਤ ਕੇ ਆਵਾਂਗਾ ਫਿਰ,
ਲਾ ਗਿਆ ਝੂਠਾ ਹੀ ਲਾਰਾ ਸ਼ਾਇਦ।

ਦੀਵਿਆਂ ਨੇ ਭੇਦ ਸਾਰਾ ਪਾ ਲਿਆ,
ਫਿਰ ਹਵਾ ਆਏ ਦੁਬਾਰਾ ਸ਼ਾਇਦ।
ਇਸ ਤਰ੍ਹਾਂ ਮੁਮਕਿਨ ਨਹੀਂ ਹੈ 'ਬਾਲਮਾ'
ਬਿਨ ਤੇਰੇ ਹੋਵੇ ਗੁਜ਼ਾਰਾ ਸ਼ਾਇਦ।

***-ਬਲਵਿੰਦਰ 'ਬਾਲਮ' ਗੁਰਦਾਸਪੁਰ***
***ਫੋਨ: 98156-25409***

---

### ਜ਼ਿੰਦਾ ਦਿਲੀ

ਕੈਸਾ ਹੈ ਇਹ ਲੋਕਤੰਤਰ,
ਕਿਓਂ ਆਜ਼ਾਦੀ ਸਜ਼ਾ ਹੈ
ਕਿਓਂ ਨਸਲਕੁਸ਼ੀ ਹੋ ਰਹੀ,
ਸੋਚੋ ਸਈ ਕੀ ਵਜ੍ਹਾ ਹੈ
ਭਾਵਨਾਵਾਂ ਨਾਲ ਖੇਡਣਾ,
ਮੀਰੀ ਤੇ ਪੀਰੀ ਦਗਾ ਹੈ
ਕੁਦਰਤ ਕਰੋਪੀ ਹੋ ਰਹੀ
ਤੇ ਫੈਲੀ ਜਾਂਦੀ ਵਬਾ ਹੈ।

ਕੱਟਣੀ ਹੈ ਜੇ ਚੁਰਾਸੀ,
ਜੰਗ ਜਾਰੀ ਰਹਿਣ ਦੇ
ਤੇਵਰਾਂ 'ਤੇ ਨਜ਼ਰ ਰੱਖ ਤੂੰ
ਡੈਮੋਕਰੇਸੀ ਡੈਣ ਦੇ
ਔਖਾ ਤਾਂ ਔਖਾ ਸਹੀ,
ਹਾਂ ਸੱਚੋ-ਸੱਚ ਹੀ ਕਹਿਣ ਦੇ
ਦੇਸ਼ ਭਗਤੀ ਭਰਮ ਜੇ,
ਲਹਿੰਦਾ ਹੈ ਤਾਂ ਲਹਿਣ ਦੇ।

ਕੀ ਹੈ ਤੇਰੀ ਹੈਸੀਅਤ,
ਜੇ ਹੈ ਗੁਲਾਮੀ ਜ਼ਿੰਦਗੀ
ਤੂੰ ਪਲਟਿਆ ਹੈ ਯੁੱਗ ਨੂੰ,
ਭਰਦੀ ਹੈ ਹਾਮੀ ਜ਼ਿੰਦਗੀ
ਰੁੱਖਾਂ ਜਏ ਜੇਰੇ ਨੂੰ ਆਖ਼ਿਰ,
ਦਊ ਸਲਾਮੀ ਜ਼ਿੰਦਗੀ
ਹੋ ਜਾਏ ਸੱਚ ਸਰੂਪ ਇਹ,
ਨਾ ਹੋਵੇ ਕਾਮੀ ਜ਼ਿੰਦਗੀ।

ਇਜ਼ਮਾਂ ਵਾਦਾਂ ਵਾਲਿਆ,
ਮਰਜ਼ੀ ਤੇਰੀ ਸੰਵਾਦ ਕਰ
ਸ਼ੀਸ਼ੇ ਵਿਚ ਜਦ ਤੱਕਨੈ,
ਤਾਂ ਗੁਰੂ ਨੂੰ ਵੀ ਯਾਦ ਕਰ
ਜੀਅ ਨਾਲ ਹੈ ਜ਼ਿੰਦਗੀ,
ਜੀਅ ਨੂੰ ਨਾ ਬਰਬਾਦ ਕਰ
ਤਵਾਰੀਖੀ ਸੇਧ ਲੈ,
ਗੁਲਸ਼ਨ ਨੂੰ ਫਿਰ ਆਬਾਦ ਕਰ।

ਜ਼ਰਾ ਸੋਚ ਤੇਰੇ ਪੁਰਖਿਆਂ,
ਕਿੱਦਾਂ ਸਿੱਖਾਇਆ ਗੜਕਣਾ
ਬਦੀ ਦੇ ਨਾਲ ਜੂਝਣਾ,
ਵੈਰੀ ਦੀ ਅੱਖ 'ਚ ਰੜਕਣਾ
ਕਰ ਆਰ ਤੇ ਤੂੰ ਪਾਰ ਦੀ,
ਵਿਚ-ਵਿਚਾਲੇ ਫੜਕ ਨਾ
ਕੀ ਹੈ 'ਢੇਸੀ' ਜੀਣ ਜੇ,
ਜੀਣੇ 'ਚ ਤੇਰੇ ਮੜਕ ਨਾ।

**-ਕੁਲਵੰਤ ਢੇਸੀ**

# ਮੀਡੀਏ ਦਾ ਸਿਕੰਦਰ ਸਿੱਧੂ ਦਮਦਮੀ

## ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਸਿੱਧੂ ਦਮਦਮੀ ਪੰਜਾਬੀ ਮੀਡੀਆ ਦਾ ਸਿਕੰਦਰ ਹੈ। ਉਸ ਨੇ 'ਪੰਜਾਬੀ ਟ੍ਰਿਬਿਊਨ' ਦਾ ਐਡੀਟਰ ਹੁੰਦਿਆਂ ਇਸ ਅਖ਼ਬਾਰ ਨੂੰ ਇੰਟਰਨੈੱਟ 'ਤੇ ਲਿਆਉਣ ਦੀ ਪਹਿਲ ਕੀਤੀ ਸੀ। ਇਉਂ ਪੰਜਾਬੀ ਟ੍ਰਿਬਿਊਨ ਗਲੋਬਲ ਪਹੁੰਚ ਵਾਲਾ ਹੋ ਗਿਆ, ਜੋ ਅਨੇਕਾਂ ਮੁਲਕਾਂ ਵਿਚ ਵਸਦੇ ਪੰਜਾਬੀਆਂ ਦਾ ਮਨਭਾਉਂਦਾ ਅਖ਼ਬਾਰ ਬਣ ਗਿਆ। ਸਿੱਧੂ ਦਮਦਮੀ ਪੰਜਾਬੀ ਮੀਡੀਆ ਸੰਸਾਰ ਦਾ ਜਗਤ ਪ੍ਰਸਿੱਧ ਚਿਹਰਾ ਤੇ ਨਾਂ ਹੈ। ਉਸ ਨੂੰ ਅੱਧੀ ਸਦੀ ਹੋ ਗਈ ਸੂਚਨਾ ਸੰਚਾਰ ਦੇ ਅਦਾਰਿਆਂ ਵਿਚ ਵਿਚਰਦਿਆਂ। ਉਸ ਨੇ 1972 ਤੋਂ ਪੰਜਾਬ ਸਰਕਾਰ ਦੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਵਿਚ ਸਰਵਿਸ ਸ਼ੁਰੂ ਕੀਤੀ ਸੀ। ਫਿਰ ਭਾਰਤ ਸਰਕਾਰ ਦਾ ਸੂਚਨਾ ਅਫਸਰ ਲੱਗਣ ਦੇ ਨਾਲ ਨਾਲ ਆਲ ਇੰਡੀਆ ਰੇਡੀਓ, ਦੂਰਦਰਸ਼ਨ, ਪ੍ਰਾਈਵੇਟ ਨਿਊਜ਼ ਚੈਨਲਾਂ ਦਾ ਮੁਖੀ, ਬਰਾਡਕਾਸਟਰ, ਸਾਹਿਤਕ ਰਸਾਲੇ 'ਸੰਖ' ਦਾ ਸੰਪਾਦਕ ਤੇ ਨਾਮਵਰ ਰੋਜ਼ਾਨਾ ਅਖ਼ਬਾਰ 'ਪੰਜਾਬੀ ਟ੍ਰਿਬਿਊਨ' ਦਾ ਤਿੰਨ ਸਾਲ ਐਡੀਟਰ ਰਹਿ ਕੇ ਰਿਟਾਇਰ ਹੋਇਆ। ਉਸ ਨੇ ਸਪਤਾਹਕ ਅੰਕਾਂ ਵਿਚ ਸੰਪਾਦਕੀ ਕਾਲਮ 'ਸਤਰਾਂ ਤੇ ਸੈਨਤਾਂ' ਲਿਖਣ ਦੇ ਨਾਲ ਪੁਸਤਕਾਂ ਵੀ ਲਿਖੀਆਂ। ਉਨ੍ਹਾਂ ਵਿਚ 'ਸਾਹਿਬਾਂ ਦੀ ਦੁਚਿੱਤੀ', 'ਗੁਆਚੀ ਗੱਲ', 'ਭਾਗ ਸਿੰਘ (ਸੰਪਾਦਿਤ)', 'ਮਹਾਭਾਰਤ (ਅਨੁਵਾਦ)' ਤੇ 'ਖ਼ਬਰ ਖ਼ਤਮ' ਸ਼ਾਮਲ ਹਨ। ਅੱਜ-ਕੱਲ੍ਹ ਉਹ ਕੈਲੇਫੋਰਨੀਆ 'ਚੋਂ ਨਿਕਲਦੇ ਪੰਦਰਵਾੜਾ ਪੱਤਰ 'ਪੰਜਾਬੀ ਪ੍ਰੈਸ ਯੂ.ਐਸ.ਏ.' ਦਾ ਮੁੱਖ ਸੰਪਾਦਕ ਹੈ।

ਉਸ ਦਾ ਜਨਮ 2 ਜੂਨ, 1949 ਨੂੰ ਤਲਵੰਡੀ ਸਾਬੋ ਵਿਖੇ ਸ. ਕਰਤਾਰ ਸਿੰਘ ਸਿੱਧੂ ਤੇ ਮਾਤਾ ਜਸਵੰਤ ਕੌਰ ਦੇ ਘਰ ਹੋਇਆ। ਮਾਪਿਆਂ ਨੇ ਉਹਦਾ ਨਾਂ ਗੁਰਮੇਲ ਸਿੰਘ ਰੱਖਿਆ ਸੀ। ਗੁਰੂ ਕਾਸ਼ੀ ਕਾਲਜ ਤਲਵੰਡੀ ਸਾਬੋ ਵਿਚ ਪੜ੍ਹਦਿਆਂ ਉਸ ਨੇ ਕਹਾਣੀ 'ਸ਼ਰੀਂਹ ਦੇ ਪੱਤੇ' ਗੁਰਮੇਲ ਸਿੱਧੂ ਦਮਦਮੀ ਦੇ ਨਾਂ ਹੇਠ 'ਨਾਗਮਣੀ' ਨੂੰ ਭੇਜੀ ਤਾਂ ਜੁਆਬ ਵਿਚ ਅੰਮ੍ਰਿਤਾ ਪ੍ਰੀਤਮ ਦਾ ਖ਼ੁਸ਼ਖਤ ਤੇ ਰੰਗਦਾਰ ਪੋਸਟ ਕਾਰਡ ਮਿਲਿਆ। ਲਿਖਿਆ ਸੀ: ਕਹਾਣੀ ਮਿਲ ਗਈ। ਛਾਪਣਾ ਚਾਹਾਂਗੀ ਪਰ ਇਸ ਦਾ ਨਾਂ ਬਦਲ ਕੇ। ਤੁਹਾਡਾ ਆਪਣਾ ਨਾਂ ਵੀ ਜੇ ਛੋਟਾ ਹੋਵੇ, ਚੰਗਾ ਲੱਗੇਗਾ। ਉਹ ਕਹਾਣੀ 'ਚੂਰ ਭੂਰ ਗੱਲਾਂ' ਦੇ ਸਿਰਲੇਖ ਨਾਲ 'ਸਿੱਧੂ ਦਮਦਮੀ' ਦੇ ਨਾਂ ਹੇਠ ਛਪੀ। ਇੰਜ ਬਣਿਆ ਉਹ ਗੁਰਮੇਲ ਸਿੰਘ ਸਿੱਧੂ ਤੋਂ ਸਿੱਧੂ ਦਮਦਮੀ। 'ਸਿੱਧੂ ਦਮਦਮੀ' ਵੈਸੇ ਕਿਸੇ ਕਵੀ ਦਾ ਨਾਂ ਲੱਗਦੈ। ਕਹਾਣੀਕਾਰ ਬਣਨ ਤੋਂ ਪਹਿਲਾਂ ਸਿੱਧੂ ਸੀ ਵੀ ਕਵੀ! 'ਗੁਆਚੀ ਗੱਲ' ਉਹਦਾ ਕਾਵਿ-ਸੰਗ੍ਰਹਿ ਹੈ।

ਅਸੀਂ ਇਕ ਦੂਜੇ ਨੂੰ ਪੜ੍ਹਦੇ ਤਾਂ 1970ਵਿਆਂ ਤੋਂ ਸਾਂ ਪਰ ਮੇਲ 2006 ਵਿਚ 'ਪੰਜਾਬੀ ਟ੍ਰਿਬਿਊਨ' ਦੇ ਦਫਤਰ 'ਚ ਹੋਇਆ। ਉਹ ਮੇਰੀਆਂ ਖੇਡ ਲਿਖਤਾਂ ਦਾ ਪ੍ਰਸ਼ੰਸਕ ਸੀ। ਉਸ ਨੇ ਮੈਨੂੰ 'ਬਕੱਲਮਖ਼ੁਦ' ਕਾਲਮ ਲਿਖਣ ਲਈ ਕਿਹਾ ਜਿਸ ਦੀਆਂ ਪੰਜਾਹ ਕੁ ਕਿਸ਼ਤਾਂ 'ਪੰਜਾਬੀ ਟ੍ਰਿਬਿਊਨ' ਵਿਚ ਛਪੀਆਂ। ਉਹੀ ਕਿਸ਼ਤਾਂ ਫਿਰ ਮੇਰੀ ਸਵੈ-ਜੀਵਨੀ 'ਹਸੰਦਿਆਂ ਖੇਲੰਦਿਆਂ' ਦਾ ਆਧਾਰ ਬਣੀਆਂ, ਜਿਸ ਦੇ ਗੁਰਮੁਖੀ ਐਡੀਸ਼ਨ ਛਪਣ ਦੇ ਨਾਲ ਲਾਹੌਰ ਦੇ ਇਕ ਪ੍ਰਕਾਸ਼ਕ ਵੱਲੋਂ ਸ਼ਾਹਮੁਖੀ ਐਡੀਸ਼ਨ ਵੀ ਛਾਪਿਆ ਗਿਆ। ਸ਼ਾਹਮੁਖੀ ਵਿਚ ਕਿਤਾਬ ਦਾ ਨਾਂ 'ਹਸਦਿਆਂ ਖੇਲਦਿਆਂ' ਹੀ ਪੜ੍ਹਿਆ ਜਾ ਰਿਹੈ।

ਸਿੱਧੂ ਦਮਦਮੀ ਇਕਹਿਰੇ ਸਰੀਰ ਦਾ ਨਿੱਗਰ ਲੇਖਕ, ਪਾਏਦਾਰ ਪੱਤਰਕਾਰ, ਸੁਹਿਰਦ ਸੰਪਾਦਕ, ਧੀਮਾ ਰੇਡੀਓਕਾਰ ਤੇ ਟੀਵੀ ਸ਼ੋਅਜ਼ ਦਾ ਗੂੰਜਵਾਂ ਪੇਸ਼ਕਾਰ ਹੈ। ਉਸ ਦੇ 'ਸਿੱਧੂ ਸ਼ੋਅ' ਦੀਆਂ ਸਿਫ਼ਤਾਂ ਲੋਕ ਅੱਜ ਵੀ ਹੁੱਬ ਕੇ ਕਰਦੇ ਹਨ। ਉਸ ਨੇ ਪੰਜਾਬੀ ਮੀਡੀਆਕਾਰੀ ਵਿਚ ਨਵੇਂ ਤਜਰਬੇ ਕਰ ਕੇ ਇਸ ਨੂੰ ਹੋਰ ਅਮੀਰੀ ਬਖ਼ਸ਼ੀ ਤੇ ਹੋਰਨਾਂ ਭਾਸ਼ਾਵਾਂ ਦੇ ਹਾਣ ਦੀ ਬਣਾਇਆ। ਉਹਦੀ ਬੋਲ ਚਾਲ ਵਿਚ ਬਠਿੰਡੇ ਦਾ ਲਬੋ-ਲਹਿਜਾ ਤੇ ਮਲਵਈ ਮੋਹ ਹੈ। ਉਹਦੀਆਂ ਲਿਖਤਾਂ ਦੀ ਲਿਸ਼ਕ ਟਿੱਬਿਆਂ ਦੇ ਕੱਕੇ ਰੇਤੇ ਵਰਗੀ ਹੈ। ਉਸ ਦੀ ਕਲਮ ਨੂੰ ਸ੍ਰੀ ਦਮਦਮਾ ਸਾਹਿਬ ਦੇ ਲਿਖਣਸਰ ਵਿਚ ਡੁੱਲ੍ਹੀ ਸੋਨ-ਸਿਆਹੀ ਦੀ ਗੁੜ੍ਹਤੀ ਮਿਲੀ ਹੈ। 2021 ਵਿਚ ਛਪੀ ਉਹਦੀ ਨਿਵੇਕਲੀ ਪੁਸਤਕ 'ਖ਼ਬਰ ਖ਼ਤਮ' ਨਾ ਸਿਰਫ਼ ਪੜ੍ਹਨਯੋਗ ਹੈ, ਸਗੋਂ ਹੋਰਨਾਂ ਨੂੰ ਵੀ ਪੜ੍ਹਾਉਣ ਤੇ ਲਾਇਬ੍ਰੇਰੀਆਂ ਦਾ ਸ਼ਿੰਗਾਰ ਬਣਾਉਣ ਯੋਗ ਹੈ। ਉਹਦੇ ਟਾਈਟਲ ਸਕੈੱਚ ਉੱਤੇ ਲੇਖਕ ਇਕ ਹੱਥ ਪੈੱਨ ਤੇ ਦੂਜੇ ਹੱਥ ਮਾਈਕ ਫੜੀ ਖੜ੍ਹਾ ਹੈ। ਉਹਦੇ ਸੱਜੇ ਖੱਬੇ ਟ੍ਰਿਬਿਊਨ ਅਦਾਰੇ ਦੇ ਦਰਜਨ ਕੁ ਐਡੀਟਰਾਂ ਦੇ ਦਸਤਖ਼ਤ ਹਨ। ਟਾਈਟਲ ਦੇ ਪਿਛਲੇ ਪਾਸੇ ਛਾਪੀਆਂ ਤਿੰਨ ਟੂਕਾਂ 'ਚੋਂ ਤੀਜੀ ਹੈ:

ਲੋਕ ਸਭਾ ਵਿਚ ਜਦੋਂ ਇੰਦਰਾ ਗਾਂਧੀ ਦੀ ਹਾਜ਼ਰੀ 'ਚ ਕਾਮਰੇਡ ਮੈਂਬਰ ਪਾਰਲੀਮੈਂਟ ਤੇਜਾ ਸਿੰਘ ਸੁਤੰਤਰ ਨੇ ਪ੍ਰਾਣ ਤਿਆਗੇ ਤਾਂ ਉਹਦੇ ਝੋਲੇ ਵਿਚੋਂ ਅਚਾਰ ਤੇ ਦੋ ਰੋਟੀਆਂ ਨਿਕਲੀਆਂ। ਇਹਦੇ ਨਾਲ ਖ਼ਬਰ ਖ਼ਤਮ ਹੋ ਜਾਂਦੀ ਹੈ!

'ਖ਼ਬਰ ਖ਼ਤਮ' ਦਾ ਤਤਕਰਾ ਵੇਖੋ। ਗੱਪ ਸੱਚ ਦਾ ਸੰਸਾਰ: ਬੰਗਾਲਣ ਬੰਦੀ, ਖ਼ਬਰ ਖ਼ਤਮ, ਫਲੈਸ਼। ਟੀਵੀਕਾਰੀ: ਧੀਮੀ ਸੁਰ ਦੀ ਪੱਤਰਕਾਰੀ, ਜਥੇਦਾਰ ਟੌਹੜਾ ਦੀ ਆਖ਼ਰੀ ਟੀਵੀ ਮੁਲਾਕਾਤ, ਕਾਮਰੇਡ ਸੁਰਜੀਤ ਦੀ ਪਹਿਲੀ ਟੀਵੀ ਇੰਟਰਵਿਊ, ਕੁਲਦੀਪ ਮਣਕ ਦੀ ਆਖ਼ਰੀ ਟੀਵੀ ਇੰਟਰਵਿਊ। ਮੀਡੀਆ ਦੀਆਂ ਮੋਰੀਆਂ: ਉਲਟ ਸਿਖਰ, ਪ੍ਰੈੱਸ ਦਾ ਦੂਜਾ ਪਾਸਾ, ਅਨਸੈਂਸਰਡ, ਮੰਤਰ ਤੇ ਮੀਡੀਆ। ਤੱਥ ਤੇ ਵੱਥ: ਮੈਚ ਹਿੰਦ ਤੇ ਪਾਕਿ ਦਾ ਹੋਣ ਲੱਗਾ, ਪੁਰਸਕਾਰ ਦਾ ਦਾਗ। ਪਹਿਲੇ ਪਹਿਲ: ਪਹਿਲਾ ਗੈੱਸਟ ਤੇ ਪਹਿਲਾ ਟਾਕਸ਼ੋਅ। ਦਾਗਦਾਰੀਆਂ: ਕਵਿਤਾ ਵਿਚਾਰੀ ਕੀ ਕਰੇ, ਬਹਿਮਣ, ਚੌਤੀ ਸੈਕਟਰ, ਮੱਲ ਸਿੰਘ ਦਾ ਢਹਿਣਾ। ਰਹਾਓ ਤੋਂ ਉਪਰੰਤ: ਗਾਰਗੀ ਦੀ ਬਠਿੰਡਾ ਗੇੜੀ, ਅੰਮ੍ਰਿਤਾ ਦੇ ਮਲਵਈ, ਡੁੱਲ੍ਹ ਗਈ ਸੋਨੇ ਦੀ ਸਿਆਹੀ। ਸ਼ਬਦਾਂ 'ਚ ਸੰਜਮ ਏਨਾ ਕਿ 140 ਪੰਨਿਆਂ ਦੀ ਪੁਸਤਕ ਵਿਚ ਹਜ਼ਾਰ ਸਫਿਆਂ ਦਾ ਮੈਟਰ ਸਮਾਇਆ ਹੋਇਐ। ਪੇਸ਼ ਹੈ ਉਸ ਵਿਚਲਾ ਖੇਡ ਕਹਾਣੀ ਵਰਗਾ ਲੇਖ:



ਸਿੱਧੂ ਦਮਦਮੀ

### ਮੈਚ ਹਿੰਦ ਤੇ ਪਾਕਿ ਦਾ ਹੋਣ ਲੱਗਾ..

1982 ਦੇ ਪਹਿਲੇ ਦਸੰਬਰ ਦੀ ਇੱਕ ਸੁਹਾਣੀ ਸ਼ਾਮ ਸੀ। ਠੀਕ ਚਾਰ ਵੱਜੇ ਸਨ ਜਦੋਂ ਭਾਰਤ ਤੇ ਪਾਕਿਸਤਾਨ ਦਰਮਿਆਨ ਨੌਵੀਆਂ ਏਸ਼ਿਆਈ ਖੇਡਾਂ ਦੇ ਹਾਕੀ-ਫਾਈਨਲ ਦੀ ਗੇਂਦ ਨੂੰ ਪਹਿਲੀ ਹਿੱਟ ਲਾਈ ਗਈ। ਦਿੱਲੀ ਦੇ ਨੈਸ਼ਨਲ ਸਟੇਡੀਅਮ ਦੀ ਹਾਕੀ ਗਰਾਊਂਡ ਵਿਚ ਵਿਛਾਏ ਗਏ ਹਰੇ ਰੰਗ ਦੇ ਮੋਮੀ ਘਾਹ/ਐਸਟਰੋਟਰਫ 'ਤੇ ਦੋਹਾਂ ਟੀਮਾਂ ਦੇ ਖਿਡਾਰੀਆਂ ਦਰਮਿਆਨ ਚੱਲਦੀ ਗੇਂਦ ਦੇ ਜਿਵੇਂ ਫੰਘ ਨਿਕਲ ਆਏ ਹੋਣ ਤੇ ਉਹ ਰਿੜ੍ਹਨ ਦੀ ਥਾਂ ਉੱਡਣ ਲੱਗ ਪਈ ਹੋਵੇ।

ਉਨ੍ਹੀਂ ਦਿਨੀਂ ਮੈਂ ਦਿੱਲੀ ਵਿਖੇ 'ਇੰਡੀਅਨ ਇੰਸਟੀਚਿਊਟ ਆਫ ਮਾਸ ਕਮਿਊਨੀਕੇਸ਼ਨ' ਵਿਚ ਮੀਡੀਆ ਦਾ ਰਿਫਰੈਸ਼ਰ ਕੋਰਸ ਕਰ ਰਿਹਾ ਸਾਂ। ਦੇਸ਼ ਭਰ ਵਿਚੋਂ ਭਾਰਤੀ ਸੂਚਨਾ ਸੇਵਾ ਦੇ ਅਫਸਰ ਇਸ ਵਿਚ ਮੇਰੇ ਸਹਿਯੋਗੀ ਸਨ। ਇਸੇ ਕੋਰਸ ਦੇ ਹਿੱਸੇ ਵਜੋਂ ਮੈਨੂੰ ਏਸ਼ਿਆਈ ਖੇਡਾਂ-82 ਵਿਚ ਪ੍ਰੈੱਸ ਅਫਸਰ ਦੀ ਡਿਊਟੀ 'ਤੇ ਤਾਇਨਾਤ ਕੀਤਾ ਗਿਆ ਸੀ। ਸ਼ੁਰੂ ਵਿਚ ਮੇਰੀ ਡਿਊਟੀ ਕਨਾਟ ਪਲੇਸ ਨੇੜਲੇ ਸ਼ਿਵਾਜੀ ਸਟੇਡੀਅਮ ਵਿਚ ਔਰਤਾਂ ਦੀ ਹਾਕੀ ਚੈਂਪੀਅਨਸ਼ਿਪ ਕਵਰ ਕਰਨ ਲਈ ਲਾਈ ਗਈ ਸੀ ਪਰ ਖੇਡਾਂ ਦੇ ਆਖਰੀ ਹਫਤੇ ਮੈਨੂੰ ਇੰਡੀਆ ਗੇਟ ਦੀ ਕੰਨੀ 'ਤੇ ਪੈਂਦੇ ਨੈਸ਼ਨਲ ਸਟੇਡੀਅਮ ਵਿਚ ਭੇਜ ਦਿੱਤਾ ਗਿਆ ਸੀ, ਜਿਥੇ ਮਰਦਾਂ ਦੇ ਹਾਕੀ ਮੁਕਾਬਲੇ ਹੋ ਰਹੇ ਸਨ। ਇਸ ਲਈ ਇਸ ਨੇ ਬਿੱਲੀ ਦੇ ਭਾਗਾਂ ਨੂੰ ਛਿੱਕਾ ਟੁੱਟਣ ਵਾਲੀ ਸੁਖਦ ਸਥਿਤੀ ਬਣਾ ਦਿੱਤੀ ਸੀ। ਹਿੰਦ-ਪਾਕਿ ਦੀ ਹਾਕੀ ਵੇਖਣ ਦੀ ਮੇਰੀ ਚਿਰੋਕਣੀ ਹਸਰਤ ਪੂਰੀ ਹੋਣ ਦਾ ਸਬੱਬ ਬਣ ਗਿਆ ਸੀ। ਇਹੀ ਕਾਰਨ ਸੀ ਕਿ ਉਤੇਜਨਾ ਨਾਲ ਲਬਾਲਬ ਭਰਿਆ ਮੈਂ ਉਸ ਵੇਲੇ ਓਸ ਨੈਸ਼ਨਲ ਸਟੇਡੀਅਮ ਦੇ ਅੰਤਰਰਾਸ਼ਟਰੀ ਪ੍ਰੈੱਸ ਬਾਕਸ ਵਿਚ ਬੈਠਾ ਹੋਇਆ ਸਾਂ, ਜਿੱਥੇ ਪਾਕਿਸਤਾਨ ਤੇ ਭਾਰਤ ਦੀਆਂ ਹਾਕੀ ਟੀਮਾਂ ਇਕ ਦੂਜੇ ਨਾਲ ਭਿੜੀਆਂ ਹੋਈਆਂ ਸਨ। ਸੰਸਾਰ ਭਰ ਦੇ ਲੋਕ ਸਾਹ ਰੋਕ ਕੇ ਇਸ ਯਾਦਗਾਰੀ ਮੈਚ ਨੂੰ ਵੇਖ ਤੇ ਸੁਣ ਰਹੇ ਸਨ। ਸਟੋਰੀਏ ਇਸ ਵਿਚ ਹੋਣ ਵਾਲੀ ਜਿੱਤ ਹਾਰ 'ਤੇ ਕਰੋੜਾਂ ਦਾ ਸੱਟਾ ਖੇਡ ਰਹੇ ਸਨ।

ਇਹੀ ਕਾਰਨ ਸੀ ਕਿ ਲਗਪਗ 25 ਹਜ਼ਾਰ ਦਰਸ਼ਕਾਂ ਦੀ ਸਮਰੱਥਾ ਵਾਲਾ ਦਿੱਲੀ ਦਾ ਨੈਸ਼ਨਲ ਸਟੇਡੀਅਮ ਦਰਸ਼ਕਾਂ ਨਾਲ ਕਿਨਾਰਿਆਂ ਉੱਤੋਂ ਦੀ ਛਲਕ ਰਿਹਾ ਸੀ। ਸਟੇਡੀਅਮ ਤੋਂ ਬਾਹਰ ਪਾਕਿਸਤਾਨ ਤੇ ਭਾਰਤ ਦੇ ਪਿੰਡਾਂ ਸ਼ਹਿਰਾਂ ਵਿਚ ਲੱਖਾਂ ਦਰਸ਼ਕ ਰੇਡੀਓ/ਟੀਵੀ ਸੈੱਟਾਂ ਨਾਲ ਚਿਪਕ ਕੇ ਬੈਠੇ ਸਨ। ਖੇਡਾਂ, ਸਿਆਸਤ ਤੇ ਕੂਟਨੀਤੀ ਦੇ ਨੁਕਤੇ ਤੋਂ ਇਸ ਮੈਚ ਦੀ ਏਨੀ ਅਹਿਮੀਅਤ ਸੀ ਕਿ ਦੇਸ਼ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ, ਰਾਜੀਵ ਗਾਂਧੀ ਸਮੇਤ ਲਗਪਗ ਸਾਰੀ ਸਰਕਾਰ ਤੇ ਪਾਰਲੀਮੈਂਟ ਸ਼ਾਇਦ ਪਹਿਲੀ ਤੇ ਆਖਰੀ ਵਾਰ ਕਿਸੇ ਮੈਚ ਦੇ ਦਰਸ਼ਕਾਂ ਵਿਚ ਇੰਜ ਸ਼ਾਮਲ ਹੋਏ ਸਨ; ਉਹ ਵੀ ਹਿੰਦ-ਪਾਕਿ ਦੇ ਹਾਕੀ ਮੈਚ ਵਿਚ।

ਕੁੱਝ ਦਿਨ ਪਹਿਲਾਂ ਹਿੰਦ-ਪਾਕਿ ਦੇ ਹਾਕੀ ਮੈਚਾਂ ਬਾਰੇ 'ਟ੍ਰਿਬਿਊਨ' ਦੇ ਦਿੱਲੀ ਦੇ ਬਜ਼ੁਰਗ ਪੱਤਰਕਾਰ ਸਤਿੰਦਰਾ ਸਿੰਘ ਵਲੋਂ ਕੀਤੀ ਗਈ ਟਿੱਪਣੀ ਮੈਨੂੰ ਯਾਦ ਆ ਰਹੀ ਸੀ: 'ਸੰਤਾਲੀ ਦੀ ਵੰਡ' ਨੇ ਭਾਵੇਂ ਦੋਵਾਂ ਦੇਸ਼ਾਂ ਦੇ ਟੋਟੇ ਕਰ ਦਿੱਤੇ ਹਨ ਪਰ ਇਨ੍ਹਾਂ ਵਿਚ ਨਾੜੂਏ ਦੀ ਸਾਂਝ ਹਾਲੀ ਵੀ ਬੋਲਦੀ ਰਹਿੰਦੀ ਹੈ। ਹਿੰਦ-ਪਾਕਿ ਦਾ ਹਾਕੀ ਮੁਕਾਬਲਾ ਅਜਿਹਾ ਹੀ ਇੱਕ ਮੌਕਾ ਹੁੰਦਾ ਹੈ। ਇਸੇ ਲਈ ਭਾਰਤ ਤੇ ਪਾਕਿਸਤਾਨ ਭਾਵੇਂ ਜੰਗ ਤਾਂ ਦੁਸ਼ਮਣਾਂ ਵਾਂਗ ਲੜਦੇ ਹਨ ਪਰ ਹਾਕੀ ਸ਼ਰੀਕਾਂ ਵਾਂਗ ਖੇਡਦੇ ਹਨ। ਸ਼ਰੀਕੇਬਾਜ਼ੀ ਵਿਚ ਕੀਨਾ ਵੀ ਹੁੰਦਾ ਹੈ ਤੇ ਲਗਾਓ ਵੀ।


ਨਿਰਸੰਦੇਹ ਮੇਰੇ ਲਈ ਇਹ ਮੈਚ ਅੱਖੀਂ ਵੇਖਣਾ ਅਭੁੱਲ ਮੌਕਾ ਸੀ, ਖ਼ਾਸ ਤੌਰ 'ਤੇ ਉਦੋਂ ਜਦੋਂ ਨਾਲ ਵਾਲੇ ਬਾਕਸ ਵਿਚ ਦੇਸ਼ ਦੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਵੀ ਬੈਠੇ ਹੋਣ। ਵੀਆਈਪੀ ਤੇ ਵੀਵੀਆਈਪੀ ਵਿਅਕਤੀਆਂ ਦੀਆਂ ਕੁਰਸੀਆਂ ਅੰਤਰਰਾਸ਼ਟਰੀ ਪ੍ਰੈੱਸ ਲਈ ਰਾਖਵੀਂ ਰੱਖੀ ਗਈ ਥਾਂ ਨੇੜੇ ਹੀ ਲਾਈਆਂ ਹੋਈਆਂ ਸਨ। ਇਹ ਵੀ ਇਤਫਾਕ ਸੀ ਕਿ 'ਪ੍ਰੈੱਸ ਅਫਸਰ' ਦੇ ਤੌਰ 'ਤੇ ਮੇਰੀ ਡਿਊਟੀ ਵੀ ਇਸੇ ਪ੍ਰੈੱਸ ਬਾਕਸ ਵਿਚ ਹੀ ਲੱਗੀ ਹੋਈ ਸੀ। ਇਸੇ ਲਈ ਜ਼ਿੰਦਗੀ ਵਿਚ ਪਹਿਲੀ ਵਾਰ ਇੰਦਰਾ ਗਾਂਧੀ ਨੂੰ ਮੈਂ ਏਨਾ ਨੇੜਿਓਂ ਤੱਕ ਸਕਿਆ ਸਾਂ। ਗਿਆਨੀ ਜ਼ੈਲ ਸਿੰਘ ਨੂੰ ਤਾਂ ਮੈਂ ਬਚਪਨ 'ਚ ਹੀ ਨੇੜਿਓਂ ਉਦੋਂ ਵੇਖ ਚੁੱਕਿਆ ਸਾਂ ਜਦੋਂ ਉਹ ਸੂਬਾ ਕਾਂਗਰਸ ਦਾ ਪ੍ਰਧਾਨ ਹੁੰਦਿਆਂ 'ਕੇਰਾਂ ਵਿਸਾਖੀ ਮੇਲੇ 'ਤੇ ਸਾਡੇ ਘਰ (ਤਲਵੰਡੀ ਸਾਬੋ) ਦੁਪਹਿਰ ਕੱਟ ਕੇ ਗਏ ਸਨ।

ਨੱਕੋ-ਨੱਕ ਭਰੇ ਸਟੇਡੀਅਮ ਵਿਚ ਲਹਿਰਾਏ ਜਾ ਰਹੇ ਕੱਪੜੇ ਅਤੇ ਕਾਗਜ਼ ਤੋਂ ਬਣੇ ਹਜ਼ਾਰਾਂ ਤਿਰੰਗਿਆਂ ਦੀ ਸ਼ੂਕਰ ਪੈ ਰਹੀ ਸੀ। ਮੈਚ ਸ਼ੁਰੂ ਹੋਣ ਤੋਂ ਪਹਿਲਾਂ ਇਨ੍ਹਾਂ ਦੇ ਟਰੱਕ ਭਰ-ਭਰ ਕੇ ਲਿਆਂਦੇ ਗਏ ਸਨ ਤੇ ਦਰਸ਼ਕਾਂ 'ਚ ਵੰਡੇ ਗਏ ਸਨ।

ਆਪਣੇ ਵਤਨ ਦੀ ਧਰਤੀ ਉਤੇ ਆਪਣੇ ਸ਼ਰੀਕ ਨੂੰ ਹਰਾਉਣ ਦੀ ਉਮੀਦ ਵਿਚ ਵੱਜਦੀਆਂ ਤਾੜੀਆਂ ਦੀ ਗੜਗੜਾਹਟ ਨਾਲ ਮੈਚ ਸ਼ੁਰੂ ਹੋਇਆ ਤਾਂ ਦਰਸ਼ਕਾਂ ਦੀਆਂ ਅੱਖਾਂ ਗੇਂਦ ਦੇ ਨਾਲ-ਨਾਲ ਕਿਸੇ ਰੋਬੋਟ ਵਾਂਗ ਘੁੰਮਣ ਲੱਗੀਆਂ। ਤਦ ਅੰਤਰਰਾਸ਼ਟਰੀ ਹਾਕੀ ਵਿਚ ਮੋਮੀ ਘਾਹ/ਐਸਟਰੋਟਰਫ ਦਾ ਚਲਨ ਨਵਾਂ ਸੀ। ਇਸ ਦੀ ਮੁਲਾਇਮੀ ਆਪਣਾ ਜਾਦੂ ਵਿਖਾ ਰਹੀ ਸੀ। ਜੇ ਏਸ ਸਕਿੰਟ ਭਾਰਤੀ ਖਿਡਾਰੀ ਗੇਂਦ ਨੂੰ ਪਾਕਿਸਤਾਨ ਦੀ 'ਡੀ' ਵਿਚ ਲੈ ਜਾਂਦੇ ਤਾਂ ਦੂਜੇ ਸਕਿੰਟ ਪਾਕਿਸਤਾਨੀ ਫਾਰਵਰਡ ਉਸ ਨੂੰ ਖ਼ਤਰਨਾਕ ਢੰਗ ਨਾਲ ਭਾਰਤੀ ਗੋਲ ਕੋਲ ਪਹੁੰਚਾ ਦਿੰਦੇ।

ਜਿਉਂ ਹੀ ਭਾਰਤੀ ਖਿਡਾਰੀ ਗੇਂਦ ਨੂੰ ਗਰਾਊਂਡ ਦੇ ਪਾਕਿਸਤਾਨ ਵਾਲੇ ਅੱਧ ਵਿਚ ਲੈ ਕੇ ਜਾਂਦੇ ਤਾਂ ਹੱਲਾਸ਼ੇਰੀ ਦਿੰਦਿਆਂ ਸਾਰਾ ਸਟੇਡੀਅਮ ਤਾੜੀਆਂ, ਸੀਟੀਆਂ ਤੇ ਚੰਘਿਆੜਾਂ ਮਾਰਦਾ ਸੀਟਾਂ 'ਤੇ ਖੜ੍ਹਾ ਹੋ ਜਾਂਦਾ। ਹਜ਼ਾਰਾਂ ਲੋਕਾਂ ਦੀਆਂ ਜੋਸ਼ੀਲੀਆਂ ਆਵਾਜ਼ਾਂ ਦੇ ਕੋਰਸ ਨੇ ਜਿਵੇਂ ਦਰਸ਼ਕਾਂ ਨੂੰ ਕੀਲ ਲਿਆ ਸੀ। ਭਾਰਤੀ ਟੀਮ ਦੀ ਚੜ੍ਹਾਈ ਤੇ ਸਟੇਡੀਅਮ ਅੰਦਰਲੇ ਮਾਹੌਲ ਕਾਰਨ ਭਾਰਤ ਦੇ ਜਿੱਤ ਜਾਣ ਦੀ ਆਸ ਚੁਫੇਰੇ ਤਾਰੀ ਸੀ ਪਰ ਉਸ ਵੇਲੇ ਮੇਰਾ ਪੱਤਰਕਾਰ ਵਾਲਾ ਦਿਮਾਗ ਕੁੱਝ ਹੋਰ ਹੀ ਸੋਚ ਰਿਹਾ ਸੀ; ਹੋਰ ਹੀ ਸ਼ੰਕੇ ਖੜ੍ਹੇ ਕਰ ਰਿਹਾ ਸੀ - ਭਾਰਤ ਸਰਕਾਰ ਨੂੰ ਸਾਡੀ ਟੀਮ ਜਿੱਤਣ ਦਾ ਏਨਾ ਯਕੀਨ ਕਿਵੇਂ ਹੈ ਕਿ ਸਮੁੱਚੀ ਸਰਕਾਰ ਤੇ ਪਾਰਲੀਮੈਂਟ ਹੀ ਦਰਸ਼ਕਾਂ ਵਿਚ ਆ ਸ਼ਾਮਲ ਹੋਈਆਂ ਹਨ? ਨਿਰਸੰਦੇਹ, ਸਾਡੀ ਸਰਕਾਰ ਦੇ ਮੁਖੀ, ਵਿਰੋਧੀ ਦੇਸ਼ 'ਤੇ ਹੋਣ ਵਾਲੀ ਸੰਭਾਵੀ ਜਿੱਤ ਦੇ ਜਸ਼ਨ ਵਿਚ ਸ਼ਾਮਲ ਹੋਣ ਲਈ ਹੀ ਆਏ ਹੋਣਗੇ ਨਾ ਕਿ ਹਾਰ ਦਾ ਮੂੰਹ ਵੇਖਣ। ਜਿੱਤ ਦਾ ਏਨਾ ਯਕੀਨ ਤੇ ਗਰੂਰ! ! ! ਖ਼ੈਰ, ਮੈਂ ਆਪਣੇ ਅਜਿਹੇ ਅਵੈੜੇ ਖਿਆਲਾਂ ਨੂੰ ਮਾਨਸਿਕ ਝਿੜਕ ਮਾਰ ਕੇ ਚੁੱਪ ਕਰਵਾ ਦਿੱਤਾ।

ਸੱਤਰ ਮਿੰਟ ਚੱਲੇ ਮੈਚ ਦਾ ਚੌਥਾ ਮਿੰਟ ਭਾਰਤ ਲਈ ਉਦੋਂ ਸੁਲੱਖਣਾ ਸਿੱਧ ਹੋਇਆ ਜਦੋਂ ਭਾਰਤੀ ਕਪਤਾਨ ਜ਼ਫਰ ਇਕਬਾਲ ਨੇ ਪੈਨਲਟੀ





ਸਿੱਧੂ ਦਮਦਮੀ ਦੀ ਕਿਤਾਬ 'ਖ਼ਬਰ ਖ਼ਤਮ' ਦਾ ਸਰਵਰਕ

ਸਟਰੋਕ ਨੂੰ ਵਰਤਦਿਆਂ ਪਾਕਿਸਤਾਨੀ ਗੋਲਕੀਪਰ ਸ਼ਾਹਿਦ ਅਲੀ ਦੀ ਵੱਖੀ ਕੋਲੋਂ ਦੀ ਗੇਂਦ ਕੱਢ ਕੇ ਮੈਚ ਦਾ ਪਹਿਲਾ ਗੋਲ ਠੋਕ ਦਿੱਤਾ। ਸਟੇਡੀਅਮ ਵਿਚ ਚੁਫੇਰੇ ਲੱਗੇ ਡਿਜੀਟਲ ਸਕੋਰ ਬੋਰਡ 'ਇੰਡੀਆ-1' ਤੇ 'ਪਾਕਿਸਤਾਨ-0' ਦੇ ਅੰਕੜਿਆਂ ਨਾਲ ਚਮਕਣ ਲੱਗੇ। ਭਾਰਤੀ ਦਰਸ਼ਕਾਂ ਦੇ ਸ਼ੋਰ ਨਾਲ ਸਟੇਡੀਅਮ ਜਿਵੇਂ ਪਾਟਣ 'ਤੇ ਆ ਗਿਆ। ਇੰਦਰਾ ਗਾਂਧੀ ਤੇ ਗਿਆਨੀ ਜ਼ੈਲ ਸਿੰਘ ਵੀ ਆਪਣੇ ਹੱਥਾਂ ਵਿਚ ਫੜੇ ਹੋਏ ਵੱਡ-ਆਕਾਰੀ ਤਿਰੰਗੇ ਲਹਿਰਾਉਣ ਲੱਗੇ ਪਰ ਪੈਂਦੀ ਸੱਟੇ ਹੀ ਪਾਕਿਸਤਾਨੀ ਰਾਈਟ ਆਊਟ ਫਾਰਵਰਡ ਨੇ ਭਾਰਤੀ ਗੋਲਕੀਪਰ ਰੰਜਨ ਨੇਗੀ ਨੂੰ ਝਕਾਨੀ ਦੇ ਕੇ ਪਾਕਿਸਤਾਨੀ ਧਿਰ ਵੱਲੋਂ ਪਹਿਲਾ ਗੋਲ ਕਰ ਕੇ ਸਕੋਰ ਬਰਾਬਰ ਕਰ ਦਿੱਤਾ। ਸਟੇਡੀਅਮ ਕੁੱਝ ਛਿਣਾਂ ਲਈ ਖਾਮੋਸ਼ ਹੋ ਗਿਆ। ਨਿਰਸੰਦੇਹ ਦਰਸ਼ਕਾਂ ਦੀ ਇਹ ਖਾਮੋਸ਼ੀ ਸਮਝੀ ਜਾ ਸਕਦੀ ਸੀ ਕਿਉਂਕਿ ਇਸ ਮੁਕਾਬਲੇ ਵਿਚ ਪਾਕਿਸਤਾਨ, ਭਾਰਤ ਦੀ ਸਰਜ਼ਮੀਨ 'ਤੇ ਭਾਰਤ ਨੂੰ ਹੀ ਹਰਾਉਣ ਤੇ ਭਾਰਤ ਆਪਣੀ ਸਰਜ਼ਮੀਨ 'ਤੇ ਪਾਕਿਸਤਾਨੀਆਂ ਨੂੰ ਹਰਾਉਣ ਦੇ ਤਹੱਈਏ ਨਾਲ ਉਤਰਿਆ ਹੋਇਆ ਸੀ। ਹਾਕੀ ਦੇ ਮਾਹਿਰ ਪੱਤਰਕਾਰਾਂ ਅਨੁਸਾਰ ਉਂਜ ਵੀ ਇਸ ਮੈਚ ਵਿਚ ਭਾਰਤੀ ਟੀਮ ਦਾ ਹੱਥ ਕਈ ਪੱਖੋਂ ਪਾਕਿਸਤਾਨੀਆਂ ਤੋਂ ਉਤੇ ਸੀ: ਵੇਖੀ ਪਛਾਣੀ, ਹੰਢਾਈ ਤੇ ਪੈਰੀਂ ਲੱਗੀ ਹੋਈ ਹਾਕੀ ਗਰਾਊਂਡ ਸੀ; ਹੱਲਾਸ਼ੇਰੀ ਦੇਣ ਲਈ ਹਜ਼ਾਰਾਂ ਹਮਵਤਨੀ ਤੇ ਸਾਰੀ ਸਰਕਾਰ ਹਾਜ਼ਰ ਸੀ।

ਸਕੋਰ ਬਰਾਬਰ ਹੋਣ ਪਿੱਛੋਂ ਮੈਚ ਜਿਵੇਂ ਅਗਲੇ ਗੇਅਰ ਵਿਚ ਪੈ ਗਿਆ ਤੇ ਦਰਸ਼ਕਾਂ ਦਾ ਜੋਸ਼ ਹੋਰ ਉਬਾਲੇ ਮਾਰਨ ਲੱਗਾ। ਭਾਰਤੀ ਰਾਸ਼ਟਰ ਦੇ ਮੁਖੀ ਤੋਂ ਲੈ ਕੇ ਸਾਧਾਰਨ ਦਰਸ਼ਕ ਤਕ ਸਭ ਦੇ ਅੰਦਰ ਜਿਵੇਂ ਮਾਨਸਿਕ ਤੌਰ 'ਤੇ ਇੱਕ ਸਮਾਨਾਂਤਰ ਮੈਚ ਵੀ ਚੱਲ ਰਿਹਾ ਸੀ, ਜਿਸ ਵਿਚ ਸਿਰਫ ਹਾਕੀ ਟੀਮ ਹੀ ਨਹੀਂ ਸਗੋਂ ਸਮੁੱਚਾ ਰਾਸ਼ਟਰ ਆਪੂੰ ਖੇਡਦਾ ਪਰਸਿਓ ਪਰਸਿਓ ਹੋ ਰਿਹਾ ਸੀ।

ਹੱਲਾਸ਼ੇਰੀ ਦੇ ਝੱਖੜ ਨਾਲ ਇੱਕ ਵਾਰ ਫਿਰ ਸਟੇਡੀਅਮ ਥਰਥਰਾਉਣ ਲੱਗਿਆ- ਭਾਰਤੀ ਟੀਮ ਨੇ ਪਾਕਿਸਤਾਨੀ ਟੀਮ ਦੀ 'ਡੀ' ਉੱਤੇ ਇੱਕ ਵਾਰ ਫਿਰ ਹਮਲਾ ਕੀਤਾ ਪਰ ਗੱਲ ਨਹੀਂ ਬਣੀ। ਸਗੋਂ ਕੁੱਝ ਕੁ ਮਿੰਟਾਂ ਪਿਛੋਂ ਹੀ ਕਲੀਮਉੱਲਾ ਦੇ 'ਪਾਸ' ਨੂੰ ਗੋਲ ਪੋਸਟ ਵਿਚ ਪਹੁੰਚਾ ਕੇ ਲੈਫਟ ਇਨ ਵਾਰਵਰਡ ਹਨੀਫ ਨੇ ਪਾਕਿਸਤਾਨ ਦਾ ਸਕੋਰ 'ਇਕ' ਤੋਂ ਵਧਾ ਕੇ ਦੋ' ਕਰ ਦਿੱਤਾ। ਅੱਧਾ ਸਮਾਂ ਪੁੱਗਣ ਤੋਂ ਪਹਿਲਾਂ ਹੀ ਪਾਕਿਸਤਾਨੀ ਟੀਮ ਦੇ ਮਨਜ਼ੂਰ ਜੂਨੀਅਰ ਨੇ ਭਾਰਤੀ ਗੋਲਕੀਪਰ ਨੇਗੀ ਦੇ ਕੋਲ ਦੀ ਅਛੋਪਲੇ ਹੀ ਗੇਂਦ ਲੰਘਾ ਕੇ ਭਾਰਤੀ ਖਿਡਾਰੀਆਂ ਦੇ ਅੱਗੇ ਤੀਸਰੇ ਗੋਲ ਦੀ ਜਿਵੇਂ ਮਾਨਸਿਕ ਠੱਲ੍ਹ ਖੜ੍ਹੀ ਕਰ ਦਿੱਤੀ ਸੀ।


ਤਦ ਹੀ ਪ੍ਰੈੱਸ ਬਾਕਸ ਵਿਚ ਬੈਠੇ ਹਾਕੀ ਦੇ ਇੱਕ ਘਾਗ ਫਰੰਗੀ ਪੱਤਰਕਾਰ ਦੀ ਰਾਏ ਮੈਨੂੰ ਸੁਣਾਈ ਦਿੱਤੀ ਕਿ ਹੁਣ ਭਾਰਤੀ ਟੀਮ ਲਈ ਪਹਿਲ ਮੈਚ ਜਿੱਤਣ ਦੀ ਥਾਂ ਸਕੋਰ ਬਰਾਬਰ ਕਰਨਾ ਬਣ ਗਿਆ ਸੀ। ਜਿਹੜੀ ਸਥਿਤੀ ਵਿਚ ਮੈਚ ਹੁਣ ਪਹੁੰਚ ਗਿਆ ਸੀ, ਉਸ ਵਿਚੋਂ ਨਿਕਲਣ ਲਈ ਉਸ ਨੂੰ ਇੱਕ ਗੋਲ ਦੀ ਤੁਰੰਤ ਲੋੜ ਸੀ- ਮਾਨਸਿਕ ਤੌਰ 'ਤੇ ਵੀ।

ਹਾਫ-ਟਾਈਮ ਦੀ ਵਿਸਲ ਵੱਜੀ ਤਾਂ ਦੋਹਾਂ ਟੀਮਾਂ ਨੇ 1-2 ਖਿਡਾਰੀ ਤਬਦੀਲ ਕੀਤੇ। ਗਰਾਊਂਡ ਦੇ ਦੂਜੇ ਪਾਸੇ ਪਾਕਿਸਤਾਨੀ ਖੇਮਾ ਚਹਿਕ ਵਿਚ ਸੀ ਪਰ ਇਧਰ ਭਾਰਤੀ ਖੇਮੇ ਦੇ ਪ੍ਰਬੰਧਕਾਂ ਵਿਚ ਹਫੜਾ-ਦਫੜੀ ਵਾਲਾ ਮਾਹੌਲ ਸੀ। ਇਹ ਵੀ ਫੁਸਫੁਸਾਹਟ ਚੱਲ ਪਈ ਸੀ ਕਿ ਟੀਮ, ਦਰਸ਼ਕਾਂ ਵਿਚ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦੇ ਸ਼ਾਮਲ ਹੋਣ ਦਾ ਮਾਨਸਿਕ ਦਬਾਅ ਮੰਨ ਗਈ ਲਗਦੀ ਸੀ। ਹਾਲਾਂਕਿ ਭਾਰਤੀ ਖੇਮੇ ਵਿਚ ਪਹਿਲਾਂ ਇਸ ਦੇ ਉਲਟ ਧਾਰਨਾ ਚੱਲ ਰਹੀ ਸੀ ਕਿ ਦੇਸ਼ ਦੀਆਂ ਸਿਰਮੌਰ ਸ਼ਖ਼ਸੀਅਤਾਂ ਦੀ ਸਟੇਡੀਅਮ 'ਚ ਹਾਜ਼ਰੀ ਭਾਰਤੀ ਟੀਮ ਦਾ ਹੌਸਲਾ ਦੁੱਗਣਾ ਕਰ ਦੇਵੇਗੀ।

ਹਾਫ-ਟਾਈਮ ਪਿੱਛੋਂ ਵੀ ਜਦੋਂ ਭਾਰਤੀ ਟੀਮ ਦੇ ਪੈਰ ਨਾ ਲੱਗੇ ਤਾਂ ਭਾਰਤ ਨੂੰ ਹਰ ਹਾਲਤ ਵਿਚ ਜੇਤੂ ਵੇਖਣ ਲਈ ਉਮੜੇ ਭਾਰਤੀ ਦਰਸ਼ਕਾਂ ਦਾ ਹੌਸਲਾ ਮੱਠਾ ਪੈਣਾ ਕੁਦਰਤੀ ਸੀ। ਜਿਉਂ-ਜਿਉਂ ਪਾਕਿਸਤਾਨੀ ਧਿਰ ਦੇ ਗੋਲਾਂ ਦੀ ਗਿਣਤੀ ਵਧਦੀ ਜਾ ਰਹੀ ਸੀ ਤਿਉਂ-ਤਿਉਂ ਸਟੇਡੀਅਮ ਖਾਮੋਸ਼ ਹੁੰਦਾ ਜਾ ਰਿਹਾ ਸੀ। ਜਦੋਂ ਚਾਰ ਵਜੇ ਮੈਚ ਦੀ ਪਹਿਲੀ ਹਿੱਟ ਲੱਗੀ ਸੀ ਤਾਂ ਫਰਿਸ਼ਤਿਆਂ ਨੇ ਵੀ ਨਹੀਂ ਸੀ ਸੋਚਿਆ ਕਿ ਮੈਚ ਅਜਿਹਾ ਮੋੜ ਵੀ ਕੱਟ ਸਕਦਾ ਹੈ! (ਬਾਕੀ ਅਗਲੇ ਸਫੇ 'ਤੇ)

# ਭਾਰਤ ਦਾ ਭਲਾ-ਬੁਰਾ ਵੇਖਣਾ ਲੀਡਰਾਂ ਦੇ ਨਹੀਂ, ਨਾਗਰਿਕਾਂ ਜ਼ਿੰਮੇ ਰਹਿ ਗਿਆ ਮੰਨ ਲਈਏ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਘਟਨਾਵਾਂ ਨੂੰ ਪ੍ਰਸੰਗ ਨਾਲੋਂ ਤੋੜ ਕੇ ਮਰੋੜਾ ਚਾੜ੍ਹਨ ਅਤੇ ਕੁਝ ਦੇ ਕੁਝ ਅਰਥ ਕੱਢ ਸਕਣ ਦੇ ਮਾਹਿਰ ਭਾਜਪਾ ਆਗੂ ਨਰਿੰਦਰ ਮੋਦੀ ਨੇ ਆਪਣੀ ਜਾਨ ਲਈ ਖਤਰੇ ਦੇ ਮੁੱਦੇ ਵਾਲਾ ਤੰਬੂ ਦੇਸ਼ ਵਿਚ ਬਹਿਸ ਦਾ ਕੇਂਦਰ ਬਣੇ ਹੋਏ ਮੁੱਦਿਆਂ ਉੱਤੇ ਖਿਲਾਰ ਦਿੱਤਾ ਤੇ ਇੱਕ ਵਾਰੀ ਬਾਕੀ ਸਭ ਮੁੱਦੇ ਢੱਕ ਦਿੱਤੇ ਹਨ। ਕਿਸਾਨਾਂ ਨਾਲ ਕੀਤੇ ਵਾਅਦਿਆਂ ਦਾ ਕੀ ਬਣਿਆ, ਜਿਨ੍ਹਾਂ ਦੇ ਭਰੋਸੇ ਉਨ੍ਹਾਂ ਨੂੰ ਦਿੱਲੀ ਦੇ ਬਾਰਡਰਾਂ ਤੋਂ ਇੱਕ ਸਾਲ ਤੋਂ ਵੱਧ ਸਮੇਂ ਤੋਂ ਚੱਲਦਾ ਰਿਹਾ ਧਰਨਾ ਚੁੱਕਣ ਲਈ ਮਨਾਇਆ ਸੀ, ਉਸ ਦੀ ਬਹਿਸ ਪਿੱਛੇ ਪਾਉਣ ਦਾ ਵੀ ਯਤਨ ਕੀਤਾ ਗਿਆ ਹੈ। ਬੇਰੁਜ਼ਗਾਰੀ ਦੀ ਮਾਰ ਖਾਂਦੇ ਅਤੇ ਆਏ ਦਿਨ ਖੁਦਕੁਸ਼ੀਆਂ ਕਰਦੇ ਨੌਜਵਾਨਾਂ ਲਈ ਰੁਜ਼ਗਾਰ ਦੀ ਗਾਰੰਟੀ ਦਾ ਮੁੱਦਾ ਵੀ ਪ੍ਰਧਾਨ ਮੰਤਰੀ ਦੀ ਆਪਣੀ ਸੁਰੱਖਿਆ ਦੇ ਏਸੇ ਤੰਬੂ ਓਹਲੇ ਲੁਕਾਉਣ ਦਾ ਯਤਨ ਕੀਤਾ ਗਿਆ ਹੈ। ਪੰਜ ਰਾਜਾਂ ਵਿਚ ਚੋਣਾਂ ਹੋਣੀਆਂ ਹਨ, ਜਿੱਥੋਂ ਦੇ ਲੋਕਾਂ ਨੂੰ ਪਿਛਲੀਆਂ ਚੋਣਾਂ ਵੇਲੇ ਕੀਤੇ ਝੂਠੇ ਵਾਅਦੇ ਚੇਤੇ ਆਉਣ ਲੱਗੇ ਸਨ, ਉਨ੍ਹਾਂ ਝੂਠੇ ਵਾਅਦਿਆਂ ਦਾ ਚੇਤਾ ਵੀ ਪ੍ਰਧਾਨ ਮੰਤਰੀ ਦੀ ਸੁਰੱਖਿਆ ਦੇ ਮੁੱਦੇ ਮੂਹਰੇ ਬੌਣਾ ਕਰਨ ਦਾ ਅੱਧ-ਪਚੱਧਾ ਕੰਮ ਹੋ ਗਿਆ ਹੈ। ਇੱਕੋ ਗੱਲ ਬਾਕੀ ਸਭ ਮੁੱਦਿਆਂ ਉੱਤੇ ਭਾਰੂ ਹੋ ਗਈ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਨੂੰ ਪੰਜਾਬ ਵਿਚ ਖਤਰਾ ਸੀ ਅਤੇ ਉਹ 'ਜ਼ਿੰਦਾ ਬਚ ਕੇ ਆ ਗਿਆ' ਹੈ।

ਸਭ ਨੂੰ ਪਤਾ ਹੈ ਕਿ ਪੰਜ ਜਨਵਰੀ ਨੂੰ ਫਿਰੋਜ਼ਪੁਰ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਉਣਾ ਸੀ ਅਤੇ ਕੁਝ ਪ੍ਰਾਜੈਕਟਾਂ ਦੇ ਨੀਂਹ-ਪੱਥਰ ਆਦਿ ਰੱਖਣ ਮਗਰੋਂ ਭਾਰਤੀ ਜਨਤਾ ਪਾਰਟੀ ਦੀ ਰੈਲੀ ਵਿਚ ਬੋਲਣਾ ਸੀ। ਉਸ ਦਿਨ ਬਹੁਤ ਵੱਡੇ ਇਕੱਠ ਦੀ ਆਸ ਕੀਤੀ ਸੀ, ਪਰ ਇੱਕ ਤਾਂ ਮੀਂਹ ਕਾਰਨ ਅਤੇ ਦੂਸਰਾ ਕਿਸਾਨਾਂ ਦੇ ਕੁਝ ਗਰੁੱਪਾਂ ਵੱਲੋਂ ਦਿੱਤੇ ਰਾਹਾਂ ਵਿਚ ਵਿਰੋਧ ਦੇ ਸੱਦੇ ਕਾਰਨ ਬਹੁਤੇ ਲੋਕ ਨਹੀਂ ਸੀ ਆਏ। ਖਾਲੀ ਕੁਰਸੀਆਂ ਟੀ.ਵੀ. ਚੈਨਲਾਂ ਉੱਤੇ ਲੋਕ ਵੇਖ ਰਹੇ ਸਨ ਕਿ ਅਚਾਨਕ ਪਹਿਲੀ ਖਬਰ ਆਈ ਕਿ ਮੌਸਮ ਦੀ ਖਰਾਬੀ ਕਾਰਨ ਪ੍ਰਧਾਨ ਮੰਤਰੀ ਹੈਲੀਕਾਪਟਰ ਉੱਤੇ ਫਿਰੋਜ਼ਪੁਰ ਆਉਣ ਦੀ ਥਾਂ ਸੜਕ ਰਸਤੇ ਆ ਰਹੇ ਸਨ ਤੇ ਉਨ੍ਹਾਂ ਦਾ ਕਾਫਲਾ ਰਾਹ ਵਿਚ ਕਿਸਾਨਾਂ ਨੇ ਰੋਕ ਲਿਆ ਹੈ। ਇਸ ਪਿੱਛੋਂ ਸੁਣ ਲਿਆ ਕਿ ਪ੍ਰਧਾਨ ਮੰਤਰੀ ਪਿੱਛੇ ਮੁੜ ਗਏ ਹਨ ਤੇ ਝੱਟ ਤੀਸਰੀ ਖਬਰ ਵੀ ਆ ਗਈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਠਿੰਡੇ ਹਵਾਈ ਅੱਡੇ ਉੱਤੇ ਅਫਸਰਾਂ ਨੂੰ ਕਿਹਾ ਹੈ ਕਿ 'ਆਪਣੇ ਮੁੱਖ ਮੰਤਰੀ ਦਾ ਧੰਨਵਾਦ ਕਰਿਓ ਕਿ ਮੈਂ ਜ਼ਿੰਦਾ ਬਠਿੰਡੇ ਤੱਕ ਆ ਗਿਆ ਹਾਂ।' ਆਖਰ ਭਾਰਤ ਦੇ ਪ੍ਰਧਾਨ ਮੰਤਰੀ ਸਾਹਮਣੇ ਐਡੀ ਕਿਹੜੀ ਸਮੱਸਿਆ ਸੀ ਕਿ ਜ਼ਿੰਦਾ ਬਚ ਕੇ ਬਠਿੰਡੇ ਜਾਣਾ ਵੀ ਬਹੁਤ ਵੱਡੀ ਗੱਲ ਜਾਪਣ ਲੱਗ ਪਈ, ਇਹ ਸਾਡੇ ਪੱਲੇ ਨਹੀਂ ਪੈ ਸਕਿਆ। ਇਸ ਦੀ ਥਾਂ ਸਾਨੂੰ ਪ੍ਰਧਾਨ ਮੰਤਰੀ ਮੋਦੀ ਦਾ 'ਜ਼ਿੰਦਾ ਬਚ ਕੇ ਆ ਗਿਆ' ਵਾਲਾ ਬਿਆਨ ਸੈਂਤੀ ਸਾਲ ਪਹਿਲਾਂ ਦੇ ਇੱਕ ਪ੍ਰਧਾਨ ਮੰਤਰੀ ਵੱਲੋਂ 'ਜਬ ਕੋਈ ਬੜਾ ਪੇੜ ਗਿਰਤਾ ਹੈ' ਵਾਂਗ ਭੀੜਾਂ ਨੂੰ ਉਕਸਾਉਣ ਵਾਲਾ ਮਹਿਸੂਸ ਹੋਇਆ, ਜਿਹੜਾ ਉਸ ਨੂੰ ਨਹੀਂ ਸੀ ਦੇਣਾ ਚਾਹੀਦਾ।

ਅਸੀਂ ਸਮਝਦੇ ਹਾਂ ਕਿ ਪ੍ਰਧਾਨ ਮੰਤਰੀ ਦਾ ਰਸਤਾ ਨਹੀਂ ਸੀ ਰੋਕਿਆ ਜਾਣਾ ਚਾਹੀਦਾ, ਸਗੋਂ ਉਸ ਦੀ ਰੈਲੀ ਹੋਣ ਦੇ ਬਾਅਦ ਓਸੇ ਥਾਂ ਉਸ ਤੋਂ ਵੱਧ ਇਕੱਠ ਕਰ ਕੇ ਲੋਕਤੰਤਰੀ ਢੰਗ ਨਾਲ ਜਵਾਬ ਦਿੱਤਾ ਜਾ ਸਕਦਾ ਸੀ। ਲੋਕਤੰਤਰ ਵਿਚ ਤੇ ਖਾਸ ਕਰਕੇ ਚੋਣਾਂ ਦੀ ਪ੍ਰਕਿਰਿਆ ਦੌਰਾਨ ਹਰ ਕਿਸੇ ਨੂੰ ਆਪਣੀ ਸਰਗਰਮੀ ਕਰਨ ਦਾ ਬਰਾਬਰ ਹੱਕ ਹੁੰਦਾ ਹੈ ਅਤੇ ਇਹੀ ਹੱਕ ਦੇਸ਼ ਦੇ ਸੰਵਿਧਾਨ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਸ ਦੀ ਪਾਰਟੀ ਨੂੰ ਵੀ ਹੈ। ਲੋਕ ਉਸ ਨਾਲ ਬੀਤੇ ਸਵਾ ਸਾਲ ਦੀਆਂ ਘਟਨਾਵਾਂ ਕਾਰਨ ਨਾਰਾਜ਼ ਸਨ, ਪ੍ਰਧਾਨ ਮੰਤਰੀ ਨੂੰ ਉਹ ਜਨਤਕ ਗੁੱਸਾ ਦੂਰ ਕਰਨਾ ਚਾਹੀਦਾ ਸੀ ਤੇ ਜੇ ਉਹ ਨਾਰਾਜ਼ਗੀ ਦੂਰ ਕੀਤੇ ਬਿਨਾਂ ਚੋਣਾਂ ਲੜਨ ਤੁਰਦਾ ਤਾਂ ਲੋਕਾਂ ਨੇ ਸਬਕ ਸਿਖਾ ਦੇਣਾ ਸੀ। ਇਸ ਦੀ ਥਾਂ ਉਸ ਦਾ ਰਸਤਾ ਰੋਕਣ ਦਾ ਕੰਮ ਹੋਇਆ ਸੀ ਤਾਂ ਇਸ ਬਾਰੇ ਕਾਨੂੰਨੀ ਕਾਰਵਾਈ ਕਰ ਲੈਂਦੇ, ਪਰ ਇਸ ਦੀ ਥਾਂ ਇਸ ਘਟਨਾ ਨੂੰ ਪੰਜਾਬ ਦੇ ਖਿਲਾਫ਼ ਸਾਰੇ ਦੇਸ਼ ਨੂੰ ਭੜਕਾਉਣ ਵਾਲਾ ਬਿਆਨ ਦੇ ਕੇ ਪ੍ਰਧਾਨ ਮੰਤਰੀ ਨੇ ਅਗਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਵਿਚ ਜਿੱਤ ਦਾ ਧਿਆਨ ਭਾਵੇਂ ਰੱਖ ਲਿਆ ਹੋਵੇ, ਦੇਸ਼ ਦੇ ਭਵਿੱਖ ਦਾ ਧਿਆਨ ਨਹੀਂ ਰੱਖਿਆ। ਗੱਲ ਏਥੇ ਵੀ ਨਹੀਂ ਰੁਕੀ ਤੇ ਉਸ ਦੀ ਪਾਰਟੀ ਅਤੇ ਉਸ ਪਿੱਛੇ ਖੜ੍ਹੀ ਸੰਘ ਪਰਵਾਰ ਦੀ ਧਿਰ ਦੇ ਲੋਕਾਂ ਨੇ ਥਾਂ-ਥਾਂ ਪ੍ਰਧਾਨ ਮੰਤਰੀ ਦੀ ਸੁਰੱਖਿਆ ਲਈ ਪੂਜਾ-ਪਾਠ ਅਤੇ ਹੋਰ ਪ੍ਰੋਗਰਾਮ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ, ਜਿਸ ਨਾਲ ਇੱਕ ਖਾਸ ਧਰਮ ਦੇ ਲੋਕਾਂ ਨੂੰ ਸਰਗਰਮ ਕਰ ਕੇ ਇੱਕ ਹੋਰ ਧਰਮ ਦੇ ਲੋਕਾਂ ਵਿਰੁੱਧ ਉਕਸਾਇਆ ਜਾ ਸਕੇ। ਹਰਿਆਣੇ ਦੇ ਇੱਕ ਵਿਧਾਇਕ ਨੇ ਇੱਕ ਖਾਸ ਧਰਮ ਦੇ ਲੋਕਾਂ ਨੂੰ ਉਨ੍ਹਾਂ ਦੀ ਨਸਲ ਖਤਮ ਕਰਨ ਵਰਗੀ ਧਮਕੀ ਵੀ ਦੇ ਦਿੱਤੀ, ਜਿਹੜੀ ਚੰਗਿਆੜੀ ਵਰਗਾ ਕੰਮ ਕਰ ਸਕਦੀ ਸੀ, ਇਸ ਦੇ ਬਾਵਜੂਦ ਉਸ ਰਾਜ ਦੀ ਭਾਜਪਾ ਸਰਕਾਰ ਤੇ ਦੇਸ਼ ਦੀ ਸਰਕਾਰ ਨੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ।



ਜਿੱਦਾਂ ਅਸੀਂ ਇਹ ਕਿਹਾ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦਾ ਰਾਹ ਨਾ ਰੋਕਦੇ ਤਾਂ ਜ਼ਿਆਦਾ ਠੀਕ ਹੁੰਦਾ, ਓਸੇ ਤਰ੍ਹਾਂ ਸਾਡੀ ਰਾਏ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪ੍ਰਧਾਨ ਮੰਤਰੀ ਦੇ ਸਵਾਗਤ ਕਰਨ ਨਾ ਪਹੁੰਚ ਕੇ ਜਿਹੜੀ ਪ੍ਰੋਟੋਕੋਲ ਦੀ ਉਲੰਘਣਾ ਕੀਤੀ ਹੈ, ਉਹ ਨਹੀਂ ਸੀ ਹੋਣੀ ਚਾਹੀਦੀ। ਮੁੱਖ ਮੰਤਰੀ ਆਪਣੇ ਕੁਝ ਨੇੜਲਿਆਂ ਦੇ ਕਰੋਨਾ ਪ੍ਰਭਾਵਿਤ ਹੋਣ ਕਾਰਨ ਕੋਵਿਡ ਪ੍ਰੋਟੋਕੋਲ ਦੀ ਗੱਲ ਕਰਦਾ ਰਿਹਾ, ਪਰ ਅਗਲੇ ਦਿਨ ਕੋਵਿਡ ਪ੍ਰੋਟੋਕੋਲ ਭੁਲਾ ਕੇ ਉਹ ਇੱਕੋ ਦਿਨ ਤਿੰਨ ਜਤਨਕ ਰੈਲੀਆਂ ਵਿਚ ਜਾ ਬੋਲਿਆ ਤੇ ਉਸ ਨੂੰ ਘੇਰੀ ਖੜ੍ਹੀ ਭੀੜ ਲਈ ਉਸ ਨੂੰ ਕੋਈ ਖਤਰਾ ਮਹਿਸੂਸ ਨਹੀਂ ਹੋਇਆ। ਇਸ ਗੱਲ ਨਾਲ ਉਹ ਸਾਫ ਗਲਤ ਸਾਬਤ ਹੁੰਦਾ ਹੈ। ਭਾਸ਼ਣ ਵਿਚ ਉਹ ਬਠਿੰਡੇ ਦੀ ਸਾਰੀ ਘਟਨਾ ਲਈ ਪ੍ਰਧਾਨ ਮੰਤਰੀ ਨੂੰ ਆਮ ਲੋਕਾਂ ਦੀ ਨਜ਼ਰ ਵਿਚ ਅਸਲੋਂ ਨਾ-ਪਸੰਦ ਵਿਅਕਤੀ ਵਜੋਂ ਪੇਸ਼ ਕਰਦਾ ਹੈ ਤੇ ਨਾਲ ਇਹ ਵੀ ਕਹਿੰਦਾ ਹੈ ਕਿ ਪ੍ਰਧਾਨ ਮੰਤਰੀ ਨੂੰ ਖਤਰਾ ਹੋਵੇ ਤਾਂ ਉਸ ਤੋਂ ਪਹਿਲਾਂ ਮੈਂ ਸੀਨਾ ਤਾਣ ਕੇ ਗੋਲੀ ਖਾਣ ਨੂੰ ਉਸ ਦੀ ਢਾਲ ਬਣਾਂਗਾ। ਬੜੀ ਅਜੀਬ ਜਿਹੀ ਬਿਆਨਬਾਜ਼ੀ ਹੈ ਮੁੱਖ ਮੰਤਰੀ ਦੀ ਅਤੇ ਉਸ ਦੇ ਤਿੰਨ ਕਾਂਗਰਸ ਵਿਧਾਇਕਾਂ ਨੇ ਵੀ ਏਦਾਂ ਦੀਆਂ ਗੱਲਾਂ ਕਹਿ ਦਿੱਤੀਆਂ ਹਨ ਕਿ ਪ੍ਰਧਾਨ ਮੰਤਰੀ ਖਾਤਰ ਮਰਨ ਨੂੰ ਤਿਆਰ ਹਨ। ਸਿਆਸਤ ਵੀ ਕਿੱਦਾਂ ਦੇ ਡਰਾਮੇ ਲੋਕਾਂ ਤੋਂ ਕਰਵਾ ਦੇਂਦੀ ਹੈ ਕਿ ਜਿਹੜਾ ਆਗੂ ਪੰਜਾਬ ਦੇ ਮੰਤਰੀ ਵਜੋਂ ਲੋਕਾਂ ਦੇ ਨਾਲ ਖੜੋਤੇ ਹੋਣ ਦੀਆਂ ਡੀਂਗਾਂ ਮਾਰ ਰਿਹਾ ਹੈ ਤੇ ਪ੍ਰਧਾਨ ਮੰਤਰੀ ਨੂੰ ਨਾ-ਪਸੰਦ ਵਿਅਕਤੀ ਕਹਿੰਦਾ ਹੈ, ਉਹ ਓਸੇ ਨਾ-ਪਸੰਦ ਵਿਅਕਤੀ ਲਈ ਜਾਨ ਵੀ ਦੇਣ ਨੂੰ ਤਿਆਰ ਹੈ!

ਜਿਹੜੀ ਗੱਲ ਰੌਲੇ ਵਿਚ ਰੁਲ ਗਈ ਅਤੇ ਜਿਸ ਨੂੰ ਭਾਰਤ ਦੇ ਕੌਮੀ ਮੀਡੀਏ ਦੇ ਇੱਕ ਹਿੱਸੇ ਨੇ ਪੰਜਾਬ ਦੇ ਖ਼ਿਲਾਫ ਭਾਰਤ ਦੇ ਮੁਕੱਦਮੇ ਦੀ ਮਿਸਲ ਵਾਂਗ ਪੇਸ਼ ਕਰਨ ਦਾ ਯਤਨ ਕੀਤਾ, ਉਹ ਪ੍ਰਧਾਨ ਮੰਤਰੀ ਦੇ ਰੁਕੇ ਹੋਏ ਕਾਫਲੇ ਨੇੜੇ ਗਈ ਤੇ ਲਲਕਾਰੇ ਮਾਰਦੀ ਭੀੜ ਦਾ ਵੀਡੀਓ ਸੀ। ਭੜਕਾਊ ਪੇਸ਼ਕਾਰੀ ਦੇ ਆਦੀ ਕੌਮੀ ਮੀਡੀਆ ਨੇ ਭੀੜ ਦੇ ਵੀਡੀਓ ਵਿਖਾਏ, ਪਰ ਆਵਾਜ਼ ਬੰਦ ਰੱਖੀ, ਜਿਸ ਵਿਚ ਨਾਅਰੇਬਾਜ਼ਾਂ ਦੀ ਅਗਵਾਈ ਕਰਦਾ ਹੋਇਆ ਪ੍ਰਧਾਨ ਮੰਤਰੀ ਦੀ ਕਾਰ ਨੇੜੇ ਪਹੁੰਚ ਗਿਆ ਬੰਦਾ ਉੱਚੀ ਸੁਰ ਵਿਚ ਕਹਿੰਦਾ ਹੈ: 'ਸ੍ਰੀ ਨਰਿੰਦਰ ਮੋਦੀ' ਅਤੇ ਹੁੰਗਾਰਾ ਮਿਲ ਰਿਹਾ ਹੈ: 'ਜ਼ਿੰਦਾਬਾਦ'। ਜਿਨ੍ਹਾਂ ਨੇ 'ਮੁਰਦਾਬਾਦ' ਦਾ ਨਾਅਰਾ ਲਾਉਣਾ ਹੁੰਦਾ ਹੈ, ਉਹ ਅਗਲੇ ਦੇ ਨਾਂਅ ਤੋਂ ਪਹਿਲਾਂ 'ਸ੍ਰੀ' ਕਹਿਣ ਦੀ ਲੋੜ ਨਹੀਂ ਮੰਨਦੇ ਹੁੰਦੇ। ਵੀਡੀਓ ਦੀ ਆਵਾਜ਼ ਚੱਲਦੀ ਰੱਖ ਲੈਂਦੇ ਤਾਂ ਇਸ ਦੇ ਬਾਅਦ ਉੱਚੀ ਆਵਾਜ਼ ਵਿਚ ਦੂਸਰਾ ਨਾਅਰਾ 'ਮੁਰਦਾਬਾਦ' ਦਾ ਵੀ ਸੁਣ ਜਾਂਦਾ ਅਤੇ ਇਹ ਵੀ ਸਾਬਤ ਹੋ ਜਾਂਦਾ ਕਿ ਨੇੜੇ ਜਾ ਕੇ ਨਾਅਰਾ ਲਾਉਣ ਵਾਲੇ 'ਜ਼ਿੰਦਾਬਾਦੀਏ' ਸਨ, ਜਿਨ੍ਹਾਂ ਦੇ ਹੱਥਾਂ ਵਿਚ ਭਾਜਪਾ ਦਾ ਝੰਡਾ ਫੜਿਆ ਸੀ। ਜਿਹੜੇ ਲੋਕ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਸੰਨ੍ਹ ਲੱਗਣ ਤੇ ਉਸ ਦੇ ਕਾਫਲੇ ਦੇ ਰੂਟ ਦੀ ਸੂਚਨਾ ਲੀਕ ਹੋਣ ਦੀਆਂ ਗੱਲਾਂ ਕਰਦੇ ਹਨ, ਉਨ੍ਹਾਂ ਨੂੰ ਇਹ ਪੁੱਛਣ ਦੀ ਲੋੜ ਹੈ ਕਿ ਜਿਹੜੇ ਲੋਕ ਭਾਜਪਾਈ ਝੰਡੇ ਲੈ ਕੇ ਉਸ ਵੇਲੇ ਪ੍ਰਧਾਨ ਮੰਤਰੀ ਦੀ ਕਾਰ ਨੇੜੇ ਜਾ ਪਹੁੰਚੇ ਸਨ, ਉਨ੍ਹਾਂ ਕੋਲ ਸੂਚਨਾ ਕਿੱਦਾਂ ਪਹੁੰਚੀ ਕਿ ਪ੍ਰਧਾਨ ਮੰਤਰੀ ਦਾ ਕਾਫਲਾ ਇਸ ਰਾਹ ਤੋਂ ਲੰਘਣਾ ਹੈ! ਖਬਰਾਂ ਹਨ ਕਿ ਉਸ ਗਰੁੱਪ ਦੀ ਅਗਵਾਈ ਕਰਨ ਵਾਲਾ ਬੰਦਾ ਹੁਸ਼ਿਆਰਪੁਰ ਜ਼ਿਲ੍ਹੇ ਦਾ ਸੀ ਤੇ ਜੇ ਉਸ ਨੇ ਹੁਸ਼ਿਆਰਪੁਰ ਤੋਂ ਫਿਰੋਜ਼ਪੁਰ ਰੈਲੀ ਵੱਲ ਨੂੰ ਜਾਣਾ ਸੀ ਤਾਂ ਬਠਿੰਡੇ ਤੋਂ ਫਿਰੋਜ਼ਪੁਰ ਵਾਲੇ ਰਾਹ ਵੱਲ ਉਹ ਕਿਉਂ ਗਿਆ? ਪਾਰਲੀਮੈਂਟ ਦੀ ਮੈਂਬਰ ਇੱਕ ਬਹੁ-ਚਰਚਿਤ ਸਾਧਵੀ ਸਮੇਤ ਕਈ ਭਾਜਪਾ ਆਗੂਆਂ ਨਾਲ ਉਸ ਝੰਡੇ ਵਾਲੇ ਆਗੂ ਦੀਆਂ ਫੋਟੋਜ਼ ਲੋਕਾਂ ਦੇ ਵ੍ਹਟਸਐਪ ਉੱਤੇ ਘੁੰਮ ਰਹੀਆਂ ਹਨ, ਜਿਹੜੀਆਂ ਉਸ ਦੇ ਜੋੜੀਦਾਰਾਂ ਨੇ ਸਿਰਫ ਟੌਹਰ ਬਣਾਉਣ ਲਈ ਪਹਿਲਾਂ ਦੀਆਂ ਪਾਈਆਂ ਹੋ ਸਕਦੀਆਂ ਹਨ। ਸੱਚਾਈ ਤਾਂ ਇਹਦੀ ਵੀ ਲੱਭਣੀ ਚਾਹੀਦੀ ਹੈ।

ਵਕਤ ਬੜਾ ਨਾਜ਼ੁਕ ਹੈ। ਪੰਜ ਰਾਜਾਂ ਦੀਆਂ ਚੋਣਾਂ ਹੋਣ ਕਾਰਨ ਇਹੋ ਜਿਹੇ ਸਮੇਂ ਕਿਸੇ ਘਟਨਾ ਦੀ ਜਾਂਚ ਵੀ ਸਿਰਫ ਜਾਂਚ ਨਹੀਂ ਰਹਿਣੀ, ਉਸ ਨੂੰ ਚੋਣਾਂ ਜਿੱਤਣ ਦਾ ਜੰਤਰ ਬਣਾਉਣ ਲਈ ਹਰ ਕੋਈ ਧਿਰ ਜ਼ੋਰ ਲਾਵੇਗੀ ਤੇ ਉਹ ਯਤਨ ਸ਼ੁਰੂ ਹੋ ਗਏ ਹਨ। ਜਿੱਡੀ ਜਿੱਤ ਰਾਜੀਵ ਗਾਂਧੀ ਨੇ 'ਜਬ ਕੋਈ ਬੜਾ ਪੇੜ ਗਿਰਤਾ' ਦੇ ਨੁਸਖੇ ਨਾਲ ਜਿੱਤੀ ਸੀ, 'ਜ਼ਿੰਦਾ ਬਚ ਕੇ ਆ ਗਿਆ' ਨਾਲ ਓਹੋ ਜਿਹੀ ਜਿੱਤ ਦੁਹਰਾਉਣ ਦੀ ਖੇਡ ਖੇਡਣ ਦੇ ਯਤਨ ਹੋਣ ਲੱਗ ਪਏ ਹਨ। ਰਾਜੀਵ ਗਾਂਧੀ ਦੀ ਖੇਡ ਨੇ ਭਾਰਤ ਦਾ ਭਲਾ ਨਹੀਂ ਸੀ ਕੀਤਾ, ਨੁਕਸਾਨ ਕੀਤਾ ਸੀ ਤੇ ਉਹੋ ਖੇਡ ਇਸ ਵੇਲੇ ਦੁਹਰਾਉਣ ਵਾਲੇ ਵੀ ਭਲੇ-ਬੁਰੇ ਦੇ ਚੱਕਰ ਵਿੱਚ ਪੈਣ ਵਾਲੇ ਨਹੀਂ। ਭਲਾ-ਬੁਰਾ ਵੇਖਣਾ ਦੇਸ਼ ਦੇ ਲੋਕਾਂ ਦੀ ਜ਼ਰੂਰਤ ਅਤੇ ਜ਼ਿੰਮੇਵਾਰੀ ਬਣ ਗਈ ਹੈ।

---

## ਮੀਡੀਏ ਦਾ ਸਿਕੰਦਰ ਸਿੱਧੂ ਦਮਦਮੀ

*(ਪਿਛਲੇ ਸਫੇ ਦਾ ਬਾਕੀ)*

ਸਗੋਂ ਮੇਰਾ ਦਿਮਾਗ ਤਾਂ ਉਦੋਂ ਕੁੱਝ ਹੋਰ ਦਾ ਹੋਰ ਹੀ ਸੋਚ ਰਿਹਾ ਸੀ-ਜਿਸ 'ਤੇ ਹੁਣ ਮੈਨੂੰ ਘਿਣ ਆ ਰਹੀ ਸੀ। ਪਾਕਿਸਤਾਨੀ ਟੀਮ ਨੇ ਜਿਵੇਂ ਭਾਰਤੀ ਟੀਮ ਦੇ ਗੋਲਕੀਪਰ ਨੇਗੀ ਵਿਚ ਟੀਮ ਦੀ ਕਮਜ਼ੋਰ ਕੜੀ ਲੱਭ ਲਈ ਲੱਗਦੀ ਸੀ। ਪਤਾ ਨਹੀਂ ਕਿਉਂ ਫਿਰ ਵੀ ਉਸ ਨੂੰ ਬਦਲਿਆ ਨਹੀਂ ਸੀ ਜਾ ਰਿਹਾ।

ਮੈਚ ਭਾਰਤੀ ਟੀਮ ਦੇ ਹੱਥੋਂ ਖਿਸਕਦਾ ਜਾਂਦਾ ਲੱਗ ਰਿਹਾ ਸੀ। ਮੈਚ ਦੇ ਇੱਕ ਪਾਸੜ ਬਣਦੇ ਜਾਣ ਦੀ ਚਿੰਤਾ ਭਾਰਤੀ ਖੇਮੇ ਵਿਚ ਵੀ ਫੈਲਣ ਲੱਗੀ ਸੀ। ਜਦੋਂ ਸਕੋਰ 4-1 'ਤੇ ਪਹੁੰਚ ਗਿਆ ਤਾਂ ਭਾਰਤ ਨੂੰ ਕੇਵਲ ਹਾਰ ਹੀ ਨਹੀਂ ਸਗੋਂ ਵੱਡੀ ਹਾਰ ਦਿਸਣ ਲੱਗੀ ਤਾਂ ਸੋਗ ਤੇ ਚਿੰਤਾ ਵੀਵੀਆਈਪੀ ਬਾਕਸ ਦੀਆਂ ਪੌੜੀਆਂ ਵੀ ਚੜ੍ਹ ਗਈ ਸੀ।

ਇੰਦਰਾ ਗਾਂਧੀ ਨੇ ਆਪਣੇ ਸਹਾਇਕ ਆਰ.ਕੇ. ਧਵਨ ਰਾਹੀਂ ਰਾਜੀਵ ਗਾਂਧੀ ਨੂੰ ਸੁਨੇਹਾ ਭੇਜਿਆ ਕਿ ਉਹ ਭਾਰਤੀ ਗੋਲਕੀਪਰ ਦਾ ਕੁੱਝ ਕਰਨ। ਰਾਜੀਵ ਨੇ ਜੁਆਬ ਦਿੱਤਾ ਕਿ ਅਜਿਹੀ ਤਬਦੀਲੀ ਕੇਵਲ ਟੀਮ ਦਾ ਕੈਪਟਨ, ਕੋਚ ਜਾਂ ਮੈਨੇਜਰ ਹੀ ਕਰ ਸਕਦੇ ਹਨ ਪਰ ਤਦ ਤਕ ਪ੍ਰੈੱਸ ਬਾਕਸ ਵਿਚ ਬੈਠੇ ਹਾਕੀ ਦੇ ਮਾਹਿਰ ਪੱਤਰਕਾਰਾਂ ਦੀ ਘੁਸਰ-ਮੁਸਰ ਉੱਚੀ ਹੋ ਚੁੱਕੀ ਸੀ। ਕੋਈ ਕਹਿ ਰਿਹਾ ਸੀ: 'ਗੋਲਕੀਪਰ ਨੇਗੀ ਵਿਰੋਧੀ ਟੀਮ ਦੇ ਦਾਬੇ ਵਿਚ ਆ ਗਿਆ ਹੈ। ਉਸ ਨੂੰ ਬਿਨਾਂ ਕੋਈ ਹੋਰ ਸਕਿੰਟ ਗੁਆਏ ਬਦਲ ਦੇਣਾ ਚਾਹੀਦਾ ਹੈ। ਕੋਈ ਹੋਰ ਟੀਮ ਦੀ ਸੁਰੱਖਿਆ ਪੰਕਤੀ ਵਿਚ ਤਬਦੀਲੀ ਕਰਨ ਦਾ ਸੁਝਾਅ ਦੇ ਰਿਹਾ ਸੀ।

ਇਸੇ ਦੌਰਾਨ ਸਾਡੇ ਸਾਹਮਣੇ ਵਾਲੀਆਂ ਸਟੇਡੀਅਮ ਦੀਆਂ ਪਿਛਲੀਆਂ ਪੰਕਤੀਆਂ 'ਚੋਂ ਹਰੇ ਰੰਗ ਦਾ ਇੱਕ ਬੈਨਰ ਹੌਲੀ-ਹੌਲੀ ਉੱਚਾ ਉੱਠਣ ਲੱਗਿਆ ਜਿਵੇਂ ਕੋਈ ਮੋਰਚੇ ਵਿਚੋਂ ਬਾਹਰ ਨਿਕਲ ਰਿਹਾ ਹੋਵੇ। ਤਿਰੰਗਿਆਂ ਨਾਲ ਭਰੇ ਪਏ ਸਟੇਡੀਅਮ ਵਿਚ ਇਹ ਪਹਿਲਾ ਪਾਕਿਸਤਾਨੀ ਝੰਡਾ ਸੀ। ਫਿਰ ਹੋਰ ਦਰਸ਼ਕ ਵੀ ਪਾਕਿਸਤਾਨੀ ਟੀਮ ਨੂੰ ਹੱਲਾਸ਼ੇਰੀ ਦੇਣ ਲੱਗੇ। ਸਟੇਡੀਅਮ ਦਾ ਮਾਹੌਲ ਬਦਲ ਚੁੱਕਾ ਸੀ। ਟਾਵੇਂ-ਟਾਵੇਂ ਦਰਸ਼ਕ ਹੁਣ ਪਾਕਿਸਤਾਨੀ ਖਿਡਾਰੀਆਂ ਲਈ ਵੀ ਤਾੜੀਆਂ ਮਾਰਨ ਲੱਗੇ। ਕਈ ਦੋਵਾਂ ਦੇਸ਼ਾਂ ਦੇ ਝੰਡੇ ਸਾਂਝੀ ਤਰ੍ਹਾਂ ਲਹਿਰਾਉਣ ਲੱਗੇ। ਵੀ.ਆਈ.ਪੀ. ਬਾਕਸ ਲਗਪਗ ਖਾਲੀ ਹੋ ਗਿਆ ਸੀ। ਕੁਰਸੀਆਂ ਦੀਆਂ ਕਤਾਰਾਂ ਵਿਚਕਾਰ ਡਿੱਗੇ ਪਏ ਝੰਡਿਆਂ ਨੂੰ ਦਰੜ ਕੇ ਲੰਘਦੇ ਜਾਂਦੇ ਕੁੱਝ ਦਰਸ਼ਕ ਹਾਰ ਗਈ ਭਾਰਤੀ ਟੀਮ ਨੂੰ ਅਵਾ-ਤਵਾ ਬੋਲ ਰਹੇ ਸਨ। ਤਦੇ ਮੈਂ ਵੇਖਿਆ ਕਿ ਕੇਸਰੀ ਪਟਕੇ-ਜੂੜੇ ਵਾਲੇ ਇੱਕ ਬੱਚੇ ਨੇ ਆਪਣੀ ਮਾਂ ਤੋਂ ਉਂਗਲੀ ਛੁਡਾਈ ਤੇ ਭੁੰਜੇ ਸੁੱਟੇ ਤਿਰੰਗਿਆਂ ਨੂੰ ਇਕੱਠੇ ਕਰਨ ਵਿਚ ਮਸਰੂਫ਼ ਹੋ ਗਿਆ।

*

ਦਿੱਲੀ ਦੀਆਂ ਏਸ਼ਿਆਈ ਖੇਡਾਂ ਮੈਂ ਵੀ 'ਪੰਜਾਬੀ ਟ੍ਰਿਬਿਊਨ' ਲਈ ਕਵਰ ਕੀਤੀਆਂ ਸਨ। ਭਾਰਤ-ਪਾਕਿ ਹਾਕੀ ਮੈਚ ਤੋਂ ਪਹਿਲਾਂ ਸੁਰਖ਼ੀ ਭੇਜੀ ਸੀ 'ਅੱਜ ਹੋਣਗੇ ਸਾਹਨਾਂ ਦੇ ਭੇੜ'। ਉਸ ਭੇੜ ਦੇ ਡਿਸਪੈਚ ਵਿਚੋਂ ਕੁਝ ਸਤਰਾਂ ਪੇਸ਼ ਕਰਨੀਆਂ ਵਾਜਬ ਹੋਣਗੀਆਂ:

ਜਿੱਦਣ ਹਿੰਦ-ਪਾਕਿ ਦਾ ਫਾਈਨਲ ਮੈਚ ਹੋਇਆ ਉੱਦਣ ਸਾਰੀ ਦਿੱਲੀ ਥਾਏਂ ਖੜ੍ਹ ਗਈ। ਸ਼ਾਮ ਤਿੰਨ ਤੋਂ ਸਾਢੇ ਚਾਰ ਵਜੇ ਤਕ ਸਭ ਸੜਕਾਂ ਸੁੰਨ ਸਨ। ਲੋਕ ਟੀਵੀਆਂ ਮੂਹਰੇ ਬੈਠੇ ਸਨ ਜਾਂ ਰੇਡੀਓ ਟਰਾਂਜ਼ਿਸਟਰਾਂ ਸਿਰ੍ਹਾਣੇ। ਇਹ ਕਿਸੇ ਦੇ ਖ਼ਾਬ ਖਿਆਲ ਵਿਚ ਵੀ ਨਹੀਂ ਸੀ ਕਿ ਮੈਚ ਦਾ ਨਤੀਜਾ ਇਕਪਾਸੜ ਹੋਵੇਗਾ। ਮੈਚ ਦੇ ਨਤੀਜੇ ਬਾਰੇ ਲੱਖਾਂ ਦੀਆਂ ਸ਼ਰਤਾਂ ਲੱਗੀਆਂ ਸਨ ਤੇ ਪੰਜ-ਪੰਜ ਰੁਪਏ ਦੀ ਟਿਕਟ ਬਲੈਕ ਵਿਚ ਦੋ-ਦੋ ਸੌ ਰੁਪਏ 'ਚ ਵਿਕੀ ਸੀ।

ਮੈਚ ਸ਼ੁਰੂ ਹੋਣ ਤੋਂ ਘੰਟਾ ਪਹਿਲਾਂ ਹੀ ਨੈਸ਼ਨਲ ਸਟੇਡੀਅਮ ਕੰਢਿਆਂ ਤਕ ਭਰ ਗਿਆ। ਉੱਦਣ ਸੁਰੱਖਿਆ ਪ੍ਰਬੰਧ ਏਨੇ ਸਖ਼ਤ ਸਨ ਕਿ ਗਾਰਡਾਂ ਨੇ ਪੱਤਰ ਪ੍ਰੇਰਕਾਂ ਦੀਆਂ ਫਾਈਲਾਂ ਵੀ ਤਿੰਨ-ਤਿੰਨ ਵਾਰ ਫੋਲੀਆਂ। ਗਿਆਨੀ ਜ਼ੈਲ ਸਿੰਘ, ਮੁਹੰਮਦ ਹਦਾਇਤਉੱਲਾ, ਇੰਦਰਾ ਗਾਂਧੀ ਤੇ ਬਲਰਾਮ ਜਾਖੜ ਸਮੇਤ ਅਨੇਕਾਂ ਮੰਤਰੀ ਤੇ ਹੋਰ ਅਧਿਕਾਰੀ ਵਿਸ਼ੇਸ਼ ਵਿਅਕਤੀਆਂ ਵਾਲੀਆਂ ਸੀਟਾਂ 'ਤੇ ਸੁਭਾਏਮਾਨ ਸਨ। ਫਿਲਮੀ ਹੀਰੋ ਅਮਿਤਾਭ ਬੱਚਨ ਦਰਸ਼ਕਾਂ ਦਾ ਧਿਆਨ ਬਦੋਬਦੀ ਖਿੱਚ ਰਿਹਾ ਸੀ।

ਪੌਣੇ ਤਿੰਨ ਵਜੇ ਸਭ ਗੇਟ ਬੰਦ ਹੋ ਗਏ। ਪੌੜੀਆਂ ਉਤੇ ਦਰਸ਼ਕਾਂ ਦੀ ਹਾਤ-ਹੂਤ ਦਾ ਏਨਾ ਸ਼ੋਰ ਸੀ ਜਿਵੇਂ ਸਟੇਡੀਅਮ 'ਚ ਭੂਚਾਲ ਆ ਗਿਆ ਹੋਵੇ। ਭਾਰਤੀ ਖੇਡ ਅਧਿਕਾਰੀਆਂ ਨੂੰ ਭਾਰਤੀ ਟੀਮ ਦੇ ਮੈਚ ਜਿੱਤ ਲੈਣ ਦੀ ਲੋੜੋਂ ਵੱਧ ਆਸ ਸੀ। ਮਿੰਟਾਂ ਸਕਿੰਟਾਂ 'ਚ ਤਿਰੰਗੀਆਂ ਝੰਡੀਆਂ ਦਰਸ਼ਕਾਂ ਨੂੰ ਵਰਤਾ ਦਿੱਤੀਆਂ ਗਈਆਂ। ਮੈਚ ਸ਼ੁਰੂ ਹੋਇਆ ਤਾਂ ਸਾਰਾ ਸਟੇਡੀਅਮ ਤਿਰੰਗੇ ਰੰਗ ਵਿਚ ਰੰਗਿਆ ਗਿਆ। ਜਦੋਂ ਭਾਰਤ ਦੇ ਖਿਡਾਰੀ ਗੇਂਦ ਲੈ ਕੇ ਅੱਗੇ ਵਧਦੇ ਤਾਂ ਝੰਡੀਆਂ ਉੱਚੀਆਂ ਹੋ ਜਾਂਦੀਆਂ ਤੇ ਸ਼ੋਰ ਦੀਆਂ ਲਹਿਰਾਂ ਆਕਾਸ਼ ਨੂੰ ਜਾ ਚੜ੍ਹਦੀਆਂ। ਜਦੋਂ ਚੌਥੇ ਹੀ ਮਿੰਟ 'ਚ ਭਾਰਤੀ ਟੀਮ ਦੇ ਕਪਤਾਨ ਜ਼ਫਰ ਇਕਬਾਲ ਨੇ ਗੋਲ ਕੀਤਾ ਤਾਂ ਹਜ਼ਾਰਾਂ ਕਿਲਕਾਰੀਆਂ ਗੂੰਜੀਆਂ।

ਪਰ ਸਤਾਰ੍ਹਵੇਂ ਮਿੰਟ 'ਚ ਜਦੋਂ ਕਲੀਮਉੱਲਾ ਨੇ ਗੋਲ ਲਾਹਿਆ ਤਾਂ ਕੋਈ ਤਾੜੀ ਨਾ ਵੱਜੀ ਤੇ ਪੌੜੀਆਂ ਉਤਲਾ ਸ਼ੋਰਗੁਲ ਵੀ ਸੌਂ ਗਿਆ। ਉਨ੍ਹੀਵੇਂ ਮਿੰਟ 'ਚ ਪਾਕਿਸਤਾਨੀ ਟੀਮ ਨੇ ਇਕ ਹੋਰ ਗੋਲ ਕੀਤਾ ਤਾਂ ਜਾਣੋ ਦਰਸ਼ਕਾਂ ਦੇ ਮਾਪੇ ਹੀ ਮਰ ਗਏ ਤੇ ਤਿਰੰਗੀਆਂ ਝੰਡੀਆਂ ਬੁੱਕਲਾਂ 'ਚ ਲੁਕੋ ਲਈਆਂ ਗਈਆਂ। ਪ੍ਰੈੱਸ ਬਾਕਸ ਵਿਚ ਮੇਰੀ ਸੀਟ ਕੁਮੈਂਟੇਟਰ ਜਸਦੇਵ ਸਿੰਘ ਦੇ ਪਿੱਛੇ ਸੀ। ਜਸਦੇਵ ਸਿੰਘ ਨੇ ਧੌਣ ਭੁਆਂ ਕੇ ਆਖਿਆ, "ਮੈਂ ਪਹਿਲਾਂ ਵੀ ਵੇਖ ਚੁੱਕਾਂ, ਜਦੋਂ ਭਾਰਤ ਪਾਕਿਸਤਾਨ ਸਿਰ ਪਹਿਲਾ ਗੋਲ ਕਰੇ ਤਾਂ ਅਕਸਰ ਹਾਰਦੈ।"

ਪਾਕਿਸਤਾਨੀ ਖਿਡਾਰੀ ਹੋਰ ਚੜ੍ਹਦੇ ਗਏ। ਉਨ੍ਹਾਂ ਨੇ ਉਪ੍ਰੋਥਲੀ ਸੱਤ ਗੋਲ ਕੀਤੇ ਤੇ ਭਾਰਤੀ ਟੀਮ ਨੂੰ ਉਹਦੇ ਘਰ ਏਨੀ ਸ਼ਰਮਨਾਕ ਹਾਰ ਦਿੱਤੀ, ਜਿਸ ਨੂੰ ਭਾਰਤੀ ਖਿਡਾਰੀ ਕਦੇ ਵੀ ਨਹੀਂ ਭੁੱਲ ਸਕਣਗੇ। ਜਿੱਤ ਹਾਰ ਦਾ ਏਨਾ ਫਰਕ ਹੁੰਦਾ ਹੈ ਕਿ ਉੱਦਣ ਭਾਰਤੀ ਖਿਡਾਰੀ ਚੋਰਾਂ ਵਾਂਗ ਸਟੇਡੀਅਮ 'ਚੋਂ ਲੋਪ ਹੋਏ ਤੇ ਪਾਕਿਸਤਾਨੀ ਦਿਨ ਛਿਪਣ ਤਕ ਮੈਦਾਨ 'ਚ ਲੁੱਡੀਆਂ ਪਾਉਂਦੇ, ਮੇਲ੍ਹਦੇ ਤੇ ਮੁਸਕਣੀਆਂ ਵੰਡਦੇ ਫਿਰੇ। ਜਦ ਮੈਂ ਡਿਸਪੈਚ ਲਿਖਣ ਲੱਗਾ ਤਾਂ ਟੀਮ 'ਚੋਂ ਬਾਹਰ ਕੱਢਿਆ ਖਿਡਾਰੀ ਸੁਰਜੀਤ ਸਿੰਘ ਮੇਰੇ ਕੋਲ ਆਇਆ ਤੇ ਆਖਣ ਲੱਗਾ, "ਮੈਂ ਰਾਜੀਵ ਗਾਂਧੀ ਨੂੰ ਮਿਲ ਰਿਹਾਂ ਤੇ ਇੰਡੀਆ ਦੀ ਟੀਮ ਦੇ ਹਾਰ ਜਾਣ ਦਾ ਭੇਤ ਨਸ਼ਰ ਕਰ ਰਿਹਾਂ!"

# ਜੇ ਗੁੱਡੀਏ ਤੂੰ ਮਰਨਾ ਸੀ

ਕਹਾਣੀ

***ਜਗਮੀਤ ਸਿੰਘ ਪੰਧੇਰ ਦੀ ਕਹਾਣੀ 'ਜੇ ਗੁੱਡੀਏ ਤੂੰ ਮਰਨਾ ਸੀ' ਰਿਸ਼ਤਿਆਂ ਉਤੇ ਭਾਰੂ ਪੈਂਦੀ ਤਮ੍ਹਾਂ ਨੂੰ ਉਘਾੜ ਕੇ ਪੇਸ਼ ਕਰਦੀ ਹੈ ਅਤੇ ਸੋਚਣ ਲਈ ਮਜਬੂਰ ਕਰਦੀ ਹੈ ਕਿ ਅਸੀਂ ਕਿਹੋ-ਜਿਹੇ ਸਮਾਜ ਅੰਦਰ ਜੀ ਰਹੇ ਹਾਂ। ਸਾਡੇ ਆਲੇ-ਦੁਆਲੇ ਵੀ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਪਰ ਇਹ ਘਟਨਾਵਾਂ ਸ਼ਾਇਦ ਬੇਗਾਨੇ ਘਰਾਂ ਵਿਚ ਵਾਪਰਦੀਆਂ ਹੋਣ ਕਰਕੇ ਸਾਨੂੰ ਬਹੁਤਾ ਤੰਗ ਨਹੀਂ ਕਰਦੀਆਂ। ਇਸੇ ਕਰਕੇ ਇਹ ਸਿਲਸਿਲਾ ਲਗਾਤਾਰ ਚੱਲੀ ਜਾਂਦਾ ਹੈ।***

ਮੈਲੇ-ਕੁਚੈਲੇ ਕੱਪੜੇ ਪਾਈ ਬੱਲੀ ਬਾਬਾ ਸਾਰੀ ਦਿਹਾੜੀ ਪਿੰਡ ਦੇ ਦਰਵਾਜ਼ੇ ਦੇ ਪੁਰਾਣੇ ਬਰੂਟੇ ਨਾਲ ਢੋਹ ਲਾ ਕੇ ਚੁੱਪ-ਚਾਪ ਬੈਠਾ ਉਂਗਲੀਆਂ ਦੀਆਂ ਗੱਠਾਂ ਭੰਨਦਾ ਰਹਿੰਦਾ। ਜੇ ਕੋਈ ਉਸ ਨੂੰ ਬੁਲਾਉਂਦਾ ਤਾਂ ਉਹਦੇ ਵੱਲ ਦੇਖ ਛਡਦਾ ਪਰ ਕੋਈ ਹੁੰਗਾਰਾ ਨਾ ਭਰਦਾ ਪਰ ਜਦੋਂ ਕਦੇ ਨਿੱਕੀਆਂ-ਨਿੱਕੀਆਂ ਕੁੜੀਆਂ ਉਸ ਕੋਲੋਂ ਲੰਘਦੀਆਂ ਤਾਂ ਉਹ ਝੱਟ ਉਨ੍ਹਾਂ ਵੱਲ ਝਾਕਦਾ ਤੇ ਪੁੱਛਦਾ, "ਕੁੜੇ ਨਿੱਕੀਓ, ਐਧਰ ਕਿਤੇ ਸਾਡੀ ਪਾਲੋ ਨੀ ਦੇਖੀ?" ਕੁੜੀਆਂ ਦੇ ਕੁਝ ਪੱਲੇ ਤਾਂ ਨਾ ਪੈਂਦਾ ਪਰ ਉਹ ਡਰਦੀਆਂ ਹਮੇਸ਼ਾ ਇਹ ਕਹਿ ਕੇ ਭੱਜ ਜਾਂਦੀਆਂ, "ਨਹੀਂ ਬਾਬਾ, ਅਸੀਂ ਨੀ ਦੇਖੀ।" ਉਹ ਦੁਖੀ ਹੋ ਕੇ ਚੁੱਪ ਵੱਟ ਲੈਂਦਾ ਤੇ ਬਰੋਟੇ ਨਾਲ ਟੇਢਾ ਜਿਹਾ ਹੋ ਜਾਂਦਾ। ਨੇੜੇ ਬੈਠੇ ਬੰਦੇ ਤਾਸ਼ ਖੇਡਦੇ ਰੌਲਾ ਪਾਈ ਜਾਂਦੇ ਤੇ ਕਈ ਵਾਰ ਗਾਲ੍ਹਾਂ ਵੀ ਕੱਢੀ ਜਾਂਦੇ ਪਰ ਜਦ ਕਿਸੇ ਮੂੰਹੋਂ ਭੈਣ ਦੀ ਗਾਲ੍ਹ ਨਿੱਕਲ ਜਾਂਦੀ ਤਾਂ ਉਹ ਅੱਭੜਵਾਹੇ ਅੱਖਾਂ ਕੱਢ ਕੇ, ਪੂਰੇ ਹਰਖ ਨਾਲ ਉਚੀ ਆਵਾਜ਼ 'ਚ "ਓਏ...ਤੂੰ..." ਆਖਦਾ ਤੇ ਫੇਰ ਚੁੱਪ ਕਰ ਜਾਂਦਾ। ਗਾਲ੍ਹ ਕੱਢਣ ਵਾਲਾ ਉਸ ਦੇ ਤੇਵਰ ਦੇਖ ਕੇ ਚੁੱਪ ਕਰਕੇ ਪੱਤੇ ਫਰੋਲਣ ਲੱਗ ਜਾਂਦਾ।



**ਜਗਮੀਤ ਸਿੰਘ ਪੰਧੇਰ**
**ਫੋਨ: 98783-37222**

ਸਾਉਣ ਵੀ ਲੰਘ ਚੱਲਿਆ ਸੀ ਪਰ ਬੱਦਲ ਦਾ ਕੋਈ ਫੰਬਾ ਵੀ ਕਿਧਰੇ ਦਿਖਾਈ ਨਹੀਂ ਸੀ ਦਿੱਤਾ। ਜੱਗ ਵੀ ਕੀਤਾ ਪਰ ਇੰਦਰ ਦੇਵਤਾ ਫੇਰ ਵੀ ਨਾ ਤਰੁੱਠਿਆ। ਇੱਕ ਦਿਨ ਕੁੜੀਆਂ ਨੇ ਰਲ-ਮਿਲ ਕੇ ਗੁੱਡੀ ਫੂਕਣ ਦੀ ਤਿਆਰੀ ਕਰ ਲਈ। ਮਿੱਠੀਆਂ ਰੋਟੀਆਂ ਤੇ ਗੁਲਗਲੇ ਪਕਾ ਕੇ, ਲੀਰਾਂ ਦੀ ਸੋਹਣੀ ਜਿਹੀ ਗੁੱਡੀ ਬਣਾ ਲਈ ਤੇ ਵੈਣ ਪਾਉਂਦੀਆਂ ਉਸ ਨੂੰ ਫੂਕਣ ਤੁਰ ਪਈਆਂ। ਜਦ ਉਹ ਦਰਵਾਜ਼ੇ ਕੋਲੋਂ ਲੰਘਣ ਲੱਗੀਆਂ ਤਾਂ ਬੱਲੀ ਬਾਬਾ ਪੁਛਣ ਲੱਗਾ, "ਕੌਣ ਮਰ ਗਿਆ ਨਿੱਕੀਓ? ਕੀਹਦੇ ਵੈਣ ਪਾਉਨੀਓਂ?" ਕੁੜੀਆਂ ਪਹਿਲਾਂ ਤਾਂ ਇੱਕ ਦਮ ਠਠੰਬਰ ਗਈਆਂ ਪਰ ਇੱਕ ਕੁੜੀ ਮੂਹਰੇ ਹੋ ਗਈ, "ਕੋਈ ਨੀ ਮਰਿਆ ਬਾਬਾ, ਅਸੀਂ ਤਾਂ ਗੁੱਡੀ ਫੂਕਣ ਚੱਲੀਆਂ।"

"ਨਾ ਇਹ ਮਰ ਗੀ?...ਕਿ...ਇਹਨੂੰ ਜਿਉਂਦੀ ਨੂੰ ਈ ਫੂਕ ਦਿਉਂਗੀਆਂ?...ਨਾ ਨਾ ਪੁੱਤ ਇਉਂ ਨਾ ਕਰਿਓ" ਉਹਨੇ ਹੱਥ ਬੰਨ੍ਹ ਕੇ ਤਰਲਾ ਜਿਹਾ ਕੀਤਾ।

"ਓ ਨਹੀਂ ਬਾਬਾ, ਇਹ ਤਾਂ ਲੀਰਾਂ ਦੀ ਐ। ਮੀਂਹ ਪਵਾਉਣ ਖਾਤਰ ਫੂਕਣ ਚੱਲੀਆਂ ਆਂ।" ਇੱਕ ਸਿਆਣੀ ਕੁੜੀ ਨੇ ਉਚੀ ਆਵਾਜ਼ 'ਚ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਅੱਛਾ...ਅੱਛਾ, ਮੈਂ ਤਾਂ ਸਮਝਿਆ...। ਨਾ ਫੇਰ ਇਹਨੂੰ ਫੂਕੇ ਤੋਂ ਮੀਂਹ ਪੈ ਜੂ'ਗਾ?" ਉਸ ਦੀ ਗੱਲ ਸੁਣ ਕੇ ਡਰੀਆਂ ਹੋਈਆਂ ਕੁੜੀਆਂ ਵੀ ਕੁਝ ਨੇੜੇ ਨੂੰ ਹੋ ਗਈਆਂ।

"ਕਹਿੰਦੇ ਨੇ ਬਈ ਪੈ ਜਾਂਦੈ।" ਇੱਕ ਕੁੜੀ ਨੇ ਕਿਹਾ।

"ਸਭ ਝੂਠ...ਗੱਪ...ਐਵੇਂ ਕੁਫਰ...ਜਦੋਂ ਸਾਡੀ ਪਾਲੋ ਜਿਉਂਦੀ-ਜਾਗਦੀ ਜਾਲ'ਤੀ ਸੀ, ਉਦੋਂ ਤਾਂ ਪਿਆ ਨੀ? ਉਦੋਂ ਤਾਂ ਕਿਸੇ ਦੇਵਤੇ ਨੂੰ ਤਰਸ ਨੀ ਆਇਆ, ਹੁਣ ਲੀਰਾਂ ਜਾਲ ਕੇ ਕਿਵੇਂ...?" ਉਹ ਉਚੀ ਉਚੀ ਹੱਸਣ ਤੇ ਫੇਰ ਧਾਹਾਂ ਮਾਰਨ ਲੱਗ ਪਿਆ। ਤਾਸ਼ ਖੇਡਦੇ ਬੰਦਿਆਂ ਨੇ ਉਸ ਨੂੰ ਫੜ ਕੇ ਥੜ੍ਹੇ 'ਤੇ ਲੈ ਆਂਦਾ ਤੇ ਕੁੜੀਆਂ ਨੂੰ ਚਲੇ ਜਾਣ ਦਾ ਇਸ਼ਾਰਾ ਕਰ ਦਿੱਤਾ। ਕੁੜੀਆਂ ਚੁੱਪ ਕਰਕੇ ਤੁਰੀਆਂ ਗਈਆਂ ਤੇ ਅੱਗੇ ਜਾ ਕੇ ਫੇਰ ਵੈਣ ਪਾਉਣ ਲੱਗ ਪਈਆਂ ਤੇ ਗੁੱਡੀ ਫੂਕ ਕੇ ਮਿੱਠੀਆਂ ਰੋਟੀਆਂ ਤੇ ਗੁਲਗਲੇ ਖਾ ਕੇ ਘਰਾਂ ਨੂੰ ਪਰਤ ਗਈਆਂ। ਮੀਂਹ ਤਾਂ ਨਹੀਂ ਪਿਆ ਪਰ ਅੱਜ ਸੱਥ ਵਿਚ ਲੱਗਭਗ ਵੀਹ ਸਾਲ ਪਹਿਲਾਂ ਸ਼ੁਰੂ ਹੋਈ ਭਿਆਨਕ ਕਹਾਣੀ ਸ਼ੁਰੂ ਹੋ ਗਈ। ਉਦੋਂ ਇਹ ਦਰਵੇਸ਼ ਬੱਲੀ ਬਾਬਾ ਨਹੀਂ ਸਗੋਂ ਬਲਦੇਵ ਜਾਂ ਸਿਰਫ ਬੱਲੀ ਹੀ ਸੀ। ਵਕਤ ਪਿੱਛੇ ਮੁੜ ਗਿਆ।

ਭਿਆਨਕ ਸੜਕ ਹਾਦਸੇ ਨੇ ਨਿਗਲੇ ਬਾਪੂ ਤੇ ਬੇਬੇ ਦੀਆਂ ਵਿਹੜੇ ਵਿਚ ਰੱਖੀਆਂ ਲਾਸ਼ਾਂ ਦੇ ਵਿਚਕਾਰ ਹਾਲੋਂ-ਬੇਹਾਲ ਹੋਇਆ ਚੀਕਾਂ ਮਾਰਦਾ ਨਿੱਕਾ ਜਿਹਾ ਬੱਲੀ ਅਤੇ ਭੂਆ ਦੇ ਗੋਡੇ ਨੂੰ ਚਿੰਬੜੀ ਹੋਈ ਡੌਰ-ਭੌਰ ਹੋਈ ਬੇਸਮਝ ਪਾਲੋ ਮਾਪਿਆਂ ਵਾਹਰੇ ਹੋ ਗਏ ਸਨ। ਬੱਲੀ ਰਿਸ਼ਤੇਦਾਰਾਂ ਤੇ ਆਂਢੀਆਂ-ਗੁਆਂਢੀਆਂ ਵਿਚ ਘਿਰਿਆ ਬੈਠਾ ਸੀ। ਹਰ ਕੋਈ ਉਸ ਨੂੰ ਦਿਲਾਸਾ ਦੇ ਰਿਹਾ ਸੀ। ਐਨਾ ਇਕੱਠ ਹੋਣ ਦੇ ਬਾਵਜੂਦ ਉਸ ਨੂੰ ਆਪਣਾ ਘਰ ਖਾਲੀ ਹੋ ਗਿਆ ਲਗਦਾ ਸੀ। ਉਹ ਤਾਂ ਬੱਸ ਆਲੇ-ਦੁਆਲੇ ਤੋਂ ਆ ਰਹੀਆਂ ਹਦਾਇਤਾਂ ਦੀ ਪੁਤਲੀ ਵਾਂਗ ਪਾਲਣਾ ਕਰੀ ਜਾ ਰਿਹਾ ਸੀ। ਸਸਕਾਰ ਦੀ ਤਿਆਰੀ ਹੋ ਗਈ। ਜਦੋਂ ਚਿਣੀਆਂ ਲੱਕੜਾਂ 'ਤੇ ਰੱਖੀਆਂ ਲਾਸ਼ਾਂ ਨੂੰ ਅਗਨੀ ਦੇਣ ਲਈ ਉਸ ਨੂੰ ਮੂਹਰੇ ਕੀਤਾ ਤਾਂ ਉਸ ਦੀਆਂ ਚੀਕਾਂ ਨਿੱਕਲ ਗਈਆਂ, "ਓਏ ਨਾ ਓਏ, ਹਾਏ ਓਏ, ਇਹ ਤਾਂ ਮੱਚ ਜਾਣਗੇ।" ਭੋਲੀ ਜਿਹੀ ਅਵਾਜ਼ ਨੇ ਸਾਰੇ ਇਕੱਠ ਨੂੰ ਬੇਹੱਦ ਭਾਵੁਕ ਕਰ ਦਿੱਤਾ ਪਰ ਰਸਮਾਂ ਤਾਂ ਰਸਮਾਂ ਨੇ, ਨਿਭਾਉਣੀਆਂ ਸੀ, ਨਿਭਦੀਆਂ ਗਈਆਂ।

ਭੋਗ ਤੱਕ ਤਾਂ ਆਂਢ-ਗੁਆਂਢ, ਸ਼ਰੀਕੇ-ਕਬੀਲੇ ਤੇ ਰਿਸ਼ਤੇਦਾਰਾਂ ਦੇ ਆਉਣ-ਜਾਣ ਨੇ ਬੱਲੀ ਨੂੰ ਕੁਝ ਢਾਰਸ ਦੇਈ ਰੱਖੀ ਪਰ ਭੋਗ ਤੋਂ ਬਾਅਦ ਹਰ ਕੋਈ ਇਹ ਸਿੱਖਿਆ ਦਿੰਦੇ ਤੁਰ ਗਿਆ, "ਲੈ ਭਾਈ ਬਲਦੇਵ ਸਿਆਂ, ਹੁਣ ਵੱਡੀ ਜ਼ਿੰਮੇਵਾਰੀ ਆ ਪਈ ਐ ਤੇਰੇ 'ਤੇ, ਸਿਆਣਾ ਬਣੀਂ। ਜੁਆਕੜੀ ਵੀ ਪਾਲਣੀ ਐ।" ਉਸ ਨੂੰ ਅਹਿਸਾਸ ਹੋ ਗਿਆ ਕਿ ਸੱਚਮੁੱਚ ਹੀ ਹੁਣ ਵੱਡੀ ਜ਼ਿੰਮੇਵਾਰੀ ਆ ਪਈ ਹੈ। ਆਪਣੇ ਬਸਤੇ ਵਿਚੋਂ ਤੀਜੀ ਵਾਲੀਆਂ ਕਿਤਾਬਾਂ ਕੱਢ ਕੇ ਪਹਿਲੀ ਵਾਲਾ ਕੈਦਾ ਪਾ ਦਿੱਤਾ। ਪਹਿਲੇ ਦਿਨ ਪਾਲੋ ਨੂੰ ਉਂਗਲ ਫੜ ਜਦ ਉਹ ਸਕੂਲ ਲੈ ਕੇ ਗਿਆ ਤਾਂ ਆਪਣੇ ਜਮਾਤੀਆਂ ਤੋਂ ਨਜ਼ਰ ਬਚਾਉਂਦੇ ਹੋਏ ਸਿੱਧਾ ਅਧਿਆਪਕਾਂ ਵੱਲ ਹੋ ਗਿਆ।

"ਆ ਬਈ ਬਲਦੇਵ, ਬੜੀ ਮਾੜੀ ਹੋਈ।" ਇੱਕ ਅਧਿਆਪਕ ਨੇ ਹਮਦਰਦੀ ਜ਼ਾਹਿਰ ਕੀਤੀ। ਬੱਲੀ ਤੋਂ ਕੁਝ ਵੀ ਬੋਲ ਨਾ ਹੋਇਆ, ਬੱਸ ਸਿਰ ਹਿਲਾ ਕੇ ਨੀਵੀਂ ਪਾ ਲਈ।

"ਹੁਣ ਫੇਰ ਇਹਨੂੰ ਵੀ ਦਾਖਲ ਕਰਾਉਣ ਅਇਐਂ?"

"ਜੀ...ਹਾਂ।" ਬੱਲੀ ਦੇ ਮੂਹੋਂ ਮਸਾਂ ਨਿੱਕਲਿਆ।

"ਦੇਖ ਬਲਦੇਵ, ਇਹਨੂੰ ਤਾਂ ਦਾਖਲ ਕਰ ਹੀ ਲੈਨੇ ਆਂ, ਤੂੰ ਵੀ ਸਕੂਲ ਆਇਆ ਕਰ। ਅਸੀਂ ਤੇਰਾ ਨਾਂ ਨੀ ਕੱਟਿਆ। ਘੱਟੋ-ਘੱਟ ਅੱਠ ਜਮਾਤਾਂ ਤਾਂ ਇਥੇ ਪਿੰਡ ਈ ਹੋ ਜਾਣੀਆਂ ਨੇ।" ਅਧਿਆਪਕ ਨੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਬੱਸ ਜੀ ਹੁਣ...ਕਿੱਥੇ...।" ਬੱਲੀ ਨੇ ਅੱਖਾਂ ਭਰ ਲਈਆਂ। ਦਾਖਲੇ ਵਾਲੇ ਫਾਰਮ 'ਤੇ ਦਸਤਖਤ ਕਰ ਕੇ ਉਹ ਡਰੀ ਖੜ੍ਹੀ ਪਾਲੋ ਦੇ ਕੰਨ ਵਿਚ ਕੁਝ ਕਹਿ ਕੇ ਜਲਦੀ ਨਾਲ ਸਕੂਲੋਂ ਬਾਹਰ ਹੋ ਗਿਆ। ਬੱਸ ਫੇਰ ਪਾਲੋ ਨੂੰ ਖੁਆ ਪਿਆ ਕੇ ਉਂਗਲ ਲਾ ਸਕੂਲ ਛੱਡਣਾ ਅਤੇ ਛੁੱਟੀ ਵੇਲੇ ਉਸ ਨੂੰ ਲੈ ਕੇ ਆਉਣਾ, ਉਸ ਦਾ ਨਿੱਤ-ਨੇਮ ਬਣ ਗਿਆ। ਦਿਨ ਮਹੀਨੇ ਸਾਲ ਬੀਤਦੇ ਗਏ, ਬੱਲੀ ਉਡਾਰ ਹੋਣ ਦੇ ਨਾਲ-ਨਾਲ ਹੋਰ ਸਿਆਣਾ ਤੇ ਜ਼ਿੰਮੇਵਾਰ ਹੁੰਦਾ ਗਿਆ। ਮਾਮਾ-ਭੂਆ ਵੀ ਸਹਾਰਾ ਦਿੰਦੇ ਰਹੇ। ਹੌਲੀ-ਹੌਲੀ ਘਰ ਅਤੇ ਖੇਤ, ਦੋਹਾਂ ਦਾ ਜ਼ਿੰਮਾ ਬੱਲੀ ਨੇ ਪੂਰੀ ਤਰ੍ਹਾਂ ਸਾਂਭ ਲਿਆ। ਉਸ ਨੂੰ ਚੌਵੀ ਘੰਟੇ ਪਾਲੋ ਦਾ ਫਿਕਰ ਰਹਿੰਦਾ। ਕਿਸੇ ਗੱਲੋਂ ਵੀ ਪਾਲੋ ਨੂੰ ਕੋਈ ਘਾਟ ਮਹਿਸੂਸ ਨਾ ਹੋਣ ਦਿੱਤੀ। ਆਪਣਾ ਭਰਿਆ ਮਨ ਅੰਦਰ ਵੜ ਕੇ ਹੌਲਾ ਕਰ ਲੈਂਦਾ ਪਰ ਪਾਲੋ ਨੂੰ ਕਦੇ ਬੇਬੇ-ਬਾਪੂ ਦਾ ਚੇਤਾ ਨਾ ਆਉਣ ਦਿੰਦਾ। ਬੱਲੀ ਭਾਵੇਂ ਉਸ ਨੂੰ ਕੰਮ ਕਰਨੋਂ ਵਰਜਦਾ, ਫੇਰ ਵੀ ਪਾਲੋ ਘਰ ਦੇ ਨਿੱਕੇ ਮੋਟੇ ਕੰਮਾਂ ਨੂੰ ਹੱਥ ਪਾਉਣ ਲੱਗ ਪਈ। ਭਰਾ ਦੇ ਘਰ ਆਉਣ ਤੋਂ ਪਹਿਲਾਂ-ਪਹਿਲਾਂ ਛੋਟੇ-ਮੋਟੇ ਕਈ ਕੰਮ ਨਿਪਟਾ ਛੱਡਦੀ। ਉਹ ਉਸ ਨਾਲ ਗੁੱਸੇ ਤਾਂ ਹੁੰਦਾ ਪਰ ਅੰਦਰੋਂ-ਅੰਦਰੀ ਖੁਸ਼ ਵੀ ਹੁੰਦਾ। ਨਿੱਕੀ ਭੈਣ ਜ਼ਿੰਮੇਵਾਰੀਆਂ ਸੰਭਾਲਦੀ ਉਸ ਨੂੰ ਚੰਗੀ ਲਗਦੀ। ਪਾਲੋ ਨੇ ਅੱਠਵੀਂ ਪਾਸ ਕਰ ਲਈ, ਨੌਵੀਂ ਵਿਚ ਲਾਗਲੇ ਪਿੰਡ ਜਾਣਾ ਪੈਣਾ ਸੀ। ਬੱਲੀ ਪਾਲੋ ਨੂੰ ਬਿਗਾਨੇ ਪਿੰਡ ਪੜ੍ਹਨ ਭੇਜਣ ਤੋਂ ਡਰਦਾ ਸੀ। ਪਾਲੋ ਵੀ ਉਸ ਦਾ ਮਨ ਸਮਝਦੀ ਹੋਈ ਆਪਣੇ ਵੀਰ 'ਤੇ ਕਿਸੇ ਕਿਸਮ ਦਾ ਬੋਝ ਨਹੀਂ ਸੀ ਪਾਉਣਾ ਚਾਹੁੰਦੀ। ਵਕਤ ਨੇ ਉਮਰੋਂ ਵੱਧ ਪਾਲੋ ਨੂੰ ਸਿਆਣੇ ਬਣਾ ਦਿੱਤਾ। ਥੋੜ੍ਹੇ ਹੀ ਅਰਸੇ ਵਿਚ ਉਸ ਨੇ ਤਾਂ ਘਰ ਦੀ ਨੁਹਾਰ ਹੀ ਬਦਲ ਦਿੱਤੀ। ਭਰਾ, ਭੈਣ ਦੀ ਕਿਸੇ ਮੰਗ ਨੂੰ ਅਣਗੌਲਿਆ ਨਹੀਂ ਸੀ ਕਰਦਾ। ਖੇਤੀ ਭਾਵੇਂ ਥੋੜ੍ਹੀ ਸੀ ਪਰ ਬੱਲੀ ਦੀ ਸਿਆਣਪ ਅਤੇ ਮਿਹਨਤ ਸਦਕਾ ਚੰਗਾ ਗੁਜ਼ਾਰਾ ਹੋਣ ਲੱਗ ਪਿਆ ਸੀ।

ਇੱਕ ਦਿਨ ਬੱਲੀ ਦੇ ਮਾਮੇ ਨੇ ਉਸ ਨਾਲ ਗੱਲ ਚਲਾਈ, "ਕਿਉਂ ਭਾਣਜੇ, ਆਪਾਂ ਹੁਣ ਤੇਰਾ ਵਿਆਹ-ਵਿਊ ਈ ਨਾ ਕਰ ਲੀਏ?"



"ਨਹੀਂ ਮਾਮਾ ਹਾਲੇ ਕਿੱਥੇ? ਪਹਿਲਾਂ ਆਪਾਂ ਪਾਲੋ ਦਾ ਵਿਆਹ ਕਰਾਂਗੇ, ਫੇਰ ਦੇਖੀ ਜਾਊ।"

"ਚੱਲ ਫੇਰ ਆਪਾਂ ਪਾਲੋ ਵਾਸਤੇ ਈ ਕੋਈ ਥਾਂ ਦੇਖ ਲੈਨੇ ਆਂ?" ਮਾਮੇ ਨੇ ਸਲਾਹ ਦਿੱਤੀ।

"ਪਰ ਮਾਮਾ, ਉਹ ਤਾਂ ਹਾਲੇ ਬਹੁਤੀ ਨਿਆਣੀ ਐ। ਹਾਲੇ ਉਹਨੂੰ ਕਿਹੜੀ ਅਕਲ ਐ ਵਿਆਹ ਦੀ?"

"ਨਹੀਂ ਭਾਣਜੇ, ਕੁੜੀਆਂ ਜਿੰਨਾ ਛੇਤੀ ਆਵਦੇ ਘਰ ਜਾਣ, ਓਨਾ ਈ ਚੰਗਾ ਹੁੰਦੈ, ਚਿੰਤਾ ਮੁੱਕਦੀ ਐ। ਨਾਲੇ ਸੁੱਖ ਨਾਲ ਉਨੀ-ਵੀਹ ਦੀ ਤਾਂ ਹੋ ਈ ਗਈ ਆ।" ਮਾਮੇ ਨੇ ਸਮਝਾਇਆ।

"ਚੱਲ ਠੀਕ ਐ ਮਾਮਾ, ਜਿਮੇਂ ਤੇਰੀ ਮਰਜ਼ੀ ਪਰ ਸਾਰਾ ਕੁਸ ਤੂੰ ਹੀ ਕਰਨਾ।" ਬੱਲੀ ਨੂੰ ਮਾਮੇ ਦੀ ਗੱਲ ਜਚ ਗਈ ਸੀ।

"ਓਏ ਤੂੰ ਚਿੰਤਾ ਨਾ ਕਰ ਭਾਣਜੇ। ਆਪਾਂ ਰਲ-ਮਿਲ ਕੇ ਸਭ ਕੁਸ ਕਰ ਲਾਂ'ਗੇ। ਸਾਡੇ ਨਾਲ ਦੇ ਪਿੰਡ ਇੱਕ ਮੁੰਡੇ ਦੀ ਦੱਸ ਪਈ ਸੀ ਕੇਰਾਂ। ਉਹਦਾ ਪਤਾ ਕਰਦੇ ਆਂ। ਕੱਲਾ ਮੁੰਡੈ, ਜ਼ਮੀਨ ਜਾਇਦਾਦ ਵੀ ਤਕੜੀ ਐ। ਜੇ ਬਹੁਤਾ ਮੂੰਹ ਨਾ ਅੱਡਣ?"

"ਕੋਈ ਨਾ ਮਾਮਾ, ਜੇ ਕੋਈ ਮੰਗ ਵੀ ਹੋਊ ਤਾਂ ਆਪਾਂ ਪੂਰੀ ਕਰ ਦਾਂ'ਗੇ। ਬੱਸ ਬੰਦੇ ਚੰਗੇ ਹੋਣ। ਪਾਲੋ ਸੁਖੀ ਵਸੇ, ਖਰਚ ਦਾ ਕੀ ਐ, ਆਪਾਂ ਕਰ ਦਿਆਂਗੇ।"

ਮਾਮਾ ਤਾਂ ਸਲਾਹ ਕਰ ਕੇ ਚਲਿਆ ਗਿਆ ਪਰ ਬੱਲੀ ਦਾ ਮਨ ਉਚਾਟ ਜਿਹਾ ਹੋ ਗਿਆ।

"ਕਿਉਂ ਬਾਈ, ਅੱਜ ਸੁਸਤ ਜਿਹਾ ਕਿਉਂ ਐਂ?" ਪਾਲੋ ਨੇ ਅਚਾਨਕ ਪੁੱਛ ਲਿਆ।

"ਨਹੀਂ ਨਹੀਂ, ਤੈਨੂੰ ਐਵੇਂ ਈ ਲੱਗਿਆ, ਮੈਂ ਤਾਂ ਠੀਕ-ਠਾਕ ਆਂ, ਜਾਹ ਤੂੰ ਰੋਟੀ ਲੈ ਕੇ ਆ।" ਗੱਲ ਟਾਲ ਕੇ, ਕੁਝ ਸੰਭਲਦਾ ਹੋਇਆ ਬੱਲੀ ਝੱਟ ਬੋਲਿਆ।

ਪਾਲੋ ਭਾਵੇਂ ਕੁਝ ਨਾ ਬੋਲੀ ਪਰ ਉਸ ਨੂੰ ਫਿਕਰ ਜਿਹਾ ਹੋ ਗਿਆ। ਪਾਲੋ ਜਦ ਰੋਟੀ ਲੈ ਕੇ ਆਈ ਤਾਂ ਉਸ ਬੱਲੀ ਨੂੰ ਫੇਰ ਪੁੱਛਿਆ, "ਬਾਈ ਤੂੰ ਦੱਸ ਨਾ ਦੱਸ, ਅੱਜ ਕੋਈ ਗੱਲ ਜ਼ਰੂਰ ਐ।"

"ਗੱਲ ਨੂੰ ਕੀ ਐ। ਬਹਿ ਜਾ, ਸੁਣ ਲੈ। ਮਾਮਾ ਅੱਜ ਤੇਰੇ ਵਿਆਹ ਦੀ ਗੱਲ ਚਲਾਉਂਦਾ ਸੀ।" ਅੱਖਾਂ ਭਰ ਕੇ ਬੱਲੀ ਮਸਾਂ ਬੋਲਿਆ।

"ਹੈਅ...ਨਾ ਬਾਈ ਨਾ, ਪਹਿਲਾਂ ਆਪਾਂ ਭਾਬੀ ਲੈ ਕੇ ਆਵਾਂਗੇ, ਫੇਰ ਦੇਖੀ ਜਾਊਗੀ।" ਪਾਲੋ ਲਾਡ ਨਾਲ ਬੱਲੀ ਦੇ ਸਿਰ ਤੇ ਹੱਥ ਮਾਰ ਕੇ ਚਲੀ ਗਈ।

ਬੱਲੀ ਉਸ ਵੱਲ ਦੇਖਦਾ ਹੋਇਆ ਸੋਚਾਂ ਵਿਚ ਡੁੱਬ ਗਿਆ। ਅੱਜ ਵੱਡੀ ਰਾਤ ਤੱਕ ਉਸ ਦੀ ਅੱਖ ਨਾ ਲੱਗੀ।

ਹਫਤੇ ਕੁ ਪਿੱਛੋਂ ਮਾਮਾ ਮੁੰਡੇ ਵਾਲਿਆਂ ਦਾ ਪਤਾ-ਸੁਤਾ ਕਰ ਕੇ ਫੇਰ ਆ ਗਿਆ। ਉਹ ਗੱਲ ਲੱਗਭੱਗ ਪੱਕੀ ਹੀ ਕਰ ਅਇਆ ਸੀ, ਫੇਰ ਵੀ ਉਸ ਨੇ ਬੱਲੀ ਨਾਲ ਸਲਾਹ ਕਰਨੀ ਜ਼ਰੂਰੀ ਸਮਝੀ। ਉਸ ਨੇ ਗੱਲ ਛੇੜੀ ਤਾਂ ਬੱਲੀ ਨੇ ਬੱਸ ਏਨਾ ਹੀ ਕਿਹਾ, "ਦੇਖ ਮਾਮਾ, ਮੈਨੂੰ ਨੀ ਕੁਸ ਪਤਾ। ਜੇ ਤੈਨੂੰ ਠੀਕ ਲੱਗਦੈ ਤਾਂ ਬੱਸ ਠੀਕ ਐ। ਮੈਨੂੰ ਤਾਂ ਦੱਸੀ ਜਾਈਂ, ਜਿਵੇਂ ਕਹੇਂਗਾ, ਮੈਂ ਕਰੀ ਜਾਊਂ।"

"ਇਹ ਤਾਂ ਠੀਕ ਐ ਪਰ ਰਾਏ ਕਰਨੀ ਤਾਂ ਜ਼ਰੂਰੀ ਹੁੰਦੀ ਐ। ਬੱਸ ਵਿਆਹ ਛੇਤੀ ਮੰਗਦੇ ਐ। ਨਾਲੇ ਕੁਸ ਮੰਨ-ਮਨੌਤੀਆਂ ਵੀ ਕਰਾਉਣਗੇ।" ਮਾਮੇ ਨੇ ਅਗਲੀ ਗੱਲ ਤੋਰੀ।

"ਤਾਂ ਕੀ ਐ, ਆੜ੍ਹਤੀਏ ਤੋਂ ਮੂਹਰੇ ਫੜ ਲਾਂ'ਗੇ। ਚੰਗਾ ਸਾਕ ਨਾ ਹੱਥੋਂ ਨਿੱਕਲ ਜੇ।" ਬੱਲੀ ਨੇ ਝੱਟ ਸਕੀਮ ਬਣਾ ਲਈ।

ਮੁੰਡੇ ਵਾਲਿਆਂ ਦੀਆਂ ਮੰਗਾਂ ਮੰਨ ਕੇ ਵਿਆਹ ਰੱਖ ਦਿੱਤਾ। ਪਾਲੋ ਨੂੰ ਵੀ ਸਾਰੀ ਬਿੜਕ ਲੱਗੀ ਤਾਂ ਜਾਂਦੀ ਸੀ ਪਰ ਉਹ ਬੇਵੱਸ ਸੀ ਅਤੇ ਵੀਰੇ ਦੀ ਗੱਲ ਨਹੀਂ ਸੀ ਮੋੜ ਸਕਦੀ। ਉਸ ਮਗਰੋਂ ਬੱਲੀ ਦਾ ਇਕੱਲਾ ਰਹਿ ਜਾਣਾ ਉਸ ਨੂੰ ਬਹੁਤ ਦੁਖੀ ਕਰਦਾ ਸੀ। ਓਧਰ ਬੱਲੀ ਦਾ ਵੀ ਬੁਰਾ ਹਾਲ ਸੀ। ਅਕਸਰ ਉਹ ਪਾਲੋ ਤੋਂ ਜਾਣ-ਬੁੱਝ ਕੇ ਪਾਸਾ ਵੱਟਣ ਲੱਗ ਗਿਆ ਸੀ। ਮਾੜੀ-ਮੋਟੀ ਗੱਲ ਕਰਕੇ ਉਹ ਉਸ ਕੋਲੋਂ ਭਰੀਆਂ ਅੱਖਾਂ ਲਕੋ ਕੇ, ਬਹਾਨਾ ਜਿਹਾ ਬਣਾ ਕੇ ਖਿਸਕ ਜਾਂਦਾ। ਵਿਆਹ ਦੀ ਸਾਰੀ ਤਿਆਰੀ ਦਾ ਭਾਰ ਮਾਮੇ, ਭੂਆ ਤੇ ਹੋਰ ਮਿੱਤਰਾਂ-ਦੋਸਤਾਂ ਨੇ ਵੰਡਾ ਲਿਆ ਸੀ।

ਵਿਆਹ ਦਾ ਦਿਨ ਆਇਆ ਤਾਂ ਘਰ ਵਿਚ ਰੌਣਕਾਂ ਲੱਗ ਗਈਆਂ। ਮਾਮੇ ਤੇ ਭੂਆ ਦੀਆਂ ਸੁਚੇਤ ਰੂਪ ਵਿਚ ਕੀਤੀਆਂ ਕੋਸ਼ਿਸ਼ਾਂ ਦੇ ਬਾਵਜੂਦ ਸਾਰੀਆਂ ਰਸਮਾਂ 'ਤੇ ਬੇਬੇ ਬਾਪੂ ਦੀ ਅਣਹੋਂਦ ਦਾ ਪ੍ਰਛਾਵਾਂ ਛਾਇਆ ਰਿਹਾ। ਅੱਖਾਂ ਭਰਦੀਆਂ ਤੇ ਸੁੱਕਦੀਆਂ ਰਹੀਆਂ। ਜੰਞ ਢੁੱਕੀ, ਮਿਲਣੀਆਂ ਹੋਈਆਂ, ਅਨੰਦ ਕਾਰਜ ਹੋਏ, ਭੰਗੜੇ ਪਏ। ਮੁੰਡੇ ਦੇ ਮਾਮਿਆਂ, ਫੁੱਫੜਾਂ, ਮਾਸੜਾਂ, ਚਾਚੇ-ਤਾਇਆਂ ਸਭਨਾਂ ਦੀ ਮੰਗ ਅਨੁਸਾਰ ਮੰਨ-ਮਨੌਤੀ ਹੋਈ। ਡੋਲੀ ਵਿਦਾ ਕਰਨ ਦੀ ਤਿਆਰੀ ਹੋ ਗਈ।

ਮਨ ਤਾਂ ਬੱਲੀ ਦਾ ਸਵੇਰ ਤੋਂ ਹੀ ਕਈ ਵਾਰੀ ਡੋਲਿਆ ਸੀ ਪਰ ਜ਼ਿੰਮੇਵਾਰੀ ਦੇ ਅਹਿਸਾਸ ਨੇ ਉਸ ਨੂੰ ਤਕੜਾ ਕਰੀ ਰੱਖਿਆ। ਜਦ ਪਾਲੋ ਨੇ ਵਿਦਾ ਹੋਣ ਵੇਲੇ ਉਸ ਦੇ ਗਲ ਚਿੰਬੜ ਕੇ ਚੀਕ ਮਾਰੀ, "ਬਾਈ...ਤੂੰ ਤਾਂ ਹੁਣ ਕੱਲਾ...ਰਹਿ ਗਿਆ।" ਬੱਲੀ ਨੇ ਉਸ ਦੇ ਸਿਰ ਨੂੰ ਬੁੱਕਲ ਵਿਚ ਘੁੱਟ ਲਿਆ, ਮਨ ਦੇ ਨਾਲ ਅੱਖਾਂ ਵੀ ਭਰ ਆਈਆਂ ਪਰ ਨਿੱਕੀ ਭੈਣ ਸਾਹਮਣੇ ਉਹ ਕਮਜ਼ੋਰੀ ਜ਼ਾਹਿਰ ਨਹੀਂ ਸੀ ਹੋਣ ਦੇਣਾ ਚਾਹੁੰਦਾ। ਡੋਲੀ ਵਾਲੀ ਗੱਡੀ ਨੂੰ ਅਣਮੰਨੇ ਮਨ ਨਾਲ ਦੋਨਾਂ ਹੱਥਾਂ ਨਾਲ ਧੱਕਾ ਲਾ ਕੇ ਵਿਦਾ ਕਰਨ ਪਿੱਛੋਂ, ਉਸ ਦੇ ਮਸਾਂ ਡੱਕ ਕੇ ਰੱਖੇ ਮਨ ਵਿਚੋਂ ਭੁੱਬਾਂ ਦਾ ਹੜ੍ਹ ਵਗ ਤੁਰਿਆ ਸੀ। ਉਹ ਧਾਹਾਂ ਮਾਰਦਾ ਝੱਲਿਆ ਨਹੀਂ ਸੀ ਜਾਂਦਾ। ਮਾਂ-ਪਿਓ ਦੀ ਅਣਹੋਂਦ ਉਸ ਦੇ ਦਿਲ-ਦਿਮਾਗ 'ਤੇ ਬੁਰੀ ਤਰ੍ਹਾਂ ਭਾਰੂ ਸੀ। ਭੂਆ ਨੇ ਆਪਣੀਆਂ ਅੱਖਾਂ ਨੂੰ ਪੂੰਝਦੇ ਹੋਏ ਉਸ ਨੂੰ ਬੁੱਕਲ ਵਿਚ ਲੈ ਕੇ ਹੌਂਸਲਾ ਦਿੱਤਾ। ਹੋਰਨਾਂ ਰਿਸ਼ਤੇਦਾਰਾਂ, ਮਿੱਤਰਾਂ-ਦੋਸਤਾਂ ਨੇ ਵੀ ਮੋਢਾ ਥਾਪੜਿਆ। ਉਸ ਨੇ ਬਹੁਤ ਜ਼ੋਰ ਲਾ ਕੇ ਆਪਣੇ ਆਪ ਨੂੰ ਕੁਝ ਸੰਭਾਲਿਆ ਤੇ ਸਭ ਤੋਂ ਅੱਖ ਬਚਾ ਕੇ ਬਾਹਰਲੀ ਬੈਠਕ ਵਿਚ ਜਾ ਵੜਿਆ ਅਤੇ ਬਾਰ ਝੰਬ ਕੇ ਖਾਲੀ ਮੰਜੇ 'ਤੇ ਜਾ ਡਿੱਗਿਆ। ਪਾਲੋ ਦੀਆਂ ਆਪਣੀ ਅਮੜੀ ਤੇ ਬਾਬਲ ਨੂੰ ਮਾਰੀਆਂ ਆਵਾਜ਼ਾਂ ਉਸ ਦੇ ਕੰਨਾਂ ਵਿਚ ਗੂੰਜਣ ਲੱਗੀਆਂ। ਜ਼ਬਰਦਸਤੀ ਬੰਨ੍ਹ ਮਾਰੇ ਜਜ਼ਬਾਤ ਦਾ ਹੜ੍ਹ ਇੱਕ ਵਾਰੀ ਫੇਰ ਬੁਰੀ ਤਰ੍ਹਾਂ ਵਹਿ ਤੁਰਿਆ। ਉਸ ਦੇ ਮਾਮੇ ਨੇ ਸਾਰਾ ਧਿਆਨ ਉਸ ਵੱਲ ਹੀ ਰੱਖਿਆ ਸੀ। ਬੈਠਕ ਦਾ ਬਾਰ ਖੋਲ੍ਹਦੇ ਹੋਏ ਮਾਮੇ ਨੇ ਬੱਲੀ ਨੂੰ ਬੁੱਕਲ ਵਿਚ ਲੈ ਲਿਆ। ਦੋਹਾਂ ਨੇ ਹੰਝੂਆਂ ਹਉਕਿਆਂ ਨਾਲ ਮਨ ਹੌਲੇ ਕੀਤੇ ਅਤੇ ਬਾਹਰ ਨਿੱਕਲ ਫੇਰ ਜ਼ਿੰਮੇਵਾਰੀਆਂ ਨਿਭਾਉਣ ਲੱਗ ਪਏ।

ਅਗਲੇ ਦਿਨ ਪਾਲੋ ਅਤੇ ਪ੍ਰਾਹੁਣਾ ਫੇਰੀ ਪਾਉਣ ਆਏ ਤਾਂ ਅੰਦਰ ਵੜਨ ਸਾਰ ਪਾਲੋ ਤਾਂ ਭੱਜ ਕੇ ਬਲੀ ਨੂੰ ਜਾ ਚਿੰਬੜੀ। ਦੋਹਾਂ ਦੀਆਂ ਅੱਖਾਂ ਨਮ ਹੋਈਆਂ ਪਰ ਪਾਲੋ ਦੇ ਚਿਹਰੇ 'ਤੇ ਖੁਸ਼ੀ ਦੀ ਰੌਣਕ ਦੇਖ ਕੇ ਬੱਲੀ ਦੇ ਮਨ ਨੂੰ ਤਸੱਲੀ ਜਿਹੀ ਹੋ ਗਈ। ਪਾਲੋ ਤੇ ਪ੍ਰਾਹੁਣੇ ਦੇ ਜਾਣ ਪਿੱਛੋਂ ਭੂਆ ਤੇ ਮਾਮੇ ਨੂੰ ਛੱਡ ਬਾਕੀ ਮੇਲ-ਗੇਲ ਵੀ ਵਾਰੀ ਵਾਰੀ ਵਿਦਾ ਹੋ ਗਿਆ। ਬੱਲੀ ਰਹਿੰਦੇ ਕੰਮ ਨਿਬੇੜਨ 'ਚ ਰੁੱਝਿਆ ਰਿਹਾ। ਰਾਤ ਨੂੰ ਉਹ ਮੰਜਿਆਂ 'ਤੇ ਪੈ ਤਾਂ ਗਏ ਪਰ ਥੱਕਿਆ ਹੋਣ ਦੇ ਬਾਵਜੂਦ ਨੀਂਦ ਬੱਲੀ ਦੇ ਨੇੜੇ-ਤੇੜੇ ਵੀ ਨਾ ਆਈ। ਅੱਚਵੀ ਜਿਹੀ ਲੱਗੀ ਰਹੀ। ਅਖੀਰ ਉਸ ਤੋਂ ਰਿਹਾ ਨਾ ਗਿਆ, "ਮਾਮਾ, ਭਲਾ ਪਾਲੋ ਤੈਨੂੰ ਖੁਸ਼ ਤਾਂ ਲੱਗੀ?" ਮਾਮੇ ਨੂੰ ਉਸ ਦੀ ਹਾਲਤ ਦਾ ਪਹਿਲਾਂ ਹੀ ਪਤਾ ਸੀ।

"ਖੁਸ਼ ਕਿਉਂ ਨੀ ਹੋਊ ਭਾਣਜੇ। ਸੋਹਣਾ-ਸੁਨੱਖਾ ਮੁੰਡੈ, ਘਰ-ਬਾਰ ਵਧੀਆ ਬਣਿਆ ਹੋਇਐ। ਹੋਰ ਕੁੜੀਆਂ ਨੂੰ ਚਾਹੀਦਾ ਵੀ ਕੀ ਐ? ਨਾਲੇ ਆਪਾਂ ਕਿਹੜਾ ਕੋਈ ਕਸਰ ਛੱਡੀ ਐ।" ਮਾਮੇ ਦੇ ਬੋਲਾਂ ਨਾਲ ਬੱਲੀ ਦੀ ਸੰਤੁਸ਼ਟੀ ਹੋ ਗਈ ਤੇ ਉਸ ਦਾ ਮਨ ਸ਼ਾਂਤ ਹੋ ਗਿਆ।

"ਲੱਗਿਆ ਤਾਂ ਮੈਨੂੰ ਵੀ ਏਕਣ ਈ ਐ।" ਕਹਿੰਦਾ ਹੋਇਆ ਬੱਲੀ ਪਾਸਾ ਮਾਰ ਕੇ ਸੁਪਨਿਆਂ ਵਿਚ ਜਾ ਵੜਿਆ।

ਵਿਆਹ ਦੇ ਮਾਹੌਲ 'ਚੋਂ ਨਿੱਕਲ ਸਮਾਂ ਆਪਣੀ ਚਾਲ ਚੱਲਣ ਲੱਗਿਆ ਪਰ ਬੱਲੀ ਦਾ ਮਨ ਕਿਸੇ ਕੰਮ ਵਿਚ ਨਾ ਖੁੱਭਦਾ। ਘਰ ਸੁੰਨਾ-ਸੁੰਨਾ ਲਗਦਾ, ਬਿੰਦੇ-ਝੱਟੇ ਪਾਲੋ ਦੀਆਂ ਬਿੜਕਾਂ ਜਿਹੀਆਂ ਆਈ ਜਾਂਦੀਆਂ। ਇੱਕ ਦਿਨ ਉਹ ਮਨ ਬਣਾ ਕੇ ਪਾਲੋ ਨੂੰ ਮਿਲਣ ਚਲਾ ਗਿਆ। ਸਾਰੇ ਪਰਿਵਾਰ ਨੇ ਉਸ ਦਾ ਪੂਰਾ ਆਦਰ ਮਾਣ ਕੀਤਾ। ਉਸ ਦਾ ਮਨ ਪਾਲੋ ਨੂੰ ਇਕੱਲਿਆਂ ਮਿਲਣ ਨੂੰ ਕਰਦਾ ਸੀ ਪਰ ਮੌਕਾ ਹੀ ਨਾ ਮਿਲਿਆ। ਵਾਪਸ ਆ ਕੇ ਉਹ ਕੰਮਾਂ-ਕਾਰਾਂ ਵਿਚ ਰੁੱਝ ਗਿਆ। ਕਦੇ ਕਦੇ ਉਸ ਦਾ ਮਨ ਪਾਲੋ ਨਾਲ ਗੱਲਾਂ ਕਰਨ ਲਈ ਤਰਸਦਾ। ਪਾਲੋ ਨੇ ਵੀ ਕਈ ਵਾਰ ਪਿੰਡ ਜਾਣ ਦੀ ਇੱਛਾ ਜਤਾਈ ਪਰ ਸਿੱਟਾ ਟਾਲ-ਮਟੋਲ ਹੀ ਨਿੱਕਲਦਾ ਰਿਹਾ। ਬੱਲੀ ਦਾ ਜਦੋਂ ਵੀ ਮਨ ਉਚਾਟ ਹੁੰਦਾ, ਉਹ ਪਾਲੋ ਨੂੰ ਮਿਲਣ ਤੁਰ ਪੈਂਦਾ। ਹੌਲੀ-ਹੌਲੀ ਉਸ ਨੂੰ ਇੱਕ ਗੱਲ ਰੜਕਣ ਲੱਗ ਗਈ ਕਿ ਉਸ ਨੂੰ ਜਾਣ-ਬੁੱਝ ਕੇ ਪਾਲੋ ਨਾਲ ਇਕੱਲੇ ਮਿਲਣ ਨਹੀਂ ਦਿੱਤਾ ਜਾ ਰਿਹਾ। ਪਾਲੋ ਦਾ ਚਿਹਰਾ ਵੀ ਉਸ ਨੂੰ ਕਈ ਸ਼ੰਕੇ ਖੜ੍ਹੇ ਕਰ ਗਿਆ।

ਇੱਕ ਦਿਨ ਜਦੋਂ ਉਹ ਪਾਲੋ ਨੂੰ ਮਿਲਣ ਗਿਆ ਤਾਂ ਅਜੀਬ ਗੱਲ ਹੋਈ ਕਿ ਪਹਿਲੀ ਵਾਰ ਪਾਲੋ ਇਕੱਲੀ ਚਾਹ ਫੜਾਉਣ ਉਸ ਕੋਲ ਬਾਹਰਲੀ ਬੈਠਕ ਵਿਚ ਆਈ। ਦੋਨਾਂ ਨੂੰ ਇਉਂ ਮਹਿਸੂਸ ਹੋਇਆ, ਜਿਵੇਂ ਸਦੀਆਂ ਦੇ ਵਿਛੜੇ ਮਿਲੇ ਹੋਣ। ਪਾਲੋ ਇੱਕ ਦਮ ਉਸ ਨੂੰ ਚਿੰਬੜ ਕੇ ਰੋਣ ਲੱਗ ਪਈ। ਬੱਲੀ ਅੰਦਰੋਂ ਡਰ ਗਿਆ ਪਰ ਉਸ ਨੇ ਤੁਰੰਤ ਆਪਣੇ ਆਪ ਨੂੰ ਸੰਭਾਲਦੇ ਹੋਏ ਪਾਲੋ ਨੂੰ ਦਿਲਾਸਾ ਦਿੱਤਾ ਅਤੇ ਕਾਰਨ ਪੁੱਛਣ ਦੀ ਕੋਸ਼ਿਸ਼ ਕੀਤੀ। ਰੋਂਦੀ ਰੋਂਦੀ ਦੇ ਉਸ ਦੇ ਮੂੰਹੋਂ ਬੱਸ ਐਨਾ

***(ਬਾਕੀ ਅਗਲੇ ਸਫੇ 'ਤੇ)***

# ਹਿੰਦੂ ਹੈ ਗਮਜ਼ਦਾ ਤੋ ਮੁਸਲਮਾਂ ਉਦਾਸ ਹੈ

ਦੇਸ਼ ਵਿਚ ਜੋ ਇਸ ਵਕਤ ਧਾਰਮਿਕ ਨਫਰਤ ਅਤੇ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਖੇਰੂੰ ਖੇਰੂੰ ਕਰ ਹਰ ਪਾਸੇ ਜਹਾਲਤ ਭਰੇ ਹਨੇਰੇ ਨੂੰ ਫੈਲਾਉਣ ਦੀਆਂ ਕੋਝੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੇ ਸੰਦਰਭ ਵਿਚ ਇਹੋ ਕਿਹਾ ਜਾ ਸਕਦਾ ਹੈ:

ਚਿਰਾਗ ਏ ਤੂਰ ਜਲਾਓ! ਬੜਾ ਅੰਧੇਰਾ ਹੈ।
ਜ਼ਰਾ ਨਿਕਾਬ ਉਠਾਓ! ਬੜਾ ਅੰਧੇਰਾ ਹੈ॥
ਅਭੀ ਤੋ ਸੁਬਹ ਕੇ
ਮਾਥੇ ਕਾ ਰੰਗ ਕਾਲਾ ਹੈ।
ਅਭੀ ਫਰੇਬ ਨਾ ਖਾਓ! ਬੜਾ ਅੰਧੇਰਾ ਹੈ॥



ਮੁਹੰਮਦ ਅੱਬਾਸ ਧਾਲੀਵਾਲ
ਫੋਨ: 98552-59650

ਅਜਿਹੇ ਨਫਰਤ ਭਰੇ ਮਾਹੌਲ ਤੋਂ ਹਾਲ ਦੀ ਘੜੀ ਦੇਸ਼ ਦਾ ਹਰ ਵਰਗ ਭਾਵ ਹਿੰਦੂ, ਮੁਸਲਿਮ, ਸਿੱਖ ਅਤੇ ਈਸਾਈ ਦੁਖੀ ਤੇ ਪ੍ਰੇਸ਼ਾਨ ਹੈ। ਜਦੋਂ ਵੀ ਦੇਸ਼ ਅੰਦਰ ਲੋਕ ਸਭਾ ਜਾਂ ਵਿਧਾਨ ਸਭਾ ਚੋਣਾਂ ਨੇੜੇ ਆਉਂਦੀਆਂ ਹਨ ਤਾਂ ਦੇਸ਼ ਚ ਫਿਰਕੂ ਜ਼ਹਿਰ ਘੋਲਣ ਦੀਆਂ ਕੋਝੀਆਂ ਸਾਜਿਸ਼ਾਂ ਸ਼ੁਰੂ ਹੋ ਜਾਂਦੀਆਂ ਹਨ। ਹੁਣ ਵੀ ਜਦੋਂ ਕਿ ਪੰਜਾਬ ਅਤੇ ਉਤਰ ਪ੍ਰਦੇਸ਼ ਸਮੇਤ ਦੇਸ਼ ਦੇ ਪੰਜ ਰਾਜਾਂ ਵਿਚ ਚੋਣਾਂ ਦਾ ਬਿਗੁਲ ਵੱਜਣ ਵਾਲਾ ਹੈ ਤਾਂ ਫਿਰ ਦੇਸ਼ ਵਿਚ ਭੜਕਾਊ ਅਤੇ ਫੁੱਟ ਪਾਊ ਭਾਸ਼ਣ ਵੱਡੀ ਪੱਧਰ 'ਤੇ ਸੁਣਨ ਨੂੰ ਮਿਲ ਰਹੇ ਹਨ। ਇਨ੍ਹਾਂ 'ਚੋਂ ਕੁੱਝ ਭਾਸ਼ਣ ਪਿਛਲੇ ਦਿਨੀਂ ਹੋਈਆਂ ਧਰਮ ਸੰਸਦਾਂ ਵਿਚ ਮੌਜੂਦ ਬੁਲਾਰਿਆਂ ਦੇ ਮੂੰਹੋਂ ਸੁਣਨ ਨੂੰ ਮਿਲੇ। ਪਿਛਲੇ ਦਿਨੀਂ ਹਰਿਦੁਆਰ ਵਿਖੇ ਹੋਈ ਇਕ ਧਰਮ ਸੰਸਦ ਮੌਕੇ ਅਜਿਹੇ ਹੀ ਨਫ਼ਰਤੀ ਭਾਸ਼ਣ ਸੁਣਨ 'ਚ ਆਏ ਹਨ। ਪਰ ਦੁੱਖ ਦੀ ਗੱਲ ਹੈ ਕਿ ਉਕਤ ਭਾਸ਼ਣਾਂ ਬਾਰੇ ਹਾਕਮਾਂ ਦੀ ਚੁੱਪ ਨੇ ਜਿਵੇਂ ਅਜਿਹੇ ਭਾਸ਼ਣ ਦੇਣ ਵਾਲਿਆਂ ਦੇ ਹੌਸਲੇ ਹੋਰ ਬੁਲੰਦ ਕਰਨੇ ਹਨ। ਇਕ ਰਿਪੋਰਟ ਅਨੁਸਾਰ ਇਸ ਧਰਮ ਸੰਸਦ ਦੇ ਆਗੂ ਦੀਪਕ ਤਿਆਗੀ ਉਰਫ਼ ਯਤੀ ਨਰਸਿੰਹਾਨੰਦ ਸਰਸਵਤੀ, ਜਿਸ ਨੇ ਸ਼ਾਸਤਰ ਮੇਵ ਜਯਤੇ ਦਾ ਨਵਾਂ ਨਾਅਰਾ ਦੇ ਕੇ ਹਿੰਦੂਆਂ ਨੂੰ ਮੁਸਲਮਾਨਾਂ ਦੇ ਕਤਲੇਆਮ ਲਈ ਵਧੀਆ ਹਥਿਆਰ ਖਰੀਦਣ ਦਾ ਸੱਦਾ ਦਿੱਤਾ ਸੀ, ਦਾ ਇੱਕ ਹੋਰ ਨਵਾਂ ਬਿਆਨ ਸੋਸ਼ਲ ਮੀਡੀਆ ਉਤੇ ਵਾਇਰਲ ਹੋ ਰਿਹਾ ਹੈ। 'ਮਿਸ਼ਨ ਸਾਈਬਰ ਸਿਪਾਹੀ' ਨਾਮੀ ਯੂ ਟਿਊਬ ਚੈਨਲ ਉਤੇ ਗੱਲ ਕਰਦਿਆਂ ਨਰਸਿੰਹਾਨੰਦ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਹਰਾਮਜ਼ਾਦਾ ਤੱਕ ਕਹਿ ਦਿੱਤਾ। ਭਾਜਪਾ ਤੇ ਸੰਘ ਨਾਲ ਆਪਣੇ ਸੰਬੰਧਾਂ ਨੂੰ ਸਵੀਕਾਰ ਕਰਦਿਆਂ ਉਸ ਨੇ ਕਿਹਾ, 'ਮੈਂ ਕਦੇ ਵੀ ਮੋਦੀ ਦੇ ਖ਼ਿਲਾਫ਼ ਨਹੀਂ ਸੀ। ਮੈਂ ਆਪਣਾ ਸਾਰਾ ਜੀਵਨ ਆਰ ਐਸ ਐਸ ਤੇ ਭਾਜਪਾ ਨੂੰ ਦਿੱਤਾ ਹੈ। ਮੈਂ ਆਪਣੀ ਮੰਗ ਲੈ ਕੇ ਕੀਹਦੇ ਕੋਲ ਜਾਂਦਾ। ਕੀ ਸੋਨੀਆ ਕੋਲ ਜਾਂਦਾ ਜਾਂ ਮਨਮੋਹਨ ਸਿੰਘ ਕੋਲ ਜਾਂਦਾ, ਜਿਸ ਹਰਾਮਜ਼ਾਦੇ ਨੇ ਸੰਸਦ ਵਿਚ ਕਿਹਾ ਸੀ ਕਿ ਭਾਰਤ ਦੇ ਕੌਮੀ ਸਾਧਨਾਂ ਉਤੇ ਪਹਿਲਾ ਹੱਕ ਮੁਸਲਮਾਨਾਂ ਦਾ ਹੈ।'

ਹਰਿਦੁਆਰ ਤੋਂ ਇਲਾਵਾ ਇੱਕ ਹੋਰ ਧਰਮ ਸੰਸਦ ਦੀ ਕਾਰਵਾਈ ਪਿਛਲੇ ਦਿਨੀਂ ਸਾਹਮਣੇ ਆਈ ਹੈ। ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਵਿਖੇ ਬੀਤੇ ਦਿਨੀਂ ਹੋਈ ਇਸ ਧਰਮ ਸੰਸਦ ਵਿਚ ਮਹਾਤਮਾ ਗਾਂਧੀ ਬਾਰੇ ਅਨਾਪ-ਸ਼ਨਾਪ ਅਤੇ ਉਨ੍ਹਾਂ ਦੇ ਖਿਲਾਫ ਭੱਦੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਗਿਆ। ਇਸ ਮੌਕੇ ਖੁਦ ਨੂੰ ਮਹਾਰਾਜ ਅਖਵਾਉਣ ਵਾਲੇ ਮਹਾਰਾਸ਼ਟਰ ਤੋਂ ਆਏ ਇਕ ਸਾਧ ਕਾਲੀਚਰਨ ਨੇ ਕਿਹਾ, '1947 ਵਿਚ ਪਾਕਿਸਤਾਨ ਤੇ ਬੰਗਲਾਦੇਸ਼ ਉਤੇ ਇਸਲਾਮ ਨੇ ਕਬਜ਼ਾ ਕੀਤਾ। ਮੋਹਨ ਦਾਸ ਕਰਮ ਚੰਦ ਗਾਂਧੀ ਨੇ ਦੇਸ਼ ਦਾ ਸੱਤਿਆਨਾਸ਼ ਕਰ ਦਿੱਤਾ। ਨਮਸਕਾਰ ਹੈ ਨੱਥੂ ਰਾਮ ਗੌਡਸੇ ਨੂੰ, ਜਿਸ ਨੇ ਉਸ ਨੂੰ ਮਾਰ ਦਿੱਤਾ।' ਜਿਵੇਂ ਜਿਵੇਂ ਉਕਤ ਪੰਜ ਰਾਜਾਂ ਦੀਆਂ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ, ਅਜਿਹੀਆਂ ਨਫਰਤ ਫੈਲਾਉਣ ਵਾਲੀਆਂ ਘਟਨਾਵਾਂ ਵਿਚ ਵੀ ਵਾਧਾ ਹੋ ਰਿਹਾ ਹੈ। ਪਿਛਲੇ ਦਿਨੀਂ ਗੁੜਗਾਓਂ ਤੇ ਮਥਰਾ ਵਿਚ ਮੁਸਲਮਾਨਾਂ ਵਿਰੁੱਧ ਘ੍ਰਿਣਾ ਅਤੇ ਨਫਰਤ ਫੈਲਾਉਣ ਤੋਂ ਬਾਅਦ ਬਜਰੰਗ ਦਲ ਤੇ ਹੋਰ ਹਿੰਦੂਤਵੀ ਸੰਗਠਨਾਂ ਵੱਲੋਂ ਆਗਰੇ ਵਿਚ ਕ੍ਰਿਸਮਸ ਦੇ ਮੌਕੇ ਸੇਂਟਾ ਕਲਾਜ ਦੇ ਪੁਤਲੇ ਜਲਾ ਕੇ ਇਸਾਈਆਂ ਵਿਰੁੱਧ ਵੀ ਆਪਣੇ ਇਰਾਦੇ ਜਾਹਿਰ ਕਰ ਦਿੱਤੇ ਹਨ। ਅਸਾਮ ਦੇ ਸਿਲਚਰ 'ਚ ਵੀ ਅਜਿਹੇ ਹੀ ਲੋਕਾਂ ਨੇ ਕ੍ਰਿਸਮਸ ਦੇ ਪ੍ਰੋਗਰਾਮ ਵਿਚ ਧੱਕੇ ਨਾਲ ਵੜ ਕੇ ਹਾਜ਼ਰ ਲੋਕਾਂ ਨਾਲ ਹੱਥੋਪਾਈ ਕੀਤੀ ਤੇ ਜੈ ਸ੍ਰੀ ਰਾਮ ਦੇ ਨਾਅਰੇ ਲਾਏ।

ਸਵਾਲ ਇਹ ਹੈ ਕਿ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਗਾਲ੍ਹਾਂ ਕੱਢਣ ਵਾਲੇ ਇਨ੍ਹਾਂ ਨਫ਼ਰਤ ਦੇ ਸੌਦਾਗਰਾਂ ਵਿਰੁੱਧ ਆਖਿਰ ਕੋਈ ਪੁਖਤਾ ਕਾਰਵਾਈ ਕਿਉਂ ਨਹੀਂ ਹੋ ਰਹੀ? ਅਜਿਹੇ ਨਫਰਤ ਦੇ ਸੌਦਾਗਰਾਂ ਵਿਰੁੱਧ ਕੋਈ ਵੀ ਕਾਰਵਾਈ ਅਮਲ ਵਿਚ ਨਾ ਹੁੰਦੀ ਵੇਖ ਕੇ ਹੁਣ ਆਵਾਮ ਇਸ ਨਫ਼ਰਤੀ ਮੁਹਿੰਮ ਵਿਰੁੱਧ ਅਵਾਜ਼ ਉਠਾਉਣ ਲੱਗੈ। ਜਿਕਰਯੋਗ ਹੈ ਕਿ ਰਾਏਪੁਰ ਦੀ ਧਰਮ ਸੰਸਦ ਵਿਚ ਕਾਲੀਚਰਨ ਦੇ ਮਹਾਤਮਾ ਗਾਂਧੀ ਵਿਰੁੱਧ ਅਨਾਪ-ਸ਼ਨਾਪ ਬੋਲਣ ਦੇ ਵਿਰੁੱਧ ਲੋਕਾਂ ਨੇ ਰੋਸ ਵਜੋਂ ਆਵਾਜ਼ ਚੁੱਕਣੀ ਸ਼ੁਰੂ ਕਰ ਦਿੱਤੀ ਹੈ। ਇਹੋ ਵਜ੍ਹਾ ਹੈ ਕਿ ਉਕਤ ਪ੍ਰੋਗਰਾਮ ਦੇ ਖ਼ਤਮ ਹੁੰਦਿਆਂ ਹੀ ਕੁੱਝ ਜਾਗਰੂਕ ਅਤੇ ਜ਼ਿੰਦਾ ਜ਼ਮੀਰ ਵਾਲੇ ਲੋਕਾਂ ਨੇ ਥਾਣੇ ਪਹੁੰਚ ਕੇ ਕਾਲੀਚਰਨ ਵਿਰੁੱਧ ਕੇਸ ਦਰਜ ਕਰਨ ਲਈ ਦਰਖਾਸਤ ਦੇ ਦਿੱਤੀ। ਇਸ ਤੋਂ ਇਲਾਵਾ ਦਿੱਲੀ ਦੇ 76 ਵਕੀਲਾਂ ਨੇ ਵੀ ਹਰਿਦੁਆਰ ਦੀ ਧਰਮ ਸੰਸਦ ਵਿਚ ਦਿੱਤੇ ਨਫ਼ਰਤੀ ਭਾਸ਼ਣਾਂ ਵਿਰੁੱਧ ਚੀਫ਼ ਜਸਟਿਸ ਐਨ.ਵੀ.ਰਮੰਨਾ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਉਹ ਨਫ਼ਰਤੀ ਭਾਸ਼ਣ ਦੇਣ ਵਾਲਿਆਂ ਵਿਰੁੱਧ ਬਣਦੀ ਕਾਰਵਾਈ ਅਮਲ ਵਿਚ ਲਿਆਉਣ। ਉਕਤ ਚਿੱਠੀ ਵਿਚ ਵਕੀਲਾਂ ਨੇ ਕਿਹਾ ਹੈ ਕਿ ਇਹ ਨਫ਼ਰਤੀ ਭਾਸ਼ਣ ਨਾ ਸਿਰਫ਼ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਖ਼ਤਰਾ ਹਨ, ਸਗੋਂ ਲੱਖਾਂ ਮੁਸਲਮਾਨਾਂ ਦੀ ਜਾਨ ਨੂੰ ਵੀ ਖਤਰੇ ਵਿਚ ਪਾ ਸਕਦੇ ਹਨ।

ਮੌਜੂਦਾ ਸਮੇਂ ਦੇਸ਼ ਜਿਸ ਤਰ੍ਹਾਂ ਨਾਲ ਆਰਥਿਕ ਸੰਕਟ 'ਚੋਂ ਲੰਘ ਰਿਹਾ ਹੈ, ਗਰੀਬ ਵਰਗ ਹੋਰ ਗਰੀਬ ਹੋ ਰਿਹੈ, ਮਹਿੰਗਾਈ ਕਾਰਨ ਮੱਧਮ ਵਰਗ ਵੀ ਆਪਣੀ ਕਮਰ ਟੁੱਟਿਆ ਹੋਇਆ ਹੋਇਆ ਮਹਿਸੂਸ ਕਰ ਰਿਹੈ, ਕਰੋੜਾਂ ਲੋਕ ਕਰੋਨਾ ਮਹਾਮਾਰੀ ਦੇ ਝੰਬੇ ਬੇਰੁਜ਼ਗਾਰ ਹੋ ਗਏ ਹਨ ਅਤੇ ਹੁਣ ਓਮੀਕਰੋਨ ਦੀ ਦਹਿਸ਼ਤ ਨੇ ਆਵਾਮ ਨੂੰ ਭੰਬਲਭੂਸੇ ਵਿਚ ਪਾਇਆ ਹੋਇਆ ਹੈ। ਅੱਜ ਦੇਸ਼ ਦੇ ਲੋਕ ਨਫਰਤ ਨਹੀਂ, ਸਗੋਂ ਸਾਰੇ ਧਰਮਾਂ ਦੇ ਲੋਕ ਦੇਸ਼ ਵਿਚ ਇੱਕ ਅਮਨ ਸ਼ਾਂਤੀ ਅਤੇ ਵਿਸ਼ਵਾਸ ਵਾਲਾ ਮਾਹੌਲ ਚਾਹੁੰਦੇ ਹਨ। ਇਹੋ ਵਜ੍ਹਾ ਹੈ ਕਿ ਹੁਣ ਧਰਮ ਦੇ ਨਾਂ 'ਤੇ ਵੰਡੀਆਂ ਪਾਉਣ ਵਾਲੇ ਅਤੇ ਨਫਰਤ ਫੈਲਾਉਣ ਵਾਲੇ ਲੋਕਾਂ ਤੋਂ ਹਿੰਦੂ ਅਤੇ ਮੁਸਲਮਾਨ ਦੋਵੇਂ ਦੁਖੀ ਹਨ। ਇਕ ਕਵੀ ਨੇ ਦੋਵੇਂ ਧਰਮਾਂ ਦੇ ਲੋਕਾਂ ਦੀ ਪੀੜਾ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਹੈ:

ਮਜ਼ਹਬ ਕੇ ਨਾਮ ਪਰ ਯੇਹ ਫਸਾਦਾਤ ਦੇਖ ਕਰ।
ਹਿੰਦੂ ਹੈ ਗਮ-ਜ਼ਦਾ ਤੋ ਮੁਸਲਮਾਂ ਉਦਾਸ ਹੈ।

---

# ਜੇ ਗੁੱਡੀਏ ਤੂੰ ਮਰਨਾ ਸੀ

*(ਪਿਛਲੇ ਸਫੇ ਦਾ ਬਾਕੀ)*

ਨਿੱਕਲਿਆ, "ਬਾਈ... ਮੈਨੂੰ ਤਾਂ ਬੱ...ਸ ਤੂੰ ਲੈ ਚੱਲ।" ਬੱਲੀ ਹੋਰ ਵੀ ਡਰ ਗਿਆ। ਉਸ ਨੇ ਉਹਨੂੰ ਬੁੱਕਲ ਵਿਚ ਲੈ ਲਿਆ।

"ਤੂੰ ਗੱਲ ਤਾਂ ਦੱਸ, ਦੁੱਖ ਤਾਂ ਦੱਸ?" ਉਸ ਨੇ ਤਰਲਾ ਜਿਹਾ ਕੀਤਾ।

ਪਾਲੋ ਚੁੰਨੀ ਨਾਲ ਅੱਖਾਂ ਪੂੰਝ ਕੇ ਆਪਣੇ ਆਪ ਨੂੰ ਸੰਭਾਲਦੇ ਹੋਏ ਬੋਲੀ, "ਬਾਈ, ਪਹਿਲਾਂ ਤਾਂ ਇਹ ਮੈਨੂੰ ਦਾਜ ਘੱਟ ਲਿਆਉਣ ਦੇ ਗੱਲੀਂ-ਬਾਤੀਂ ਮਿਹਣੇ ਮਾਰਦੇ ਸੀ...ਪਰ ਹੁਣ ਤਾਂ ਰੋਜ਼ ਹੀ ਮੈਨੂੰ ਟ੍ਰੈਕਟਰ ਲੈਣ ਲਈ ਤੈਥੋਂ ਦੋ ਲੱਖ ਰੁਪੱਈਆ ਲਿਆਉਣ ਖਾਤਰ ਜ਼ੋਰ ਪਾਈ ਜਾਂਦੇ ਨੇ। ਆਥਣ-ਸਵੇਰ ਇਹੀ ਸਿਆਪਾ ਪਿਆ ਰਹਿੰਦੈ। ਅੱਜ ਵੀ ਏਸੇ ਕਰਕੇ ਮੈਨੂੰ 'ਕੱਲੀ ਨੂੰ ਤੇਰੇ ਕੋਲ ਭੇਜਿਐ।" ਪਾਲੋ ਦਾ ਮਨ ਫੇਰ ਭਰ ਆਇਆ ਪਰ ਬੱਲੀ ਦੇ ਉਸ ਦੇ ਸਿਰ 'ਤੇ ਲਗਾਤਾਰ ਫਿਰਦੇ ਹੱਥ ਨੇ ਉਸ ਨੂੰ ਕੁਝ ਮਜ਼ਬੂਤ ਕਰ ਦਿੱਤਾ, "ਮੈਂ ਬਥੇਰਾ ਕਹਿਨੀ ਆਂ ਬਈ ਬਾਈ ਕਿੱਥੋਂ ਦੇਊ ਦੋ ਲੱਖ, ਐਨਾ ਖਰਚ ਤਾਂ ਪਹਿਲਾਂ ਵਿਆਹ 'ਤੇ ਹੋ ਗਿਆ। ਹੁਣ ਤਾਂ ਬਾਈ ਇਉਂ ਵੀ ਕਹਿਣ ਲੱਗ'ਗੇ ਬਈ ਤੇਰਾ ਉਥੇ ਦੀ ਜ਼ਮੀਨ 'ਚ ਅੱਧ ਐ।" ਬੱਲੀ ਨੂੰ ਗੱਲ ਕਾਫੀ ਵਿਗੜੀ ਲੱਗੀ ਪਰ ਉਸ ਨੇ ਪਾਲੋ ਨੂੰ ਮਹਿਸੂਸ ਨਾ ਹੋਣ ਦਿੱਤਾ, "ਓ ਕਮਲੀ, ਤੂੰ ਦਿਲ ਨਾ ਛੋਟਾ ਕਰ। ਮੈਂ ਆਪੇ ਠੀਕ ਕਰ ਲੂੰ ਸਾਰਾ ਕੁਸ।" ਕਹਿੰਦੇ ਹੋਏ ਉਸ ਨੇ ਪਾਲੋ ਦਾ ਸਿਰ ਪਲੋਸਿਆ। ਕੁਝ ਚਿਰ ਇਧਰ-ਉਧਰ ਦੀਆਂ ਗੱਲਾਂ ਮਾਰ ਪਾਲੋ ਦੇ ਮਨ ਨੂੰ ਧਰਵਾਸ ਦਵਾ ਕੇ ਉਹ ਉਠ ਖੜ੍ਹਾ ਹੋਇਆ। ਉਸ ਨੇ ਘਰ ਦੇ ਅੰਦਰ ਨਿਗਾਹ ਮਾਰੀ। ਕੋਈ ਦਿਖਾਈ ਨਾ ਦਿੱਤਾ ਤਾਂ ਉਹ ਪਾਲੋ ਦਾ ਸਿਰ ਪਲੋਸ ਕੇ ਘਰੋਂ ਬਾਹਰ ਹੋ ਗਿਆ।

ਰਸਤੇ ਵਿਚ ਉਹ ਮਨ ਹੀ ਮਨ ਸਕੀਮਾਂ ਬਣਾਉਂਦਾ-ਢਾਹੁੰਦਾ ਰਿਹਾ। ਪਹਿਲਾਂ ਮਾਮੇ ਨਾਲ ਸਲਾਹ ਕਰਨ ਨੂੰ ਮਨ ਕੀਤਾ ਪਰ ਮਾਮੇ ਦੇ ਸੁਭਾਅ ਤੋਂ ਉਹ ਜਾਣੂ ਸੀ ਤੇ ਡਰਦਾ ਸੀ ਕਿ ਮਾਮਾ ਇਨ੍ਹਾਂ ਨਾਲ ਕਲੇਸ਼ ਹੀ ਨਾ ਪਾ ਲਵੇ। ਅਖੀਰ ਉਸ ਨੇ ਅਪਣੇ ਮਨ 'ਚ ਆੜ੍ਹਤੀਏ ਤੋਂ ਪੈਸੇ ਫੜਨ ਦੀ ਪੱਕੀ ਸਕੀਮ ਬਣਾ ਲਈ ਅਤੇ ਉਹਨੇ ਸਕੂਟਰ ਪਿੰਡ ਦੀ ਬਜਾਏ ਮੰਡੀ ਨੂੰ ਸਿੱਧਾ ਕਰ ਲਿਆ।

"ਆ ਬਈ ਬੱਲੀ, ਕਿਵੇਂ ਅੱਜ ਕੁਵੇਲੇ ਜਿਹੇ ਈ ਤੁਰਿਆ ਫਿਰਦੈਂ?" ਸੇਠ ਨੇ ਅੰਦਰ ਵੜਨ ਸਾਰ ਸਵਾਲ ਕਰ ਦਿੱਤਾ।

"ਕਾਹਦਾ ਤੁਰਿਆ ਫਿਰਦਾਂ ਸੇਠ ਜੀ, ਬੱਸ ਇੱਕ ਤੁਹਾਡੇ ਗੋਚਰੀ ਲੋੜ ਆ ਪਈ। ਆਪਣੇ ਕਿਸੇ ਖਾਸ ਰਿਸ਼ਤੇਦਾਰ ਨੂੰ ਜ਼ਰੂਰੀ ਲੋੜ ਪੈ'ਗੀ ਦੋ ਲੱਖ ਰੁਪਈਆਂ ਦੀ। ਦੇਣੇ ਵੀ ਜ਼ਰੂਰ ਪੈਣੇ ਐਂ। ਕੋਈ ਹੀਲਾ ਕਰੋ।"

"ਹੈਂਅ... ਦੋ ਲੱਖ? ਕਮਲੇ ਨੀ ਬਣੀਦਾ। ਏਨੀ ਰਕਮ! ਐਵੇਂ ਨੀ ਕਿਸੇ ਦੀਆਂ ਗੱਲਾਂ 'ਚ ਆਈਦਾ। ਪਿੱਛੋਂ ਕੋਈ ਨੀ ਪੂਛ ਫੜਾਉਂਦਾ।" ਸੇਠ ਨੇ ਤਰੀਕੇ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਨਹੀਂ ਸੇਠ ਜੀ ਸਰਨਾ ਨੀ, ਮਜਬੂਰੀ ਐ। ਨਾਲੇ ਬੰਦਾ ਲੋੜ ਪਈ ਤੋਂ ਕੰਮ ਆਉਣਾ ਈ ਚਾਹੀਦੈ। ਤੁਸੀਂ ਕਰੋ ਕੋਈ ਜੁਗਾੜ।"

"ਤੂੰ ਤਾਂ ਕਮਲੈਂ ਬੱਲੀ। ਤੇਰਮੇਂ ਮਹੀਨੇ ਤਾਂ ਪੈਸੇ ਬੰਦਾ ਮਾਰੇ ਤੋਂ ਨੀ ਮਿਲਦੇ। ਨਾਲੇ ਭਾਈ ਸੱਚੀ ਗੱਲ ਤਾਂ ਇਹ ਵੀ ਐ ਕਿ ਤੇਰੇ ਤਾਂ ਵਿਆਹ ਵੇਲੇ ਦੇ ਈ ਦੋ ਫਸਲਾ 'ਚ ਮਸਾਂ ਨਿੱਬੜਨਗੇ।" ਸੇਠ ਨੇ ਸੁਣਵਾਈ ਜਿਹੀ ਕਰਕੇ ਉਸ ਨੂੰ ਟਾਲਣਾ ਚਾਹਿਆ ਪਰ ਬੱਲੀ ਤਾਂ ਜ਼ਿੱਦ ਕਰ ਕਰਕੇ ਬੈਠ ਗਿਆ। ਸੇਠ ਵੀ ਮਨੋ-ਮਨੀ ਸਕੀਮ ਲੜਾਉਣ ਲੱਗ ਗਿਆ। ਅਖੀਰ ਸੇਠ ਨੇ ਉਸ ਨੂੰ ਕੱਚਾ-ਪੱਕਾ ਹੁੰਗਾਰਾ ਭਰ ਦਿੱਤਾ।

"ਦੇਖ ਬੱਲੀ, ਮੇਰੇ ਪੱਲੇ ਤਾਂ ਨੀ ਧੇਲਾ ਵੀ ਏਸ ਵਕਤ। ਪੱਕਾ ਤਾਂ ਨੀ ਕਹਿੰਦਾ ਪਰ ਇੱਕ ਬੰਦਾ ਹੈਗਾ। ਉਹਤੋਂ ਪਤਾ ਕਰ ਲੈਨੇ ਆਂ ਜੇ ਮੰਨ ਗਿਆ ਪਰ ਉਹ ਜ਼ਮੀਨ ਲਿਖਾਊਗਾ, ਸਿੱਧੀ ਜਿਹੀ ਗੱਲ ਐ। ਤੂੰ ਗੁੱਸਾ ਨਾ ਕਰੀਂ।" ਸੇਠ ਨੇ ਢੰਗ ਨਾਲ ਦਾਅ ਖੇਡਿਆ।

"ਗੁੱਸਾ ਕਾਹਦਾ ਕਰਨੈ ਸੇਠ ਜੀ। ਇਹ ਤਾਂ ਵਿਹਾਰੀ ਗੱਲ ਐ। ਬੱਸ ਤੁਸੀਂ ਕਰ ਦਿਓ ਕੰਮ ਇੱਕ ਦੋ ਦਿਨ 'ਚ ਈ। ਜਿਮੇਂ ਵੀ ਹੁੰਦੈ।" ਬੱਲੀ ਨੂੰ ਕੰਮ ਬਣਦਾ ਦੇਖ ਕੇ ਕਾਹਲੀ ਹੋ ਗਈ ਸੀ।

"ਨਾ ਏਡੀ ਛੇਤੀ ਨੀ ਹੋਣੀ। ਨਾਲੇ ਹਾਲੇ ਤਾਂ ਮੈਂ ਪਤਾ ਕਰਦਾਂ। ਦਸ ਪੰਦਰਾਂ ਦਿਨ ਤਾਂ ਘੱਟੋ-ਘੱਟ ਲੱਗ ਈ ਜਾਣੇ ਨੇ।" ਸੇਠ ਨੇ ਬੱਲੀ ਦੀ ਕਾਹਲੀ ਨੂੰ ਕੁਝ ਠੰਢਾ ਜਿਹਾ ਪਾ ਦਿੱਤਾ।

"ਚੱਲ ਫੇਰ ਕੋਈ ਨਾ ਪਰ ਕੰਮ ਹੋ ਜੇ ਜ਼ਰੂਰ।" ਬੱਲੀ ਕੁਝ ਹੌਸਲੇ ਜਿਹੇ ਨਾਲ ਉਠਦਾ ਹੋਇਆ ਹੱਥ ਜੋੜ ਕੇ ਤੁਰਨ ਲੱਗਿਆ।

"ਦੇਖ ਬਈ ਮੈਂ ਤਾਂ ਆਪਣੇ ਵੱਲੋਂ ਪੂਰੀ ਵਾਹ ਲਾਊਂ, ਤੇਰੇ ਕਰਕੇ ਪਰ ਗੱਲ ਤਾਂ ਬਿਗਾਨੇ ਵੱਸ ਐ ਨਾ।" ਸੇਠ ਨੇ ਪੂਰੀ ਗਿਣਤੀ-ਮਿਣਤੀ ਲਾ ਲਈ ਸੀ।

ਕੁਵੇਲਾ ਹੁੰਦਾ ਦੇਖ ਕੇ ਬੱਲੀ ਕਾਹਲੀ ਨਾਲ ਪਿੰਡ ਨੂੰ ਤੁਰ ਗਿਆ। ਸਮੱਸਿਆ ਦਾ ਕੁਝ ਰਾਹ ਜਿਹਾ ਬਣਦਾ ਦੇਖ ਉਸ ਨੂੰ ਤਸੱਲੀ ਜਿਹੀ ਹੋ ਗਈ ਸੀ। ਇੱਕ ਵਾਰੀ ਤਾਂ ਉਸ ਦੇ ਮਨ ਵਿਚ ਅਇਆ ਕਿ ਪਾਲੋ ਦੇ ਸਹੁਰੀਂ ਜਾ ਕੇ ਦੱਸ ਆਵੇ ਕਿ ਟ੍ਰੈਕਟਰ ਵਾਸਤੇ ਪੈਸਿਆਂ ਦਾ ਇੰਤਜ਼ਾਮ ਹੋ ਗਿਆ, ਫੇਰ ਉਸ ਨੇ ਸੋਚਿਆ ਕਿ ਪੈਸੇ ਨਾਲ ਲੈ ਕੇ ਹੀ ਜਾਇਆ ਜਾਵੇ, ਖਾਲੀ ਹੱਥ ਜਾਣ ਦਾ ਕੀ ਤੁਕ। ਉਹ ਆੜ੍ਹਤੀਏ ਕੋਲ ਦੂਜੇ ਚੌਥੇ ਦਿਨ ਗੇੜਾ ਮਾਰਦਾ ਰਿਹਾ। ਦਸ ਕੁ ਦਿਨ ਲੰਘ ਗਏ ਤਾਂ ਬੱਲੀ ਨੂੰ ਸੇਠ ਦਾ ਜ਼ਮੀਨ ਦੇ ਨੰਬਰ ਲੈ ਕੇ ਆਉਣ ਦਾ ਸੁਨੇਹਾ ਆ ਗਿਆ ਅਤੇ ਉਧਰ ਪਾਲੋ ਨਾਲ ਕਲੇਸ਼ ਵੀ ਦਿਨੋ-ਦਿਨ ਲਗਾਤਾਰ ਵਧਦਾ ਗਿਆ। ਕੁੱਟ-ਮਾਰ ਹਰ ਰੋਜ਼ ਦਾ ਸਿਲਸਿਲਾ ਬਣ ਗਿਆ। ਇੱਕ ਦਿਨ ਤਾਂ ਉਸ ਨੇ ਰੋਂਦੀ-ਕੁਰਲਾਉਂਦੀ ਨੇ ਕਹਿ ਹੀ ਦਿੱਤਾ, "ਮੈਂ ਨੀ ਆਪਦੇ ਬਾਈ ਨੂੰ ਦੁਖੀ ਕਰਨਾ, ਉਹ ਵਿਚਾਰਾ ਕਿੱਥੋਂ ਦੇਊ ਏਨੇ ਪੈਸੇ?"

"ਅੱਛਾ... ਉਹ ਵਿਚਾਰਾ! ਉਦੋਂ ਨੀ ਸੀ ਪਤਾ ਕੀਹਦੇ ਨਾਲ ਮੱਥਾ ਲਾਇਐ? ਜਾਹ ਫੇਰ ਤੂੰ ਵੀ ਆਪਦੇ 'ਵਿਚਾਰੇ ਬਾਈ' ਕੋਲ ਹੀ ਚਲੀ ਜਾਹ... ਜਾਹ ਨਿੱਕਲ ਏਥੋਂ।" ਗੁੱਤੋਂ ਫੜ ਕੇ ਥੱਪੜ ਮਾਰਦੇ ਹੋਏ ਉਸ ਦੇ ਘਰ ਵਾਲੇ ਨੇ ਏਨੀ ਬੁਰੀ ਤਰ੍ਹਾਂ ਧੱਕਾ ਦਿੱਤਾ ਕਿ ਪਾਲੋ ਚੀਕ ਮਾਰਦੀ ਹੋਈ ਦੂਰ ਜਾ ਡਿੱਗੀ।

"ਵੇ ਤੂੰ ਕਾਹਨੂੰ ਆਪਣੇ ਸਿਰ ਲੈਨੈ, ਏਹਨੂੰ ਤਾਂ ਆਪਣੇ ਬਾਈ ਦਾ ਘਰ ਈ ਦੀਂਹਦੈ। ਜਿੱਥੋਂ ਰੋਜ਼ ਡੱਫਦੀ ਐ, ਉਹ ਆਪਣਾ ਨੀ ਲੱਗਦਾ। ਕੁਲੱਛਣੀ ਨਾ ਹੋਵੇ।" ਦੂਰ ਖੜ੍ਹੀ ਦੇਖਦੀ ਪਾਲੋ ਦੀ ਸੱਸ ਨੇ ਆਪਣੀ ਭੜਾਸ ਕੱਢੀ।

ਡਿੱਗੀ ਪਈ ਪਾਲੋ ਬੇਵਸ ਰੋਂਦੀ ਰਹੀ ਪਰ 'ਕੁਲੱਛਣੀ' ਸ਼ਬਦ ਸੁਣ ਕੇ ਉਹ ਆਪਣੀ ਸੱਸ ਵੱਲ ਇੱਕ ਦਮ ਕੌੜੀ ਝਾਕੀ।

"ਦੇਖ, ਭਾਈਆਂ-ਪਿੱਟੀ ਹਾਲੇ ਵੀ ਕਿਵੇਂ ਡੇਲੇ ਕੱਢਦੀ ਐ?" ਸੱਸ ਨੂੰ ਪਾਲੋ ਦੀ ਝਾਕਣੀ ਨੇ ਹੋਰ ਅੱਗ ਲਾ ਦਿੱਤੀ।

"ਭਾਈਆਂ-ਪਿੱਟੀ ਹੋਵੇਂ ਤੂੰ, ਨਾਲੇ ਤੇਰੇ ਕੁ-ਲੱਗਦੇ, ਭਾਈ ਦੀ ਗਾਲ੍ਹ ਨਾ ਕੱਢੀਂ...ਮੈਂ ਤੈਨੂੰ ਦੱਸਾਂ।" ਉਚੀ-ਉਚੀ ਬੋਲਦੀ ਪਾਲੋ ਤਾਂ ਅੱਗ ਬਗੂਲਾ ਹੋ ਕੇ ਇੱਕ ਦਮ ਖੜ੍ਹੀ ਹੋ ਗਈ।

ਪਾਲੋ ਦੀ ਸੱਸ ਉਹਦੇ ਭਖਦੇ ਚਿਹਰੇ ਵੱਲ ਦੇਖ ਇੱਕ ਦਮ ਠਠੰਬਰ ਗਈ। ਪਾਲੋ ਦੇ ਘਰ ਵਾਲੇ ਨੇ ਪਾਲੋ ਨੂੰ ਘੜੀਸ ਕੇ ਕਮਰੇ ਵਿਚ ਬੰਦ ਕਰ ਦਿੱਤਾ ਤਾਂ ਕਿ ਆਵਾਜ਼ ਬਾਹਰ ਨਾ ਜਾਵੇ। ਉਸ ਨੂੰ ਬਾਹਰੋਂ ਆਪਣੀ ਸੱਸ ਦੀ ਏਨੀ ਕੁ ਆਵਾਜ਼ ਸੁਣਾਈ ਦਿੱਤੀ, "ਕਿਵੇਂ ਖੇਖਣ ਕਰਦੀ ਐ? ਕੋਈ ਨਾ ਇਹ ਵੀ ਹਟਾ ਦੂੰ। ਕਰਦੀ ਆਂ ਕੋਈ 'ਲਾਜ।"

ਡਰੀ ਹੋਈ ਪਾਲੋ ਸਾਰੀ ਰਾਤ ਭੁੱਖਣ-ਭਾਣੇ ਰੋਂਦੀ ਰਹੀ।

ਆੜ੍ਹਤੀਏ ਨੇ ਕਿਸੇ ਹੋਰ ਜ਼ਿਮੀਂਦਾਰ ਦੇ ਨਾਂ 'ਤੇ ਸਾਰੇ ਕਾਗਜ਼ ਤਿਆਰ ਕਰਵਾ ਕੇ ਬੱਲੀ ਵੱਲ ਰਹਿੰਦੀ ਆਪਣੀ ਪਹਿਲੀ ਰਕਮ ਵੀ ਵਿਚ ਹੀ ਪਵਾ ਕੇ ਪੱਕਾ ਕੰਮ ਕਰਵਾ ਲਿਆ ਤੇ ਬੱਲੀ ਨੂੰ ਦੱਸ ਵੀ ਦਿੱਤਾ, "ਦੇਖ ਬਈ ਬੱਲੀ, ਤੈਨੂੰ ਮੈਂ ਸਾਰੀ ਗੱਲ ਸਾਫ-ਸਾਫ ਦੱਸ ਦਿਆਂ, ਕੋਈ ਓਹਲਾ ਨਹੀਂ ਰਹਿਣਾ ਚਾਹੀਦਾ। ਪਹਿਲੇ ਪੈਸਿਆਂ ਦਾ ਹਿਸਾਬ ਵੀ ਇਹਦੇ ਵਿਚ ਹੀ ਪਾ ਦਿੱਤਾ ਐ। ਤੇਰੇ ਕੋਲ ਕੀ ਲਕੋ ਐ। ਅਸਲ 'ਚ ਉਸ ਜੱਟ ਦੇ ਪੈਸੇ ਮੇਰੇ ਸਿਰ ਖੜ੍ਹੇ ਸੀ। ਮੈਂ ਸੋਚਿਆ ਦੋ-ਦੋ ਪਾਸੇ ਕਾਹਨੂੰ ਹਿਸਾਬ ਰੱਖਣੈ। ਇੱਕੋ ਪਾਸੇ 'ਕੱਠਾ ਕਰ ਦਿੰਨੇ ਆਂ। ਸਮਝ ਗਿਆ ਨਾ ਤੂੰ?"

"ਓਹ ਤਾਂ ਜੀ ਆਹ ਅਗਲੀ ਫਸਲ 'ਚ ਹਿਸਾਬ ਹੋ ਜਾਣਾ ਸੀ। ਚਲੋ, ਠੀਕ ਐ। ਜਿਵੇਂ ਥੋਨੂੰ ਠੀਕ ਲੱਗਦੈ, ਉਵੇਂ ਸਹੀ।" ਬੱਲੀ ਨੂੰ ਹਾਲੇ ਵੀ ਡਰ ਲਗਦਾ ਸੀ ਕਿ ਸੇਠ ਮੁੱਕਰ ਹੀ ਨਾ ਜਾਵੇ। ਪੰਜ ਲੱਖ 'ਤੇ ਹੱਥ ਵਢਾ ਕੇ, ਦੋ ਲੱਖ ਰੁਪਈਆ ਝੋਲੇ 'ਚ ਪਾ ਉਹ ਤੇਜ਼ੀ ਨਾਲ ਪਿੰਡ ਨੂੰ ਤੁਰ ਪਿਆ। ਪਾਲੋ ਦੇ ਸਹੁਰਿਆਂ ਨੂੰ ਖੁਸ਼ ਕਰਨ ਦੇ ਮਾਰੇ, ਉਸ ਨੇ ਤਾਂ ਇਹ ਵੀ ਨਹੀਂ ਪੁੱਛਿਆ ਕਿ ਜਮੀਨ ਦੇ ਕਿਹੜੇ ਨੰਬਰ ਕਾਗਜ਼ੀਂ ਚੜ੍ਹ ਗਏ। ਘਰ ਆਏ ਨੂੰ ਭੂਆ ਨੇ ਬਥੇਰਾ ਪੁੱਛਿਆ ਕਿ ਉਹ ਕਿੱਧਰ ਅਤੇ ਕੀ ਕਰਦਾ ਫਿਰੀ ਜਾਂਦਾ ਹੈ ਪਰ ਉਸ ਨੇ ਬੱਸ ਐਵੇਂ ਬਹਾਨੇ ਜਿਹੇ ਲਾ ਕੇ ਸਾਰ ਦਿੱਤਾ। ਰੁਪਈਆਂ ਵਾਲਾ ਝੋਲਾ ਉਸ ਨੇ ਅਲਮਾਰੀ ਦੇ ਪਿੱਛੇ ਤਸੱਲੀ ਨਾਲ ਲਕੋ ਕੇ ਸਾਂਭ ਦਿੱਤਾ ਪਰ ਫਿਕਰ ਵਿਚ ਸਾਰੀ ਰਾਤ ਉਸ ਦੀ ਅੱਖ ਨਾ ਲੱਗੀ। ਸਵੇਰੇ ਸਵਖਤੇ ਹੀ ਉਠ ਕੇ ਭੂਆ ਨੂੰ ਜਗਾ ਕੇ ਚਾਹ ਧਰਾ ਲਈ। ਭੂਆ ਦੇ ਪੁੱਛਣ ਤੇ ਆਖ ਦਿੱਤਾ, "ਮੈਂ ਅੱਜ ਪਾਲੋ ਕੋਲ ਜਾ ਕੇ ਆਉਣੈ।" ਭੂਆ ਨੂੰ ਹੈਰਾਨੀ ਤਾਂ ਹੋਈ ਪਰ 'ਚੱਲੋ ਇਹਦਾ ਮਨ ਕਰਦਾ ਹੋਊ' ਸੋਚ ਕੇ ਕੁਝ ਨਾ ਬੋਲੀ। ਬੱਲੀ ਤਿਆਰ ਹੋਣ ਲੱਗਿਆ ਹੀ ਸੀ ਕਿ ਬਾਹਰਲਾ ਦਰਵਾਜ਼ਾ ਖੜਕਿਆ। ਘਰਾਂ 'ਚੋਂ ਲਗਦਾ ਚਾਚੇ ਦਾ ਮੁੰਡਾ ਆਇਆ। ਉਹ ਅੰਦਰ ਵੜਨ ਸਾਰ ਹੀ ਬੱਲੀ ਨੂੰ ਇੱਕ ਪਾਸੇ ਲੈ ਗਿਆ।

"ਬੱਲੀ, ਖਬਰ ਤਾਂ ਮਾੜੀ ਐ। ਪਾਲੋ ਦੇ ਸਹੁਰਿਆਂ ਤੋਂ ਇੱਕ ਮੁੰਡਾ ਆਇਆ ਸੀ... ਹੁਣੇ, ਤੇ ਕਾਹਲੀ-ਕਾਹਲੀ ਏਨਾ ਕਹਿ ਕੇ ਭੱਜ ਗਿਆ ਕਿ...ਰਾਤੀਂ ਪਾਲੋ ਨੂੰ ਅਚਾਨਕ ਅੱਗ ਲੱਗ ਗਈ ਐ।" ਉਹਦਾ ਏਨਾ ਆਖਿਆ ਸੁਣ ਕੇ ਬੱਲੀ ਦੀ ਧਾਹ ਨਿੱਕਲ ਗਈ- "ਹਾਏ ਓਏ, ਬੱਸ ਓਹੀ ਹੋ ਗਿਆ...ਓਏ...ਲੋਕੋ।"

ਚੀਕ ਸੁਣ ਕੇ ਭੂਆ ਭੱਜੀ ਆਈ, "ਵੇ ਕੀ ਹੋ ਗਿਆ ਵੇ?"

"ਕਿਵੇਂ ਲੱਗ'ਗੀ?...ਹੋਰ ਕੀ ਦੱਸ ਕੇ...ਗਿਐ?...ਜਿਉਂਦੀ ਵੀ...ਐ ਕਿ...ਬੱ...ਸ?" ਚੀਕਾਂ ਮਾਰਦਾ ਬੱਲੀ ਹਾਲੇ ਵੀ ਕੁਝ ਆਸ ਭਾਲਦਾ ਸੀ।

"ਬੱਸ ਹੋਰ ਨੀ ਕੁਸ ਦੱਸਿਆ...ਉਹ ਤਾਂ ਏਨਾ ਕਹਿ ਕੇ ਭੱਜ ਗਿਆ। ਆਪਾਂ ਚਲਦੇ ਆਂ ਹੁਣੇ। ਛੇਤੀ ਕਰ, ਮੈਂ ਆਉਨਾ।" ਏਨਾ ਆਖ ਉਹ ਮੁੰਡਾ ਤੇਜ਼ੀ ਨਾਲ ਬਾਹਰ ਨਿੱਕਲ ਗਿਆ।

ਬੱਲੀ ਨੂੰ ਤਾਂ ਜਿਵੇਂ ਅੱਗ ਹੀ ਲੱਗ ਗਈ। ਉਹ ਤੇਜ਼ੀ ਨਾਲ ਕਦੇ ਅੰਦਰ ਕਦੇ ਬਾਹਰ ਭੱਜਣ ਲੱਗਿਆ। ਭੂਆ ਤਰਲੇ ਜਿਹੀ ਕਰਦੀ ਉਸ ਦੇ ਮਗਰ-ਮਗਰ ਫਿਰਦੀ ਲੇਲ੍ਹੜੀਆਂ ਜਿਹੀਆਂ ਕੱਢੀ ਜਾਵੇ, "ਮੈਨੂੰ ਤਾਂ ਦੱਸ ਦੇ ਕੁਸ... ਵੇ ਦੱਸ ਦੇ... ਕੀ ਹੋ ਗਿਆ?" ਪਰ ਬੱਲੀ ਨੂੰ ਤਾਂ ਜਾਣੋਂ ਸੁਣਨੋਂ ਹੀ ਹਟ ਗਿਆ ਸੀ। ਅਲਮਾਰੀ ਪਿੱਛੇ ਰੱਖਿਆ ਰੁਪਈਆਂ ਵਾਲਾ ਝੋਲਾ ਚੁੱਕਿਆ ਤੇ ਸਕੂਟਰ ਦੇ ਕਿੱਕ ਮਾਰ ਕੇ ਇੱਕ ਦਮ ਬਾਹਰ ਨਿੱਕਲ ਗਿਆ। ਭੂਆ ਰੋਂਦੀ-ਪਿੱਟਦੀ ਰਹਿ ਗਈ। ਪਿੰਡ ਵਿਚ ਵੀ ਰੌਲਾ ਪੈ ਗਿਆ ਪਰ ਬੱਲੀ ਨੇ ਤਾਂ ਕਿਸੇ ਦੀ ਕੋਈ ਪ੍ਰਵਾਹ ਨਹੀਂ ਕੀਤੀ। ਉਸ ਨੂੰ ਤਾਂ ਪੈਸੇ ਲੈ ਕੇ ਪਹੁੰਚਣ ਦੀ ਕਾਹਲ ਸੀ। ਉਹ ਸੋਚੀ ਜਾਂਦਾ ਸੀ ਕਿ ਇਹ ਸਾਰੇ ਪੈਸੇ ਡਾਕਟਰ ਨੂੰ ਦੇ ਕੇ ਪਾਲੋ ਦਾ ਇਲਾਜ ਕਰਵਾ ਲਵਾਂਗਾ। ਵਾਹੋ-ਦਾਹੀ ਸਕੂਟਰ ਭਜਾ ਕੇ ਜਦ ਉਹ ਪਿੰਡੋਂ ਬਾਹਰ ਸਿਵਿਆਂ ਕੋਲ ਪਹੁੰਚਿਆ ਤਾਂ ਉਹ ਬੰਦੇ ਸਿਆਣ ਕੇ ਇੱਕ ਦਮ ਠਠੰਬਰ ਗਿਆ। ਚਿਤਾ ਨੂੰ ਅਗਨੀ ਦੇਣ ਦੀ ਪੂਰੀ ਤਿਆਰੀ ਸੀ। ਉਹ ਸਕੂਟਰ ਸੁੱਟ ਕੇ, ਭੁੱਬਾਂ ਮਾਰਦਾ ਝੋਲਾ ਚੁੱਕ ਕੇ ਚਿਤਾ ਵੱਲ ਭੱਜਿਆ। ਇਕੱਠੇ ਹੋਏ ਸਾਰੇ ਲੋਕ ਡਰ ਜਿਹੇ ਗਏ, ਕੁਝ ਤਾਂ ਹੌਲੀ-ਹੌਲੀ ਖਿਸਕਣੇ ਹੀ ਸ਼ੁਰੂ ਹੋ ਗਏ। ਚਾਰੇ ਪਾਸੇ ਚੁੱਪ ਛਾ ਗਈ।

"ਓਏ ਜ਼ਾਲਮੋਂ...ਓਏ ਪਾਪੀਓ...।" ਚੀਕਾਂ ਮਾਰਦੇ ਬੱਲੀ ਨੇ ਭੱਜ ਕੇ ਪਾਲੋ ਦੇ ਪ੍ਰਾਹੁਣੇ ਨੂੰ ਧੱਕਾ ਮਾਰ ਕੇ ਉਸ ਦੇ ਹੱਥੋਂ ਤੀਲਾਂ ਵਾਲੀ ਡੱਬੀ ਖੋਹ ਲਈ। ਨੇੜੇ ਖੜ੍ਹੇ ਹੋਰ ਲੋਕ ਵੀ ਇੱਕ ਦਮ ਪਿੱਛੇ ਹਟ ਗਏ।

"ਓਏ ਤੁਸੀਂ ਮੇਰਾ ਸਾਰਾ ਕੁਸ ਈ ਲੈ ਲੈਂਦੇ...ਬੇਈਮਾਨੋ...ਪਰ...ਮੇਰਾ ਤਾਂ ਜਹਾਨ ਸੁੰਨਾ ਕਰ'ਤਾ...ਪਾਪੀਓ।" ਸੁੰਨ ਹੋਏ ਖੜ੍ਹੇ ਲੋਕਾਂ ਨੂੰ ਬੱਲੀ ਦਾ ਵਿਰਲਾਪ ਅੰਦਰੋਂ ਹਿਲਾ ਰਿਹਾ ਸੀ।

"ਲਓ ਆਹ ਲੈ ਲੋ...ਆਹ ਐ ਮੇਰੀ ਪਾਲੋ ਦਾ ਹਿੱਸਾ...।" ਏਨਾ ਕਹਿੰਦੇ ਹੋਏ ਉਸ ਨੇ ਰੁਪਈਆਂ ਵਾਲਾ ਝੋਲਾ ਚਿਤਾ ਉਤੇ ਖਾਲੀ ਕਰ ਦਿੱਤਾ।

"ਓਏ ਆਹ ਕੀ? ਰੋਕੋ ਭਾਈ ਮੁੰਡੇ ਨੂੰ।" ਇਕੱਠ 'ਚੋਂ ਇੱਕ ਆਵਾਜ਼ ਆਈ। ਦੋ-ਤਿੰਨ ਜਣੇ ਨੇੜੇ ਨੂੰ ਹੋਣ ਲੱਗੇ ਪਰ ਬੱਲੀ ਨੇ ਚਿਤਾ ਵਾਲੀਆਂ ਲੱਕੜਾਂ ਵਿਚੋਂ ਇੱਕ ਤੈਂਬੜ ਖਿੱਚ ਕੇ ਉਗਰ ਲਿਆ, "ਆਓ ਕਿਹੜਾ ਆਉਂਦੈ...ਹੋਵੋ 'ਗਾਹਾਂ ਨੂੰ...ਦੇਵਾਂ ਥੋਨੂੰ ਪਾਲੋ ਦਾ ਹਿੱਸਾ...ਆ ਜੋ...ਆ ਜੋ।" ਬੱਲੀ ਦਾ ਭਿਅੰਕਰ ਰੂਪ ਦੇਖ ਕੇ ਚਾਹੁੰਦੇ ਵੀ ਕੋਈ ਨੇੜੇ ਨਾ ਲੱਗਿਆ ਸਗੋਂ ਤੇਜ਼ੀ ਨਾਲ ਸਾਰੇ ਹੀ ਬੰਦੇ ਵਾਰੀ-ਵਾਰੀ ਮੁੜ-ਮੁੜ ਚਿਤਾ ਵੱਲ ਟੱਡੀਆਂ ਅੱਖਾਂ ਨਾਲ ਝਾਕਦੇ ਹੋਏ ਖਿਸਕਣ ਲੱਗੇ। ਬੱਲੀ ਨੇ ਚਾਰੇ ਪਾਸੇ ਘੁੰਮ ਕੇ ਚਿਤਾ ਨੂੰ ਅੱਗ ਲਾ ਦਿੱਤੀ। ਸੁੱਕੀ ਲੱਕੜ ਨੂੰ ਅੱਗ ਇੱਕ ਦਮ ਚੜ੍ਹ ਕੇ ਨੋਟਾਂ ਤੱਕ ਅੱਪੜ ਗਈ। ਦੂਰ ਖੜ੍ਹਾ ਪਾਲੋ ਦਾ ਪ੍ਰਾਹੁਣਾ ਪਾਲੋ ਦੀ ਚਿਤਾ ਦੀਆਂ ਅਸਮਾਨ ਵੱਲ ਉਠਦੀਆਂ ਲਾਟਾਂ ਵਿਚੋਂ ਨੋਟਾਂ ਦੀ ਉਡਦੀ ਸੁਆਹ ਵੱਲ ਇਓਂ ਤੱਕ ਰਿਹਾ ਸੀ, ਜਿਵੇਂ ਉਸ ਨੂੰ ਨੋਟਾਂ ਦੇ ਜਲਣ ਦਾ ਪਛਤਾਵਾ ਹੋ ਰਿਹਾ ਹੋਵੇ। ਬੱਲੀ ਤੈਂਬੜ ਮੋਢੇ 'ਤੇ ਰੱਖ ਕੇ ਚਿਤਾ ਦੁਆਲੇ ਕਾਹਲੀ ਕਾਹਲੀ ਗੇੜੇ ਕੱਢਦਾ ਉਚੀ-ਉਚੀ ਅਵਾ-ਤਵਾ ਬੋਲਣ ਲੱਗ ਪਿਆ। ਏਨੇ ਨੂੰ ਉਸ ਦੇ ਆਪਣੇ ਪਿੰਡੋਂ ਕੁਝ ਬੰਦੇ ਪਹੁੰਚ ਗਏ। ਬੱਲੀ. ਉਨ੍ਹਾਂ ਨੂੰ ਦੇਖ ਕੇ ਹੋਰ ਵੀ ਉਚੀ-ਉਚੀ ਬੋਲਣ ਲੱਗ ਪਿਆ- "ਦੇ'ਤਾ ਚਾਚਾ, ਦੇ...'ਤਾ...ਪਾਲੋ ਦਾ ਹਿੱਸਾ ਮੰਗਦੇ ਸੀ...ਅਹੁ ਦੇ'ਤਾ। ਅਹੁ ਜਾਂਦੈ ਪਾਲੋ ਦਾ ਹਿੱਸਾ...ਓਹਦੇ ਨਾਲ ਈ।" ਬੱਲੀ ਨੇ ਨੋਟਾਂ ਦੀ ਉਡੀ ਜਾਂਦੀ ਸੁਆਹ ਵੱਲ ਹੱਥ ਕਰਕੇ ਚੀਕ ਮਾਰੀ। ਬੰਦਿਆਂ ਨੇ ਬੱਲੀ ਨੂੰ ਧੱਕੇ ਨਾਲ ਮਸਾਂ ਚਿਤਾ ਤੋਂ ਪਾਸੇ ਕੀਤਾ ਅਤੇ ਪਿੰਡ ਨੂੰ ਲੈ ਤੁਰੇ। ਉਸ ਦੇ ਮਾਮੇ, ਭੂਆ ਤੇ ਹੋਰ ਰਿਸ਼ਤੇਦਾਰਾਂ ਨੂੰ ਸਨੇਹੇ ਭੇਜ ਕੇ ਸੱਦ ਲਿਆ ਪਰ ਬੱਲੀ ਤਾਂ ਚੁੱਪ ਹੀ ਕਰ ਗਿਆ। ਸਾਰਿਆਂ ਨੇ ਰੋ-ਪਿੱਟ ਕੇ ਵੀ ਜ਼ੋਰ ਲਾ ਲਿਆ ਪਰ ਬੱਲੀ ਨੇ ਜ਼ੁਬਾਨ ਨਹੀਂ ਖੋਲ੍ਹੀ। ਉਹ ਤਾਂ ਬੱਸ ਸਾਹਮਣੇ ਵਾਲੇ ਬੰਦੇ ਵੱਲ ਇੱਕ ਟੱਕ ਅੱਖਾਂ ਟੱਡ ਕੇ ਸਵਾਲੀਆ ਨਜ਼ਰ ਨਾਲ ਝਾਕੀ ਜਾਂਦਾ ਸੀ। ਸਭਨਾਂ ਨੂੰ ਹੁਣ ਬੱਲੀ ਦਾ ਫਿਕਰ ਲੱਗ ਗਿਆ ਸੀ।

ਕੁਝ ਹੀ ਦਿਨਾਂ ਪਿੱਛੋਂ ਕਿਸਾਨ ਯੂਨੀਅਨ ਅਤੇ ਹੋਰ ਜਮਹੂਰੀ ਜਥੇਬੰਦੀਆਂ ਨੇ ਰਲ ਕੇ ਏਸ ਘਿਨਾਉਣੇ ਕਾਰੇ ਦੀ ਪੂਰੀ ਪੜਤਾਲ ਕਰਕੇ ਸੰਘਰਸ਼ ਵਿੱਢ ਦਿੱਤਾ। ਪਾਲੋ ਦੇ ਸਹੁਰੇ ਪਿੰਡ ਵਿਚੋਂ ਵੀ ਬਹੁਗਿਣਤੀ ਲੋਕਾਂ ਨੇ ਉਨ੍ਹਾਂ ਦਾ ਸਾਥ ਦਿੱਤਾ ਜਿਸ ਦੇ ਸਿੱਟੇ ਵਜੋਂ ਪੁਲਿਸ ਨੂੰ ਚੜ੍ਹਾਵਾ ਚਾੜ੍ਹਨ ਦੇ ਬਾਵਜੂਦ ਕੇਸ ਦਰਜ ਕਰਨਾ ਪਿਆ। ਉਧਰ ਬੱਲੀ ਦਾ ਮਾਮਾ ਬੱਲੀ ਨੂੰ ਲੈ ਕੇ ਦੂਰ-ਦੂਰ ਦੇ ਡਾਕਟਰਾਂ ਕੋਲ ਫਿਰਦਾ ਰਿਹਾ, ਉਸ ਨੇ ਕੋਈ ਕਸਰ ਨਹੀਂ ਛੱਡੀ ਪਰ ਬੱਲੀ ਤਾਂ ਜਿਉਂਦੀ ਲਾਸ਼ ਹੀ ਬਣ ਗਿਆ। ਉਸ ਨੂੰ ਤਾਂ ਹਰ ਇੱਕ ਕੁੜੀ ਵਿਚੋਂ ਪਾਲੋ ਹੀ ਦਿਸਣ ਲੱਗ ਪਈ।

## ਖੇਤੀਬਾੜੀ ਸੰਕਟ, ਕਿਸਾਨ ਅੰਦੋਲਨ ਅਤੇ ਪਾਪੂਲਿਜ਼ਮ-2

# ਕਿੱਥੇ ਖੜ੍ਹੇ ਹਨ ਪੰਜਾਬ ਦੇ ਬੁੱਧੀਜੀਵੀ?

*ਕਿਸਾਨਾਂ ਨੇ ਲੰਮੇ ਸਮੇਂ ਤੋਂ ਚੱਲ ਰਿਹਾ ਘੋਲ ਆਖਰਕਾਰ ਜਿੱਤ ਲਿਆ ਪਰ ਹੁਣ ਸਵਾਲ ਹੈ ਕਿ ਇਸ ਤੋਂ ਅਗਲਾ ਕਦਮ ਕੀ ਹੋਵੇ? ਇਸ ਵਕਤ ਸਮੁੱਚੇ ਭਾਰਤ ਜਿਸ ਵਿਚ ਪੰਜਾਬ ਵੀ ਸ਼ਾਮਿਲ ਹੈ, ਵਿਚ ਖੇਤੀ ਸੰਕਟ ਸਿਖਰਾਂ ਛੂਹ ਰਿਹਾ ਹੈ। ਮਾੜੀ ਗੱਲ ਇਹ ਹੋਈ ਹੈ ਕਿ ਲੋਕਾਂ ਦੇ ਹੱਕ ਵਿਚ ਖੜ੍ਹਨ ਦਾ ਦਾਅਵਾ ਕਰਨ ਵਾਲੇ ਬੁੱਧੀਜੀਵੀ ਵੀ ਇਸ ਦਾ ਹੱਲ ਪੇਸ਼ ਨਹੀਂ ਕਰ ਸਕੇ। ਇਨ੍ਹਾਂ ਅਹਿਮ ਨੁਕਤਿਆਂ ਬਾਰੇ ਚਰਚਾ ਨੌਜਵਾਨ ਵਿਦਵਾਨਾਂ ਪਰਮਜੀਤ ਸਿੰਘ ਅਤੇ ਪਰਗਟ ਸਿੰਘ ਨੇ ਇਸ ਲੇਖ ਵਿਚ ਕੀਤੀ ਹੈ। ਉਨ੍ਹਾਂ ਅੱਜ ਦੇ ਹਾਲਾਤ ਮੁਤਾਬਿਕ ਐਨ ਨਿਤਾਰ ਕੇ ਗੱਲ ਕੀਤੀ ਹੈ ਤੇ ਇਸ ਮਸਲੇ ਦੀਆਂ ਜੜ੍ਹਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਹੈ। ਇਸ ਲੰਮੇ ਲੇਖ ਦਾ ਦੂਜਾ ਅਤੇ ਆਖਰੀ ਹਿੱਸਾ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।*




**ਪਰਮਜੀਤ ਸਿੰਘ**
ਫੋਨ: +91-94646-16395


**ਪਰਗਟ ਸਿੰਘ**
ਫੋਨ: +91-94178-62967

ਪੰਜਾਬੀ ਪਾਪੂਲਿਸਟ ਬੁੱਧੀਜੀਵੀਆਂ ਦੇ ਤਰਕ ਦੀ ਵਿਗਿਆਨਕ ਪੜਚੋਲ ਨੂੰ ਮੁੱਖ ਰੱਖਦੇ ਹੋਏ ਅਸੀਂ ਉਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਹੈ: ਆਰਥਿਕ-ਸਿਆਸੀ ਪਾਪੂਲਿਸਟ ਅਤੇ ਸਭਿਆਚਾਰਕ ਪਾਪੂਲਿਸਟ।

**ਆਰਥਿਕ-ਰਾਜਨੀਤਿਕ ਪਾਪੂਲਿਜ਼ਮ**

ਮਾਰਕਸ ਅਤੇ ਮੌਲਿਕ ਮਾਰਕਸਵਾਦੀਆਂ (ਲੈਨਿਨ ਤੇ ਕਾਉਟਸਕੀ) ਅਨੁਸਾਰ, ਜਦੋਂ ਖੇਤੀਬਾੜੀ ਖੇਤਰ ਪੂੰਜੀਵਾਦ ਦੀ ਕਮਾਂਡ ਅਧੀਨ ਆਉਂਦਾ ਹੈ ਤਾਂ ਛੋਟੀ ਕਿਸਾਨੀ ਅਤੇ ਮਜ਼ਦੂਰ (ਜੋ ਸਿਰਫ ਖੇਤਾਂ ਵਿਚ ਕੰਮ ਕਰਕੇ ਹੀ ਆਪਣੀ ਉਪਜੀਵਕਾ ਕਮਾਉਂਦੇ ਹਨ) ਸੁਚੱਜੇ ਭਵਿੱਖ ਤੋਂ ਸੱਖਣੇ ਹੋ ਜਾਂਦੇ ਹਨ; ਕਿਉਂਕਿ ਇਹ ਦੋਵੇਂ ਜਮਾਤਾਂ ਪੂੰਜੀਵਾਦੀ ਪੈਦਾਵਰ ਅਤੇ ਪੂੰਜੀ ਸੰਗ੍ਰਹਿ (capital accumulation) ਦੇ ਨਿਯਮਾਂ ਨਾਲ ਮੇਲ ਨਹੀਂ ਖਾਂਦੀਆਂ। ਮਾਰਕਸ ਅਨੁਸਾਰ ਪੂੰਜੀਵਾਦੀ ਆਰਥਿਕ ਪ੍ਰਬੰਧ ਵਿਚ ਜਿੰਨਾ ਚਿਰ ਉਹ ਖੇਤੀਬਾੜੀ ਵਿਚ ਰਹਿਣਗੇ, ਓਨਾ ਹੀ ਉਨ੍ਹਾਂ ਦਾ ਲਹੂ ਅਤੇ ਦਿਮਾਗ ਪੂੰਜੀਵਾਦ ਦੁਆਰਾ ਚੂਸਿਆ ਜਾਂਦਾ ਰਹੇਗਾ ਅਤੇ ਜਿੰਨਾ ਉਨ੍ਹਾਂ ਦਾ ਲਹੂ ਤੇ ਦਿਮਾਗ ਚੂਸਿਆ ਜਾਵੇਗਾ, ਦੈਂਤ ਰੂਪੀ ਪੂੰਜੀਵਾਦ ਓਨਾ ਹੀ ਵਿਕਰਾਲ ਰੂਪ ਅਖਤਿਆਰ ਕਰਦਾ ਜਾਵੇਗਾ। ਚਾਹੇ ਕੋਈ ਮਾਰਕਸਵਾਦੀ, ਮਾਰਕਸ ਵਿਰੋਧੀ ਜਾਂ ਪੂੰਜੀਵਾਦੀ ਵਿਚਾਰਧਾਰਾ ਵਾਲਾ ਬੁੱਧੀਜੀਵੀ ਹੋਵੇ ਪਰ ਜਿੰਨਾ ਚਿਰ ਉਹ ਅਗਾਂਹਵਧੂ ਚਿੰਤਕ ਹੈ, ਉਸ ਨੂੰ ਇਸ ਤੱਥ ਨਾਲ ਸਹਿਮਤ ਹੋਣਾ ਪਵੇਗਾ ਕਿ ਪੂੰਜੀਵਾਦ ਦੀ ਗ੍ਰਿਫਤ ਵਿਚ ਆ ਰਹੇ ਸਮਾਜ ਵਿਚ (ਜਾਂ ਦੂਜੇ ਪਾਸੇ ਉਭਰ ਰਹੇ ਸਮਾਜਵਾਦੀ ਸਮਾਜ ਵਿਚ) ਪ੍ਰੀਓਬਰਜ਼ੈਂਸਕੀ ਦੀ ਦਲੀਲ ਅਨੁਸਾਰ, ਖੇਤੀ ਵਿਚ ਛੋਟੇ ਪੈਮਾਨੇ ਦਾ ਉਤਪਾਦਨ (ਛੋਟੇ ਤੇ ਸੀਮਾਂਤ ਕਿਸਾਨ) ਅਤੇ ਸਾਧਾਰਨ ਉਜਰਤੀ ਖੇਤ ਮਜ਼ਦੂਰ ਗੁਰਬਤ ਦੀ ਦਲਦਲ ਵਿਚੋਂ ਨਹੀਂ ਨਿਕਲ ਸਕਦੇ। ਪੂੰਜੀਵਾਦ ਅਧੀਨ ਖੇਤੀ ਵਿਚ ਛੋਟੀ ਕਿਸਾਨੀ ਘੱਟ ਜ਼ਮੀਨ ਹੋਣ ਕਰਕੇ ਸੁਰੱਖਿਅਤ ਨਹੀਂ ਰਹਿ ਸਕਦੀ। ਖੇਤ ਮਜ਼ਦੂਰਾਂ ਕੋਲ ਬਚਾਉਣ ਲਈ ਉਨ੍ਹਾਂ ਦੀ ਕਿਰਤ ਸ਼ਕਤੀ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੁੰਦਾ।

ਪੰਜਾਬ ਦੇ ਖੇਤੀ ਖੇਤਰ ਵਿਚ ਹੋ ਰਹੇ ਪੂੰਜੀਵਾਦੀ ਵਿਕਾਸ ਅਧੀਨ ਇਹ ਦੋਵੇਂ ਵਰਗ ਪੂੰਜੀਵਾਦ ਦੇ ਪੂੰਜੀ ਸੰਗ੍ਰਹਿ ਦੇ ਨਿਯਮ ਦਾ ਅਸਲ ਸ਼ਿਕਾਰ ਹੋ ਰਹੇ ਹਨ। ਉਹ ਬੁੱਧੀਜੀਵੀ ਵਰਗ ਜੋ ਪੂੰਜੀਵਾਦ ਦੇ ਅਧੀਨ ਛੋਟੇ ਕਿਸਾਨ ਅਤੇ ਖੇਤ ਮਜ਼ਦੂਰਾਂ ਨੂੰ ਬਣਾਈ ਰੱਖਣ ਦਾ ਹਾਮੀ ਹੈ, ਮਾਰਕਸ ਤੇ ਲੈਨਿਨ ਅਨੁਸਾਰ, ਉਨ੍ਹਾਂ ਦਾ ਮਿੱਤਰ ਨਹੀਂ ਹੋ ਸਕਦਾ। ਮਾਰਕਸ ਅਨੁਸਾਰ ਪੂੰਜੀਵਾਦੀ ਢਾਂਚੇ ਅਧੀਨ ਜੇ ਛੋਟੀ ਕਿਸਾਨੀ ਸਿਰਫ ਖੇਤੀ ਵਿਚ ਬਣੇ ਰਹਿਣ ਲਈ ਸੰਘਰਸ਼ ਕਰਦੀ ਹੈ ਤਾਂ ਉਨ੍ਹਾਂ ਦੀ ਜ਼ਮੀਨ ਦੇ ਛੋਟੇ ਟੁਕੜੇ, ਉਨ੍ਹਾਂ ਦੀ ਉਪਜ, ਉਨ੍ਹਾਂ ਦੇ ਘਰ, ਉਨ੍ਹਾਂ ਦੀ ਕਿਰਤ ਆਦਿ ਹੌਲੀ-ਹੌਲੀ ਪੇਂਡੂ ਧਨਾਢ ਕਿਸਾਨੀ ਅਤੇ ਸ਼ਾਹੂਕਾਰੀ ਪੂੰਜੀ (finance capital) ਦੀ ਗ੍ਰਿਫਤ ਵਿਚ ਜਾਣੇ ਤੈਅ ਹੁੰਦੇ ਹਨ।



ਇਸ ਪ੍ਰਸੰਗ ਵਿਚ ਪੰਜਾਬੀ ਬੁੱਧੀਜੀਵੀਆਂ ਦੇ ਆਰਥਿਕ ਤਰਕ ਦੀ ਵਿਗਿਆਨਕ ਪੜਚੋਲ ਕਰੀਏ ਤਾਂ ਇਹ ਛੋਟੀ ਕਿਸਾਨੀ ਨੂੰ ਵੱਡੇ ਪੱਧਰ ਦੀ ਪੂੰਜੀਵਾਦੀ ਕਿਸਾਨੀ ਤੋਂ ਵੱਧ ਕੁਸ਼ਲ ਪੇਸ਼ ਕਰਕੇ ਛੋਟੀ ਕਿਸਾਨੀ ਆਧਾਰਿਤ ਖੇਤੀ ਦੀ ਤਰਜਮਾਨੀ ਕਰਦੇ ਹਨ। ਇਨ੍ਹਾਂ ਦਾ ਇਹ ਤਰਕ ਚੇਨੋਵ ਦੀ ਦੇਣ ਹੈ ਜੋ ਭਾਰਤ ਵਿਚ ਅਮਰਤਿਆ ਸੇਨ ਦੇ ਲੇਖ 'ਜੋਤਾਂ ਦਾ ਆਕਾਰ ਅਤੇ ਉਤਪਾਦਕਤਾ' (1964) ਨਾਲ ਪਰਪੱਕ ਹੋਇਆ। ਪੂੰਜੀਵਾਦੀ ਢਾਂਚੇ ਵਿਚ ਛੋਟੇ ਪੱਧਰ ਦੀ ਖੇਤੀ ਅਤੇ ਛੋਟੀ ਕਿਸਾਨੀ ਨੂੰ ਕੁਸ਼ਲ ਦੱਸਣਾ ਕਾਉਟਸਕੀ ਅਤੇ ਲੈਨਿਨ ਦੇ ਖੇਤੀ ਵਿਚ ਪੂੰਜੀਵਾਦੀ ਵਿਕਾਸ ਦੀ ਧਾਰਨਾ ਅਤੇ ਛੋਟੀ ਕਿਸਾਨੀ ਦੀ ਵੱਡੀ ਕਿਸਾਨੀ ਮੁਕਾਬਲੇ ਉਤਪਾਦਕਤਾ ਦੀ ਅਕੁਸ਼ਲਤਾ ਦੇ ਉਲਟ (ਐਂਟੀ-ਥੀਸਸ) ਹੈ। ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰ ਜੋ ਖੇਤੀ ਪਾਪੂਲਿਸਟਾਂ ਦੁਆਰਾ ਪੈਦਾ ਕੀਤੇ ਆਰਥਿਕ ਰੁਮਾਂਸਵਾਦ ਦਾ ਸ਼ਿਕਾਰ ਹਨ, ਉਨ੍ਹਾਂ ਦੀਆਂ ਸਮੱਸਿਆਵਾਂ ਦਾ ਖੇਤੀ ਕਾਨੂੰਨਾਂ ਨਾਲ ਕੋਈ ਬਹੁਤਾ ਸੰਬੰਧ ਨਹੀਂ ਹੈ ਕਿਉਂਕਿ ਇਨ੍ਹਾਂ ਜਮਾਤਾਂ ਦੀ ਆਰਥਿਕ ਗੁਰਬਤ ਦਾ ਕਾਰਨ ਸਰਕਾਰ ਦੀਆਂ ਆਰਥਿਕ ਨੀਤੀਆਂ ਹੀ ਨਹੀਂ ਸਗੋਂ ਖੇਤੀ ਅਤੇ ਭਾਰਤ ਵਿਚ ਪੂੰਜੀਵਾਦ ਦਾ ਪਸਾਰਾ ਹੈ ਜੋ 1990ਵਿਆਂ ਤੋਂ ਬਾਅਦ ਹੋਰ ਤੇਜ਼ ਹੋਇਆ ਹੈ। ਦੂਜੇ ਸ਼ਬਦਾਂ ਵਿਚ ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਦੇ ਸੰਕਟ ਦਾ ਮੁੱਖ ਕਾਰਨ ਖੇਤੀ ਖੇਤਰ ਵਿਚ ਪੂੰਜੀਵਾਦ ਦਾ ਵਿਕਾਸ ਅਤੇ ਖੇਤੀ ਖੇਤਰ ਦਾ ਪੂੰਜੀਵਾਦੀ ਦੇ ਸੰਗ੍ਰਹਿ ਦੇ ਤਰਕ ਦਾ ਹਿੱਸਾ ਬਣਨ ਦੀ ਪ੍ਰਕਿਰਿਆ ਹੈ। ਇਨ੍ਹਾਂ ਬੁੱਧੀਜੀਵੀਆਂ ਦਾ ਪਾਪੂਲਿਸਟ ਚਰਿੱਤਰ ਅਤੇ ਆਰਥਿਕ ਰੁਮਾਂਸਵਾਦ ਇਸ ਗੱਲ ਤੋਂ ਸਪਸ਼ਟ ਹੈ ਕਿ ਇਹ ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਨੂੰ ਖੇਤੀ ਵਿਚ ਰੱਖਣ ਲਈ ਪੂੰਜੀਵਾਦੀ ਰਾਜ ਤੋਂ ਲਗਾਤਾਰ ਰਿਆਇਤਾਂ ਮੰਗਦੇ ਦਿਸਦੇ ਹਨ। ਰਿਆਇਤਾਂ ਮੰਗ ਕੇ ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਨੂੰ ਖੇਤੀ ਵਿਚ ਬਣਾਈ ਰੱਖਣ ਨਾਲ ਉਨ੍ਹਾਂ ਦਾ ਗੁਜ਼ਾਰਾ ਜਿਹਾ ਤਾਂ ਚਲਾਇਆ ਜਾ ਸਕਦਾ ਹੈ ਪਰ ਉਨ੍ਹਾਂ ਦੀ ਜ਼ਿੰਦਗੀ ਨੂੰ ਗੁਰਬਤ ਵਿਚੋਂ ਕੱਢ ਕੇ ਸੁਖਾਵਾਂ ਨਹੀਂ ਬਣਾਇਆ ਜਾ ਸਕਦਾ।

ਜਦੋਂ ਪੰਜਾਬੀ ਬੁੱਧੀਜੀਵੀ ਵਰਗ ਰਿਆਇਤਾਂ ਦੀ ਆਰਥਿਕ ਸਿਧਾਂਤਕਾਰੀ ਕਰਦਾ ਹੈ ਤਾਂ ਉਹ ਆਰਥਿਕ ਰੁਮਾਂਸਵਾਦ ਅਤੇ ਚੇਨੋਵ ਦਾ ਪੈਰੋਕਾਰ ਬਣ ਕੇ ਨਿੱਤਰਦਾ ਹੈ। ਪੂੰਜੀਵਾਦ ਰਾਜ ਤੋਂ ਰਿਆਇਤਾਂ ਦੇ ਆਰਥਿਕ ਰੁਮਾਂਸਵਾਦ ਦੀ ਵਿਗਿਆਨਕ ਪੜਚੋਲ ਇਹ ਦਰਸਾਉਂਦੀ ਹੈ ਕਿ ਇਹ ਵਰਗ ਕਿਤੇ ਵੀ ਪੂੰਜੀਵਾਦੀ ਵਿਰੋਧੀ ਨਹੀਂ ਸਗੋਂ ਪੂੰਜੀਵਾਦ ਦਾ ਹਾਮੀ ਹੈ ਜੋ ਪੂੰਜੀਵਾਦੀ ਢਾਂਚੇ ਵਿਚ ਰਹਿ ਕੇ ਹੀ ਕਿਸਾਨੀ ਸਮੱਸਿਆਵਾਂ ਦਾ ਅਸਥਾਈ ਹੱਲ ਲੱਭਣ ਵਿਚ ਲੱਗਿਆ ਰਹਿੰਦਾ ਹੈ। ਕੀ ਪੰਜਾਬ ਦੇ 21ਵੀਂ ਸਦੀ ਦੇ ਆਰਥਿਕ ਰੁਮਾਂਸਵਾਦੀ ਬੁੱਧੀਜੀਵੀ ਉਹੀ ਨਹੀਂ ਕਹਿ ਰਹੇ ਜੋ 19ਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਜਰਮਨੀ, ਫਰਾਂਸ ਤੇ ਰੂਸ ਵਿਚ ਰੁਮਾਂਸਵਾਦੀਆਂ ਦੁਆਰਾ ਪ੍ਰਚਾਰਿਆ ਜਾ ਰਿਹਾ ਸੀ? ਪੰਜਾਬ ਦੇ 21ਵੀਂ ਸਦੀ ਦੇ ਆਰਥਿਕ ਰੁਮਾਂਸਵਾਦੀਆਂ ਅਤੇ ਜਰਮਨੀ, ਫਰਾਂਸ ਤੇ ਰੂਸ ਦੇ 19ਵੀਂ ਸਦੀ ਦੇ ਆਖਰੀ ਦਹਾਕਿਆਂ ਦੇ ਆਰਥਿਕ ਰੁਮਾਂਸਵਾਦੀਆਂ ਵਿਚ ਬਹੁਤ ਸਮਾਨਤਾਵਾਂ ਹਨ। ਪੰਜਾਬੀ ਪਾਪੂਲਿਸਟ ਰੁਮਾਂਸਵਾਦੀ ਬੁੱਧੀਜੀਵੀ ਜਰਮਨੀ, ਫਰਾਂਸ ਤੇ ਰੂਸੀ ਪਾਪੂਲਿਸਟ ਰੁਮਾਂਸਵਾਦੀ ਬੁੱਧੀਜੀਵੀਆਂ ਤੋਂ ਸਿਰਫ ਇਸ ਆਧਾਰ 'ਤੇ ਵੱਖਰੇ ਹਨ ਕਿ ਉਨ੍ਹਾਂ ਦੀ ਬਹੁਗਿਣਤੀ ਨੂੰ ਇਹ ਵੀ ਨਹੀਂ ਪਤਾ ਕਿ ਉਹ ਚੇਨੋਵ ਦੇ ਪੈਰੋਕਾਰ ਹਨ। ਪੰਜਾਬ ਦੇ ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਜੋ ਉਨ੍ਹਾਂ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਹਨ, ਉਨ੍ਹਾਂ ਨੂੰ ਮਾਰਕਸਵਾਦੀ ਸਮਝਦੇ ਹਨ।

ਅੱਜ ਕੱਲ੍ਹ ਪੰਜਾਬ ਦੇ ਆਰਥਿਕ ਰੁਮਾਂਸਵਾਦੀ ਬੁੱਧੀਜੀਵੀ ਕਿਸਾਨੀ ਸਵਾਲ/ਸੰਕਟ ਦੇ ਹੱਲ ਲਈ ਸਹਿਕਾਰੀ ਖੇਤੀ ਦੀ ਧਾਰਨਾ ਦੀ ਪੈਰਵੀ ਕਰਨ ਵਿਚ ਜੁਟੇ ਹੋਏ ਹਨ। ਇਨ੍ਹਾਂ ਅਨੁਸਾਰ ਸਹਿਕਾਰੀ ਖੇਤੀ ਰਾਹੀਂ ਛੋਟੀ ਕਿਸਾਨੀ ਨੂੰ ਖੇਤੀ ਵਿਚ ਬਣਾ ਕੇ ਰੱਖਣ ਦੇ ਨਾਲ-ਨਾਲ ਲਾਭਕਾਰੀ ਵੀ ਬਣਾਇਆ ਜਾ ਸਕਦਾ ਹੈ। ਇਹ ਪਰੂਧੋਂ (ਜਿਸ ਦਾ ਮਾਰਕਸ ਨੇ ਨਿੱਠ ਕੇ ਅਧਿਐਨ ਅਤੇ ਆਲੋਚਨਾ ਕੀਤੀ ਸੀ) ਵਾਂਗ ਸਹਿਕਾਰੀ ਖੇਤੀ ਦਾ ਮਾਡਲ ਦਿੰਦੇ ਸਮੇਂ ਵੱਡੇ ਪੂੰਜੀਵਾਦੀ ਢਾਂਚੇ ਦੇ ਤਰਕ ਜਿਸ ਵਿਚ ਇਹ ਸਹਿਕਾਰੀ ਖੇਤੀ ਨੂੰ ਹੁਲਾਰਾ ਦੇਣਾ ਚਾਹੁੰਦੇ ਹਨ, ਨੂੰ ਅਣਗੌਲਿਆ ਕਰ ਦਿੰਦੇ ਹਨ। ਜੇ ਅਸੀਂ ਪੂੰਜੀਵਾਦੀ ਢਾਂਚੇ ਵਿਚ ਸਹਿਕਾਰੀ ਖੇਤੀ ਦੀਆਂ ਸੰਭਾਵਨਾਵਾਂ ਅਤੇ ਸਥਿਰਤਾ ਦੀ ਵਿਗਿਆਨਕ ਪੜਚੋਲ ਕਰੀਏ ਤਾਂ ਇਹ ਆਦਰਸ਼ਵਾਦੀ ਧਾਰਨਾ ਤੋਂ ਵੱਧ ਕੁਝ ਵੀ ਨਹੀਂ। ਸਹਿਕਾਰੀ ਖੇਤੀ ਦੇ ਪ੍ਰਸੰਗ ਵਿਚ ਕੁਝ ਵਿਗਿਆਨਕ ਸਵਾਲਾਂ ਦੇ ਜਵਾਬ ਰੁਮਾਂਸਵਾਦੀ ਅਰਥ-ਵਿਗਿਆਨੀਆਂ ਨੂੰ ਦੇਣੇ ਬਣਦੇ ਹਨ ਜੋ ਸਹਿਕਾਰੀ ਖੇਤੀ ਦੀ ਪੂੰਜੀਵਾਦੀ ਢਾਂਚੇ ਵਿਚ ਛੋਟੀ ਕਿਸਾਨੀ ਨੂੰ ਬਣਾਈ ਰੱਖਣ ਅਤੇ ਉਨ੍ਹਾਂ ਦੇ ਸੰਕਟ ਨੂੰ ਹੱਲ ਕਰਨ ਦੀ ਸਮਰੱਥਾ ਨੂੰ ਸਪਸ਼ਟ ਕਰ ਦੇਣ।

***ਪੰਜਾਬ ਦੇ ਆਰਥਿਕ ਰੁਮਾਂਸਵਾਦੀ ਬੁੱਧੀਜੀਵੀ ਕਿਸਾਨੀ ਸਵਾਲ/ਸੰਕਟ ਦੇ ਹੱਲ ਲਈ ਸਹਿਕਾਰੀ ਖੇਤੀ ਦੀ ਧਾਰਨਾ ਦੀ ਪੈਰਵੀ ਕਰਨ ਵਿਚ ਜੁਟੇ ਹੋਏ ਹਨ। ਇਨ੍ਹਾਂ ਅਨੁਸਾਰ ਸਹਿਕਾਰੀ ਖੇਤੀ ਰਾਹੀਂ ਛੋਟੀ ਕਿਸਾਨੀ ਨੂੰ ਖੇਤੀ ਵਿਚ ਬਣਾ ਕੇ ਰੱਖਣ ਦੇ ਨਾਲ-ਨਾਲ ਲਾਭਕਾਰੀ ਵੀ ਬਣਾਇਆ ਜਾ ਸਕਦਾ ਹੈ। ਇਹ ਪਰੂਧੋਂ ਵਾਂਗ ਸਹਿਕਾਰੀ ਖੇਤੀ ਦਾ ਮਾਡਲ ਦਿੰਦੇ ਸਮੇਂ ਵੱਡੇ ਪੂੰਜੀਵਾਦੀ ਢਾਂਚੇ ਦੇ ਤਰਕ ਜਿਸ ਵਿਚ ਇਹ ਸਹਿਕਾਰੀ ਖੇਤੀ ਨੂੰ ਹੁਲਾਰਾ ਦੇਣਾ ਚਾਹੁੰਦੇ ਹਨ, ਨੂੰ ਅਣਗੌਲਿਆ ਕਰ ਦਿੰਦੇ ਹਨ। ਜੇ ਅਸੀਂ ਪੂੰਜੀਵਾਦੀ ਢਾਂਚੇ ਵਿਚ ਸਹਿਕਾਰੀ ਖੇਤੀ ਦੀਆਂ ਸੰਭਾਵਨਾਵਾਂ ਅਤੇ ਸਥਿਰਤਾ ਦੀ ਵਿਗਿਆਨਕ ਪੜਚੋਲ ਕਰੀਏ ਤਾਂ ਇਹ ਆਦਰਸ਼ਵਾਦੀ ਧਾਰਨਾ ਤੋਂ ਵੱਧ ਕੁਝ ਵੀ ਨਹੀਂ।***

ਪਹਿਲਾ ਸਵਾਲ: ਕੀ ਸਹਿਕਾਰੀ ਖੇਤੀ ਦੀਆਂ ਲਾਗਤਾਂ ਅਤੇ ਉਤਪਾਦਨ ਪੂੰਜੀਵਾਦੀ ਮੰਡੀ ਤੋਂ ਸੁਤੰਤਰ ਹੋ ਸਕਦਾ ਹੈ? ਦੂਜਾ ਸਵਾਲ: ਕੀ ਸਹਿਕਾਰੀ ਖੇਤੀ ਵਿਚ ਪੈਦਾ ਕੀਤੀਆਂ ਵਸਤਾਂ ਦੀਆਂ ਕੀਮਤਾਂ ਪੂੰਜੀਵਾਦੀ ਢਾਂਚੇ ਦੇ ਕੀਮਤ ਨਿਰਧਾਰਨ ਨਿਯਮਾਂ ਤੋਂ ਬਾਹਰ ਹੋ ਕੇ ਤੈਅ ਹੋ ਸਕਦੀਆਂ ਹਨ? ਆਖਰੀ ਤੇ ਸਭ ਤੋਂ ਮਹੱਤਵਪੂਰਨ ਸਵਾਲ: ਕੀ ਪੂੰਜੀਵਾਦੀ ਆਰਥਿਕ ਤੇ ਸਮਾਜਿਕ ਢਾਂਚੇ ਵਿਚ ਸਹਿਕਾਰੀ ਖੇਤੀ ਪੂੰਜੀਵਾਦੀ ਸੰਗ੍ਰਹਿ ਦੇ ਨਿਯਮਾਂ ਤੋਂ ਵੱਖ ਰਹਿ ਸਕਦੀ ਹੈ?

ਜੇ ਅਸੀਂ ਉਪਰਲੇ ਸਵਾਲਾਂ ਦੀ ਵਿਗਿਆਨਕ ਪੜਚੋਲ ਕਰੀਏ ਤਾਂ ਜਿਸ ਢਾਂਚੇ ਵਿਚ ਪਾਪੂਲਿਸਟ ਬੁੱਧੀਜੀਵੀ ਸਰਕਾਰ ਤੋਂ ਸਹਿਕਾਰੀ ਖੇਤੀ ਨੂੰ ਉਤਸ਼ਾਹਿਤ ਕਰਨ ਦੀ ਮੰਗ ਕਰ ਰਹੇ ਹਨ, ਉਹ ਪੂੰਜੀਵਾਦੀ ਹੈ। ਇਸ ਢਾਂਚੇ ਅਧੀਨ ਪੂੰਜੀਵਾਦੀ ਰਾਜ ਦੀ ਜ਼ਿੰਮੇਵਾਰੀ ਪੂੰਜੀਵਾਦੀ ਜਮਾਤ ਦੇ ਹਿੱਤਾਂ ਦੀ ਪੂਰਤੀ ਲਈ ਕੰਮ ਕਰਨਾ ਹੈ। ਪੂੰਜੀਵਾਦੀ ਰਾਜ ਦਾ ਮੁੱਖ ਉਦੇਸ਼ ਪੂੰਜੀਵਾਦੀ ਵਿਕਾਸ ਰਾਹੀਂ ਖੇਤੀ ਸਵਾਲ/ਸੰਕਟ ਦਾ ਹੱਲ ਕਰਨਾ ਹੁੰਦਾ ਹੈ, ਨਾ ਕਿ ਸਹਿਕਾਰੀ ਖੇਤੀ ਨੂੰ ਹੁਲਾਰਾ ਦੇ ਕੇ ਖੇਤੀ ਦੇ ਸਵਾਲ ਨੂੰ ਜਿਉਂ ਦਾ ਤਿਉਂ ਬਣਾ ਕੇ ਰੱਖਣਾ। ਅਜਿਹੀ ਸੂਰਤ ਵਿਚ ਛੋਟੀ ਕਿਸਾਨੀ ਆਧਾਰਿਤ ਸਹਿਕਾਰੀ ਖੇਤੀ (ਪੂੰਜੀਵਾਦੀ ਢਾਂਚੇ ਵਿਚ ਹੀ ਰਹਿ ਕੇ) ਪੂੰਜੀਵਾਦੀ ਖੇਤੀ ਦਾ ਬਦਲ ਨਹੀਂ ਹੋ ਸਕਦੀ।

ਪੰਜਾਬੀ ਪਾਪੂਲਿਸਟ ਬੁੱਧੀਜੀਵੀਆਂ ਦੇ ਪ੍ਰਚਾਰੇ ਜਾਂਦੇ ਸਹਿਕਾਰੀ ਖੇਤੀ ਮਾਡਲ ਦੀ ਧਾਰਨਾ ਦਾ ਅਸਲ ਆਧਾਰ ਛੋਟੀ ਕਿਸਾਨੀ ਨੂੰ ਖੇਤੀ ਵਿਚ ਬਣਾਈ ਰੱਖਣਾ ਹੈ, ਨਾ ਕਿ ਉਨ੍ਹਾਂ ਦੇ ਸੰਕਟ ਦਾ ਸਥਾਈ ਹੱਲ ਕਰਨਾ। ਇਨ੍ਹਾਂ ਦੇ ਸਹਿਕਾਰੀ ਖੇਤੀ ਦੇ ਹੱਕ ਵਿਚ ਦਿੱਤੇ ਤਰਕ ਦੀ ਪਰਖ ਇਨ੍ਹਾਂ ਦੁਆਰਾ ਦਿੱਤੀ ਸਹਿਕਾਰੀ ਖੇਤੀ ਦੀ ਧਾਰਨਾ ਤੋਂ ਵੀ ਹੁੰਦੀ ਹੈ। ਇਨ੍ਹਾਂ ਦਾ ਸਹਿਕਾਰੀ ਖੇਤੀ ਪ੍ਰਤੀ ਤਰਕ ਛੋਟੇ ਪੱਧਰ ਦੀ ਖੇਤੀ ਨੂੰ ਜ਼ਮੀਨ ਅਤੇ ਆਰਥਿਕ ਸਾਧਨ ਇਕੱਠੇ ਕਰਕੇ ਲਾਭਕਾਰੀ ਬਣਾਉਣਾ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਹਿਕਾਰੀ ਖੇਤੀ ਦਾ ਮੰਤਵ ਜਿਸ ਨੂੰ ਇਹ ਪੂੰਜੀਵਾਦੀ ਖੇਤੀ ਦੇ ਬਦਲ ਦੇ ਰੂਪ ਵਿਚ ਪੇਸ਼ ਕਰਦੇ ਹਨ, ਵੀ ਪੂੰਜੀਵਾਦੀ ਖੇਤੀ ਵਾਂਗ ਹੀ ਲਾਭ ਕਮਾਉਣਾ ਹੀ ਹੁੰਦਾ ਹੈ। ਜੇ ਦੋਵੇਂ ਤਰ੍ਹਾਂ ਦੇ ਖੇਤੀ ਮਾਡਲਾਂ ਦਾ ਮਕਸਦ ਲਾਭ ਕਮਾਉਣਾ ਹੀ ਹੈ ਤਾਂ ਸਹਿਕਾਰੀ ਖੇਤੀ ਅਤੇ ਪੂੰਜੀਵਾਦੀ ਖੇਤੀ ਦਾ ਆਰਥਿਕ ਤਰਕ ਇੱਕੋ ਹੀ ਹੈ। ਇਨ੍ਹਾਂ ਦੋਵੇਂ ਧਾਰਨਾਵਾਂ ਵਿਚ ਫਰਕ ਸਿਰਫ ਇਹ ਹੈ ਕਿ ਪੂੰਜੀਵਾਦ ਦਾ ਖੇਤੀ ਵਿਚ ਲਾਭ ਕਮਾਉਣ ਦਾ ਤਰਕ ਜਾਂ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਦਾ ਤਰਕ ਛੋਟੀ ਕਿਸਾਨੀ ਨੂੰ ਖੇਤੀ ਵਿਚੋਂ ਕੱਢ ਕੇ ਪੂਰਾ ਹੁੰਦਾ ਹੈ ਅਤੇ ਸਹਿਕਾਰੀ ਖੇਤੀ ਵਿਚ ਉਨ੍ਹਾਂ ਨੂੰ ਖੇਤੀ ਖੇਤਰ ਵਿਚ ਰੱਖ ਕੇ ਲਾਭਕਾਰੀ ਬਣਾਉਣਾ ਹੈ। ਇਸ ਤਰ੍ਹਾਂ ਸਹਿਕਾਰੀ ਖੇਤੀ ਦੀ ਧਾਰਨਾ ਕੋਈ ਕ੍ਰਾਂਤੀਕਾਰੀ ਧਾਰਨਾ ਨਹੀਂ ਹੈ ਜੋ ਪੂੰਜੀਵਾਦੀ ਆਰਥਿਕ ਅਤੇ ਸਮਾਜਿਕ ਸੰਬੰਧਾਂ ਦੀ ਵਿਰੋਧੀ ਜਾਂ ਬਦਲਵੀਂ ਹੋਵੇ।

ਖੇਤੀ ਪਾਪੂਲਿਸਟਾਂ ਦੀ ਸਹਿਕਾਰੀ ਖੇਤੀ ਦੀ ਧਾਰਨਾ ਉਨ੍ਹਾਂ ਦੀ ਆਪਣੀ ਹੀ ਧਾਰਨਾ ਕਿ ਛੋਟੀ ਕਿਸਾਨੀ ਉਤਪਾਦਕਾਂ ਵਿਚ ਵੱਡੀ ਕਿਸਾਨੀ ਤੋਂ ਵਧੇਰੇ ਕੁਸ਼ਲਤਾ ਹੁੰਦੀ ਹੈ, ਦੀ ਵੀ ਵਿਰੋਧੀ ਹੈ। ਇਹ ਧਾਰਨਾ ਆਰਥਿਕ ਰੁਮਾਂਸਵਾਦ ਤੋਂ ਵੱਧ ਕੁਝ ਵੀ ਨਹੀਂ। ਇਹ ਪੂੰਜੀਵਾਦ ਦੇ ਖਾਸੇ (ਆਰਥਿਕ ਨਾ-ਬਰਾਬਰੀ) ਨੂੰ ਖਤਮ ਨਹੀਂ ਕਰ ਸਕਦੀ। ਅਸੀਂ ਸਹਿਕਾਰੀ ਖੇਤੀ ਵਾਲੇ ਤਰਕ ਨੂੰ ਉਦਾਹਰਨ ਨਾਲ ਪੜਚੋਲ ਸਕਦੇ ਹਾਂ। ਮੰਨ ਲਉ, ਕੋਈ ਪੂੰਜੀਵਾਦੀ ਕਿਸਾਨ 100 ਏਕੜ ਜ਼ਮੀਨ ਦਾ ਮਾਲਕ ਹੈ, ਉਸ 'ਤੇ ਪੂਰੇ ਆਰਥਿਕ ਸਾਧਨਾਂ ਨਾਲ ਖੇਤੀ ਕਰਦਾ ਹੈ, ਉਸ ਦੇ ਉਤਪਾਦਨ ਦਾ ਇੱਕ ਸਾਲ ਦਾ ਲਾਭ ਇੱਕ ਲੱਖ ਡਾਲਰ ਹੈ। ਦੂਜੇ ਪਾਸੇ, 50 ਛੋਟੇ ਕਿਸਾਨ ਜਿਨ੍ਹਾਂ ਦੀ ਜ਼ਮੀਨ ਦੀ ਕੁੱਲ ਮਾਲਕੀ 100 ਏਕੜ ਹੈ, ਜ਼ਮੀਨ ਤੇ ਖੇਤੀ ਸਾਧਨਾਂ ਨੂੰ ਇਕੱਠੇ ਕਰਕੇ ਖੇਤੀ ਕਰਦੇ ਹਨ, ਤੇ ਇੱਕ ਲੱਖ ਡਾਲਰ ਦਾ ਲਾਭ ਕਮਾਉਂਦੇ ਹਨ। ਇਉਂ ਇੱਕ ਕਿਸਾਨ ਦੇ ਹਿੱਸੇ 2000 ਡਾਲਰ ਆਉਂਦਾ ਹੈ। ਮੰਨ ਲਉ, ਸਹਿਕਾਰੀ ਖੇਤੀ ਕਰਨ ਨਾਲ ਉਸ ਦਾ ਲਾਭ ਦੁੱਗਣਾ ਹੋ ਗਿਆ ਪਰ ਇੱਥੇ ਅਹਿਮ ਗੱਲ ਇਹ ਹੈ ਕਿ ਸਹਿਕਾਰੀ ਖੇਤੀ ਨਾਲ ਵੀ ਆਰਥਿਕ ਨਾ-ਬਰਾਬਰੀ ਜਿਹੜੀ ਪੂੰਜੀਵਾਦੀ ਢਾਂਚੇ ਦਾ ਅਨਿੱਖੜਵਾਂ ਅੰਗ ਹੈ, ਵਿਚ ਕੋਈ ਬਹੁਤਾ ਫਰਕ ਨਹੀਂ ਪੈ ਸਕਦਾ। ਦੂਜੇ ਸ਼ਬਦਾਂ ਵਿਚ ਸਹਿਕਾਰੀ ਖੇਤੀ ਪਿੰਡਾਂ ਵਿਚ ਜਮਾਤੀ ਅਸਮਾਨਤਾ ਜੋ ਖੇਤੀ ਵਿਚ ਪੂੰਜੀਵਾਦੀ ਵਿਕਾਸ ਦੀ ਅਹਿਮ ਵਿਸ਼ੇਸ਼ਤਾ ਹੈ, ਨੂੰ ਖਤਮ ਨਹੀਂ ਕਰ ਸਕਦੀ।

ਇਉਂ ਸਹਿਕਾਰੀ ਖੇਤੀ ਕਿਸੇ ਵੀ ਪੱਖ ਤੋਂ ਪੂੰਜੀਵਾਦੀ ਖੇਤੀ ਢਾਂਚੇ ਦਾ ਪ੍ਰਤੀਵਾਦ (ਐਂਟੀ-ਥੀਸਿਸ) ਨਹੀਂ ਹੈ। ਅਸਲ ਵਿਚ ਇਹ ਪੂੰਜੀਵਾਦ ਦੀਆਂ ਅਸਲ ਵਿਰੋਧਤਾਈਆਂ (ਜਮਾਤੀ ਆਰਥਿਕ ਨਾ-ਬਰਾਬਰੀ) ਨੂੰ ਅੱਖੋਂ-ਪਰੋਖੇ ਕਰਕੇ ਛੋਟੀ ਕਿਸਾਨੀ ਨੂੰ ਪਿੰਡਾਂ ਵਿਚ ਹੀ ਜਿਉਂ ਦਾ ਤਿਉਂ ਬਣਾਈ ਰੱਖਣ ਦੀ ਧਾਰਨਾ ਹੈ। ਅਜਿਹੀ ਵਿਚਾਰਧਾਰਾ ਨੂੰ ਮਾਰਕਸ ਅਨੁਸਾਰ, ਕ੍ਰਾਂਤੀਕਾਰੀ ਵਿਚਾਰਧਾਰਾ ਨਹੀਂ ਕਿਹਾ ਜਾ ਸਕਦਾ ਬਲਕਿ ਇਹ ਪੇਂਡੂ ਹੇਰਵੇ ਦੀ ਰੂੜ੍ਹੀਵਾਦੀ ਵਿਚਾਰਧਾਰਾ ਹੈ ਜੋ ਖੇਤੀ ਵਿਚ ਪੂੰਜੀਵਾਦੀ ਆਰਥਿਕ ਤੇ ਸਮਾਜਿਕ ਸੰਬੰਧਾਂ ਨੂੰ ਅਣਗੌਲਿਆ ਕਰਦੀ ਹੈ। ਸੋ, ਆਰਥਿਕ ਪਾਪੂਲਿਸਟ ਅਤੇ ਰੁਮਾਂਸਵਾਦੀ ਬੁੱਧੀਜੀਵੀਆਂ ਦੀਆਂ ਲਿਖਤਾਂ ਜਿਨ੍ਹਾਂ ਨੇ ਛੋਟੀ ਕਿਸਾਨੀ ਤੇ ਖੇਤ ਮਜ਼ਦੂਰਾਂ ਨੂੰ ਕਿਸਾਨੀ ਅੰਦੋਲਨ ਦੌਰਾਨ ਫਾਸੀਵਾਦ ਅਤੇ ਪੂੰਜੀਵਾਦ ਗਠਜੋੜ ਵਿਰੁਧ ਅੰਦੋਲਨ ਕਰਨ ਲਈ ਪ੍ਰੇਰਿਆ ਸੀ, ਉਨ੍ਹਾਂ ਦੀ ਗੁਰਬਤ ਦਾ ਕੋਈ ਸਥਾਈ ਹੱਲ ਨਹੀਂ ਦਿੰਦੀਆਂ।

ਜੇ ਅਸੀਂ ਸਹਿਕਾਰੀ ਖੇਤੀ ਬਾਰੇ ਇਨ੍ਹਾਂ ਤਰਕਾਂ ਨੂੰ ਅਣਗੌਲਦਿਆਂ ਵੀ ਇਹ ਮੰਨ ਲਈਏ ਕਿ ਸਹਿਕਾਰੀ ਖੇਤੀ ਨਾਲ ਛੋਟੀ ਕਿਸਾਨੀ ਨੂੰ ਬਚਾਇਆ ਜਾ ਸਕਦਾ ਹੈ ਤਾਂ ਇਸ ਧਾਰਨਾ ਦੇ ਇਤਿਹਾਸਕ ਤਜਰਬੇ ਤੋਂ ਅਜੋਕੇ ਸਮੇਂ ਵਿਚ ਇਸ ਦੀ ਸਾਰਥਿਕਤਾ ਦੀ ਪੜਚੋਲ ਕਰਨੀ ਬਣਦੀ ਹੈ। ਇਤਿਹਾਸਕ ਪੱਖੋਂ ਸਵਾਲ ਹੈ: ਜੇ ਸਹਿਕਾਰੀ ਖੇਤੀ ਛੋਟੀ ਕਿਸਾਨੀ ਲਈ ਲਾਭਕਾਰੀ ਹੈ ਤਾਂ ਇਸ ਦੇ 1970 ਤੇ 1980ਵਿਆਂ ਦੇ ਤਜਰਬੇ ਕਿਉਂ ਨਹੀਂ ਸਫਲ ਹੋ ਸਕੇ? ਉਸ ਸਮੇਂ ਤਾਂ ਭਾਰਤੀ ਅਤੇ ਪੰਜਾਬ ਰਾਜ ਦਾ ਖਾਸਾ ਵੀ ਪੇਂਡੂ ਖੇਤਰ ਲਈ ਪੱਖਪਾਤੀ ਸੀ। ਹੁਣ ਤਾਂ ਭਾਰਤ ਅਤੇ ਪੰਜਾਬ ਦਾ ਖੇਤੀਬਾੜੀ ਖੇਤਰ ਪੂਰੀ ਤਰ੍ਹਾਂ ਵਿਸ਼ਵ ਵਪਾਰ ਸੰਗਠਨ (ਡਬਲਿਊ.ਟੀ.ਓ.) ਦੀਆਂ ਨੀਤੀਆਂ ਅਧੀਨ ਆ ਗਿਆ ਹੈ। ਹੁਣ ਜਦੋਂ ਖੇਤੀਬਾੜੀ ਖੇਤਰ ਨਾਲ ਸੰਬੰਧਿਤ ਸਾਰੀਆਂ ਨੀਤੀਆਂ ਪੂੰਜੀਵਾਦੀ ਵਿਕਾਸ ਨੂੰ ਆਧਾਰ ਬਣਾ ਕੇ ਬਣਾਈਆਂ ਜਾਂਦੀਆਂ ਹਨ ਤਾਂ

*(ਬਾਕੀ ਅਗਲੇ ਸਫੇ 'ਤੇ)*

ਕੀ ਇਨ੍ਹਾਂ ਆਰਥਿਕ ਰੁਮਾਂਸਵਾਦੀਆਂ ਬੁੱਧੀਜੀਵੀਆਂ ਦੀ ਸਹਿਕਾਰੀ ਖੇਤੀ ਵਾਲੀ ਧਾਰਨਾ ਸਿਰਫ ਆਦਰਸ਼ਵਾਦ ਨਹੀਂ ਹੈ?

ਸਵਾਲ ਇਹ ਵੀ ਹੈ ਕਿ ਸਹਿਕਾਰੀ ਖੇਤੀ ਨਾਲ ਪਿੰਡਾਂ ਦੀ ਅਤੇ ਖੇਤੀਬਾੜੀ ਵਿਚ ਲੱਗੀ ਕਿੰਨੀ ਕੁ ਵਸੋਂ ਨੂੰ ਆਰਥਿਕ ਗੁਰਬਤ ਵਿਚੋਂ ਕੱਢਿਆ ਜਾ ਸਕਦਾ ਹੈ? 2011 ਦੇ ਅੰਕੜਿਆਂ ਅਨੁਸਾਰ, ਪੰਜਾਬ ਵਿਚ 1934511 ਕਾਸ਼ਤਕਾਰ ਸਨ। ਜੇ ਅਸੀਂ 2015-16 ਦੇ ਖੇਤੀ ਜੋਤਾਂ ਦੇ ਅੰਕੜਿਆਂ ਨੂੰ ਮੁੱਖ ਰੱਖਦਿਆਂ ਅਨੁਮਾਨ ਲਗਾਈਏ ਤਾਂ ਕੁੱਲ ਕਾਸ਼ਤਕਾਰਾਂ ਵਿਚੋਂ 6 ਲੱਖ ਦੇ ਲਗਭਗ ਸੀਮਾਂਤ ਤੇ ਛੋਟੇ ਕਿਸਾਨ ਹਨ। ਜਿਨ੍ਹਾਂ ਦੀ ਗਿਣਤੀ 2021 ਦੀ ਜਨਗਣਨਾ ਵਿਚ ਹੋਰ ਘਟਣ ਦੇ ਆਸਾਰ ਹਨ। ਸੋ, ਕਿਸਾਨੀ ਸੰਕਟ ਨੂੰ ਸਹਿਕਾਰੀ ਖੇਤੀ ਦੁਆਰਾ ਦੂਰ ਕਰਨ ਦੀ ਆਰਥਿਕ ਬੁੱਧੀਜੀਵੀਆਂ ਦੀ ਧਾਰਨਾ ਤੋਂ ਭਾਵ 6 ਕੁ ਲੱਖ ਦੇ ਕਰੀਬ ਸੀਮਾਂਤਕ ਅਤੇ ਛੋਟੇ ਕਿਸਾਨਾਂ ਨੂੰ ਖੇਤੀ ਖੇਤਰ ਵਿਚ ਬਣਾਈ ਰੱਖਣਾ ਹੈ। ਇਨ੍ਹਾਂ ਬੁੱਧੀਜੀਵੀਆਂ ਨੂੰ ਸਵਾਲ ਇਹ ਹੈ: ਕੀ ਇਨ੍ਹਾਂ ਦੀ ਸਹਿਕਾਰੀ ਖੇਤੀ ਦੀ ਧਾਰਨਾ ਖੇਤ ਮਜ਼ਦੂਰਾਂ (2011 ਦੀ ਜਨਗਣਨਾ ਅਨੁਸਾਰ 1588455) ਦੀ ਆਰਥਿਕ ਗੁਰਬਤ ਵੀ ਖਤਮ ਕੀਤੀ ਜਾ ਸਕਦੀ ਹੈ?

### ਸਭਿਆਚਾਰਕ ਪਾਪੂਲਿਜ਼ਮ

ਕਿਸਾਨੀ ਸੰਘਰਸ਼ ਨੂੰ ਪ੍ਰਫੁਲਿਤ ਕਰਨ ਵਿਚ ਦੂਜਾ ਯੋਗਦਾਨ ਪੰਜਾਬੀ ਸਭਿਆਚਾਰ ਦਾ ਹੈ। ਸਭਿਆਚਾਰ ਵਿਚ ਉਹ ਸਾਰੇ ਵਰਗ ਆਉਂਦੇ ਹਨ ਜਿਨ੍ਹਾਂ ਨੇ ਗੀਤਾਂ, ਨਾਵਲਾਂ, ਨਾਟਕਾਂ, ਫਿਲਮਾਂ, ਪਰੰਪਰਾਵਾਂ, ਰੀਤੀ ਰਿਵਾਜ਼ਾਂ ਆਦਿ ਨਾਲ ਕਿਸਾਨ ਅੰਦੋਲਨ ਮਜ਼ਬੂਤ ਕਰਨ ਵਿਚ ਅਹਿਮ ਯੋਗਦਾਨ ਪਾਇਆ ਹੈ ਪਰ ਇਸ ਲੇਖ ਦਾ ਵਿਸ਼ਾ ਇਨ੍ਹਾਂ ਸਭਿਆਚਾਰਕ ਪੱਖਾਂ ਦਾ ਮੁਲੰਕਣ/ਪੜਚੋਲ ਕਰਨਾ ਨਹੀਂ। ਲੇਖ ਦੇ ਇਸ ਹਿੱਸੇ ਦਾ ਮਕਸਦ ਉਨ੍ਹਾਂ ਬੁੱਧੀਜੀਵੀਆਂ ਦੇ ਖਾਸੇ ਦਾ ਵਿਸ਼ਲੇਸ਼ਣ ਕਰਨਾ ਹੈ ਜਿਨ੍ਹਾਂ ਨੇ ਸਭਿਆਚਾਰਕ ਪੱਖਾਂ ਜੋ ਪੰਜਾਬ ਦੇ ਇਤਿਹਾਸਕ ਤੇ ਮਿਥਿਹਾਸਕ ਖਾਸੇ ਵਿਚ ਪਏ ਸਨ, ਨੂੰ ਪੁਨਰ-ਸੁਰਜੀਤ ਕਰ ਕੇ ਕਿਸਾਨੀ ਅੰਦੋਲਨ ਨੂੰ ਹੱਲਾਸ਼ੇਰੀ ਦੇਣ ਵਿਚ ਅਹਿਮ ਯੋਗਦਾਨ ਪਾਇਆ ਹੈ। ਸਾਡੇ ਲਈ ਅਹਿਮ ਸਵਾਲ ਇਹ ਹੈ: ਜਿਹੜੇ ਸਭਿਆਚਾਰਕ ਹਵਾਲਿਆਂ ਨਾਲ ਬੁੱਧੀਜੀਵੀਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ, ਕੀ ਉਹ ਸਭਿਆਚਾਰਕ ਪੱਖ ਤੋਂ ਕਿਸਾਨੀ ਸੰਘਰਸ਼ ਦੀ ਜਿੱਤ ਤੋਂ ਬਾਅਦ ਸਮਾਜ ਨੂੰ ਅੱਗੇ ਲਿਜਾਣ ਵਿਚ ਸਹਾਈ ਹੋਣਗੇ? ਕੀ ਪਿਛਲੇ ਇੱਕ ਸਾਲ ਦੌਰਾਨ (ਜਾਂ ਉਸ ਤੋਂ ਪਹਿਲਾਂ ਵੀ) ਪੰਜਾਬੀ ਸਭਿਆਚਾਰਕ ਬੁੱਧੀਜੀਵੀਆਂ ਨੇ ਕੋਈ ਅਜਿਹਾ ਸਭਿਆਚਾਰਕ ਸੰਵਾਦ ਰਚਾਉਣ ਦਾ ਯਤਨ ਕੀਤਾ ਹੈ ਜੋ ਪੂੰਜੀਵਾਦੀ ਸਭਿਆਚਾਰ ਦੇ ਗਲਬੇ (ਜਿਸ ਦਾ ਆਧਾਰ ਪੂੰਜੀਵਾਦ ਦਾ ਆਰਥਿਕ ਤਰਕ ਹੈ) ਤੋਂ ਅਗਾਂਹਵਧੂ ਤੇ ਗੁਣਾਤਮਕ ਤੌਰ 'ਤੇ ਪੂੰਜੀਵਾਦ ਤੋਂ ਵਧੇਰੇ ਵਿਕਾਸਸੀਲ ਹੋਵੇ? ਭਾਵ, ਕੀ ਕਿਸਾਨ ਅੰਦੋਲਨ ਦੀ ਤਰਜਮਾਨੀ ਕਰਦੀਆਂ ਸਭਿਆਚਾਰਕ ਬੁੱਧੀਜੀਵੀਆਂ ਦੀਆਂ ਲਿਖਤਾਂ ਕੋਈ ਅਜਿਹਾ ਸਭਿਆਚਾਰਕ ਵਰਤਾਰਾ ਪੈਦਾ ਕਰ ਰਹੀਆਂ ਹਨ ਜੋ ਪੂੰਜੀਵਾਦੀ ਸਭਿਆਚਾਰ (ਜੋ ਵਿਅਕਤੀਗਤ ਤੇ ਆਰਥਿਕ ਵਿਕਾਸ ਦੀ ਮੰਡੀ ਆਧਾਰਿਤ ਧਾਰਨਾ ਦੇ ਨਾਂ 'ਤੇ ਖੇਤੀ ਸਵਾਲ/ਸੰਕਟ ਦੇ ਹੱਲ ਦਾ ਛੋਟੀ ਕਿਸਾਨੀ ਤੇ ਖੇਤ ਮਜ਼ਦੂਰਾਂ ਨੂੰ ਖੇਤੀ ਨਾਲੋਂ ਤੋੜ ਕੇ ਹੱਲ ਕਰਨ ਦਾ ਹਾਮੀ ਹੈ) ਤੋਂ ਵੱਖਰਾ ਹੋਵੇ? ਕੀ ਸਭਿਆਚਾਰਕ ਬੁੱਧੀਜੀਵੀਆਂ ਕੋਲ ਕੋਈ ਅਜਿਹਾ ਵੱਖਰਾ ਬਿਰਤਾਂਤ (ਬਦਲਵਾਂ ਬਿਰਤਾਂਤ) ਹੈ ਜੋ ਪੂੰਜੀਵਾਦੀ ਸਭਿਆਚਾਰ (ਜਿਸ ਦਾ ਆਧਾਰ ਪੂੰਜੀ ਸੰਗ੍ਰਹਿ ਅਤੇ ਨਿੱਜੀ ਸੰਪਤੀ ਆਧਾਰਿਤ ਵਿਕਾਸ ਹੈ) ਨੂੰ ਤਬਦੀਲ ਕਰਕੇ ਪਿੰਡਾਂ ਦੀਆਂ ਗਰੀਬ ਜਮਾਤਾਂ ਨੂੰ ਪੂੰਜੀਵਾਦ ਤੋਂ ਗਿਣਾਤਮਕ ਅਤੇ ਗੁਣਾਤਮਕ ਤੌਰ 'ਤੇ ਬਿਹਤਰ ਸਮਾਜ ਵੱਲ ਲਿਜਾਣ ਦੀ ਸਮਰੱਥਾ ਰੱਖਦਾ ਹੋਵੇ?

ਇਨ੍ਹਾਂ ਸਵਾਲਾਂ ਦੇ ਜਵਾਬਾਂ ਲਈ ਸਭਿਆਚਾਰਕ ਬੁੱਧੀਜੀਵੀਆਂ ਦੁਆਰਾ ਪੈਦਾ ਕੀਤੀ (ਜਾਂ ਪੈਦਾ ਕੀਤੀ ਜਾ ਰਹੀ) ਚੇਤਨਾ ਦਾ ਵਿਗਿਆਨਕ ਮੁਲੰਕਣ ਕਰਨਾ ਉਨ੍ਹਾਂ ਜਮਾਤਾਂ ਦੇ ਪ੍ਰਤੀਬੱਧ ਬੁੱਧੀਜੀਵੀਆਂ (organic intellectuals) ਦੀ ਜ਼ਿੰਮੇਵਾਰੀ ਹੈ ਜਿਨ੍ਹਾਂ ਨੂੰ ਅਤੇ ਜਿਨ੍ਹਾਂ ਦੀ ਅਗਲੀਆਂ ਪੀੜ੍ਹੀਆਂ ਨੂੰ ਇਹ ਸਭਿਆਚਾਰਕ ਬੁੱਧੀਜੀਵੀਆਂ ਦੁਆਰਾ ਪੈਦਾ ਕੀਤੀ ਚੇਤਨਾ ਪਿੰਡਾਂ ਨਾਲ ਬੰਨ੍ਹ ਕੇ ਰੱਖਣ ਵਿਚ ਮਾਣ ਮਹਿਸੂਸ ਕਰਦੀ ਹੈ। ਜੇ ਅਸੀਂ ਵਿਗਿਆਨਕ ਪੱਖ ਤੋਂ ਪੰਜਾਬ ਦੇ ਸਭਿਆਚਾਰਕ ਬੁੱਧੀਜੀਵੀਆਂ ਦੀਆਂ ਲਿਖਤਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕਰੀਏ ਤਾਂ ਕਦੇ ਤਾਂ ਉਹ ਪੁਰਾਤਨ ਪਾਪੂਲਿਸਟ ਨਜ਼ਰ ਆਉਂਦੀਆਂ ਹਨ, ਕਦੇ ਮਿਥਿਹਾਸਕ ਤੇ ਕਦੇ ਪੇਂਡੂ ਰੂੜ੍ਹੀਵਾਦੀ ਪਰ ਕਿਤੇ ਵੀ ਉਹ ਅਗਾਂਹਵਧੂ ਪਾਪੂਲਿਸਟ ਅਤੇ ਇਸ ਤੋਂ ਵੀ ਅਹਿਮ ਮਾਰਕਸਵਾਦੀ ਨਹੀਂ ਹਨ। ਉਨ੍ਹਾਂ ਦੀਆਂ ਲਿਖਤਾਂ ਦੇ ਖਾਸੇ ਦੀ ਵਿਗਿਆਨਕ ਪੜਚੋਲ ਤੋਂ ਬਾਅਦ ਉਨ੍ਹਾਂ ਵਿਚ ਹੇਠ ਲਿਖੀਆਂ ਵਿਸ਼ੇਸ਼ਤਾਵਾਂ (intellectual miserys) ਦਿਖਾਈ ਦਿੰਦੀਆਂ ਹਨ:

ਪਹਿਲੀ, ਪੰਜਾਬੀ ਸਭਿਆਚਾਰਕ ਬੁੱਧੀਜੀਵੀ ਕਿਸਾਨੀ ਅੰਦੋਲਨ ਦੀ ਜਿੱਤ ਨੂੰ ਇਹ ਕਹਿ ਕੇ ਪ੍ਰਚਾਰ ਰਹੇ ਹਨ ਕਿ ਇਸ ਜਿੱਤ ਨੇ ਪੰਜਾਬ ਨੂੰ ਪੰਜਾਬ ਵਾਪਸ ਕਰ ਦਿੱਤਾ। ਇਸ ਧਾਰਨਾ ਦੀ ਵਿਗਿਆਨਕ ਪੜਚੋਲ ਵਿਚੋਂ ਸਵਾਲ ਨਿਕਲਦਾ ਹੈ: ਉਹ ਕਿਹੜਾ ਪੰਜਾਬ ਹੈ? ਜਿੱਥੇ ਛੋਟੀ ਕਿਸਾਨੀ ਤੇ ਖੇਤ ਮਜ਼ਦੂਰਾਂ ਦੀ ਤੁਲਨਾਤਮਕ ਗੁਰਬਤ (relative poverty) ਵਿਚ ਖੇਤੀ ਕਾਨੂੰਨਾਂ ਦੇ ਵਾਪਸ ਹੋਣ ਨਾਲ ਕੋਈ ਕਮੀ ਨਹੀਂ ਆਉਣੀ; ਜਿੱਥੇ ਸਭਿਆਚਾਰਕ ਬੁੱਧੀਜੀਵੀ ਆਪਣੇ ਪੇਂਡੂ ਹੇਰਵੇ ਕਰਕੇ ਉਦਯੋਗਿਕ ਤੇ ਸ਼ਹਿਰੀਕਰਨ ਦੇ ਵਿਕਾਸ ਨੂੰ ਪੰਜਾਬ ਵਿਰੋਧੀ ਪੇਸ਼ ਕਰਨ ਵਿਚ ਮਾਣ ਮਹਿਸੂਸ ਕਰਦੇ ਰਹੇ ਹਨ; ਜਿੱਥੇ ਸਭਿਆਚਾਰਕ ਬੁੱਧੀਜੀਵੀਆਂ ਦਾ ਸਾਰਾ ਦਾਰੋਮਦਾਰ ਸਮਾਜਿਕ ਸਾਂਝੀਵਾਲਤਾ ਦੀ ਮਿੱਥ ਪਰਪੱਕ ਕਰਨ 'ਤੇ ਲੱਗਿਆ ਹੋਇਆ ਹੈ ਤਾਂ ਕਿ 'ਆਰਥਿਕ ਨਾ-ਬਰਾਬਰੀ' (ਜੋ ਪੂੰਜੀਵਾਦੀ ਢਾਂਚੇ ਦਾ ਖਾਸਾ ਹੈ) ਚਿੰਤਨ ਦਾ ਵਿਸ਼ਾ ਹੀ ਨਾ ਬਣੇ। ਇਹ ਲੋਕ ਅਤੇ ਇਨ੍ਹਾਂ ਦੇ ਪੂਰਕ ਆਰਥਿਕ ਰੁਮਾਂਸਵਾਦੀ ਹਮੇਸ਼ਾ ਇਹੀ ਧਾਰਨਾ ਪਰਪੱਕ ਕਰਨ 'ਤੇ ਲੱਗੇ ਰਹਿੰਦੇ ਹਨ ਕਿ ਪੰਜਾਬ=ਪਿੰਡ=ਕਿਸਾਨ। ਪੇਂਡੂ ਹੇਰਵੇ ਵਾਲੀ ਇਸ ਬੌਧਿਕਤਾ ਦੀ ਵਿਗਿਆਨਕ ਪੜਚੋਲ ਲਾਜ਼ਮੀ ਹੈ ਤਾਂ ਜੋ ਇਸ ਦੁਆਰਾ ਪੈਦਾ ਕੀਤੀ ਜਾ ਰਹੀ ਝੂਠੀ ਚੇਤਨਾ ਨੂੰ ਆਮ ਲੋਕਾਈ ਸਾਹਮਣੇ ਲਿਆਂਦਾ ਜਾ ਸਕੇ। ਇਨ੍ਹਾਂ ਦੀ ਪੰਜਾਬ=ਪਿੰਡ=ਕਿਸਾਨ ਦੀ ਧਾਰਨਾ ਦਾ ਸੱਚ ਇਹ ਹੈ ਕਿ ਪੰਜਾਬ ਦੀ ਕੁੱਲ ਵਸੋਂ ਦਾ 60% ਤੋਂ ਵੀ ਘੱਟ ਹਿੱਸਾ ਪਿੰਡਾਂ ਵਿਚ ਰਹਿੰਦਾ ਹੈ। ਕੁੱਲ ਪੇਂਡੂ ਵਸੋਂ ਵਿਚੋਂ 58% ਤੋਂ ਵੱਧ ਪਰਿਵਾਰ ਗੈਰ-ਖੇਤੀਬਾੜੀ ਧੰਦਿਆਂ ਵਿਚ ਹਨ। ਕੁੱਲ ਪੇਂਡੂ ਕਾਮਿਆਂ ਦੀ ਵਸੋਂ ਵਿਚੋਂ ਸਿਰਫ 30% ਦੇ ਲੱਗਭੱਗ ਹੀ ਪੂਰੀ ਤਰ੍ਹਾਂ ਖੇਤੀ ਵਿਚ ਹਨ।




ਇਨ੍ਹਾਂ ਦੀ ਸਿਆਣਪ ਦਾ ਦਾਇਰਾ ਇਥੋਂ ਹੀ ਤੈਅ ਹੁੰਦਾ ਹੈ ਕਿ ਇਨ੍ਹਾਂ ਦੀਆਂ ਕਿਸਾਨੀ ਅੰਦੋਲਨ ਤੋਂ ਪਹਿਲਾਂ ਅਤੇ ਬਾਅਦ ਵਾਲੀਆਂ ਲਿਖਤਾਂ ਵਿਚ ਪਿੰਡਾਂ ਦੀ ਉਹ ਵਸੋਂ ਜੋ ਖੇਤੀ ਖੇਤਰ ਵਿਚ ਨਹੀਂ, ਕਦੇ ਵੀ ਹਿੱਸਾ ਨਹੀਂ ਹੁੰਦੀ।

ਇਸ ਤੋਂ ਵੀ ਅਹਿਮ ਸਵਾਲ ਹੈ: ਕੀ ਸ਼ਹਿਰਾਂ ਵਿਚ ਗਰੀਬ ਜਮਾਤਾਂ ਨਹੀਂ ਵਸਦੀਆਂ? ਉਹ ਇਨ੍ਹਾਂ ਦੀਆਂ ਲਿਖਤਾਂ ਦਾ ਕਦੇ ਹਿੱਸਾ ਨਹੀਂ ਹੁੰਦੀਆਂ; ਭਾਵ ਇਹ ਬੁੱਧੀਜੀਵੀਆਂ ਦੀ ਸੋਚ ਦਾ ਦਾਇਰਾ ਸਿਰਫ ਖੇਤੀ ਖੇਤਰ ਤੱਕ ਸੀਮਤ ਹੈ। ਇਨ੍ਹਾਂ ਲਈ ਪੰਜਾਬ ਦੀ ਆਰਥਿਕਤਾ ਅਤੇ ਸਭਿਆਚਾਰ ਦਾ ਮਤਲਬ ਪੰਜਾਬ=ਪਿੰਡ=ਕਿਸਾਨ ਹੈ। ਇਨ੍ਹਾਂ ਵਿਚੋਂ ਕੁਝ ਵਿਦਵਾਨਾਂ ਲਈ ਬੁੱਧੀਜੀਵੀ ਹੋਣ ਦਾ ਮਤਲਬ ਸਭਿਆਚਾਰਕ ਮਿਥਾਂ ਦੀ ਤਰਜਮਾਨੀ ਕਰਨੀ ਅਤੇ ਪੰਜਾਬੀ ਭਾਸ਼ਾ ਤੱਕ ਹੀ ਹੋ ਨਿੱਬੜਦਾ ਹੈ।

ਦੂਜੀ, ਪੰਜਾਬ ਦੇ ਸਭਿਆਚਾਰਕ ਬੁੱਧੀਜੀਵੀਆਂ ਦੀ ਜਿੱਤ ਦੀ ਧਾਰਨਾ ਇਹ ਬਣਦੀ ਹੈ ਕਿ ਉਨ੍ਹਾਂ ਨੇ ਕਿੰਨੀ ਕਾਮਯਾਬੀ ਨਾਲ ਪਿੰਡਾਂ ਦੀਆਂ ਗਰੀਬ ਜਮਾਤਾਂ ਨੂੰ ਪੇਂਡੂ ਹੇਰਵੇ ਅਤੇ ਮਿਥਿਹਾਸਕ ਹਵਾਲਿਆਂ ਦੁਆਰਾ ਭਾਵੁਕ ਕਰਕੇ ਕੌਮੀ ਅਤੇ ਕੌਮਾਂਤਰੀ ਪੂੰਜੀਵਾਦ ਦੀ ਖੇਤੀ ਵਿਚ ਦਖਲਅੰਦਾਜ਼ੀ ਕਰਨ ਦੀ ਇੱਛਾ ਨੂੰ ਠੱਲ੍ਹ ਪਾ ਦਿੱਤੀ ਹੈ ਪਰ ਪਿੰਡਾਂ ਵਿਚ ਵਿਕਸਿਤ ਹੋ ਰਹੇ ਪੂੰਜੀਵਾਦੀ ਸਭਿਆਚਾਰ ਅਤੇ ਪੂੰਜੀਵਾਦੀ ਸੰਗ੍ਰਹਿ ਦੀ ਪ੍ਰਕਿਰਿਆ ਦੇ ਆਰਥਿਕ ਤਰਕ ਨੂੰ ਨਾ ਤਾਂ ਉਹ ਸਮਝਣਾ ਚਾਹੁੰਦੇ ਹਨ ਤੇ ਨਾ ਹੀ ਕਬੂਲਣਾ। ਅਸਲ ਵਿਚ ਉਨ੍ਹਾਂ ਨੇ ਪੂੰਜੀਵਾਦੀ ਸਭਿਆਚਾਰ ਅਤੇ ਉਸ ਦੇ ਆਰਥਿਕ ਤਰਕ ਦੁਆਰਾ ਕਿਸਾਨੀ ਸਵਾਲ/ਸੰਕਟ ਨੂੰ ਹੱਲ ਕਰਨ ਦੀ ਪ੍ਰਕਿਰਿਆ ਨੂੰ ਟੱਕਰ ਦੇਣ ਲਈ ਉਸ ਦੇ ਮੁਕਾਬਲੇ ਦੇ ਸਭਿਆਚਾਰ ਅਤੇ ਆਰਥਿਕ ਤਰਕ ਦੀ ਕਦੇ ਤਰਜਮਾਨੀ ਹੀ ਨਹੀਂ ਕੀਤੀ। ਜੇ ਇਨ੍ਹਾਂ ਦੀਆਂ ਲਿਖਤਾਂ ਵਿਚ ਉਪਰੋਕਤ ਦੋਵੇਂ ਸੰਕਲਪ ਨਹੀਂ ਹਨ ਤਾਂ ਇਨ੍ਹਾਂ ਦੀ ਵਿਗਿਆਨਕ ਪੜਚੋਲ ਅਨੁਸਾਰ ਇਨ੍ਹਾਂ ਦੀ ਨਿਸ਼ਾਨਦੇਹੀ ਲਈ ਸਿਰਫ ਰੂੜ੍ਹੀਵਾਦੀ ਅਤੇ ਪੁਰਾਤਨ ਪਾਪੂਲਿਸਟ ਹੀ ਬਾਕੀ ਬਚਦੇ ਹਨ।

ਤੀਜੀ, ਜੇ ਉਪਰੋਕਤ ਵਿਸ਼ਲੇਸ਼ਣ ਨੂੰ ਹੋਰ ਸਪਸ਼ਟ ਕਰੀਏ ਤਾਂ ਪੰਜਾਬ ਦੇ ਸਭਿਆਚਾਰਕ ਬੁੱਧੀਜੀਵੀ ਪੰਜਾਬ ਦੇ ਇਤਿਹਾਸ ਤੋਂ ਸਬਕ ਲੈਣ ਦੀ ਬਜਾਇ ਇਤਿਹਾਸ ਨੂੰ ਪੁਨਰ-ਸੁਰਜੀਤ ਕਰਨ ਵਾਲੇ ਵੱਧ ਜਾਪਦੇ ਹਨ। ਜੇ ਇਤਿਹਾਸਕ ਸਮਾਜ ਦਾ ਖਾਸਾ ਇੰਨਾ ਹੀ ਵਧੀਆ ਹੁੰਦਾ ਤਾਂ ਮਨੁੱਖ ਵਰਤਮਾਨ ਸਮਾਜ ਲੈ ਕੇ ਆਉਣ ਲਈ ਕਿਉਂ ਜੱਦੋ-ਜਹਿਦ ਕਰਦਾ। ਸਮਾਜਿਕ ਅਤੇ ਆਰਥਿਕ ਵਿਕਾਸ ਦੀ ਧਾਰਨਾ ਇਹ ਦਰਸਾਉਂਦੀ ਹੈ ਕਿ ਵਰਤਮਾਨ ਦਾ ਖਾਸਾ ਹਮੇਸ਼ਾ ਹੀ ਇਤਿਹਾਸ ਦੇ ਖਾਸੇ ਤੋਂ ਗਿਣਾਤਮਕ ਅਤੇ ਗੁਣਾਤਮਕ ਤੌਰ 'ਤੇ ਵਧੀਆ ਹੁੰਦਾ ਹੈ। ਜੇ ਇਨ੍ਹਾਂ ਦੀਆਂ ਲਿਖਤਾਂ ਇਤਿਹਾਸ ਤੋਂ ਸਬਕ ਲੈਣ ਦੇ ਪੱਖੋਂ ਹੁੰਦੀਆਂ ਤਾਂ ਇਹ ਵਰਤਮਾਨ ਦੇ ਖਾਸੇ ਨੂੰ ਵੀ ਸਮਝ ਲੈਂਦੇ ਪਰ ਇਹ ਵਰਤਮਾਨ ਦੇ ਪੂੰਜੀਵਾਦੀ ਸਮਾਜ ਦੇ ਧੁਰੇ ਦੀ ਸਮਝ ਨੂੰ ਆਧਾਰ ਬਣਾ ਕੇ, ਇਤਿਹਾਸ ਤੋਂ ਸਬਕ ਲੈ ਕੇ, ਵਰਤਮਾਨ ਤੋਂ ਵੀ ਕੋਈ ਵਿਕਸਿਤ ਭਵਿੱਖ ਦਾ ਖਾਕਾ ਉਲੀਕਦੇ! ਪੰਜਾਬ ਦੇ ਸਮਕਾਲੀ ਸਭਿਆਚਾਰਕ ਬੁੱਧੀਜੀਵੀਆਂ ਨੇ ਵਿਗਿਆਨਕ ਸੋਚ ਅਤੇ ਇਤਿਹਾਸਕ ਪਦਾਰਥਵਾਦ ਨੂੰ ਆਧਾਰ ਬਣਾ ਕੇ ਕੋਈ ਸਭਿਆਚਾਰਕ ਨਮੂਨਾ ਪੇਸ਼ ਨਹੀਂ ਕੀਤਾ ਜੋ ਪੂੰਜੀਵਾਦੀ ਸਭਿਆਚਾਰ ਤੋਂ ਗਿਣਾਤਮਕ ਅਤੇ ਗੁਣਾਤਮਕ ਪੱਖਾਂ ਤੋਂ ਅਗਾਂਹਵਧੂ ਹੋਵੇ; ਅਰਥਾਤ, ਪੰਜਾਬ ਦੇ ਸਮਕਾਲੀ ਸਭਿਆਚਾਰਕ ਬੁੱਧੀਜੀਵੀਆਂ ਦੀਆਂ ਰਚਨਾਵਾਂ ਜਗੀਰੂ ਮਾਨਸਿਕਤਾ ਅਤੇ ਪੂੰਜੀਵਾਦ ਆਰਥਿਕ ਤਰਕ ਨੂੰ ਤਬਦੀਲ ਕਰਨ ਵਾਲਾ ਮਾਡਲ ਦੇਣ ਵਿਚ ਅਸਮਰੱਥ ਹਨ। ਅਸੀਂ ਇਸ ਨੂੰ ਇੱਕ ਇਤਿਹਾਸਕ ਉਦਾਹਰਨ ਨਾਲ ਸਮਝ ਸਕਦੇ ਹਾਂ। ਜਿਨ੍ਹਾਂ ਵਿਦਵਾਨਾਂ ਦੀਆਂ ਲਿਖਤਾਂ ਨੇ ਫਰਾਂਸ ਦੀ ਕ੍ਰਾਂਤੀ ਦਾ ਮੁੱਢ ਬੰਨ੍ਹਿਆ ਅਤੇ ਉਸ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ, ਉਨ੍ਹਾਂ ਦੀ ਖੂਬੀ ਇਹ ਸੀ ਕਿ ਉਨ੍ਹਾਂ ਸਾਮੰਤਵਾਦ ਦੇ ਧੁਰੇ ਨੂੰ ਨਿਸ਼ਾਨਾ ਬਣਾਇਆ ਅਤੇ ਨਵੇਂ ਸਮਾਜ ਤੇ ਸਭਿਆਚਾਰ ਦੀ ਰੂਪ-ਰੇਖਾ ਤਿਆਰ ਕੀਤੀ ਜੋ ਸਾਮੰਤਵਾਦ ਅਤੇ ਜਗੀਰੂ ਸਮਾਜ ਤੋਂ ਗਿਣਾਤਮਕ ਅਤੇ ਗੁਣਾਤਮਕ ਤੌਰ 'ਤੇ ਅਗਾਂਹਵਧੂ ਤੇ ਵਿਕਸਤ ਸੀ। ਦੂਜੇ ਸ਼ਬਦਾਂ ਵਿਚ, ਪੂੰਜੀਵਾਦ ਦੇ ਸਿਧਾਂਤਕਾਰਾਂ ਨੇ ਸਾਮੰਤਵਾਦ ਅਤੇ ਜਗੀਰੂ ਢਾਂਚੇ ਨੂੰ ਖਤਮ ਕਰਨ ਲਈ ਭਵਿੱਖ ਦੇ ਸਮਾਜ ਦਾ ਮਾਡਲ ਦਿੱਤਾ, ਨਾ ਕਿ ਗੁਲਾਮ ਪ੍ਰਥਾ ਦੇ ਸਮਿਆਂ, ਮਿਥਿਹਾਸਕ ਧਾਰਨਾਵਾਂ ਤੇ ਇਤਿਹਾਸ ਨੂੰ ਪੁਨਰ-ਸੁਰਜੀਤ ਕਰਨ ਦਾ ਮਾਡਲ।

ਪੰਜਾਬ ਦੇ ਸਭਿਆਚਾਰਕ ਬੁੱਧੀਜੀਵੀਆਂ ਵਿਚ ਕੁਝ ਕੁ ਪੰਜਾਬ ਦੇ ਸਭਿਆਚਾਰ ਨੂੰ ਧੁਰਾ ਬਣਾ ਕੇ ਸਮਾਜਵਾਦੀ ਲਹਿਰ ਪੈਦਾ ਕਰਨਾ ਲੋਚਦੇ ਹਨ। ਇਸ ਧਾਰਨਾ ਵਾਲੇ ਬੁੱਧੀਜੀਵੀ ਕਦੇ-ਕਦੇ ਗਰਾਮਸ਼ੀ ਦੇ ਪੈਰੋਕਾਰ ਲੱਗਦੇ ਹਨ। ਇੱਥੇ ਅਸੀਂ ਇਹ ਗੱਲ ਸਪਸ਼ਟ ਕਰਨਾ ਚਾਹੁੰਦੇ ਹਾਂ: ਇਸ ਵਿਚ ਕੋਈ ਸ਼ੱਕ ਨਹੀਂ ਕਿ ਸਭਿਆਚਾਰ ਵੀ ਪੂੰਜੀਵਾਦ ਨਾਲ ਸੰਘਰਸ਼ ਕਰਨ ਲਈ ਅਹਿਮ ਸਾਧਨ ਹੈ ਪਰ ਇਨ੍ਹਾਂ ਸਭਿਆਚਾਰਕ ਬੁੱਧੀਜੀਵੀਆਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਪੂੰਜੀਵਾਦ ਦਾ ਧੁਰਾ 'ਆਰਥਿਕਤਾ' ਹੁੰਦੀ ਹੈ ਜੋ ਪੂੰਜੀਵਾਦ ਦੇ ਸਭਿਆਚਾਰ (ਵਿਅਕਤੀਵਾਦ, ਮੰਡੀ, ਨਿੱਜੀ ਸੰਪਤੀ, ਪੂੰਜੀ ਸੰਗ੍ਰਹਿ, ਵਸਤੂਵਾਦ, ਉਪਭੋਗਤਾਵਾਦ ਆਦਿ) ਨੂੰ ਸਮਾਜ ਦੇ ਪੂਰੇ (ਭੌਤਿਕ, ਸਮਾਜਿਕ ਤੇ ਮਾਨਸਿਕ) ਵਾਤਾਵਰਨ ਵਿਚ ਇੱਕ-ਮਿੱਕ ਕਰ ਦਿੰਦੀ ਹੈ। ਅਜਿਹੇ ਸਮਾਜ ਵਿਚ ਸਭਿਆਚਾਰਕ ਬਦਲਾਓ ਆਰਥਿਕ ਬਦਲਾਓ ਦੇ ਅਧੀਨ ਹੁੰਦਾ ਹੈ। ਉਂਝ ਸਭਿਆਚਾਰਕ ਬੁੱਧੀਜੀਵੀਆਂ (ਖਾਸ ਕਰ ਉੱਤਰ-ਆਧੁਨਿਕਵਾਦੀਆਂ) ਨੂੰ ਕਿਸੇ-ਕਿਸੇ ਪੜਾਅ ਤੇ ਇਹ ਜ਼ਰੂਰ ਮਹਿਸੂਸ ਹੁੰਦਾ ਹੈ ਕਿ ਆਰਥਿਕ ਪਰਿਵਰਤਨ ਸਭਿਆਚਾਰ ਨੂੰ ਪਰਿਵਰਤਿਤ ਕਰਕੇ ਹੋ ਸਕਦੇ ਹਨ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਉੱਤਰ-ਆਧੁਨਿਕਤਾਵਾਦੀ ਸਭਿਆਚਾਰ ਪੂੰਜੀਵਾਦੀ ਆਰਥਿਕ ਖਾਸੇ ਦਾ ਅਨਿੱਖੜਵਾਂ ਅੰਗ ਹੁੰਦਾ ਹੈ ਜੋ ਸਭਿਆਚਾਰਕ ਬੁੱਧੀਜੀਵੀਆਂ ਦੇ ਵਿਸ਼ਲੇਸ਼ਣ ਨੂੰ ਪੂੰਜੀਵਾਦ ਦੇ ਧੁਰੇ (ਆਰਥਿਕ ਖਾਸੇ) ਤੱਕ ਜਾਣ ਤੋਂ ਰੋਕਦਾ ਹੈ ਅਤੇ ਉਨ੍ਹਾਂ ਨੂੰ ਉਥੇ ਹੀ ਸਰਗਰਮ ਰੱਖਦਾ ਹੈ ਜਿੱਥੇ ਉਹ ਪੂੰਜੀਵਾਦ ਦੇ ਪੂੰਜੀ ਸੰਗ੍ਰਹਿ ਦੇ ਨਿਯਮਾਂ ਨੂੰ ਕੋਈ ਖਤਰਾ ਪੈਦਾ ਕਰਕੇ ਨਵੇਂ ਸਮਾਜ ਦਾ ਨਕਸ਼ ਉਲੀਕਣ ਬਾਰੇ ਚਿੰਤਨ ਨਹੀਂ ਕਰਦੇ ਬਲਕਿ ਪੂੰਜੀਵਾਦੀ ਢਾਂਚੇ ਵਿਚ ਰਹਿ ਕੇ ਹੀ ਸਪੇਸ ਲਈ ਜੱਦੋ-ਜਹਿਦ ਕਰਦੇ ਰਹਿੰਦੇ ਹਨ।

> ***ਉਹ ਸਭਿਆਚਾਰਕ ਬੁੱਧੀਜੀਵੀ ਜੋ ਗੁਰੂ ਨਾਨਕ ਦੇਵ ਜੀ ਦੇ ਹਵਾਲੇ ਨਾਲ ਕਿਸੇ ਖਾਸ ਤਰ੍ਹਾਂ ਦਾ ਪਿੰਡ ਸਿਰਜਣ ਦੀ ਤਾਂਘ ਰੱਖਦੇ ਹਨ, ਕ੍ਰਾਂਤੀਕਾਰੀ ਬਦਲਾਓ ਦੇ ਹਾਮੀ ਨਹੀਂ ਹੋ ਸਕਦੇ, ਜਦੋਂ ਤੱਕ ਉਨ੍ਹਾਂ ਦੇ ਮਾਡਲ ਦਾ ਪਹਿਲਾ ਭਾਗ ਪੂੰਜੀਵਾਦੀ ਆਰਥਿਕ ਸੰਗ੍ਰਹਿ ਦੇ ਖਾਸੇ ਅਤੇ ਨਿਯਮਾਂ ਦੀ ਪੜਚੋਲ ਤੋਂ ਸ਼ੁਰੂ ਨਹੀਂ ਹੁੰਦਾ। ਪੂੰਜੀਵਾਦ ਦੇ ਖਾਸੇ ਨੂੰ ਵਿਗਿਆਨਕ ਢੰਗ ਨਾਲ ਪੜਚੋਲਨ ਤੋਂ ਬਿਨਾਂ ਮਾਡਲ ਪੇਸ਼ ਕਰਨਾ ਜੋ ਨਾ ਤਾਂ ਪਿੰਡਾਂ ਨੂੰ ਵਿਸ਼ਵ ਪੂੰਜੀਵਾਦ ਦਾ ਹਿੱਸਾ ਬਣਨ ਲਈ ਪ੍ਰੇਰਦਾ ਹੈ ਤੇ ਨਾ ਹੀ ਪੂੰਜੀਵਾਦੀ ਢਾਂਚੇ ਨੂੰ ਖਤਮ ਕਰਕੇ ਕਿਸੇ ਹੋਰ ਢਾਂਚੇ ਦੀ ਮੰਗ ਕਰਦਾ ਹੈ, ਭੰਬਲਭੂਸੇ ਤੋਂ ਵੱਧ ਕੁਝ ਨਹੀਂ ਹੈ।***

ਇਹ ਸਮਝਣਾ ਬਹੁਤ ਅਹਿਮ ਹੈ ਕਿ ਪੂੰਜੀਵਾਦ ਢਾਂਚੇ ਅਧੀਨ ਉਹ ਲੋਕ ਹੀ ਖਤਰਨਾਕ ਮੰਨੇ ਜਾਂਦੇ ਹਨ ਜੋ ਪੂੰਜੀਵਾਦ ਦੇ ਪੂੰਜੀ ਸੰਗ੍ਰਹਿ ਦੀ ਪ੍ਰਕਿਰਿਆ ਨੂੰ ਸਮਝ ਕੇ ਜਮਾਤੀ ਚੇਤਨਾ ਪੈਦਾ ਕਰਨ ਦੀ ਭੂਮਿਕਾ ਨਿਭਾਉਂਦੇ ਹਨ। ਬਾਕੀ ਸਭ ਕਿਸਮਾਂ ਦੇ ਬੁੱਧੀਜੀਵੀ (ਖਾਸਕਰ ਕੇ ਉਤਰ-ਆਧੁਨਿਕਤਾਵਾਦ ਦੇ ਪੈਰੋਕਾਰ) ਪੂੰਜੀਵਾਦ ਲਈ ਕੋਈ ਸਿਰਦਰਦੀ ਨਹੀਂ ਹੁੰਦੇ, ਕਿਉਂਕਿ ਇਨ੍ਹਾਂ ਦਾ ਸਾਰਾ ਦਾਰੋਮਦਾਰ ਪੂੰਜੀਵਾਦੀ ਆਰਥਿਕ ਢਾਂਚੇ ਵਿਚ ਰਹਿ ਕੇ ਹੀ ਆਪਣੇ ਵਿਚਾਰਾਂ ਲਈ ਮਾਨਤਾ ਹਾਸਿਲ ਕਰਨਾ ਹੁੰਦਾ ਹੈ। ਪੰਜਾਬ ਦੇ ਉਹ ਸਭਿਆਚਾਰਕ ਬੁੱਧੀਜੀਵੀ ਵੀ ਜੋ ਗੁਰੂ ਨਾਨਕ ਦੇਵ ਜੀ ਦੇ ਹਵਾਲੇ ਨਾਲ ਕਿਸੇ ਖਾਸ ਤਰ੍ਹਾਂ ਦਾ ਪਿੰਡ ਸਿਰਜਣ ਦੀ ਤਾਂਘ ਰੱਖਦੇ ਹਨ, ਕ੍ਰਾਂਤੀਕਾਰੀ ਬਦਲਾਓ ਦੇ ਹਾਮੀ ਨਹੀਂ ਹੋ ਸਕਦੇ, ਜਦੋਂ ਤੱਕ ਉਨ੍ਹਾਂ ਦੇ ਮਾਡਲ ਦਾ ਪਹਿਲਾ ਭਾਗ ਪੂੰਜੀਵਾਦੀ ਆਰਥਿਕ ਸੰਗ੍ਰਹਿ ਦੇ ਖਾਸੇ ਅਤੇ ਨਿਯਮਾਂ ਦੀ ਪੜਚੋਲ ਤੋਂ ਸ਼ੁਰੂ ਨਹੀਂ ਹੁੰਦਾ। ਪੂੰਜੀਵਾਦ ਦੇ ਖਾਸੇ ਨੂੰ ਵਿਗਿਆਨਕ ਢੰਗ ਨਾਲ ਪੜਚੋਲਨ ਤੋਂ ਬਿਨਾਂ ਮਾਡਲ ਪੇਸ਼ ਕਰਨਾ ਜੋ ਨਾ ਤਾਂ ਪਿੰਡਾਂ ਨੂੰ ਵਿਸ਼ਵ ਪੂੰਜੀਵਾਦ ਦਾ ਹਿੱਸਾ ਬਣਨ ਲਈ ਪ੍ਰੇਰਦਾ ਹੈ ਤੇ ਨਾ ਹੀ ਪੂੰਜੀਵਾਦੀ ਢਾਂਚੇ ਨੂੰ ਖਤਮ ਕਰਕੇ ਕਿਸੇ ਹੋਰ ਢਾਂਚੇ ਦੀ ਮੰਗ ਕਰਦਾ ਹੈ, ਭੰਬਲਭੂਸੇ (choas) ਤੋਂ ਵੱਧ ਕੁਝ ਨਹੀਂ ਹੈ।

### ਅੰਤਿਮ ਟਿੱਪਣੀਆਂ

ਇੱਕ ਸਾਲ ਦੇ ਅੰਦੋਲਨ ਤੋਂ ਬਾਅਦ ਕਿਸਾਨੀ ਅਤੇ ਖੇਤ ਮਜ਼ਦੂਰਾਂ ਦੀ ਜੋ ਸ਼ਾਨਦਾਰ ਜਿੱਤ ਹੋਈ ਹੈ, ਉਸ ਤੋਂ ਬਾਅਦ ਵੀ ਪੰਜਾਬ ਲਈ ਕੁਝ ਬੁਨਿਆਦੀ ਸਵਾਲ ਜਿਉਂ ਦੇ ਤਿਉਂ ਹਨ। ਇਸ ਜਿੱਤ ਤੋਂ ਬਾਅਦ ਪੰਜਾਬ ਲਈ ਨਵੀਆਂ ਚੁਣੌਤੀਆਂ ਵੀ ਪੈਦਾ ਹੋ ਗਈਆਂ ਹਨ। ਅਸੀਂ ਪੰਜਾਬ ਦੇ ਬੁੱਧੀਜੀਵੀ ਵਰਗ ਅੱਗੇ, ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕੁਝ ਬੁਨਿਆਦੀ ਸਵਾਲ ਰੱਖਣਾ ਚਾਹੁੰਦੇ ਹਾਂ। ਇਹ ਸਵਾਲ ਹਰ ਵਿਚਾਰਧਾਰਾ ਦੇ ਬੁੱਧੀਜੀਵੀ ਜੋ ਪੰਜਾਬ ਨੂੰ ਖੁਸ਼ਹਾਲ ਅਤੇ ਵਿਕਾਸ ਦੇ ਰਾਹ 'ਤੇ ਦੇਖਣਾ ਚਾਹੁੰਦੇ ਹਨ, ਲਈ ਅਹਿਮ ਹਨ ਪਰ ਇੱਥੇ ਇਹ ਸਵਾਲ ਪਾਪੂਲਿਸਟ ਬੁੱਧੀਜੀਵੀਆਂ ਨੂੰ ਸੰਬੋਧਿਤ ਹਨ ਜੋ ਕਿਤੇ ਵੀ ਪਿੰਡਾਂ ਅੰਦਰਲੇ ਪੂੰਜੀਵਾਦ ਦੇ ਵਿਰੋਧੀ ਨਹੀਂ ਹਨ ਅਤੇ ਨਾ ਹੀ ਪੂੰਜੀਵਾਦੀ ਢਾਂਚੇ ਦੇ। ਉਂਝ, ਉਹ ਵਿਸ਼ਵ, ਘਰੇਲੂ ਕਾਰਪੋਰੇਟ ਅਤੇ ਸਰਕਾਰ ਦੀਆਂ ਉਨ੍ਹਾਂ ਨੀਤੀਆਂ ਦਾ ਪੁਰਜ਼ੋਰ ਵਿਰੋਧ ਕਰਦੇ ਹਨ ਜੋ ਖੇਤੀ ਦੇ ਸੰਕਟ/ਸਵਾਲ ਨੂੰ ਨਵ-ਉਦਾਰਵਾਦੀ ਸਾਧਨਾਂ ਦੁਆਰਾ ਹੱਲ ਕਰ ਕੇ ਆਰਥਿਕ ਵਿਕਾਸ ਦੀ ਗਤੀ ਨੂੰ ਤੇਜ਼ ਕਰਨਾ ਚਾਹੁੰਦੀਆਂ ਹਨ। ਇਨ੍ਹਾਂ ਦੁਆਰਾ ਕੀਤੇ ਜਾ ਰਹੇ ਵਿਰੋਧ ਦਾ ਉਕਾ ਹੀ ਮਤਲਬ ਇਹ ਨਹੀਂ ਕਿ ਉਹ ਮਾਰਕਸਵਾਦੀ ਵਿਚਾਰਧਾਰਾ ਦੇ ਹਾਮੀ ਹਨ। ਮਾਰਕਸਵਾਦ ਤਾਂ ਉਨ੍ਹਾਂ ਦੀ ਪਹੁੰਚ ਤੋਂ ਬਹੁਤ ਪਰ੍ਹੇ ਜਾਪਦਾ ਹੈ। ਪੰਜਾਬੀ ਪਾਪੂਲਿਸਟ ਬੁੱਧੀਜੀਵੀ ਵਰਗ ਕਿਉਂਕਿ ਮਾਰਕਸਵਾਦੀ ਨਹੀਂ ਹੈ, ਇਸ ਲਈ ਹੇਠਾਂ ਦਿੱਤੇ ਸਵਾਲ ਵੀ ਮਾਰਕਸਵਾਦੀ ਨਜ਼ਰੀਏ ਤੋਂ ਨਹੀਂ ਹਨ। ਇਹ ਸਵਾਲ ਉਨ੍ਹਾਂ ਪਾਪੂਲਿਸਟ ਬੁੱਧੀਜੀਵੀਆਂ ਲਈ ਹਨ ਜੋ ਪੰਜਾਬ ਨੂੰ ਪਾਪੂਲਿਸਟ ਢਾਂਚੇ ਰਾਹੀਂ ਵਿਕਾਸ ਦੇ ਰਾਹਾਂ ਤੇ ਲੈ ਜਾਣਾ ਲੋਚਦੇ ਹਨ:

ਪਹਿਲਾ, ਭਾਰਤ ਦੇ ਸੰਘੀ (ਫੈਡਰਲ) ਢਾਂਚੇ ਅਧੀਨ ਪੰਜਾਬ ਆਰਥਿਕ ਪੱਖ ਤੋਂ ਕੇਂਦਰ 'ਤੇ ਨਿਰਭਰ ਹੈ। ਪੰਜਾਬੀ ਪਾਪੂਲਿਸਟ ਬੁੱਧੀਜੀਵੀ ਇੱਕ ਸਾਲ ਤੋਂ ਕੇਂਦਰ ਨੂੰ ਪੰਜਾਬ ਦਾ ਦੁਸ਼ਮਣ ਪੇਸ਼ ਕਰ ਰਹੇ ਹਨ। ਕੀ ਹੁਣ ਕੇਂਦਰ ਸਰਕਾਰ ਪੰਜਾਬ ਦੀ ਕੋਈ ਖਾਸ ਵਿੱਤੀ ਮਦਦ ਕਰੇਗੀ? ਕੀ ਕੇਂਦਰ ਸਰਕਾਰ ਪੰਜਾਬ ਵਿਚ ਕੋਈ ਵੱਡਾ ਨਿਵੇਸ਼ ਕਰੇਗੀ ਜਿਸ ਨਾਲ ਉਨ੍ਹਾਂ ਲੋਕਾਂ, ਜੋ ਕਿਸਾਨ ਨਹੀਂ ਹਨ ਪਰ ਪੰਜਾਬ ਦੇ ਬਹੁਗਿਣਤੀ ਵਸਨੀਕ ਹਨ, ਲਈ ਕੋਈ ਨਵੇਂ ਰੁਜ਼ਗਾਰ ਦੇ ਵਸੀਲੇ ਪੈਦਾ ਹੋ ਸਕਣ?

ਦੂਜਾ, ਪੰਜਾਬ ਉਤੇ ਕੇਂਦਰ ਸਰਕਾਰ ਦਾ 2.80 ਲੱਖ ਕਰੋੜ ਦਾ ਕਰਜ਼ਾ ਹੋਣ ਦਾ ਅਨੁਮਾਨ ਹੈ; ਭਾਵ, ਪੰਜਾਬ ਵਿਚ ਹਰ ਨਵਜੰਮਿਆ ਬੱਚਾ ਆਪਣੇ ਸਿਰ ਕੇਂਦਰ ਸਰਕਾਰ ਦਾ ਇੱਕ ਲੱਖ ਦਾ ਕਰਜ਼ਾ ਲੈ ਕੇ ਪੈਦਾ ਹੋ ਰਿਹਾ ਹੈ। ਕੀ ਹੁਣ ਕੇਂਦਰ ਸਰਕਾਰ ਉਹ ਕਰਜ਼ਾ ਮੁਆਫ ਕਰੇਗੀ? ਕੀ ਪੰਜਾਬ ਸਰਕਾਰ ਕੋਲ ਇੰਨੀ ਸਮਰੱਥਾ ਹੈ ਕਿ ਉਹ ਪੰਜਾਬੀ ਪਾਪੂਲਿਸਟ ਬੁੱਧੀਜੀਵੀਆਂ ਦਾ ਸਬਜ਼ਬਾਗੀ ਮਾਡਲ ਲਾਗੂ ਕਰ ਸਕੇ? ਕੀ ਪੰਜਾਬ ਸਰਕਾਰ ਕੋਲ ਆਪਣਾ ਪਾਪੂਲਿਸਟ ਕਿਰਦਾਰ ਕਾਇਮ ਰੱਖਣ ਅਤੇ ਪਾਪੂਲਿਸਟ ਬੁੱਧੀਜੀਵੀਆਂ ਦੀਆਂ ਸਲਾਹਾਂ ਪੂਰੀਆਂ ਕਰਨ ਲਈ ਕੋਈ ਜਨਤਕ ਜਾਇਦਾਦ ਬਚੀ ਹੈ ਜਿਸ ਨੂੰ ਉਹ ਵੇਚ ਦੇਵੇ?

ਤੀਜਾ, ਪੰਜਾਬੀ ਪਾਪੂਲਿਸਟ ਬੁੱਧੀਜੀਵੀਆਂ ਨੇ ਆਪਣੀਆਂ ਲਿਖਤਾਂ ਰਾਹੀਂ ਪੰਜਾਬ ਅਤੇ ਪੰਜਾਬੀਆਂ ਦੀ ਜੋ ਦਿੱਖ (ਮਿਅਗਇ) ਪੇਸ਼ ਕੀਤੀ ਹੈ, ਉਸ ਨੂੰ ਪੜ੍ਹਨ ਤੋਂ ਬਾਅਦ ਕੀ ਕੋਈ ਘਰੇਲੂ ਅਤੇ ਵਿਦੇਸ਼ੀ ਪੂੰਜੀਪਤੀ ਪੰਜਾਬ ਵਿਚ ਪੂੰਜੀ ਲਗਾਉਣ ਆਏਗਾ? ਕੀ ਪੰਜਾਬ ਵਿਚ ਲਗਾਤਾਰ ਵੱਧ ਰਹੀ ਪੜ੍ਹੀ-ਲਿਖੀ ਬੇਰੁਜ਼ਗਾਰੀ ਦੂਰ ਹੋਏਗੀ?

ਆਖਰੀ, ਕੀ ਉਦਯੋਗਿਕ ਵਿਕਾਸ ਤੋਂ ਬਿਨਾਂ ਪੰਜਾਬ ਦੀ ਆਰਥਿਕਤਾ ਦੀ ਵਿਕਾਸ ਦਰ ਭਾਰਤ ਅਤੇ ਭਾਰਤ ਦੇ ਹੋਰ ਵਿਕਸਿਤ ਸੂਬਿਆਂ ਦੀ ਵਿਕਾਸ ਦਰ ਦੇ ਮੁਕਾਬਲੇ ਵਧਣ ਦੀ ਸਮਰੱਥਾ ਰੱਖਦੀ ਹੈ? ਕੀ ਪੰਜਾਬ ਜੋ ਕਦੇ ਭਾਰਤ ਵਿਚ ਪ੍ਰਤੀ ਵਿਅਕਤੀ ਆਮਦਨ ਦੇ ਆਧਾਰ ਤੇ ਪਹਿਲੇ ਨੰਬਰ 'ਤੇ ਹੁੰਦਾ ਸੀ ਤੇ ਹੁਣ ਖਿਸਕ ਕੇ 12ਵੇਂ ਸਥਾਨ ਤੇ ਪਹੁੰਚ ਗਿਆ ਹੈ, ਕਦੇ ਪਹਿਲੇ ਸਥਾਨ 'ਤੇ ਆਵੇਗਾ?

ਅੰਤ ਵਿਚ ਅਸੀਂ ਫਿਰ ਸਪਸ਼ਟ ਕਰਨਾ ਚਾਹੁੰਦੇ ਹਾਂ ਕਿ ਇਸ ਲੇਖ ਦਾ ਮਕਸਦ ਕਿਸਾਨ ਅੰਦੋਲਨ ਦੀਆਂ ਪ੍ਰਾਪਤੀਆਂ ਅਤੇ ਕਮੀਆਂ ਦਾ ਮੁਲੰਕਣ ਨਹੀਂ ਸੀ; ਇਸ ਲੇਖ ਦਾ ਵਿਸ਼ਾ ਪੰਜਾਬੀ ਬੁੱਧੀਜੀਵੀਆਂ ਦੀਆਂ ਭਾਵਨਾਵਾਂ ਅਤੇ ਕਿਸਾਨੀ ਤੇ ਖੇਤ ਮਜ਼ਦੂਰਾਂ ਪ੍ਰਤੀ ਹਮਦਰਦੀ ਉਤੇ ਵੀ ਸਵਾਲੀਆ ਚਿੰਨ੍ਹ ਲਗਾਉਣਾ ਨਹੀਂ ਹੈ; ਇਸ ਦਾ ਮਕਸਦ ਤਰਕ ਦੇ ਆਧਾਰ 'ਤੇ ਪੰਜਾਬੀ ਬੁੱਧੀਜੀਵੀਆਂ ਦੁਆਰਾ ਕਿਸਾਨੀ ਸਵਾਲ/ਸੰਕਟ ਦੀ ਸਮਝ ਦੇ ਕੁਝ ਕੁ ਪੱਖਾਂ ਦੀ ਵਿਗਿਆਨਕ ਪੜਚੋਲ ਕਰਨ ਅਤੇ ਵੱਖਰੇ ਪੱਖ ਤੋਂ ਖੇਤੀ ਦੇ ਸਵਾਲ/ਸੰਕਟ ਸੰਬੰਧੀ ਸੰਵਾਦ ਨੂੰ ਸੱਦਾ ਦੇਣਾ ਹੈ।

ਪੰਜਾਬ ਦੇ ਪਾਪੂਲਿਸਟ ਬੁੱਧੀਜੀਵੀਆਂ ਦੀਆਂ ਲਿਖਤਾਂ ਵਿਚ ਹੋਰ ਵੀ ਕਈ ਪੱਖ ਹਨ ਜਿਨ੍ਹਾਂ ਨੂੰ ਵਿਗਿਆਨਕ ਕਸਵੱਟੀ 'ਤੇ ਪਰਖਣ ਦੀ ਲੋੜ ਹੈ। ਇਸ ਸਮੇਂ ਪੰਜਾਬ ਨੂੰ ਅਜਿਹੇ ਬੁੱਧੀਜੀਵੀ ਵਰਗ ਦੀ ਜ਼ਰੂਰਤ ਹੈ ਜੋ ਪੁਰਾਤਨ ਪਾਪੂਲਿਸਟ ਬੁੱਧੀਜੀਵੀਆਂ ਦੀਆਂ ਲਿਖਤਾਂ ਦੀ ਵਿਗਿਆਨਕ ਪੱਖ ਤੋਂ ਨਿੱਠ ਕੇ ਪੜਚੋਲ ਕਰਦਿਆਂ ਅਜਿਹੇ ਆਰਥਿਕ ਅਤੇ ਸਭਿਆਚਾਰਕ ਮਾਡਲ ਦੀ ਪੈਰਵੀ ਕਰੇ ਜੋ ਉਤਰ-ਆਧੁਨਿਕਤਾ ਦੇ ਜਾਲ ਵਿਚ ਉਲਝਣ ਦੀ ਬਜਾਇ, ਪੂੰਜੀਵਾਦ ਦੇ ਆਰਥਿਕ ਖਾਸੇ ਅਤੇ ਸਭਿਆਚਾਰਕ ਪੜਚੋਲ ਕਰਨ ਦੇ ਨਾਲ-ਨਾਲ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਇਸ ਤੋਂ ਵੀ ਬਿਹਤਰ ਸਮਾਜ ਦੇ ਆਰਥਿਕ, ਸਭਿਆਚਾਰਕ ਨਕਸ਼ ਉਲੀਕਣ ਵਿਚ ਸਹਾਈ ਹੋਵੇ। ***(ਸਮਾਪਤ)***

# ਪ੍ਰਧਾਨ ਮੰਤਰੀ ਮੋਦੀ ਦਾ ਪੰਜਾਬ ਤੋਂ ਬੇਰੰਗ ਮੁੜਨਾ ਮੀਡੀਆ ਨੂੰ ਰੰਗ ਗਿਆ

ਬਹੁਤ ਸ਼ੋਰ ਸੁਨਤੇ ਥੇ ਪਹਿਲੂ ਮੇਂ ਦਿਲ ਕਾ, ਜਬ ਦੇਖਾ ਤੋ ਕਤਰਾ-ਏ ਖੂਨ ਨਿਕਲਾ

ਅੱਜ-ਕੱਲ੍ਹ ਮੀਡੀਏ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਪੰਜਾਬ ਫੇਰੀ ਦਾ ਜ਼ਿਕਰ ਭਾਰੂ ਹੈ। ਪ੍ਰਧਾਨ ਮੰਤਰੀ ਦੀ ਸੁਰੱਖਿਆ ਨੂੰ ਲੈ ਕੇ ਮਾਮਲਾ ਕੁਝ ਏਨੀ ਤੂਲ ਫੜ ਗਿਆ ਹੈ ਕਿ ਗੱਲ ਸੁਪਰੀਮ ਕੋਰਟ ਤੱਕ ਪਹੁੰਚ ਗਈ। ਮੁੱਦਾ ਕੋਈ ਵੀ ਹੋਵੇ ਜਦੋਂ ਉਹ ਰਾਜਨੀਤਕ ਤੂਲ ਫੜ ਜਾਵੇ ਤਾਂ ਹਰ ਧਿਰ ਆਪੋ ਆਪਣੇ ਹਿਸਾਬ ਨਾਲ ਲਾਹਾ ਲੈਣ ਲਈ ਟਿੱਲ ਲਾਉਂਦੀ ਹੈ। ਸਾਲ ਭਰ ਚੱਲੇ ਕਿਸਾਨੀ ਅੰਦੋਲਨ ਕਾਰਨ ਪੰਜਾਬ ਵਿਚ ਭਾਜਪਾ ਮੂਧੇ-ਮੂੰਹ ਪਈ ਹੈ। ਮੋਦੀ ਦੀ ਪੰਜਾਬ ਫੇਰੀ ਪੰਜਾਬ ਭਾਜਪਾ

ਕੁਲਵੰਤ ਸਿੰਘ 'ਢੇਸੀ'

ਲਈ ਇੱਕ ਆਸ ਦੀ ਕਿਰਨ ਸੀ ਅਤੇ ਅੰਦਾਜ਼ੇ ਲਾਏ ਜਾ ਰਹੇ ਸਨ ਕਿ ਮੋਦੀ ਦੀ ਰੈਲੀ ਵਿਚ ਇੱਕ ਲੱਖ ਲੋਕ ਸ਼ਾਮਲ ਹੋ ਸਕਦੇ ਹਨ। ਇਸੇ ਤਹਿਤ ਸੱਤਰ ਹਜ਼ਾਰ ਕੁਰਸੀਆਂ ਲਾਈਆਂ ਗਈਆਂ, ਪਰ 700 ਵਿਅਕਤੀ ਹੀ ਹਾਜ਼ਰ ਪਾਏ ਗਏ। ਰੈਲੀ ਦੀ ਮੰਦਹਾਲੀ ਦਾ ਵੱਡਾ ਕਾਰਨ ਬਾਰਸ਼ ਦੱਸਿਆ ਗਿਆ ਅਤੇ ਨਿਰਾਸ਼ ਭਾਜਪਾ ਹੁਣ ਆਪਣਾ ਨਜ਼ਲਾ ਪੰਜਾਬ ਪ੍ਰਦੇਸ਼ ਕਾਂਗਰਸ ਅਤੇ ਕਿਸਾਨ ਧਰਨਾਕਾਰੀਆਂ 'ਤੇ ਕੱਢ ਰਹੀ ਹੈ।

**ਪ੍ਰਧਾਨ ਮੰਤਰੀ ਦੀ ਸੁਰੱਖਿਆ ਦੀ ਅਹਿਮੀਅਤ**

ਇਹ ਗੱਲ ਗੌਰ ਕਰਨ ਵਾਲੀ ਹੈ ਕਿ ਜਿੱਥੇ ਆਮ ਤੌਰ 'ਤੇ ਕਿਸੇ ਵੀ ਆਗੂ ਦੀ ਸੁਰੱਖਿਆ ਦਾ ਮੁੱਦਾ ਅਹਿਮ ਹੁੰਦਾ ਹੈ, ਉੱਥੇ ਗੁਜਰਾਤ ਦੰਗਿਆਂ ਅਤੇ ਘੱਟ ਗਿਣਤੀਆਂ ਦੀ ਰਾਜਨੀਤੀ ਨਾਲ ਜੁੜੇ ਹੋਏ ਨਾਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ ਆਪਣੇ ਆਪ ਵਿਚ ਹੋਰ ਵੀ ਗੰਭੀਰ ਮੁੱਦਾ ਹੈ। ਜੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਕਮੀ ਕਾਰਨ ਕਿਧਰੇ ਵੀ ਹਬੀ-ਨਬੀ ਹੁੰਦੀ ਹੈ ਤਾਂ ਇਸ ਦਾ ਪ੍ਰਕੋਪ ਕਿਸੇ ਘੱਟ ਗਿਣਤੀ 'ਤੇ ਉਸੇ ਹੀ ਰੂਪ ਵਿਚ ਪੈ ਸਕਦਾ ਹੈ, ਜਿਵੇਂ ਕਿ ਇੰਦਰਾ ਦੇ ਕਤਲ ਤੋਂ ਬਾਅਦ ਕਾਂਗਰਸੀਆਂ ਨੇ ਦੇਸ਼ ਭਰ ਵਿਚ ਸਿੱਖਾਂ ਨੂੰ ਜੀਉਂਦੇ-ਜੀਅ ਸਾੜਿਆ ਸੀ। ਇਹ ਗੱਲ ਵੀ ਸੁਰਖੀਆਂ ਵਿਚ ਆਈ ਹੈ ਕਿ ਕਈ ਵੇਰ ਤਾਂ ਪ੍ਰਧਾਨ ਮੰਤਰੀ ਆਪਣੀ ਸੁਰੱਖਿਆ ਲਈ ਆਪ ਹੀ ਖਤਰਾ ਬਣ ਜਾਂਦੇ ਹਨ। ਇਸ ਦੀ ਮਿਸਾਲ ਯੂਪੀ/ ਵਾਰਾਣਸੀ ਮੋਦੀ ਦੀ ਰੈਲੀ ਹੈ, ਜਿੱਥੇ ਇੱਕ ਤੰਗ ਸੜਕ ਵਿਚ ਪ੍ਰਧਾਨ ਮੰਤਰੀ ਦੀ ਗੱਡੀ ਜਦੋਂ ਜਾ ਰਹੀ ਹੁੰਦੀ ਹੈ ਤਾਂ ਗੱਡੀ ਵਲ ਉਮੜ ਰਹੀ ਭੀੜ ਨੂੰ ਬੇਸ਼ਕ ਉਸ ਦੇ ਅੰਗ ਰੱਖਿਅਕ ਖਦੇੜਨ ਦੀ ਕੋਸ਼ਿਸ਼ ਕਰਦੇ ਹਨ, ਪਰ ਪ੍ਰਧਾਨ ਮੰਤਰੀ ਖੁਦ ਹੀ ਗੱਡੀ ਦਾ ਦਰਵਾਜ਼ਾ ਖੋਲ੍ਹ ਕੇ ਅੰਗ ਰੱਖਿਅਕਾਂ ਨੂੰ ਕਹਿ ਰਹੇ ਹਨ ਕਿ ਭੀੜ ਨੂੰ ਨਾ ਰੋਕਿਆ ਜਾਵੇ। ਇੱਕ ਮੋਦੀ ਭਗਤ ਤਾਂ ਮੋਦੀ ਦੇ ਸਿਰ 'ਤੇ ਟੋਪੀ ਰੱਖ ਕੇ ਗਲ ਵਿਚ ਸਾਫਾ ਵੀ ਪਾ ਦਿੰਦਾ ਹੈ। ਕਿਹਾ ਜਾਂਦਾ ਹੈ ਕਿ ਵਾਰਾਣਸੀ ਦਾ ਇਹ ਇਲਾਕਾ ਮੋਦੀ ਦਾ ਆਪਣਾ ਸੀ ਅਤੇ ਗੱਡੀ ਵਲ ਉਮੜੇ ਲੋਕ ਵੀ ਭਾਜਪਾ ਦੇ ਆਪਣੇ ਸਨ। ਇਹ ਗੱਲ ਧਿਆਨ ਮੰਗਦੀ ਹੈ ਕਿ ਖ਼ੁਦਾ ਨਾ ਖਾਸਤਾ ਜੇਕਰ ਕਿਸੇ ਨੇ ਪ੍ਰਧਾਨ ਮੰਤਰੀ 'ਤੇ ਹਮਲਾ ਕਰਨਾ ਹੋਵੇ ਤਾਂ ਉਹ ਭਾਜਪਾਈਆਂ ਦੀ ਭੀੜ ਦਾ ਹਿੱਸਾ ਬਣ ਕੇ ਹੀ ਅਜਿਹੀ ਕੋਸ਼ਿਸ਼ ਕਰੇਗਾ। ਹੁਣ ਜਦਕਿ ਭਾਰਤ ਦੀ ਸੁਪਰੀਮ ਕੋਰਟ ਵਲੋਂ ਮੋਦੀ ਜੀ ਦੀ ਸੁਰੱਖਿਆ ਦਾ ਮੁੱਦਾ ਵਿਚਾਰਿਆ ਜਾ ਰਿਹਾ ਹੈ ਤਾਂ ਉਮੀਦ ਕੀਤੀ ਜਾਂਦੀ ਹੈ ਕਿ ਨਿਆਂਪਾਲਿਕਾ ਇਨ੍ਹਾਂ ਗੱਲਾਂ ਨੂੰ ਵੀ ਧਿਆਨ ਵਿਚ ਰੱਖੇਗੀ ਕਿ ਦੇਸ਼ ਦਾ ਪ੍ਰਧਾਨ ਮੰਤਰੀ ਆਪਣੀ ਸੁਰੱਖਿਆ ਲਈ ਖੁਦ ਹੀ ਖਤਰਾ ਕਿਓਂ ਬਣ ਜਾਂਦਾ ਹੈ?

**ਫਲਾਈਓਵਰ 'ਤੇ ਪ੍ਰਧਾਨ ਮੰਤਰੀ ਦਾ ਕਾਫਲਾ ਰੁਕਿਆ**

ਫਿਰੋਜ਼ਪੁਰ ਜਾਂਦਿਆਂ ਪ੍ਰਧਾਨ ਮੰਤਰੀ ਮੋਦੀ ਦੇ ਕਾਫਲੇ ਨੂੰ ਪਿੰਡ ਪਿਆਰੇਆਣਾ ਨੇੜੇ ਫਲਾਈਓਵਰ 'ਤੇ 15-20 ਮਿੰਟ ਰੁਕਣਾ ਦੇਸ਼ ਵਿਆਪੀ ਗੰਭੀਰ ਮੁੱਦਾ ਬਣ ਗਿਆ ਹੈ। ਇਸ ਮਾਮਲੇ ਨੂੰ ਹੱਲ ਕਰਨ ਲਈ ਕੇਂਦਰ ਅਤੇ ਪੰਜਾਬ ਵਲੋਂ ਜਾਂਚ ਕਮੇਟੀਆਂ ਬਣਾਈਆਂ ਗਈਆਂ ਹਨ ਪਰ ਹਾਲ ਦੀ ਘੜੀ ਸੁਪਰੀਮ ਕੋਰਟ ਨੇ ਇਨ੍ਹਾਂ ਕਮੇਟੀਆਂ ਦੀ ਕਾਰਵਾਈ ਨੂੰ ਰੋਕ ਦਿੱਤਾ ਹੈ।

ਤੈਅਸ਼ੁਦਾ ਪ੍ਰੋਗਰਾਮ ਮੁਤਾਬਕ ਪ੍ਰਧਾਨ ਮੰਤਰੀ ਮੋਦੀ ਦਿੱਲੀ ਤੋਂ ਹਵਾਈ ਜਹਾਜ਼ ਰਾਹੀਂ ਬਠਿੰਡਾ ਪਹੁੰਚੇ ਜਿਥੇ, ਉਨ੍ਹਾਂ ਦਾ ਸਵਾਗਤ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੀਤਾ। ਬਠਿੰਡਾ ਤੋਂ ਫਿਰੋਜ਼ਪੁਰ ਦਾ ਸਫਰ ਹੈਲੀਕਾਪਟਰ ਰਾਹੀਂ ਤੈਅ ਕਰਨਾ ਸੀ ਪਰ ਮੌਸਮ ਦੀ ਖਰਾਬੀ ਕਾਰਨ ਇਹ ਸਫਰ ਕਾਰਾਂ ਦੇ ਕਾਫਲੇ ਨਾਲ ਤੈਅ ਕਰਨ ਦਾ ਫੈਸਲਾ ਕੀਤਾ ਗਿਆ। ਫਿਰੋਜ਼ਪੁਰ ਨੂੰ ਜਾਂਦਿਆਂ ਸੁਰੱਖਿਆ ਦੇ ਮੁੱਦੇ ਨੂੰ ਮੁੱਖ ਰੱਖਦਿਆਂ ਇੱਕ ਫਲਾਈਓਵਰ 'ਤੇ ਇਹ ਕਾਫਲਾ ਰੋਕ ਲਿਆ ਗਿਆ। ਇਥੋਂ ਇੱਕ ਕਿਲੋਮੀਟਰ ਦੂਰ ਕਿਸਾਨ ਆਪਣਾ ਧਰਨਾ ਪ੍ਰਦਰਸ਼ਨ ਕਰ ਰਹੇ ਸਨ ਜਦ ਕਿ ਪ੍ਰਧਾਨ ਮੰਤਰੀ ਦੇ ਕਾਫਲੇ ਦੇ ਬਿਲਕੁਲ ਨੇੜੇ ਭਾਜਪਾ ਸਮਰਥਕ ਵੀ ਨਾਅਰੇਬਾਜ਼ੀ ਕਰ ਰਹੇ ਸਨ। ਭਾਰਤੀ ਮੀਡੀਆ ਵਿਚ ਜ਼ਿਆਦਾਤਰ ਭਾਜਪਾ ਵਾਲਿਆਂ ਨੂੰ ਹੀ ਕਿਸਾਨਾਂ ਦਾ ਧਰਨਾ ਪ੍ਰਦਰਸ਼ਨ ਕਹਿ ਕੇ ਪ੍ਰਚਾਰਿਆ ਗਿਆ ਜਦਕਿ ਸੱਚਾਈ ਹੌਲੀ-ਹੌਲੀ ਸਾਹਮਣੇ ਆਈ। ਪ੍ਰਧਾਨ ਮੰਤਰੀ ਨੇ ਹੁਸੈਨੀਵਾਲਾ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨੀ ਸੀ ਅਤੇ ਫਿਰ ਫਿਰੋਜ਼ਪੁਰ ਵਿਚ ਪੀ.ਜੀ.ਆਈ. ਹਸਪਤਾਲ ਸੈਟੇਲਾਈਟ ਸੈਂਟਰ ਦਾ ਉਦਘਾਟਨ ਕਰਨ ਮਗਰੋਂ ਰੈਲੀ ਵਿਚ ਪਹੁੰਚ ਕੇ ਪੰਜਾਬ ਲਈ ਵਿਸ਼ੇਸ਼ ਪੈਕੇਜ ਐਲਾਨਣਾ ਸੀ।

ਜਿਥੋਂ ਤਕ ਕਿਸਾਨ ਧਰਨੇ ਦਾ ਸਵਾਲ ਹੈ ਉਸ ਸਬੰਧੀ 6 ਜਨਵਰੀ ਨੂੰ ਸੰਯੁਕਤ ਮੋਰਚੇ ਵਲੋਂ ਜਾਰੀ ਬਿਆਨਾਂ ਵਿਚ ਦੱਸਿਆ ਗਿਆ ਕਿ ਪ੍ਰਧਾਨ ਮੰਤਰੀ ਦੀ ਰੈਲੀ ਦਾ ਵਿਰੋਧ ਕਰਨ ਦਾ ਐਲਾਨ 10 ਕਿਸਾਨ ਜਥੇਬੰਦੀਆਂ ਵਲੋਂ ਕੀਤਾ ਗਿਆ ਸੀ। ਇਸ ਵਿਰੋਧ ਦਾ ਕਾਰਨ ਲਖੀਮਪੁਰ ਖੀਰੀ ਮਾਮਲੇ ਸਬੰਧੀ ਗ੍ਰਹਿ ਮੰਤਰੀ ਅਜੇ ਮਿਸ਼ਰਾ ਦੀ ਗ੍ਰਿਫਤਾਰੀ ਦੀ ਮੰਗ ਅਤੇ ਕਿਸਾਨਾਂ ਦੀਆਂ ਅਧੂਰੀਆਂ ਮੰਗਾਂ ਵੀ ਸਨ, ਜਿਨ੍ਹਾਂ ਵਿਚ ਐਮ.ਐਸ.ਪੀ. ਦੀ ਮੋਹਲਤ ਅਤੇ ਕਿਸਾਨ ਮੋਰਚੇ ਦੌਰਾਨ ਗ੍ਰਿਫਤਾਰ ਹੋਏ ਕਿਸਾਨਾਂ ਦੀ ਰਿਹਾਈ ਦੇ ਮੁੱਦੇ ਸਨ। ਇਨ੍ਹਾਂ ਕਿਸਾਨਾਂ ਨੇ ਆਪਣੀਆਂ ਮੰਗਾਂ ਸਬੰਧੀ ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਦੇ ਦਫਤਰ ਅੱਗੇ ਧਰਨਾ ਦੇਣਾ ਸੀ। ਕਿਸਾਨ ਆਗੂ ਬਲਦੇਵ ਸਿੰਘ ਦੇ ਦੱਸਣ ਮੁਤਾਬਕ ਜਦੋਂ ਡੇਢ ਸੌ ਦੇ ਕਰੀਬ ਕਿਸਾਨਾਂ ਦਾ ਇਹ ਕਾਫਲਾ ਡੀ.ਸੀ. ਦਫਤਰ ਵੱਲ ਜਾ ਰਿਹਾ ਸੀ ਤਾਂ ਪੁਲਿਸ ਨੇ ਉਨ੍ਹਾਂ ਨੂੰ ਪਿੰਡ ਪਿਆਰੇਆਣਾ ਨੇੜੇ ਫਲਾਈਓਵਰ 'ਤੇ ਹੀ ਰੋਕ ਲਿਆ ਕਿ ਅੱਗੇ ਪ੍ਰਧਾਨ ਮੰਤਰੀ ਦਾ ਕਾਫਲਾ ਹੈ ਪਰ ਕਿਸਾਨਾਂ ਨੇ ਪੁਲਿਸ ਦੀ ਗੱਲ 'ਤੇ ਯਕੀਨ ਨਾ ਕੀਤਾ, ਕਿਓਂਕਿ ਉਨ੍ਹਾਂ ਮੁਤਾਬਕ ਤਾਂ ਪ੍ਰਧਾਨ ਮੰਤਰੀ ਹੈਲੀਕਾਪਟਰ ਰਾਹੀਂ ਰੈਲੀ 'ਤੇ ਜਾ ਰਹੇ ਸਨ। ਇਸ ਕਾਰਨ ਇਹ ਕਿਸਾਨ ਪੁਲ 'ਤੇ ਹੀ ਧਰਨਾ ਲਾ ਕੇ ਬੈਠ ਗਏ। ਕਿਸਾਨਾਂ ਦਾ ਇਹ ਵੀ ਖਿਆਲ ਸੀ ਕਿ ਪੁਲਿਸ ਭਾਜਪਾ ਵਰਕਰਾਂ ਦੀਆਂ ਬੱਸਾਂ ਲਈ ਰਾਹ ਪੱਧਰਾ ਕਰਨ ਲਈ ਹੀ ਇਹ ਕਰ ਰਹੀ ਹੈ। ਸੰਯੁਕਤ ਮੋਰਚੇ ਦੇ ਆਗੂਆਂ ਮੁਤਾਬਕ ਪ੍ਰਧਾਨ ਮੰਤਰੀ ਦੇ ਕਾਫਲੇ ਵਿਚ ਵਿਘਨ ਪਾਉਣਾ ਜਾਂ ਰੈਲੀ ਰੋਕਣਾ ਕਿਸਾਨਾਂ ਦਾ ਮੰਤਵ ਨਹੀਂ ਸੀ। ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਇਹ ਕਿਹਾ ਸੀ ਕਿ ਜੇ ਸਰਕਾਰ ਉਨ੍ਹਾਂ ਦੀਆਂ ਲਿਖਤੀ ਮੰਗਾਂ ਮੰਨਦੀ ਹੈ ਤਾਂ ਕਿਸਾਨ ਸੜਕ ਤੋਂ ਆਪਣਾ ਧਰਨਾ ਚੁੱਕ ਦੇਣਗੇ। ਇਹ ਵੀ ਕਿਹਾ ਜਾਂਦਾ ਹੈ ਕਿ ਕੁਝ ਭਾਜਪਾ ਵਰਕਰ ਜਦੋਂ ਬੱਸਾਂ ਵਿਚੋਂ ਨਿਕਲ ਕੇ ਕਿਸਾਨਾਂ ਖ਼ਿਲਾਫ ਨਾਅਰੇ ਮਾਰਦੇ ਹੱਥੋਪਾਈ 'ਤੇ ਉਤਰ ਆਏ ਤਾਂ ਕਿਸਾਨ ਕਹਿਣ ਲੱਗ ਪਏ ਕਿ ਹੁਣ ਇਨ੍ਹਾਂ ਵਰਕਰਾਂ ਨੂੰ ਅੱਗੇ ਨਹੀਂ ਲੰਘਣ ਦੇਣਾ। ਜਦਕਿ ਪ੍ਰਧਾਨ ਮੰਤਰੀ ਦੇ ਕਾਫਲੇ ਦੇ ਵਾਪਸ ਮੁੜਨ 'ਤੇ ਇਹ ਕਿਸਾਨ ਧਰਨੇ ਤੋਂ ਉਠ ਗਏ ਸਨ।

ਹੁਣ ਸਵਾਲ ਉਠਾਏ ਜਾ ਰਹੇ ਹਨ ਕਿ ਜਿਸ ਵੇਲੇ ਪ੍ਰਧਾਨ ਮੰਤਰੀ ਦੇ ਕਾਫਲੇ ਵਿਚ ਖੜੋਤ ਆਈ ਸੀ ਤਾਂ ਪੰਜਾਬ ਸਰਕਾਰ ਦੇ ਡੀ.ਜੀ.ਪੀ. ਜਾਂ ਮੁੱਖ ਸਕੱਤਰ ਵਲੋਂ ਉਨ੍ਹਾਂ ਨੂੰ ਬਦਲਵਾਂ ਰੂਟ ਕਿਉਂ ਨਾ ਦਿੱਤਾ ਗਿਆ। ਇਹ ਵੀ ਪੁੱਛਿਆ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਵਲੋਂ ਸੜਕ ਰਾਹੀਂ ਰੈਲੀ 'ਤੇ ਪਹੁੰਚਣ ਦੀ ਇਤਲਾਹ ਜੇ ਮੌਕੇ ਸਿਰ ਪੰਜਾਬ ਸਰਕਾਰ ਨੂੰ ਮਿਲ ਗਈ ਸੀ ਤਾਂ ਸਰਕਾਰ ਫਿਰ ਕਿਸਾਨ ਧਰਨਾਕਾਰੀਆਂ ਨੂੰ ਹਟਾਉਣ ਵਿਚ ਕਾਮਯਾਬ ਕਿਉਂ ਨਾ ਹੋਈ। ਇਸ ਗੱਲ ਦੀ ਪੁਣ-ਛਾਣ ਵੀ ਹੋਣੀ ਅਜੇ ਬਾਕੀ ਹੈ ਕਿ ਕੀ ਵਾਕਈ ਝੱਖੜ ਬਾਰਸ਼ ਵਿਚ ਪ੍ਰਧਾਨ ਮੰਤਰੀ ਦਾ ਹੈਲੀਕਾਪਟਰ ਉਡਾਣ ਨਹੀਂ ਭਰ ਸਕਦਾ? ਇਹ ਗੱਲ ਖਿਆਲ ਕਰਨ ਵਾਲੀ ਹੈ ਕਿ ਭਾਰਤ ਵਿਚ ਕੇਵਲ ਪ੍ਰਧਾਨ ਮੰਤਰੀ ਮੋਦੀ ਨੂੰ ਹੀ ਐਸ.ਪੀ.ਜੀ. (ਪਇਚਿਅਲ ਫਰੋਟਏਚਟਨਿ ੰਰਚਏ) ਦੀ ਸੁਰੱਖਿਆ ਛੱਤਰੀ ਹਾਸਲ ਹੈ, ਜਿਸ ਨੇ ਪੀ ਐਮ ਓ ਅਤੇ ਕੈਬਨਿਟ ਸੈਕਟਰੀ ਨੂੰ ਰਿਪੋਰਟਿੰਗ ਕਰਨੀ ਹੁੰਦੀ ਹੈ। ਇਸ ਗੱਲ ਦੀ ਤਫਤੀਸ਼ ਹੋਣੀ ਜ਼ਰੂਰੀ ਹੈ ਕਿ ਕੀ ਮੌਕੇ ਦੀ ਸੰਵੇਦਨਸ਼ੀਲਤਾ ਨੂੰ ਮੁੱਖ ਰੱਖਦਿਆਂ ਐਸ.ਪੀ.ਜੀ. ਨੇ ਸੂਬਾ ਸਰਕਾਰ ਅਤੇ ਆਈ. ਬੀ. ਦੇ ਨਿਰਦੇਸ਼ਾਂ ਮੁਤਾਬਕ ਲੋੜ ਮੁਤਾਬਕ ਗਤੀਸ਼ੀਲਤਾ ਦਿਖਾਈ ਕਿ ਨਹੀਂ। ਆਮ ਤੌਰ 'ਤੇ ਜਦੋਂ ਕੋਈ ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਦਾ ਕਾਫਲਾ ਜਾਂਦਾ ਹੈ ਤਾਂ ਉਸ ਰੂਟ ਤੋਂ ਨਿੱਜੀ ਵਾਹਨ ਹਟਾ ਲਏ ਜਾਂਦੇ ਹਨ, ਪਰ ਪ੍ਰਧਾਨ ਮੰਤਰੀ ਦੇ ਕਾਫਲੇ ਨਾਲ ਤਾਂ ਭਾਜਪਾ ਵਰਕਰਾਂ ਦੀਆਂ ਸੌ ਦੇ ਕਰੀਬ ਬੱਸਾਂ ਵੀ ਚੱਲ ਰਹੀਆਂ ਸਨ, ਜਿਨ੍ਹਾਂ ਨੇ ਬਾਅਦ ਵਿਚ ਜਾਮ ਲਾ ਦਿੱਤਾ। ਇਹ ਵਰਕਰ ਮੋਦੀ ਦੇ ਕਾਫਲੇ ਦੇ 15 ਫੁੱਟ ਨੇੜੇ ਤਕ ਕਿਵੇਂ ਚਲੇ ਗਏ, ਜਿਨ੍ਹਾਂ ਨੂੰ ਭਾਜਪਾ ਦਾ ਝੰਡਾ ਲਹਿਰਾਉਂਦੇ ਅਤੇ ਨਾਅਰੇ ਮਾਰਦੇ ਦੇਖਿਆ ਗਿਆ ਹੈ। ਇਹ ਗੱਲ ਵੀ ਅਹਿਮ ਹੈ ਕਿ ਇਸ ਘਟਨਾਕ੍ਰਮ ਤੋਂ ਭਾਰਤ-ਪਾਕਿਸਤਾਨ ਸਰਹੱਦ ਬਹੁਤੀ ਦੂਰੀ 'ਤੇ ਨਹੀਂ ਹੈ।

**ਖਟਾਈ ਵਿਚ ਪੈ ਗਿਆ ਪੰਜਾਬ ਪੈਕੇਜ ਅਤੇ ਪੀ.ਜੀ.ਆਈ. ਦਾ ਨੀਂਹ ਪੱਥਰ**

ਪ੍ਰਧਾਨ ਮੰਤਰੀ ਨੇ ਹੁਸੈਨੀਵਾਲਾ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਕੇ ਫਿਰੋਜ਼ਪੁਰ ਵਿਖੇ ਪੀ ਜੀ ਆਈ ਦੇ ਸੈਟੇਲਾਈਟ ਸੈਂਟਰ ਦਾ ਨੀਂਹ ਪੱਥਰ ਰੱਖਣਾ ਸੀ ਅਤੇ ਬਾਅਦ ਵਿਚ ਪੰਜਾਬ ਪੈਕੇਜ ਦਾ ਐਲਾਨ ਵੀ ਕਰਨਾ ਸੀ ਜੋ ਹੁਣ ਖਟਾਈ ਵਿਚ ਪੈ ਗਿਆ ਹੈ। ਕੁਝ ਲੋਕਾਂ ਵਲੋਂ ਕਿਸਾਨ ਜਥੇਬੰਦੀਆਂ ਪ੍ਰਤੀ ਗੁੱਸਾ ਵੀ ਪ੍ਰਗਟ ਕੀਤਾ ਜਾ ਰਿਹਾ ਸੀ ਕਿ ਘੱਟੋ-ਘੱਟ ਪੰਜਾਬ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਵਲੋਂ ਮੋਦੀ ਦੀ ਰੈਲੀ ਦਾ ਵਿਰੋਧ ਨਹੀਂ ਸੀ ਕਰਨਾ ਚਾਹੀਦਾ। ਕਿਸਾਨ ਵੀ ਹੁਣ ਆਪਣੀ ਸੁਰ ਬਦਲਦੇ ਦਿਖਾਈ ਦਿੰਦੇ ਹਨ ਕਿ ਉਨ੍ਹਾਂ ਦਾ ਇਰਾਦਾ ਰੈਲੀ ਵਿਚ ਵਿਘਨ ਪਾਉਣ ਦਾ ਨਹੀਂ ਸੀ, ਪ੍ਰਧਾਨ ਮੰਤਰੀ ਦੀ ਸੁਰੱਖਿਆ ਦਾ ਡਰਾਮਾ ਹੀ ਇੱਕ ਬਹਾਨੇ ਵਜੋਂ ਕੀਤਾ ਗਿਆ ਕਿਉਂਕਿ ਰੈਲੀ 'ਤੇ ਜਨਤਕ ਇਕੱਠ ਹੈ ਹੀ ਨਹੀਂ ਸੀ।

ਭਾਜਪਾ ਆਗੂਆਂ ਵਲੋਂ ਇਹ ਸ਼ੰਕਾ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਪੰਜਾਬ ਡੀ.ਜੀ.ਪੀ. ਵਲੋਂ ਤਾਂ ਭਰੋਸਾ ਦਿੱਤਾ ਗਿਆ ਸੀ ਕਿ ਰਸਤਾ ਸਾਫ ਹੈ ਤਾਂ ਕੀ ਉਹ ਝੂਠ ਬੋਲ ਰਿਹਾ ਸੀ? ਪੁਲ 'ਤੇ ਧਰਨਾ ਦੇਣ ਵਾਲੇ ਕਿਸਾਨਾਂ ਨੂੰ ਇਹ ਜਾਣਕਾਰੀ ਕਿਸ ਨੇ ਦਿੱਤੀ ਕਿ ਪ੍ਰਧਾਨ ਮੰਤਰੀ ਪੁਲ ਉਪਰੋਂ ਜਾ ਰਹੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਕਿਸਾਨਾਂ ਵਲੋਂ ਫਾਜ਼ਿਲਕਾ-ਫਿਰੋਜ਼ਪੁਰ, ਤਰਨਤਾਰਨ-ਫਿਰੋਜ਼ਪੁਰ ਅਤੇ ਜ਼ੀਰਾ-ਫਿਰੋਜ਼ਪੁਰ ਸੜਕਾਂ 'ਤੇ ਵੀ ਧਰਨੇ ਦਿੱਤੇ ਗਏ ਅਤੇ ਭਾਜਪਾ ਵਰਕਰਾਂ ਦੀਆਂ ਬੱਸਾਂ ਨੂੰ ਰੋਕਣ ਦੇ ਯਤਨ ਕੀਤੇ ਗਏ। ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਵਲੋਂ ਕਿਸਾਨ ਆਗੂਆਂ ਨੂੰ ਅਪੀਲ ਕੀਤੀ ਗਈ ਸੀ ਕਿ ਭਾਜਪਾਈਆਂ ਨੂੰ ਰੈਲੀ ਵਿਚ ਆਉਣੋਂ ਨਾ ਰੋਕਿਆ ਜਾਵੇ। ਇਸ ਗੱਲ ਬਾਰੇ ਆਮ ਚਰਚਾ ਹੈ ਕਿ ਪ੍ਰਧਾਨ ਮੰਤਰੀ ਦੇ ਸੁਰੱਖਿਆ ਪ੍ਰੋਟੋਕੋਲ ਸਬੰਧੀ ਜੋ ਢਿੱਲ-ਮੱਠ ਵਰਤੀ ਗਈ, ਇਸ ਪਿਛੇ ਸਾਜ਼ਿਸ਼ ਨੂੰ ਬੇਨਕਾਬ ਕਰਨਾ ਜ਼ਰੂਰੀ ਹੈ।

**'ਵੀਰ ਬਾਲ ਦਿਵਸ' ਮਨਾਉਣ ਦਾ ਫੈਸਲਾ**

ਪ੍ਰਧਾਨ ਮੰਤਰੀ ਵਲੋਂ ਸਾਕਾ ਸਰਹੰਦ ਦੀ ਯਾਦ ਵਿਚ ਹਰ ਸਾਲ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣ ਦੇ ਐਲਾਨ ਬਾਰੇ ਸਿੱਖ ਹਲਕਿਆਂ ਵਿਚ ਚਰਚਾ ਹੈ। ਪ੍ਰਧਾਨ ਮੰਤਰੀ ਵਲੋਂ ਨਿਮਰਤਾ ਅਤੇ ਭਾਵੁਕ ਅੰਦਾਜ਼ ਵਿਚ ਇਸ ਦਿਨ ਨੂੰ ਕੌਮੀ ਤੌਰ 'ਤੇ ਮਨਾਉਣ ਦਾ ਐਲਾਨ ਕੀਤਾ ਗਿਆ ਹੈ, ਜਿਸ ਦਿਨ ਬਾਲ ਦਿਵਸ ਮਨਾਉਂਦਿਆਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਦੀਆਂ ਸ਼ਹਾਦਤਾਂ ਨੂੰ ਵੀ ਸ਼ਰਧਾਂਜਲੀ ਪੇਸ਼ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਦੀ ਬਹਾਦਰੀ ਅਤੇ ਆਦਰਸ਼ਾਂ ਨੇ ਦੇਸ਼ ਦੇ ਲੱਖਾਂ ਲੋਕਾਂ ਨੂੰ ਪ੍ਰੇਰਣਾ ਦਿੱਤੀ ਹੈ।

**ਪ੍ਰਧਾਨ ਮੰਤਰੀ ਨੇ ਸਾਲ 2017 ਵਿਚ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਮਨਾਏ 350ਵੇਂ ਪ੍ਰਕਾਸ਼ ਪੁਰਬ ਦੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਹਨ। ਕਰਤਾਰਪੁਰ ਸਾਹਿਬ ਦੇ ਲਾਂਘੇ ਤੋਂ ਬਾਅਦ ਇਹ 'ਵੀਰ ਬਾਲ ਦਿਵਸ' ਸਬੰਧੀ ਐਲਾਨ ਵੀ ਨਿਰਸੰਦੇਹ ਇਤਿਹਾਸਕ ਫੈਸਲਾ ਹੈ ਪਰ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੀ ਮੈਂਬਰ ਕਿਰਨਜੋਤ ਕੌਰ ਸਮੇਤ ਕੁਝ ਹੋਰ ਲੋਕਾਂ ਨੇ ਸਿੱਖ ਸਿਧਾਂਤ ਨੂੰ ਲੈ ਕੇ ਕੁਝ ਸਵਾਲ ਵੀ ਖੜ੍ਹੇ ਕੀਤੇ ਹਨ।**

## ਪੰਜ ਲੱਖ ਅੱਖਾਂ ਸੰਵਾਰਨ ਵਾਲੇ ਡਾ. ਮਥਰਾ ਦਾਸ

*(ਸਫਾ 14 ਦਾ ਬਾਕੀ)*

ਡਾਕਟਰ ਮਥਰਾ ਦਾਸ ਨੂੰ ਵੀ ਸਾਰੀ ਜਾਣਕਾਰੀ ਦੇ ਦਿੱਤੀ। ਇਕ ਚੰਗੀ ਗੱਲ ਇਹ ਹੋਈ ਕਿ ਹਰ ਸਾਲ ਜੋ ਸਿਖਿਆਰਥੀ ਆਉਂਦੇ ਸਨ, ਉਹ ਨਿਸ਼ਾਨੀ ਵਜੋਂ ਡਾਕਟਰ ਮਥਰਾ ਦਾਸ ਨਾਲ ਗਰੁੱਪ ਫੋਟੋ ਖਿਚਵਾਉਂਦੇ ਸਨ। ਸਬੱਬ ਨਾਲ 1925 ਦੀ ਫੋਟੋ ਉਸ ਸਮੇਂ ਖਿੱਚੀ ਗਈ ਸੀ ਜਦੋਂ ਡਾਕਟਰ ਸਮਿੱਥ ਅਜੇ ਇਥੇ ਹੀ ਸੀ ਤੇ ਆਪਣੇ ਪੁੱਤਰ ਨਾਲ ਫੋਟੋ ਵਿਚ ਸ਼ਾਮਲ ਸੀ। ਇਨ੍ਹਾਂ ਨੇ ਡਾਕਟਰ ਬੁਲ ਨੂੰ ਉਹ ਫੋਟੋ ਵੀ ਭੇਜ ਦਿੱਤੀ ਤੇ ਇਹ ਵੀ ਲਿਖ ਦਿੱਤਾ ਕਿ ਮੈਡੀਕਲ ਜਨਰਲ ਵਿਚ ਡਾਕਟਰ ਸਮਿੱਥ ਨੇ ਮੋਤੀਏ ਦੇ ਅਪਰੇਸ਼ਨ ਦੀ ਜਿਸ ਤਕਨੀਕ ਨੂੰ ਆਪਣੀ ਕਾਢ ਕਿਹਾ ਹੈ, ਉਹਦੀ ਕਾਢ ਮੈਂ 1921 ਵਿਚ ਕੱਢੀ ਸੀ ਅਤੇ ਉਹ 1925 ਵਿਚ ਇਹ ਤਕਨੀਕ ਮੈਥੋਂ ਸਿੱਖ ਕੇ ਗਿਆ ਸੀ। ਮਹਾਤਮਾ ਗਾਂਧੀ ਨੇ 17 ਫਰਵਰੀ 1942 ਦੇ ਆਪਣੇ ਅਖ਼ਬਾਰ 'ਹਰੀਜਨ ਸੇਵਕ' ਵਿਚ ਲਿਖਿਆ, 'ਮੈਂ ਮੋਗਾ ਦੇ ਡਾ. ਮਥਰਾ ਦਾਸ ਦੀ ਉਸਤਤ ਵਿਚ ਬਹੁਤ ਕੁਝ ਸੁਣਿਆ ਸੀ ਪਰ ਉਨ੍ਹਾਂ ਨੂੰ ਅੱਖਾਂ ਦੇ ਅਪਰੇਸ਼ਨ, ਜਿਸ ਸਦਕਾ ਉਹ ਮਸ਼ਹੂਰ ਹਨ, ਕਰਦਿਆਂ ਦੇਖਣ ਦਾ ਮੌਕਾ ਮੈਨੂੰ ਨਹੀਂ ਸੀ ਮਿਲ ਸਕਿਆ। ਆਖ਼ਰ ਪਿਛਲੇ ਮਹੀਨੇ ਵਰਧਾ ਵਿਚ ਇਹ ਮੌਕਾ ਵੀ ਮਿਲ ਹੀ ਗਿਆ। ਉਹ ਜਮਨਾ ਲਾਲ (ਬਜਾਜ) ਜੀ ਦੇ ਸੱਦੇ 'ਤੇ ਉਚੇਚੇ ਆਏ ਅਤੇ ਉਨ੍ਹਾਂ ਨੇ ਆਪਣੇ ਸਹਾਇਕਾਂ ਨਾਲ ਕੋਈ ਤਿੰਨ ਸੌ ਲੋਕਾਂ, ਜਿਹੜੇ ਮੋਤੀਏ ਕਾਰਨ ਨਜ਼ਰ ਗੁਆ ਚੁੱਕੇ ਸਨ, ਦੀਆਂ ਅੱਖਾਂ ਨੂੰ ਜੋਤ ਦਿੱਤੀ। ਇਨ੍ਹਾਂ ਸਮੂਹਿਕ ਅਪਰੇਸ਼ਨਾਂ ਨੂੰ ਯੱਗ ਕਿਹਾ ਗਿਆ। ਤੇ ਯਕੀਨਨ ਇਹ ਯੱਗ ਹੀ ਸੀ ਕਿਉਂਕਿ ਨਿਸ਼ਕਾਮ ਸੇਵਾ ਦਾ ਹਰ ਕੰਮ ਕੁਰਬਾਨੀ ਹੀ ਹੁੰਦਾ ਹੈ। ਮੈਂ ਪ੍ਰਸ਼ੰਸਾ ਵਿਚ ਡਾ. ਮਥਰਾ ਦਾਸ ਨੂੰ ਉਨ੍ਹਾਂ ਦੇ ਅਚੁੱਕ ਤੇ ਚੁਸਤ ਸਰਜੀਕਲ ਹੱਥ ਸਦਕਾ ਝੁਕ ਕੇ ਨਮਸਕਾਰ ਕੀਤੀ। ਉਨ੍ਹਾਂ ਨੇ ਇਕ ਮਿੰਟ ਦਾ ਇਕ ਅਪਰੇਸ਼ਨ ਦੇ ਹਿਸਾਬ ਨਾਲ ਆਪਣੀ ਸਮਰੱਥਾ ਦਿਖਾਈ। ਉਨ੍ਹਾਂ ਦੀ ਬਣਾਈ ਕੋਈ ਅੱਖ ਕਦੀ ਖ਼ਰਾਬ ਨਹੀਂ ਸੀ ਹੋਈ। ਇਉਂ ਹਜ਼ਾਰਾਂ ਲੋਕਾਂ ਨੂੰ ਆਪਣੀਆਂ ਅੱਖਾਂ ਮੁਫ਼ਤ ਵਾਪਸ ਮਿਲੀਆਂ ਕਿਉਂਕਿ ਉਹ ਗਰੀਬਾਂ ਤੋਂ ਕੋਈ ਫੀਸ ਨਹੀਂ ਸਨ ਲੈਂਦੇ!'

ਅੱਗੇ ਚੱਲ ਕੇ ਜੀਵਨ ਵਿਚ ਪੈ ਕੇ ਮੈਨੂੰ ਉਹ ਅਕਸਰ ਯਾਦ ਆਉਂਦੇ। ਦਿਲ ਕਰਦਾ, ਜੇ ਸੰਭਵ ਹੋਵੇ, ਉਨ੍ਹਾਂ ਨੂੰ ਮਿਲਿਆ ਜਾਵੇ। ਪਰ ਜਿਨ੍ਹਾਂ ਤੋਂ ਵੀ ਪੁੱਛਿਆ, ਕਿਸੇ ਨੂੰ ਉਨ੍ਹਾਂ ਦੇ ਟਿਕਾਣੇ ਦਾ ਪਤਾ ਨਹੀਂ ਸੀ। 1967 ਵਿਚ ਮੈਂ ਦਿੱਲੀ ਆ ਗਿਆ। ਪੰਜ ਸਾਲ ਮਗਰੋਂ, 1972 ਵਿਚ ਇਕ ਦਿਨ ਅਚਾਨਕ ਅਖ਼ਬਾਰ ਵਿਚ ਉਨ੍ਹਾਂ ਦੇ ਚਲਾਣੇ ਦੀ ਇਸ਼ਤਿਹਾਰੀ ਖ਼ਬਰ ਪੜ੍ਹੀ। ਪਤਾ ਲਗਿਆ, ਉਹ ਮੈਥੋਂ 8-10 ਕਿਲੋਮੀਟਰ ਦੂਰ ਦਿੱਲੀ ਵਿਚ ਹੀ ਰਹਿੰਦੇ ਰਹੇ ਸਨ। ਨਾ ਮਿਲ ਸਕਣ ਦਾ ਪਛਤਾਵਾ ਹੋਣਾ ਕੁਦਰਤੀ ਸੀ।

ਡਾ. ਮਥਰਾ ਦਾਸ ਦੇ ਸਵਰਗਵਾਸ ਸਮੇਂ ਰਾਸ਼ਟਰਪਤੀ ਵੀ.ਵੀ. ਗਿਰੀ ਨੇ ਆਪਣੇ ਸੋਗ-ਸੁਨੇਹੇ ਵਿਚ ਕਿਹਾ: 'ਸਾਡੇ ਸਭ ਤੋਂ ਨਿਪੁੰਨ ਆਈ-ਸਰਜਨ, ਡਾ. ਮਥਰਾ ਦਾਸ ਪਾਹਵਾ ਦੇ ਚਲਾਣੇ ਬਾਰੇ ਜਾਣ ਕੇ ਮੈਨੂੰ ਡੂੰਘਾ ਸਦਮਾ ਪਹੁੰਚਿਆ ਹੈ। ਰੋਗ-ਨਿਵਾਰਕ ਵਿਗਿਆਨ ਦੀ ਆਪਣੀ ਨਿਪੁੰਨਤਾ ਅਤੇ ਸਮੂਹਕ ਪੈਮਾਨੇ ਉਤੇ ਅਪਰੇਸ਼ਨ ਕਰਨ ਦੀ ਆਪਣੀ ਅਚੁੱਕ ਫੁਰਤੀ ਸਦਕਾ ਉਨ੍ਹਾਂ ਨੇ ਲੋਕਾਂ ਦੇ ਦਿਲਾਂ ਵਿਚ ਥਾਂ ਬਣਾ ਲਈ ਹੈ, ਜਿਹੜੀ ਗੱਲ ਇਸ ਮਾਨਵਵਾਦੀ ਮਨੋਰਥ ਵਿਚ ਲੱਗੇ ਹੋਏ ਅਨੇਕ ਹੋਰਾਂ ਨੂੰ ਨਿਰੰਤਰ ਪ੍ਰੇਰਦੀ ਰਹੇਗੀ। ਉਨ੍ਹਾਂ ਦਾ ਸੰਪੂਰਨ ਸਮਰਪਣ ਇਸ ਤੱਥ ਤੋਂ ਉਜਾਗਰ ਹੋ ਜਾਂਦਾ ਹੈ ਕਿ ਉਹ 91 ਸਾਲ ਦੀ ਪੱਕੀ ਆਯੂ ਵਿਚ ਵੀ ਗ਼ਰੀਬਾਂ ਦੇ ਭਲੇ ਲਈ ਅਪਰੇਸ਼ਨ ਕਰ ਰਹੇ ਸਨ।'

## ਗਾਇਕੀ 'ਚ ਨਵੀਆਂ ਪੈੜਾਂ ਪਾ ਰਿਹਾ 'ਹੁਸਤਿੰਦਰ'

ਗੀਤ-ਸੰਗੀਤ ਨਾਲ ਬਰਨਾਲਾ ਨੇੜਲੇ ਕਸਬਾ ਭਦੌੜ ਦਾ ਗੂੜ੍ਹਾ ਨਾਤਾ ਹੈ। ਸੁਰੀਲੀ ਤੇ ਦਮਦਾਰ ਗਾਇਕੀ ਨਾਲ ਨਵੀਆਂ ਪੈੜਾਂ ਪਾਉਣ ਵਾਲਾ ਨੌਜਵਾਨ ਗਾਇਕ ਹੁਸਤਿੰਦਰ ਵੀ ਭਦੌੜ ਦਾ ਹੀ ਜੰਮਪਲ ਹੈ, ਜੋ ਪਿਛਲੇ ਕੁਝ ਸਾਲਾਂ ਤੋਂ ਗਾਇਕੀ ਦੇ ਖੇਤਰ ਵਿਚ ਸਰਗਰਮ ਹੈ। ਦਿਲ ਦੀਆਂ ਭਾਵਨਾਵਾਂ, ਅਹਿਸਾਸਾਂ ਨੂੰ ਸਵੱਲੀ ਸੋਚ ਤੇ ਰੂਹ ਨਾਲ ਗਾਉਣ ਵਾਲਾ ਹੁਸਤਿੰਦਰ ਕਦਮ-ਕਦਮ 'ਤੇ ਗੂੜ੍ਹੀਆਂ ਪੈੜਾਂ ਪਾ ਅੱਗੇ ਵਧ ਰਿਹਾ ਹੈ। ਸਾਹਿਤ ਨਾਲ ਜੁੜੇ ਹੋਣ ਕਰਕੇ ਉਸ ਦੇ ਗੀਤਾਂ ਦੀ ਚੋਣ ਵੀ ਆਮ ਗੀਤਾਂ ਤੋਂ ਹਟ ਕੇ ਭਾਵਨਾਤਮਕ ਅਤੇ ਅਹਿਸਾਸਾਂ ਭਰੀ ਹੁੰਦੀ ਹੈ। ਜਿੱਥੇ ਉਸ ਦਾ ਗੀਤ 'ਜੇਠੀ ਧੀ' ਅਜੋਕੇ ਸਮਾਜ ਦਾ ਸੱਚ ਬਿਆਨਦਾ ਹੈ, ਉੱਥੇ ਹੀ ਪਿਆਰ ਮੁਹੱਬਤ 'ਚ ਗਿਲੇ ਸ਼ਿਕਵਿਆਂ ਦੀ ਗੱਲ ਕਰਦਾ 'ਇੱਕ ਸਾਡੇ ਪਿੰਡ ਦਾ ਮੁੰਡਾ' ਵੀ ਬਹੁਤ ਸੋਹਣੇ ਸ਼ਬਦਾਂ 'ਚ ਪਰੋਇਆ ਸਾਹਿਤਕ ਗੀਤ ਹੈ।

ਅਨੇਕਾਂ ਗੀਤ ਗਾ ਚੁੱਕੇ ਹੁਸਤਿੰਦਰ ਦੇ ਪੰਜ ਗੀਤਾਂ ਦਾ ਇਕ ਗੁਲਦਸਤਾ 'ਸਾਡੀਆਂ ਗੱਲਾਂ' ਟੀ ਡੌਟ ਰਿਕਾਰਡਜ਼ ਵਲੋਂ ਪੇਸ਼ ਕੀਤਾ ਗਿਆ ਹੈ। ਇਸ ਵਿਚ 'ਤੇਰਾ ਮੇਰਾ ਨਾਤਾ, ਤੇਰੀ ਦੀਦ, ਉੱਚਿਆਂ ਘਰਾਂ ਦੀਏ ਜਾਈਏ, ਉਦੋਂ ਗੱਲਾਂ ਹੋਰ ਸੀ, ਯਾਰੀ ਤੋੜ ਲਈ' ਗੀਤ ਸ਼ਾਮਲ ਕੀਤੇ ਗਏ ਹਨ। ਜਗਮੋਹਨ ਧਾਲੀਵਾਲ ਤੇ ਲਵਨੀਸ਼ ਪੁਰੀ ਦੀ ਪੇਸ਼ਕਸ਼ ਇਨ੍ਹਾਂ ਗੀਤਾਂ ਨੂੰ ਬਲੈਕ ਵਾਇਰਸ ਨੇ ਸੰਗੀਤ ਦਿੱਤਾ ਹੈ। ਟੀ ਡੌਟ ਰਿਕਾਰਡਜ਼ ਦਾ ਇਹ ਪ੍ਰਾਜੈਕਟ ਰੋਹਿਤ ਦੁੱਗਲ ਨੇ ਤਿਆਰ ਕੀਤਾ ਹੈ। ਇਨ੍ਹਾਂ ਗੀਤਾਂ ਦੀ ਵਿਸ਼ੇਸ਼ਤਾ ਹੈ ਕਿ ਇਹ ਬਹੁਤ ਹੀ ਖ਼ੂਬਸੂਰਤ ਅਹਿਸਾਸਾਂ ਦੀ ਗੱਲ ਕਰਦੇ ਹਨ। ਕੁਝ ਦਿਨ ਪਹਿਲਾਂ ਆਏ ਇਨ੍ਹਾਂ ਗੀਤਾਂ ਨੂੰ ਸਰੋਤਿਆਂ ਵਲੋਂ ਬਹੁਤ ਵਧੀਆ ਪਿਆਰ ਮਿਲ ਰਿਹਾ ਹੈ।

ਹੁਸਤਿੰਦਰ ਨੇ ਦੱਸਿਆ ਕਿ ਉਸ ਨੂੰ ਕਲਾ



ਦੀ ਗੁੜ੍ਹਤੀ ਪਰਿਵਾਰ ਵਿਚੋਂ ਹੀ ਮਿਲੀ ਹੈ। ਉਸ ਦੇ ਪਿਤਾ ਜੀ ਆਰਮੀ ਵਿਚ ਹੋਣ ਦੇ ਨਾਲ-ਨਾਲ ਸੰਗੀਤ ਨਾਲ ਵੀ ਜੁੜੇ ਹੋਏ ਸਨ। ਉਹ ਗੁਰੂ ਘਰ ਕੀਰਤਨ ਵੀ ਕਰਦੇ ਸਨ। ਹਾਰਮੋਨੀਅਮ ਵਜਾਉਣ ਦੀ ਮੁਹਾਰਤ ਉਸ ਨੇ ਆਪਣੇ ਪਿਤਾ ਤੋਂ ਹੀ ਹਾਸਲ ਕੀਤੀ। ਸਕੂਲ ਕਾਲਜ ਪੜ੍ਹਦਿਆਂ ਹੁਸਤਿੰਦਰ ਗਾਇਕੀ ਦੇ ਖੇਤਰ 'ਚ ਆ ਗਿਆ ਤੇ ਹਰੇਕ ਯੂਥ ਫੈਸਟੀਵਲ ਦਾ ਸ਼ਿੰਗਾਰ ਬਣ ਗਿਆ। ਬਰਨਾਲੇ ਕਾਲਜ ਗਰੈਜੂਏਸ਼ਨ ਕਰਦਿਆਂ ਉਹ ਪੱਕੇ ਤੌਰ 'ਤੇ ਗਾਇਕੀ ਨੂੰ ਸਮਰਪਿਤ ਹੋ ਗਿਆ। ਉਸ ਦਾ ਪਹਿਲਾ ਗੀਤ 'ਫੇਕ ਫੀਲ' ਆਇਆ, ਜਿਸ ਨੂੰ ਚੰਗਾ ਪਿਆਰ ਮਿਲਿਆ। ਫਿਰ 'ਚੁੰਨੀ ਦੇ ਓਹਲੇ' ਅਤੇ 'ਰੰਗ' ਗੀਤ ਵੀ ਆਏ।

ਸਾਲ 2019 ਵਿਚ ਆਇਆ ਗੀਤ 'ਪਿੰਡ ਪੁੱਛਦੀ' ਬਹੁਤ ਚੱਲਿਆ, ਜਿਸ ਨਾਲ ਉਸ ਨੂੰ ਉਤਸ਼ਾਹ ਮਿਲਿਆ ਤੇ ਉਹ ਨਿਰੰਤਰ ਅੱਗੇ ਵਧਣ ਲੱਗਿਆ। ਇਸੇ ਦੌਰਾਨ ਸੋਲੋ ਗਾਇਕੀ ਤੋਂ ਦੋਗਾਣਾ ਗਾਇਕੀ ਵੱਲ ਕਦਮ ਵਧਾਉਂਦਿਆਂ ਸੁਦੇਸ਼ ਕੁਮਾਰੀ ਨਾਲ ਗੀਤ 'ਤੇਰੇ ਲੱਕ ਦਾ ਹੁਲਾਰਾ ਖਾ ਜੂ.. ਸਾਡਾ ਪ੍ਰੋਫਿਟ ਝੋਨੇ ਦਾ..' ਵੀ ਬਹੁਤ ਮਕਬੂਲ ਹੋਇਆ। ਇਸ ਤੋਂ ਇਲਾਵਾ 'ਤਿਊੜੀਆਂ' ਵੀ ਰੂਹ ਨੂੰ ਸਕੂਨ ਦੇਣ ਵਾਲਾ ਪਰਿਵਾਰਕ ਗੀਤ ਹੈ। ਹੁਸਤਿੰਦਰ ਨੇ ਦੱਸਿਆ ਕਿ ਉਸ ਨੂੰ ਸੰਗੀਤ ਤੋਂ ਇਲਾਵਾ ਚੰਗਾ ਸਾਹਿਤ ਪੜ੍ਹਨ ਅਤੇ ਲਿਖਣ ਦਾ ਵੀ ਸ਼ੌਕ ਹੈ। ਉਸ ਨੇ ਹੋਰਨਾਂ ਗੀਤਕਾਰਾਂ ਦੇ ਨਾਲ-ਨਾਲ ਕੁਝ ਆਪਣੇ ਗੀਤ ਵੀ ਰਿਕਾਰਡ ਕੀਤੇ ਹਨ। ਆਪਣੇ ਗੀਤਾਂ ਦੇ ਵੀਡੀਓਜ਼ ਵਿਚ ਅਦਾਕਾਰੀ ਉਹ ਖੁਦ ਕਰਦਾ ਹੈ ਪਰ ਫ਼ਿਲਮਾਂ ਵਾਲੀ ਅਦਾਕਾਰੀ ਤੋਂ ਅਜੇ ਦੂਰੀ ਬਣਾਈ ਹੋਈ ਹੈ।

ਹੁਸਤਿੰਦਰ ਦੀ ਗਾਇਕੀ ਨਸ਼ਿਆਂ ਅਤੇ ਹਥਿਆਰਾਂ ਤੋਂ ਦੂਰ ਸਾਫ ਸੁਥਰੀ, ਪਰਿਵਾਰ ਤੇ ਸਭਿਆਚਾਰ ਨੂੰ ਸਮਰਪਿਤ ਰੂਹ ਨੂੰ ਸਕੂਨ ਦੇਣ ਵਾਲੀ ਹੈ। ਗਾਇਕੀ ਦੇ ਖੇਤਰ ਵਿਚ ਅੱਗੇ ਵਧਣ ਲਈ ਉਸ ਨੂੰ ਪਰਿਵਾਰ, ਯਾਰਾਂ-ਦੋਸਤਾਂ ਤੋਂ ਇਲਾਵਾ ਟੀ ਡੌਟ ਰਿਕਾਰਡਜ਼ ਅਤੇ ਜਗਮੋਹਨ ਧਾਲੀਵਾਲ ਤੇ ਲਵਨੀਸ਼ ਪੁਰੀ ਦਾ ਵੀ ਬਹੁਤ ਸਹਿਯੋਗ ਮਿਲਿਆ ਹੈ।

*-ਸੁਰਜੀਤ ਜੱਸਲ*
***ਫੋਨ: 98146-07737***

ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

# ਚੜ੍ਹਦੀ ਉਮਰ ਦੀਆਂ ਫਿਲਮੀ ਬਾਤਾਂ

***ਅਦਾਕਾਰ ਬਲਰਾਜ ਸਾਹਨੀ (1913-1973) ਲਿਖਾਰੀ ਵੀ ਸੀ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਅਸੀਂ ਉਸ ਦੀ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।***

ਸਕੂਲ ਦਾ ਜ਼ਮਾਨਾ ਲੰਘਿਆ, ਕਾਲਜ ਦਾ ਆਇਆ। ਬੋਦੀ, ਜੰਞੂ, ਪਜਾਮਾ ਰੁਖਸਤ ਹੋਏ, ਪਤਲੂਨ ਆ ਗਈ। ਸਿਰ ਉਤੇ ਹੈਟ ਧਰਨ ਦੇ ਦਿਨ ਦੀਆਂ ਉਡੀਕਾਂ ਮਨ ਵਿਚ ਜਾਗਰਤ ਹੋ ਗਈਆਂ। ਬਾਈਸਿਕਲ ਘਰ ਵਾਲਿਆਂ ਵਲੋਂ ਮੈਟਰਿਕ ਪਾਸ ਕਰਨ ਦਾ ਦੂਜਾ ਸਰਟੀਫਿਕੇਟ ਹੁੰਦਾ ਹੈ, ਤੇ ਜਦੋਂ ਸਾਈਕਲ ਉਤੇ ਲੱਤ ਧਰ ਲਈ, ਫੇਰ ਪੁੱਛ ਕੇ ਸਿਨੇਮਾ ਥੋੜ੍ਹਾ ਜਾਈਦਾ ਹੈ!

ਉਦੋਂ ਰਾਵਲਪਿੰਡੀ ਸ਼ਹਿਰ ਦੀ ਅਹਿਮੀਅਤ ਅੰਗਰੇਜ਼ੀ ਫੌਜਾਂ ਦੀ ਵੱਡੀ ਛਾਵਣੀ ਹੋਣ ਤੋਂ ਛੁੱਟ ਹੋਰ ਕੋਈ ਨਹੀਂ ਸੀ। ਏਸੇ ਅਨੁਸਾਰ ਲੋਕਾਂ ਦੀਆਂ ਸੋਚਾਂ ਵੀ ਮਹਿਦੂਦ ਸਨ। ਸਿਖਿਅਤ ਵਰਗ ਦਾ ਸਰੀਰ ਤਾਂ ਸ਼ਹਿਰ ਵਿਚ ਪਰ ਆਤਮਾ ਕੈਨਟੋਨਮਿੰਟ ਅਤੇ ਸਿਵਲ ਲਾਈਨ ਦੇ ਨਵੇਲੇ, ਸੁਅੱਛ ਅਤੇ ਸਭਿਆ ਵਾਤਾਵਰਨ ਵਿਚ ਵਿਚਰਦੀ ਸੀ। ਦੇਸੀ ਪੁਸ਼ਾਕ, ਦੇਸੀ ਖੁਰਾਕ, ਦੇਸੀ ਰਹਿਤ ਸਿਖਿਅਤਾਂ ਦੀਆਂ ਨਜ਼ਰਾਂ ਵਿਚ, ਕਿਸੇ ਨਾ ਕਿਸੇ ਮਿਕਦਾਰ, ਘਟੀਆ ਅਤੇ ਪਿਛਾਂਹ-ਖਿੱਚੂ ਚੀਜ਼ਾਂ ਸਨ ਜਿਨ੍ਹਾਂ ਤੋਂ ਬੰਦਾ ਜਿਤਨਾ ਦੂਰ ਹੋ ਜਾਏ, ਉਤਨਾ ਹੀ ਵਕਾਰ ਵਧਦਾ ਸੀ; ਤੇ ਜਿਸ ਰਾਹ ਉਤੇ ਕਾਲਜ ਦੇ ਪ੍ਰੋਫੈਸਰ ਤੁਰਨ, ਵਿਦਿਆਰਥੀਆਂ ਨੇ ਵੀ ਤਾਂ ਉਸੇ ਰਾਹ ਤੁਰਨਾ ਸੀ।

ਸਦਰ ਵਾਲੇ ਸਿਨੇਮੇ ਸਾਫ ਸੁਥਰੇ ਅਤੇ ਸ਼ਾਨਦਾਰ ਸਨ। ਉਹਨਾਂ ਵਿਚ ਅੰਗਰੇਜ਼ੀ ਪਿਕਚਰਾਂ ਵਿਖਾਈਆਂ ਜਾਂਦੀਆਂ ਸਨ ਅਤੇ ਵੇਖਣ ਵਾਲਿਆਂ ਦੀ ਬਹੁ-ਸੰਖਿਆ ਵੀ ਅੰਗਰੇਜ਼ ਹੁੰਦੀ ਸੀ। ਜੇ ਭਾਗ ਚੰਗੇ ਹੋਣ ਤਾਂ ਕਿਸੇ ਕਿਸੇ ਦਿਨ ਕੋਈ ਸੁਨਹਿਰੀ ਰੂਪ ਵਾਲੀ ਸੁੰਦਰੀ ਵੀ ਨਾਲ ਦੀ ਸੀਟ ਉਤੇ ਆ ਬੈਠਦੀ ਸੀ। ਜਿਤਨੀਆਂ ਫਿਲਮਾਂ ਤਲਿਸਮੀ, ਉਤਨਾ ਹੀ ਸਿਨਮਿਆਂ ਦਾ ਵਾਤਾਵਰਣ ਅਲੌਕਿਕ, ਰੋਮਾਂਟਿਕ, ਮਾਦਕ। ਮੇਮਾਂ ਦੇ ਲਿਬਾਸ ਉਹਨਾਂ ਦੇ ਸੁਡੌਲ ਜਿਸਮਾਂ ਨਾਲ ਕਿਤਨਾ ਇਨਸਾਫ ਕਰਦੇ ਸਨ! ਕਿਤਨੀ ਆਜ਼ਾਦੀ ਨਾਲ ਉਹ ਆਪਣੇ ਪ੍ਰੇਮੀਆਂ ਦੀ ਜੱਫੀ ਵਿਚ ਜਾ ਵੜਦੀਆਂ ਸਨ! ਕਿਸ ਉਤਾਵਲ ਨਾਲ ਚੁੰਮਣ ਦੇਣ ਲਈ ਲਿਫ-ਲਿਫ ਜਾਂਦੀਆਂ ਸਨ! ਜਦੋਂ ਵੀ ਕੋਈ ਵਲੈਤੀ ਫਿਲਮ ਵੇਖ ਕੇ ਆਓ, ਕਿਤਨੇ-ਕਿਤਨੇ ਦਿਨ ਖੁਮਾਰੀ ਜਿਹੀ ਚੜ੍ਹੀ ਰਹਿੰਦੀ ਸੀ।

ਫਿਲਮਾਂ ਦੇ ਉਸ ਖਾਮੋਸ਼ ਯੁੱਗ ਦੀ ਡੋਲੋਰਸ ਕਾਸਟੈਲੋ ਜਗ-ਮਗਾਂਦੀ ਤਾਰਿਕਾ ਸੀ। ਜਾਨ ਬੈਰੀਮੋਰ ਨਾਲ ਉਸ ਦੀ ਜੋੜੀ ਵਾਹ-ਵਾਹ ਫੱਬਦੀ ਸੀ। ਦੋਵੇਂ ਬਹੁਤ ਸਾਰੀਆਂ ਫਿਲਮਾਂ ਵਿਚ ਇਕੱਠੇ ਆਉਂਦੇ ਸਨ। ਉਹਨਾਂ ਦੇ ਪ੍ਰੇਮ ਦ੍ਰਿਸ਼ ਵਿਸ਼ੇਸ਼ ਉਤੇਜਕ ਹੁੰਦੇ ਸਨ। ਰਾਤੀਂ ਰਾਜਕੁਮਾਰੀ ਦੇ ਰੂਪ ਵਿਚ ਡੋਲੋਰਸ ਘੂਕ ਸੁੱਤੀ ਪਈ ਹੈ। ਅਚਾਨਕ ਆਕਾਸ਼ ਵਿਚ ਬੱਦਲ ਘਿਰ ਆਉਂਦੇ ਹਨ ਅਤੇ ਜ਼ੋਰ ਦੀ ਬਿਜਲੀ ਕੜਕਦੀ ਹੈ। ਡੋਲੋਰਸ ਤ੍ਰਹਿ ਕੇ ਕਮਰੇ ਵਿਚੋਂ ਬਾਹਰ ਉੱਠ ਦੌੜਦੀ ਹੈ, ਆਪਣੇ ਸਲੀਪਿੰਗ ਗਾਊਨ ਵਿਚ ਹੀ। ਬਿਖਰੇ ਬਾਲ, ਬਿਖਰੇ ਹੋਸ਼-ਹਵਾਸ। ਬਾਹਰ ਬਰਾਂਡੇ ਵਿਚ ਜਾਨ, ਜਾਂਬਾਜ਼ ਸੂਰਮਾ, ਕਿਲ੍ਹੇ ਦਾ ਬਾਂਕਾ ਅਫਸਰ, ਘਾਤ ਵਿਚ ਖੜ੍ਹਾ ਹੈ। ਦਿਨੇ ਡੋਲੋਰਸ ਨੇ ਸਾਰੀ ਉਮਰ ਉਸ ਦਾ ਮੂੰਹ ਨਾ ਵੇਖਣ ਦੀ ਸਹੁੰ ਖਾਧੀ ਸੀ ਪਰ ਹੁਣ ਸਭ ਭੁਲ-ਭੁਲਾ ਕੇ ਉਸ ਦੀਆਂ ਬਾਹਾਂ ਵਿਚ ਲਿਪਟ ਗਈ। ਆਪਣੇ ਮਖਸੂਸ ਜੇਤੂ ਅੰਦਾਜ਼ ਨਾਲ ਜਾਨ ਬੈਰੀਮੋਰ ਨੇ ਕੈਮਰੇ ਦੇ ਬਿਲਕੁਲ ਨੇੜੇ ਆ ਜਾਣ ਦਾ ਇੰਤਜ਼ਾਰ ਕੀਤਾ ਤਾਂ ਜੋ ਪਰਦੇ ਉੱਪਰ ਸਿਰਫ ਉਹਨਾਂ ਦੋਵਾਂ ਦੇ ਚਿਹਰੇ ਹੀ ਰਹਿ ਜਾਣ; ਤੇ ਫੇਰ ਉਸ ਨੇ ਡੋਲੋਰਸ ਦਾ ਹੇਠਲਾ ਬੁੱਲ੍ਹ ਆਪਣੇ ਬੁੱਲ੍ਹਾਂ ਵਿਚ ਸਮੇਟ ਲਿਆ। ਹੁਣ ਵੀ ਉਹ ਲੰਮੀ ਚੁੰਮੀ ਕਦੇ-ਕਦੇ ਮੇਰੀ ਯਾਦ ਵਿਚ ਬਿਜਲੀਆਂ ਲਿਸ਼ਕਾ ਜਾਂਦੀ ਹੈ। 'ਪੈਥੇ ਗਜ਼ਟ', 'ਪਿਕਚਰ ਗੋਅਰ' ਅਤੇ ਦੂਜੀਆਂ ਫਿਲਮੀ ਪੱਤਰਕਾਵਾਂ ਵਿਚ ਜਾਨ ਦੇ ਪ੍ਰੇਮ ਦ੍ਰਿਸ਼ਾਂ ਦੀ ਟੈਕਨੀਕ ਉਪਰ ਲੰਮੇ-ਲੰਮੇ ਲੇਖ ਛਪਦੇ ਸਨ। ਅਸੀਂ ਉਹਨਾਂ ਨੂੰ ਬੜੇ ਗੌਰ ਨਾਲ ਪੜ੍ਹਦੇ ਅਤੇ ਉਹਨਾਂ ਉਪਰ ਲੰਮੇ-ਲੰਮੇ ਤਬਸਰੇ ਕਰਦੇ ਸਾਂ।

ਪਰ ਮਾਤਾ-ਪਿਤਾ ਦੇ ਸਾਹਮਣੇ ਅਸੀਂ ਇਹਨਾਂ ਫਿਲਮਾਂ ਦੇ ਉੱਚੇ ਇਖਲਾਕੀ ਮਿਆਰਾਂ ਅਤੇ ਆਦਰਸ਼ਾਂ ਦਾ ਹੀ ਜ਼ਿਕਰ ਕਰਦੇ ਸਾਂ। ਇਹ ਸੰਸਾਰ ਦੇ ਉੱਘੇ ਸਾਹਿਤਕਾਰਾਂ, ਵਿਕਟਰ ਹਿਊਗੋ, ਚਾਰਲਜ਼ ਡਿਕਨਜ਼, ਅਲੈਗਜ਼ਾਂਡਰ ਡਿਊਮਾ, ਵਾਲਟਰ ਸਕਾਟ ਆਦਿ ਦੀਆਂ ਮਹਾਨ ਰਚਨਾਵਾਂ ਦੇ ਆਧਾਰ ਉਤੇ ਬਣਾਈਆਂ ਜਾਂਦੀਆਂ ਸਨ। ਫੇਰ, ਵਾਰਤਾਲਾਪ ਅਤੇ ਕਹਾਣੀ ਦੀ ਤੋਰ ਬਿਆਨ ਕਰਨ ਲਈ ਪਰਦੇ ਉਤੇ ਅੰਗਰੇਜ਼ੀ ਵਿਚ ਲਿਖੇ ਟਾਈਟਲ ਆ ਜਾਂਦੇ ਸਨ। ਇਸ ਤਰ੍ਹਾਂ ਮਨੋਰੰਜਨ ਦੇ ਨਾਲ ਨਾਲ ਅਭਿਆਸ ਵੀ ਹੋ ਜਾਂਦਾ ਸੀ। ਅੰਗਰੇਜ਼ੀ ਵਿਚ ਚੰਗੇ ਨੰਬਰ ਲੈਣ ਦਾ ਇਹ ਬਹੁਤ ਵਧੀਆ ਸਾਧਨ ਨਿਕਲ ਆਇਆ ਸੀ।

ਅਜਿਹੀਆਂ ਦਲੀਲਾਂ ਸੁਣ ਕੇ ਮਾਪੇ ਚੁੱਪ ਜ਼ਰੂਰ ਹੋ ਜਾਂਦੇ ਪਰ ਤਸੱਲੀ ਉਹਨਾਂ ਨੂੰ ਨਹੀਂ ਸੀ ਹੁੰਦੀ। ਕਿਸੇ ਵੀ ਤਫਰੀਹ ਵਾਲੀ ਚੀਜ਼ ਦੇ ਇਤਨਾ ਨਿਰਦੋਸ਼ ਅਤੇ ਬੇਜ਼ਰਰ ਹੋਣ ਦਾ ਉਹਨਾਂ ਨੂੰ ਯਕੀਨ ਨਹੀਂ ਸੀ ਆਉਂਦਾ।

ਫਿਲਮਾਂ ਵਿਚ ਕੇਵਲ ਰੋਮਾਂਸ ਦਾ ਪਹਿਲੂ ਹੀ ਵੱਟ ਕੱਢਵਾਂ ਨਹੀਂ ਸੀ ਹੁੰਦਾ, ਜਾਂਬਾਜ਼ੀ ਦੇ ਦ੍ਰਿਸ਼ ਵੀ ਤੜਫਾ ਛਡਦੇ ਸਨ। 'ਕਾਸੈਕਸ' ਨਾਮਕ ਫਿਲਮ ਵਿਚ ਜਾਨ ਗਿਲਬਰਟ ਨੇ ਤਲਵਾਰਬਾਜ਼ੀ ਅਤੇ ਘੁੜਸਵਾਰੀ ਦੇ ਐਸੇ ਬੇਪਨਾਹ ਕਰਤਬ ਕੀਤੇ ਸਨ ਕਿ ਅਗਲੇ ਹੀ ਦਿਨ ਸਾਡੇ ਸਾਰੇ ਵਿਦਿਆਰਥੀ ਵਰਗ ਨੇ ਰੂਸੀ ਫੈਸ਼ਨ ਦੀਆਂ ਮੋਟੀਆਂ-ਮੋਟੀਆਂ, ਗੋਲ-ਗੋਲ, ਨੱਕ ਤੀਕਰ ਲਮਕਦੀ ਬੁਰ ਵਾਲੀਆਂ ਟੋਪੀਆਂ ਸਿਵਾ ਲਈਆਂ ਸਨ ਜੋ ਕਈ ਵਰ੍ਹੇ ਪਿੰਡੀ ਵਿਚ ਫੈਸ਼ਨ ਬਣੀਆਂ ਰਹੀਆਂ। ਹੀਰੋ ਦੇ ਬਹਾਦਰੀ ਦੇ ਕਰਤਬ ਵੇਖ ਕੇ ਬਾਹਰ ਆਉਂਦਿਆਂ ਸਾਰ ਕੁਝ ਨਾ ਕੁਝ ਆਪ ਵੀ ਕਰ ਗੁਜ਼ਰਨ ਲਈ ਦਿਲ ਮਚਲ ਉਠਦਾ ਸੀ ਪਰ ਲਾਚਾਰ ਹੋ ਕੇ ਬਾਈਸਿਕਲ ਦੀਆਂ ਵੱਖੀਆਂ ਤੋੜਨ ਤੋਂ ਸਿਵਾ ਭੜਾਸ ਕਢਣ ਦਾ ਹੋਰ ਕੋਈ ਸਾਮਾਨ ਨਹੀਂ ਸੀ ਲੱਭਦਾ।

ਜਿਥੇ ਫੁੱਲ ਹੈ, ਉਥੇ ਖਾਰ ਵੀ ਹੈ। ਸਦਰ ਦੇ ਸਿਨਮਿਆਂ ਦੀ ਇਕ ਖਰਾਬੀ ਡਾਢਾ ਮਜ਼ਾ ਮਾਰਦੀ ਸੀ। ਹਰ ਸ਼ੋਅ ਪਿਛੋਂ 'ਗਾਡ ਸੇਵ ਦੀ ਕਿੰਗ' ਲਈ ਖਲੋਣਾ ਪੈਂਦਾ ਜੋ ਭਰੀ ਕਲਾਸ ਵਿਚ ਆਪਣੇ ਮੂੰਹ ਤੇ ਆਪ ਚਪੇੜ ਮਾਰਨ ਵਾਲੀ ਸਜ਼ਾ ਵਾਂਗ ਸੀ। ਇਕ ਵਾਰ ਮੇਰੇ ਦੋਸਤ ਨੇ ਉੱਠਣ ਵਿਚ ਕੁਝ ਢਿੱਲ ਕੀਤੀ ਤਾਂ ਪਿਛੋਂ ਕਾੜ ਕਰਦਾ ਇਕ ਗੋਰੇ ਦਾ ਮੁਸ਼ਟੂ ਉਸ ਦੇ ਸਿਰ 'ਤੇ ਆ ਕੇ ਵੱਜਿਆ। ਅਜਿਹੇ ਅਪਮਾਨ ਨਿੱਤ ਸਹਿਣੇ ਪੈਂਦੇ ਸਨ।

ਹੋਰ ਇਕ ਦਿਨ। ਮੈਂ ਉਹੋ ਪੋਸਤੀਨ ਦੀ ਫੁੰਡੀ ਹੋਈ ਗੋਲ ਟੋਪੀ ਪਾਈ ਜੋ ਸਾਧਾਰਨ ਲੋਕਾਂ ਨੂੰ ਦੂਰੋਂ ਬੜੀ ਅਜੀਬ ਲਗਦੀ ਸੀ ਪਰ ਜਿਸ ਵਿਚ- ਮੇਰੇ ਮਿੱਤਰਾਂ ਦੇ ਕਥਨ ਅਨੁਸਾਰ ਸਗੋਂ ਖੁਦ ਆਈਨਾ ਵੀ ਸ਼ਾਇਦ ਸੀ - ਮੈਂ ਹੂ-ਬ-ਹੂ ਜਾਨ ਗਿਲਬਰਟ ਮਲੂਮ ਹੁੰਦਾ ਸਾਂ, ਮੈਂ ਮਾਲ ਰੋਡ ਉਪਰ ਬੇਤਹਾਸ਼ਾ ਸਾਈਕਲ ਉਡਾਈ ਜਾ ਰਿਹਾ ਸਾਂ। ਉਸ ਦਿਨ ਵਾਲੀ ਫਿਲਮ ਵਿਚ ਗਿਲਬਰਟ ਨੇ ਘੁੜਸਵਾਰੀ ਦੀ ਥਾਂ ਸਕੀ ਚਲਾਣ ਦੇ ਕਮਾਲ ਵਿਖਾਏ ਸਨ। ਫਿਲਮ ਦੇ ਅਖੀਰ ਵਿਚ ਉਸ ਦੀ ਮਾਸ਼ੂਕ ਦੀ ਬੇਵਫਾਈ ਦਾ ਰਾਜ਼ ਖੁਲ੍ਹ ਗਿਆ ਸੀ। ਪਸ਼ਚਾਤਾਪ ਦੀ ਅਗਨੀ ਵਿਚ ਬਲਦਾ ਉਹ ਸਕੀਆਂ ਉਪਰ ਪੈਰ ਧਰ ਕੇ ਬਰਫਾਂ ਲੱਦੇ ਪਹਾੜਾਂ ਦੇ ਪਾਸੇ ਚੀਰਦਾ ਆਪਣੀ ਭੋਲੀ-ਭਾਲੀ ਦੇਵੀ-ਸਰੂਪ ਪਤਨੀ ਕੋਲ ਜਾ ਪੁੱਜਿਆ ਸੀ।


ਉਦੋਂ ਮੈਨੂੰ ਨਹੀਂ ਸੀ ਪਤਾ ਕਿ ਹੀਰੋ ਨੂੰ ਇਤਨੀਆਂ ਤੇਜ਼ ਸਕੀਆਂ ਜਾਂ ਘੋੜਾ ਆਪ ਦੁੜਾਉਣ ਦੀ ਲੋੜ ਨਹੀਂ ਹੁੰਦੀ। ਕੇਵਲ ਕਲੋਜ਼-ਅਪ ਹੀ ਹੀਰੋ ਦੇ ਹੁੰਦੇ ਹਨ, ਤੇ ਉਹ ਬੜੀ ਅਸਾਨੀ ਨਾਲ ਸਟੂਡੀਓ ਦੇ ਅੰਦਰ ਹੀ ਲੈ ਲਏ ਜਾਂਦੇ ਹਨ। 'ਲਾਂਗ' ਅਤੇ 'ਮੀਡੀਅਮ' ਸ਼ਾਟਾਂ ਲਈ ਜਿਨ੍ਹਾਂ ਵਿਚ ਸ਼ਕਲ ਪਛਾਣਨੀ ਔਖੀ ਹੁੰਦੀ ਹੈ, ਹੀਰੋ ਦੀ ਥਾਂ ਕੋਈ ਹੋਰ ਆਦਮੀ ਲੈ ਲੈਂਦਾ ਹੈ ਜਿਸ ਨੂੰ ਘੋੜਾ ਦੁੜਾਉਣਾ ਅਤੇ ਸਕੀ ਚਲਾਉਣੀ ਸੱਚਮੁੱਚ ਆਉਂਦੀ ਹੋਵੇ; ਤੇ ਸਿਰ-ਧੜ ਦੀ ਬਾਜ਼ੀ ਉਹਨੂੰ ਵੀ ਲਾਉਣ ਦੀ ਲੋੜ ਨਹੀਂ, ਸ਼ੂਟਿੰਗ ਕਰਨ ਵੇਲੇ ਕੈਮਰੇ ਦੀ ਰਫਤਾਰ ਥੋੜ੍ਹੀ ਜਿਹੀ ਹੌਲੀ ਕਰਨ ਦੀ ਲੋੜ ਹੈ, ਪਰਦੇ ਤੇ ਤਸਵੀਰਾਂ ਆਪੇ ਦੂਣੀ-ਚੌਣੀ ਰਫਤਾਰ ਨਾਲ ਦੌੜਨ ਲੱਗ ਪੈਣਗੀਆਂ। ਇਹਨਾਂ ਨੂੰ 'ਟ੍ਰਿਕ-ਸ਼ਾਟ' ਆਖਦੇ ਹਨ। ਤਲਵਾਰਬਾਜ਼ੀ, ਪਿਸਤੌਲਬਾਜ਼ੀ, ਮੁੱਕੇਬਾਜ਼ੀ, ਹਨੇਰੀ, ਤੂਫਾਨ, ਭੂਚਾਲ ਆਦਿ ਸਭ ਕੈਮਰੇ ਦੀ ਚਲਾਕੀ ਹੁੰਦੇ ਹਨ ਜਿਸ ਦਾ ਇਕ ਵਾਰੀ ਪਤਾ ਲਗ ਜਾਏ ਤਾਂ ਸਾਰਾ ਸੁਆਦ ਫਿੱਕਾ ਪੈ ਜਾਂਦਾ ਹੈ।

ਜੇ ਮੈਨੂੰ ਅਜਿਹੀਆਂ ਵਿਚਲੀਆਂ ਗੱਲਾਂ ਦਾ ਪਤਾ ਹੁੰਦਾ ਤਾਂ ਇੰਜ ਮੌਤ ਦੇ ਮੂੰਹ ਵਿਚ ਪੈ ਕੇ ਸਾਈਕਲ ਨਾ ਨਠਾਇਆ ਕਰਦਾ। ਚੌਰਾਹੇ 'ਤੇ ਅਪੜਨ ਤੋਂ ਬਿੰਦ ਕੁ ਪਹਿਲਾਂ ਮੈਂ ਵੇਖਿਆ, ਸੱਜਿਓਂ ਇਕ ਮੋਟਰ ਸਾਈਕਲ ਆ ਰਹੀ ਹੈ। ਮੈਂ ਇਕ ਦਮ ਬਰੇਕ ਮਾਰੀ ਅਤੇ ਜਾਨ ਗਿਲਬਰਟ ਵਰਗੀ ਹੀ ਅਦਾਕਾਰੀ ਨਾਲ ਚੂਇੰਗ-ਗੰਮ ਚਿੱਥਦਿਆਂ ਐਨ ਸਮੇਂ ਸਿਰ ਪੈਰ ਪੈਡਲ ਤੋਂ ਹੇਠਾਂ ਉਤਾਰ ਕੇ ਸੜਕ ਉਤੇ ਜਾਮ ਹੋ ਗਿਆ। ਮੋਟਰ ਸਾਈਕਲ ਵਾਲੇ ਲਈ ਸਾਰੀ ਸੜਕ ਖਾਲੀ ਪਈ ਸੀ ਪਰ ਉਸ ਦਾ ਸਵਾਰ ਇਕ ਮਗਰੂਰ ਅੰਗਰੇਜ਼ ਸੀ ਜੋ ਬੜੀ ਹੀ ਬਦਤਮੀਜ਼ੀ ਨਾਲ ਮੈਨੂੰ ਗੰਦੀਆਂ ਗਾਲ੍ਹਾਂ ਕਢਦਾ ਅੱਗੇ ਨਿਕਲ ਗਿਆ। ਪਿਛੇ ਉਸ ਨੇ ਮੇਮ ਬਿਠਾਈ ਹੋਈ ਸੀ। ਇਸ ਕਾਰਨ ਅਪਮਾਨ ਹੋਰ ਵੀ ਅਸਹਿ ਸੀ, ਹਾਲਾਂਕਿ ਉਸ ਪਰੀ-ਜ਼ਾਤ ਨਾਲ ਮੇਰੀਆਂ ਅੱਖਾਂ ਮਿਲੀਆਂ ਤਾਂ ਉਹਨਾਂ ਵਿਚ ਹਮਦਰਦੀ ਅਤੇ ਨਿੱਘ ਸਾਫ ਨਜ਼ਰ ਆ ਗਿਆ ਸੀ। ਜੇ ਮੇਰੀ ਸਾਈਕਲ ਨਾਲ ਵੀ ਇੰਜਨ ਲਗਾ ਹੁੰਦਾ ਤਾਂ ਮੈਂ ਅਵੱਸ਼ ਉਸ ਬਦਤਮੀਜ਼ ਦਾ ਪਿੱਛਾ ਕਰਕੇ ਉਹਨੂੰ ਮਜ਼ਾ ਚਖਾਉਣਾ ਸੀ। ਦਿਲ ਮਸੋਸ ਕੇ ਰਹਿ ਗਿਆ।

ਪਰ ਇਹੋ ਜਹੀਆਂ ਬਦਸਲੂਕੀਆਂ ਵੱਡੇ-ਵੱਡੇ ਰਾਏ ਬਹਾਦਰਾਂ ਅਤੇ ਖਾਨ ਬਹਾਦਰਾਂ ਨਾਲ ਵੀ ਹੋ ਜਾਂਦੀਆਂ ਸਨ, ਫੇਰ ਪ੍ਰੋਫੈਸਰ ਤੇ ਮੁੰਡਿਆਂ ਦਾ ਕੀ ਆਖ? ਹਰ ਕੋਈ ਉਨ੍ਹਾਂ ਤੋਂ ਬਚਣ ਦੇ ਆਪਣੇ ਖਾਸ ਨਿੱਜੀ ਢੰਗ ਸੋਚਦਾ ਸੀ। ਇਹਨਾਂ ਵਿਚ ਇੰਤਕਾਮ ਜਾਂ ਵਿਰੋਧ ਦਾ ਕੋਈ ਜਜ਼ਬਾ ਨਹੀਂ ਸੀ ਹੁੰਦਾ ਸਗੋਂ ਅਮਿਣਵੀਆਂ ਮਿਹਨਤਾਂ ਕਰਕੇ ਅੰਦਰੋਂ ਬਾਹਰੋਂ ਆਪਣੇ ਆਪ ਨੂੰ ਪੂਰਨ-ਰੂਪ ਅੰਗਰੇਜ਼ੀ ਸੱਚੇ ਵਿਚ ਢਾਲ ਲੈਣਾ ਹਰ ਕਿਸੇ ਦਾ ਆਦਰਸ਼ ਬਣ ਗਿਆ ਸੀ। ਹਰ ਕੋਈ ਇਹੋ ਸੁਪਨਾ ਵੇਖਦਾ ਸੀ ਕਿ ਕਦੇ ਨਾ ਕਦੇ ਉਹਨੂੰ ਅੰਗਰੇਜ਼ ਆਪਣੇ ਬਰਾਬਰ ਦਾ ਦਰਜਾ ਦੇਣ, ਆਪਣੀ ਬਿਰਾਦਰੀ ਵਿਚ ਰਲਾਉਣ; ਤੇ ਇਹ ਕੋਈ ਅਨਹੋਣੀ ਗੱਲ ਵੀ ਨਹੀਂ ਸੀ। ਪੰਜਾਬ ਧੁਰ ਪੁਰਾਤਨ ਕਾਲ ਤੋਂ ਆਰੀਆ, ਯੂਨਾਨੀ, ਤੁਰਕੀ ਅਤੇ ਅਨੇਕਾਂ ਹੋਰ ਗੋਰੀਆਂ ਹਮਲਾਵਰ ਕੌਮਾਂ ਲਈ ਭਾਰਤ ਦਾ ਪ੍ਰਵੇਸ਼-ਦੁਆਰ ਰਿਹਾ ਹੈ। ਏਥੇ ਕੌਮਾਂ ਅਤੇ ਨਸਲਾਂ ਦੇ ਰੱਜ-ਰੱਜ ਕੇ ਮਿਸ਼ਰਨ ਹੋਏ ਹਨ। ਏਸੇ ਕਾਰਨ ਇਸ ਖਿੱਤੇ ਵਿਚ ਅਚੰਭਿਤ ਕਰਨ ਦੀ ਹੱਦ ਤਕ ਗੋਰੇ ਅਤੇ ਸੁਨੱਖੇ ਲੋਕ ਵੇਖਣ ਵਿਚ ਆਉਂਦੇ ਹਨ। ਇਸ ਦੀ ਤਸਦੀਕ ਵਿਚ ਕੇਵਲ ਇਤਨਾ ਹੀ ਕਹਿਣਾ ਕਾਫੀ ਹੈ ਕਿ ਪੰਜਾਬ ਸਦਾ ਤੋਂ ਹੀਰੋਆਂ-ਹੀਰੋਇਨਾਂ ਲਈ ਫਿਲਮਸਾਜ਼ਾਂ ਦੀ ਤਲਾਸ਼-ਗਾਹ ਰਿਹਾ ਹੈ। ਦਲੀਪ ਕੁਮਾਰ, ਰਾਜ ਕਪੂਰ, ਰਾਜ ਕੁਮਾਰ, ਰਾਜਿੰਦਰ ਕੁਮਾਰ, ਦੇਵ ਆਨੰਦ, ਧਰਮਿੰਦਰ, ਸ਼ਸ਼ੀ ਕਪੂਰ, ਸ਼ੰਮੀ ਕਪੂਰ ਅਤੇ ਕਿਤਨੇ ਹੀ ਹੋਰ ਹੀਰੋ ਉਸੇ ਪਾਸੇ ਦੇ ਲੋਕ ਹਨ। ਸਾਡਾ ਪਿੰਡੀ, ਪਿਸ਼ੌਰ ਤਾਂ ਏਸ ਲਿਹਾਜ਼ ਤੋਂ ਹੋਰ ਵੀ ਜ਼ਿਆਦਾ ਮੁਮਤਾਜ਼ ਰਿਹਾ ਹੈ।

ਏਸ ਨਾਚੀਜ਼ ਲੇਖਕ ਨੂੰ ਵੀ ਉਹਦੀ ਫਿਲਮੀ ਜ਼ਿੰਦਗੀ ਵਿਚ ਕਈ ਵਾਰ ਗੈਰੀ ਕੂਪਰ, ਰੋਨਾਲਡ ਕੱਲਮੈਨ, ਹਮਫਰੀ ਬੋਗਾਰਟ, ਐਨਥਨੀ ਕਵਿਨ ਆਦਿ ਨਾਲ ਤਸ਼ਬੀਹ ਦਿਤੀ ਜਾਂਦੀ ਰਹੀ ਹੈ। ਦੇਵ ਆਨੰਦ ਦੇ ਇੰਡੀਅਨ ਗਰੈਗਰੀ ਪੈਕ ਅਖਵਾਉਣ ਤੋਂ ਤਾਂ ਸਭ ਜਾਣੂ ਸਨ।





*ਅਦਾਕਾਰਾ ਡੋਲੋਰਸ ਕਾਸਟੈਲੋ, ਅਦਾਕਾਰ ਜਾਨ ਬੈਰੀਮੋਰ ਅਤੇ (ਐਨ ਸੱਜੇ) ਬਲਰਾਜ ਸਾਹਨੀ।*

ਆਪਣੇ ਸਵੈ-ਮਾਣ ਦੀ ਰੱਖਿਆ ਲਈ ਬਾਕੀ ਹਿੰਦੁਸਤਾਨ ਵਿਚ ਭਾਰਤੀਆਂ ਨੇ ਗਾਂਧੀ ਜੀ ਦੀ ਰਾਹ ਫੜੀ ਪਰ ਪੰਜਾਬੀਆਂ ਨੂੰ ਨੱਕਾਲੀ ਦੀ ਰਾਹ ਫੜਨਾ ਬਹੁਤ ਲਾਹੇਵੰਦਾ ਰਿਹਾ, ਤੇ ਇਸ ਨੂੰ ਉਹ ਏਸ ਆਜ਼ਾਦੀ ਦੇ ਯੁੱਗ ਵਿਚ ਵੀ ਛੱਡਣ ਲਈ ਤਿਆਰ ਨਹੀਂ; ਸਗੋਂ ਸੱਚ ਤਾਂ ਇਹ ਹੈ ਕਿ ਹੁਣ ਬਾਕੀ ਹਿੰਦੁਸਤਾਨ ਵੀ ਗਾਂਧੀ ਜੀ ਦੀ ਰਾਹ ਛੱਡ ਕੇ ਨੱਕਾਲੀ ਵਾਲੀ ਰਾਹ ਵਲ ਖਿਚੀਂਦਾ ਆ ਰਿਹਾ ਹੈ।

ਸਾਡੀ ਫਿਲਮ ਇੰਡਸਟਰੀ ਵਿਚ ਵੀ ਕਦੇ ਗਾਂਧੀ ਅਤੇ ਟੈਗੋਰ ਤੋਂ ਪ੍ਰੇਰਨਾ ਲੈ ਕੇ ਰਾਸ਼ਟਰੀ ਭਾਵਨਾਵਾਂ ਜਾਗ੍ਰਤ ਹੋਈਆਂ ਸਨ, 'ਨਿਊ ਥੇਟਰ' ਅਤੇ 'ਪ੍ਰਭਾਤ ਫਿਲਮ ਕੰਪਨੀ' ਵਰਗੀਆਂ ਸੰਸਥਾਵਾਂ ਬਣੀਆਂ ਸਨ ਪਰ ਅੱਜ, ਪੰਜਾਬੀਆਂ ਦੇ ਅਸਰ ਹੇਠ, ਮੈਦਾਨ ਵਿਚ ਨਕਲ ਦਾ ਝੰਡਾ ਬੜੀ ਮਜ਼ਬੂਤੀ ਨਾਲ ਗੱਡਿਆ ਜਾ ਚੁੱਕਿਆ ਹੈ।

ਇਕ ਤਰ੍ਹਾਂ ਵੇਖੋ ਤਾਂ ਹੈ ਗੱਲ ਮਜ਼ਾਕ ਦੀ ਪਰ ਕੁਦਰਤ ਦੀ ਸਿਤਮ-ਜ਼ਰੀਫੀ ਨੇ ਇਕ ਹਾਸੇ ਵਾਲੀ ਚੀਜ਼ ਨੂੰ ਵੀ ਗੰਭੀਰ ਬਣਾ ਛਡਿਆ ਹੈ।

ਜੇ ਪੂਰੀ ਦੀ ਪੂਰੀ ਕੌਮ ਆਪਣੇ ਆਪ ਨੂੰ ਧੋਖਾ ਦੇ ਸਕਦੀ ਸੀ ਤਾਂ ਮੈਂ ਤਾਂ ਮਸਾਂ ਸਤਾਰਾਂ-ਅਠਾਰਾਂ ਵਰ੍ਹਿਆਂ ਦਾ ਬਾਲ ਸਾਂ। ਜਦੋਂ ਵੀ ਮੈਂ ਕੋਈ ਵਲੈਤੀ ਪਿਕਚਰ ਵੇਖ ਕੇ ਘਰ ਪਹੁੰਚਦਾ ਤਾਂ ਪਹਿਲਾ ਕੰਮ ਹੁੰਦਾ, ਸ਼ੀਸ਼ੇ ਵਿਚ ਮੁਖਤਲਿਫ ਜ਼ਾਵੀਆਂ ਤੋਂ ਆਪਣੀ ਸ਼ਕਲ ਨਿਹਾਰਨਾ, ਤੇ ਅਜੀਬ ਗੱਲ ਹੈ, ਸਦਾ ਮੈਨੂੰ ਉਸ ਵਿਚ ਉਸ ਫਿਲਮ ਦੇ ਹੀਰੋ ਦੀ ਝਲਕ ਸਾਫ ਨਜ਼ਰ ਆਉਂਦੀ ਸੀ! ਮੈਂ ਇਸ ਚਮਤਕਾਰ ਉਤੇ ਆਪ ਬੜਾ ਹੈਰਾਨ ਸਾਂ ਕਿ ਕਿਵੇਂ ਇਕ ਇਕੱਲੇ ਆਦਮੀ ਦੀ ਸ਼ਕਲ ਹਾਲੀਵੁਡ ਦੇ ਸਾਰਿਆਂ ਹੀ ਹੀਰੋਆਂ ਨਾਲ ਮੇਲ ਖਾ ਸਕਦੀ ਹੈ। ਮੈਂ ਸ਼ੀਸ਼ੇ ਦਾ ਖਹਿੜਾ ਉਸ ਵੇਲੇ ਤਕ ਨਾ ਛੱਡਦਾ ਜਦੋਂ ਉਪਰ ਮੁਘ ਤੋਂ ਪਿਤਾ ਜੀ ਜਾਂ ਮਾਤਾ ਜੀ ਦੀ ਗੁੱਸੇ ਭਰੀ ਹਾਕ ਸਿਰ ਤੇ ਬੰਬਾਰ ਵਾਂਗ ਨਾ ਵਜਦੀ। ਉਹ ਸਖਤੀ ਨਾਲ ਦੇਰ ਨਾਲ ਆਉਣ ਦਾ ਕਾਰਨ ਪੁੱਛਦੇ, ਤੇ ਮੈਂ ਝਟ ਕੋਈ ਕੱਚਾ ਪੱਕਾ ਝੂਠ ਮਾਰ ਛੱਡਦਾ।

ਮੁੜ-ਮੁੜ ਝੂਠ ਬੋਲਣ ਦੀ ਏਸ ਆਦਤ ਨੇ ਸੱਚੀ ਸਾਫ ਤੇ ਖਰੀ ਗੱਲ ਮੂੰਹ ਉਤੇ ਕਹਿਣ ਦੀ ਤਾਕਤ ਵੀ ਮੇਰੇ ਕਿਰਦਾਰ ਵਿਚੋਂ ਮਨਫੀ ਕਰ ਦਿਤੀ। ਮੇਰੇ ਅੰਦਰ ਅਣਖ ਦੀ ਘਾਟ ਨਹੀਂ, ਤੇ ਨਾ ਹੀ ਅੱਜ ਤੱਕ ਕੋਈ ਮਾਈ ਦਾ ਲਾਲ ਮੈਨੂੰ ਆਪਣੀ ਵਡਿਆਈ ਦੇ ਜ਼ੋਰ ਉਤੇ ਝੁਕਾ ਸਕਿਆ ਹੈ। ਫੇਰ ਵੀ, ਰੋਜ਼ ਦੇ ਵਰਤਾਰੇ ਵਿਚ, ਮੈਂ ਹਰ ਇਨਸਾਨ ਦੇ ਹਜ਼ੂਰ ਵਿਚ ਇਕ ਕਸੂਰਵਾਰ ਵਾਂਗ ਹੀ ਪੇਸ਼ ਹੁੰਦਾ ਹਾਂ, ਭਾਵੇਂ ਉਹ ਮੈਥੋਂ ਵੱਡਾ ਹੋਵੇ, ਭਾਵੇਂ ਛੋਟਾ, ਜਿਵੇਂ, ਮੈਂ ਉਸ ਤੋਂ ਆਪਣਾ ਕੋਈ ਕਸੂਰ ਲੁਕਾ ਰਿਹਾ ਹੋਵਾਂ। ਮੈਨੂੰ ਆਪਣੀ ਫਿਲਮੀ ਕਾਮਯਾਬੀ ਅਤੇ ਸ਼ੁਹਰਤ ਵੀ ਇਕ ਕਸੂਰ ਹੀ ਜਾਪਦੀ ਹੈ। ਲੋਕੀਂ ਮੇਰੇ ਮਿਜ਼ਾਜ ਦੀ ਨਿਮਰਤਾ ਦਾ ਜ਼ਿਕਰ ਕਰਦੇ ਹਨ ਪਰ ਏਸ ਨਿਮਰਤਾ ਵਿਚ ਕਾਫੀ ਹਿੱਸਾ ਏਸ ਦੋਖੀਪਣ ਦੇ ਅਹਿਸਾਸ ਦਾ ਵੀ ਹੈ। ਨਿੱਕਿਆਂ ਹੁੰਦਿਆਂ ਤੋਂ ਮਾਪਿਆਂ ਨੇ ਫਿਲਮਾਂ ਨੂੰ ਗੁਨਾਹ ਦੇ ਰੂਪ ਵਿਚ ਵੇਖਣ ਦੀ ਮੈਨੂੰ ਆਦਤ ਪਾ ਛੱਡੀ ਹੈ।

ਮੇਰਾ ਬਚਪਨ ਸੰਸਾਰ ਦੀ ਫਿਲਮ ਕਲਾ ਦੇ ਵੀ ਬਚਪਨ ਦਾ ਜ਼ਮਾਨਾ ਸੀ। ਉਸ ਵਿਚ ਅਸਾਧਾਰਨ ਆਕਰਸ਼ਣ ਵੀ ਕੇਵਲ ਮੈਨੂੰ ਨਹੀਂ, ਸਾਰੀ ਦੀ ਸਾਰੀ ਪੀੜ੍ਹੀ ਨੂੰ ਹੀ ਹੋਇਆ ਸੀ। ਮੈਨੂੰ ਕੱਲ੍ਹ ਵਾਂਗ ਯਾਦ ਹੈ ਜਦੋਂ ਫਿਲਮਾਂ ਵਿਚ ਦਾਖਲ ਹੋਣ ਲਈ ਬੰਬਈ ਰਵਾਨਾ ਹੁੰਦੇ ਪ੍ਰਿਥਵੀ ਰਾਜ ਕਪੂਰ ਅਤੇ ਜਗਦੀਸ਼ ਸੇਠੀ ਆਪਣੇ ਮਿੱਤਰਾਂ ਨੂੰ ਅਲਵਿਦਾ ਕਹਿਣ ਰਾਵਲਪਿੰਡੀ ਦੇ ਨੇੜੇ ਕੋਹਮਰੀ ਤਸ਼ਰੀਫ ਲਿਆਏ ਸਨ। ਉਹਨਾਂ ਦੇ ਮੁਕਾਬਲੇ ਵਿਚ ਮੈਂ ਅਜੇ ਕਮ-ਸਿਨ ਸਾਂ ਪਰ ਆਪਣੇ ਆਲੇ-ਦੁਆਲੇ ਜੋ ਕੁਝ ਹੋ ਰਿਹਾ ਸੀ, ਉਸ ਨੂੰ ਬੜੇ ਗੌਰ ਨਾਲ ਵੇਖਦਾ ਸਾਂ। ਪੰਜਾਬ ਦੇ ਮਨਚਲੇ ਹੁਸੀਨ ਗੱਭਰੂਆਂ ਲਈ ਗੋਰੀ ਹਕੂਮਤ ਨੇ ਵਿਕਾਸ ਦੇ ਸਾਰੇ ਰਾਹ ਬੰਦ ਕੀਤੇ ਹੋਏ ਸਨ, ਫੇਰ ਵੀ ਉਹਨਾਂ ਨੂੰ ਰੋਕ ਕੇ ਰੱਖਣਾ ਬੜਾ ਔਖਾ ਸੀ। ਤੇ ਫਿਲਮ ਇਕ ਐਸਾ ਮੈਦਾਨ ਸੀ ਜਿਸ ਦੇ ਵਿਸ਼ਾਲ ਕਾਲਪਨਿਕ ਘੇਰੇ ਵਿਚ ਪੰਜਾਬੀ ਗਭਰੂਆਂ ਨੂੰ ਉਹ ਸਾਰੇ ਕਾਰਨਾਮੇ ਕਰਨ ਦੀ ਖੁਲ੍ਹ ਸੀ ਜਿਨ੍ਹਾਂ ਦੀ ਜੀਵਨ ਇਜਾਜ਼ਤ ਨਹੀਂ ਸੀ ਦੇਂਦਾ।

ਹਰੀ ਰਾਮ ਸੇਠੀ ਵੀ ਸਾਡੇ ਸ਼ਹਿਰ ਦੇ ਇਕ ਪਾਰਲੇ ਦਰਜੇ ਦੇ ਅਲਬੇਲੇ ਗੱਭਰੂ ਸਨ। ਪੰਜਾਬ ਵਿਚ ਸਭ ਤੋਂ ਪਹਿਲੀ ਸਰਮਾਏਦਾਰ ਫਿਲਮ ਕੰਪਨੀ ਉਹਨਾਂ ਦੀ ਹਿੰਮਤ ਨਾਲ ਰਾਵਲਪਿੰਡੀ ਵਿਚ ਹੀ ਬਣੀ ਸੀ। ਨਾਂ ਸੀ- ਪੰਜਾਬ ਫਿਲਮ ਕੰਪਨੀ; ਤੇ ਪਹਿਲੀ ਫਿਲਮ ਸੀ- 'ਅਬਲਾ'। ਉਸ ਦੀ ਸ਼ੂਟਿੰਗ ਵੀ ਰਾਵਲਪਿੰਡੀ ਵਿਚ ਹੋਈ। ਤਿਲਕ ਭਸੀਨ, ਬਾਵਾ ਭੀਸ਼ਮ ਸਿੰਘ ਅਤੇ ਕਿਤਨਿਆਂ ਹੀ ਹੋਰ ਮੇਰੇ ਮਿੱਤਰਾਂ ਨੇ ਉਸ ਵਿਚ ਪਾਰਟ ਕੀਤਾ ਸੀ। ਹੀਰੋ ਨੂੰ ਡਾਇਰੈਕਟਰ ਬੰਗਾਲ ਤੋਂ ਭਰਤੀ ਕਰਕੇ ਲਿਆਏ ਸਨ। ਇਸ ਗੱਲ ਦੀ ਸਾਰੇ ਸ਼ਹਿਰ ਦੇ ਨੌਜਵਾਨਾਂ ਨੂੰ ਖਾਰ ਸੀ। ਅਸੀਂ ਸ਼ੂਟਿੰਗ ਵੇਲੇ ਹੀਰੋ ਦੇ ਆਲੇ ਦੁਆਲੇ ਗੇੜੇ ਮਾਰਦੇ, ਉਹਨੂੰ ਅਹਿਸਾਸ ਕਰਾਉਣ ਦੀ ਕੋਸ਼ਿਸ਼ ਕਰਦੇ ਕਿ ਹੁਸਨ ਦੇ ਨੁਕਤੇ ਤੋਂ ਉਹ ਸਾਡੀ ਚੀਚੀ ਦੀ ਉਂਗਲ ਦੀ ਬਰਾਬਰੀ ਨਹੀਂ ਸੀ ਕਰਦਾ।

ਮੋਟਾ ਕਾਮੇਡੀਅਨ ਰਾਮ ਅਵਤਾਰ ਜੋ ਹੁਣ ਵੀ ਪਿਕਚਰਾਂ ਵਿਚ ਕੰਮ ਕਰਦਾ ਹੈ, ਉਸੇ ਜ਼ਮਾਨੇ ਪਿੰਡੀਓਂ ਨੱਠ ਕੇ ਆਇਆ ਸੀ। ਸੁਰਗਵਾਸੀ ਪ੍ਰਹਿਲਾਦ ਦੱਤ ਬੰਬਈ ਦੀ ਫਿਲਮ ਇੰਡਸਟਰੀ ਦਾ ਇਕ ਬਹੁਤ ਹੀ ਮਸ਼ਹੂਰ ਅਤੇ ਪ੍ਰਤਿਭਾਸ਼ਾਲੀ ਕੈਮਰਾਮੈਨ ਹੋ ਗੁਜ਼ਰਿਆ ਹੈ। ਉਸ ਦੇ ਕੀਤੇ ਕਈ ਫਿਲਮੀ ਅਵਿਸ਼ਕਾਰ ਯੂਰਪ ਅਤੇ ਅਮਰੀਕਾ ਵਿਚ ਵੀ ਸਲਾਹੇ ਜਾ ਚੁਕੇ ਹਨ। ਅੱਜ ਉਹ ਇਸ ਸੰਸਾਰ ਵਿਚ ਨਹੀਂ ਪਰ ਮੈਨੂੰ ਯਾਦ ਹੈ ਉਹ ਤੇ ਮੇਰਾ ਇਕ ਹੋਰ ਮਿੱਤਰ, ਤਿਲਕ ਭਸੀਨ ਪਿੰਡੀ ਪਾਇੰਟ ਅਤੇ ਕਸ਼ਮੀਰ ਪਾਇੰਟ ਦੀਆਂ ਸੈਰਾਂ ਦੇ ਦੌਰਾਨ ਹਮੇਸ਼ਾਂ 'ਦੋ ਰੀਲਰ' ਕਾਮਿਡੀਆਂ ਦੇ 'ਸਿਚੂਏਸ਼ਨ' ਸੋਚਦੇ ਰਹਿੰਦੇ ਸਨ। ਇਕ ਵਾਰੀ ਕਿਸੇ ਲੁਕੇ ਹੋਏ ਖਜ਼ਾਨੇ ਦੀ ਤਲਾਸ਼ ਵਿਚ ਉਸ ਅੰਗਰੇਜ਼ ਦੀ ਕੋਠੀ ਦੇ ਹਾਤੇ ਦੀ ਚਿੱਟੀ ਬੁੱਤੀ ਪੁੱਟ ਸੁੱਟੀ ਤਾਂ ਪੁਲਿਸ ਦੇ ਹਵਾਲੇ ਕਰ ਦਿਤਾ ਗਿਆ। ਪ੍ਰਹਿਲਾਦ ਦੱਤ ਨੇ ਏਸ ਤੋਂ ਕੁਝ ਹੀ ਵਰ੍ਹੇ ਪਿਛੋਂ ਆਪਣੇ ਹੱਥ ਨਾਲ ਇਕ 'ਮੂਵੀ ਕੈਮਰਾ' ਬਣਾ ਕੇ ਵਿਖਾ ਦਿਤਾ, ਤੇ ਉਸ ਦੀਆਂ ਸ਼ੁਹਰਤਾਂ ਦੂਰ ਦੂਰ ਤਕ ਫੈਲ ਗਈਆਂ। ਜੇ ਮੈਂ ਗਲਤੀ ਨਹੀਂ ਕਰਦਾ ਤਾਂ ਉਸ ਨੇ ਭਗਤ ਸਿੰਘ ਦੀ ਇਨਕਲਾਬੀ ਪਾਰਟੀ ਲਈ ਬੰਮ ਵੀ ਬਣਾਏ ਸਨ। ਉਸ ਦਾ ਸਾਥੀ ਹਰਬੰਸ ਭੱਲਾ ਹੁਣ ਵੀ ਮਦਰਾਸ ਵਿਚ ਫਿਲਮਾਂ ਦਾ ਕੰਮ ਕਰਦਾ ਹੈ। ਆਪਣੀ ਲੈਬਾਰਟਰੀ ਹੈ ਉਸ ਦੀ।

ਜੈ ਕਿਸ਼ਨ ਨੰਦਾ ਜਿਨ੍ਹਾਂ 'ਇਸ਼ਾਰ' ਵਰਗੀਆਂ ਕਾਮਯਾਬ ਫਿਲਮਾਂ ਡਾਇਰੈਕਟ ਕੀਤੀਆਂ ਹਨ, ਉਸੇ ਜ਼ਮਾਨੇ ਫਿਲਮੀ ਹੀਰੋ ਬਣਨ ਲਈ ਜਰਮਨੀ ਉਠ ਦੌੜੇ ਸਨ। ਆਰ.ਸੀ. ਤਲਵਾੜ ਹਾਲੀਵੁੱਡ ਜਾ ਪੁੱਜੇ। ਹੋਰ ਵੀ ਕਿਤਨੇ ਹੀ ਮੇਰੀ ਜਾਣ ਪਛਾਣ ਦੇ ਬੰਦੇ ਮੈਥੋਂ ਪਹਿਲਾਂ ਤੋਂ ਫਿਲਮਾਂ ਵਿਚ ਆਏ ਹੋਏ ਸਨ।

1930 ਵਿਚ ਮੇਰੀ ਜ਼ਿੰਦਗੀ ਨੇ ਇਕ ਇਤਿਹਾਸਕ ਮੋੜ ਖਾਧਾ। ਮੈਂ ਪਿੰਡੀ ਛੱਡ ਕੇ ਲਾਹੌਰ ਗੌਰਮਿੰਟ ਕਾਲਜ ਬੀ.ਏ. ਵਿਚ ਦਾਖਲ ਹੋਇਆ। ਏਸੇ ਸਾਲ ਫਿਲਮਾਂ ਨੇ ਵੀ ਖਾਮੋਸ਼ੀ ਦਾ ਦਾਮਨ ਛਡ ਕੇ ਬੋਲਣ ਦੇ ਯੁੱਗ ਵਿਚ ਪ੍ਰਵੇਸ਼ ਕੀਤਾ। ***(ਚੱਲਦਾ)***


ਨਾਸਿਰੋ ਮਨਸੂਰ ਗੁਰ ਗੋਬਿੰਦ ਸਿੰਘ ਈਜ਼ਦਿ ਮਨਜ਼ੂਰ ਗੁਰ ਗੋਬਿੰਦ ਸਿੰਘ
ਹੱਕ ਰਾ ਗੰਜ਼ੂਰ ਗੁਰ ਗੋਬਿੰਦ ਸਿੰਘ ਜੁਮਲਾ ਫ਼ੈਜ਼ਿ ਨੂਰ ਗੁਰ ਗੋਬਿੰਦ ਸਿੰਘ
ੴ
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
ਪ੍ਰਕਾਸ਼ ਦਿਹਾੜੇ ਦੀ ਸੰਗਤਾਂ ਨੂੰ
ਕੋਟਾਨਿ ਕੋਟਿ ਵਧਾਈ
ਰੀਗਲ ਜਿਊਲਰ ਦੇ ਗਾਹਕਾਂ ਨੂੰ ਸਾਲ 2022 ਮੁਬਾਰਕ
22KT GOLD DIAMONDS 24KT GOLD
R
Regal Jewels
Ph: 773-262-4377
www.Regaljewels.Com
RAJVEER GILL
847-907-1525
2625 W. Devon Ave.
Chicago, IL 60659